ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

*

ਨਵੇੜੋਂ ਬਾਦ

# ਦਸਮ ਗੁਰ ਦਰਸਨ

*

ਲੇਖਕ :—

ਤਰਨ ਸਿੰਘ "ਵਹਿਮੀ"

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

*

# ਨਦੇੜੋਂ ਬਾਦ

# ਦਸਮ ਗੁਰ ਦਰਸਨ

*

ਲੇਖਕ :—

ਤਰਨ ਸਿੰਘ "ਵਹਿਮੀ"

Sri Satguru Jagjit Singh Ji eLibrary NamdhariElibrary@gmail.com

ਲੇਖਕ ਦੇ ਸਭ ਹੱਕ ਰਾਖਵੇਂ ਹਨ

ਪ੍ਰਕਾਸ਼ਕ :—

ਤਰਨ ਸਿੰਘ "ਵਹਿਮੀ"
ਪਿੰਡ ਸ੍ਰੀ ਰਾਮਪੁਰ
ਡਾ: ਅੰਮ੍ਰਿਤਸਰ ਵੱਡਾ
ਤਹਿਸੀਲ ਸਿਰਸਾ
ਜ਼ਿਲ਼ਾ ਹਿਸਾਰ (ਹਰਿਆਣਾ)

ਪਹਿਲੀ ਵਾਰ—੧੧੦੦ (ਹੋਲਾ ੨੦੨੬)

ਕੀਮਤ ੨—੫੦ ਨਵੇਂ ਪੈਸੇ

ਛਾਪਕ :—

ਜਥੇਦਾਰ ਸੁਚੇਤ ਸਿੰਘ 'ਨਾਮਧਾਰੀ'
(ਨੇੜੇ ਬੱਸ ਅੱਡਾ)
ਜ਼ਿਲਾ ਹੁਸ਼ਿਆਰਪੁਰ (ਪੰਜਾਬ)

Sri Satguru Jagjit Singh Ji eLibrary NamdhariElibrary@gmail.com



"ਵਹਿਮੀ"

Sri Satguru Jagjit Singh Ji eLibrary NamdhariElibrary@gmail.com

# * ਸਮਰਪਣ *

॥ ਕਬਿਤ ॥

ਸੇਵ ਗੁਰਦੇਵ ਦੀ ਇਹ ਏਸ ਲਈ ਨਹੀਂ ਕਰਦਾ ਮੈਂ,
ਮਾਨ, ਮਾਇਆ ਮਿਲੇ ਜਾਂ ਕੇ ਬਾਦ ਮੇਰੀ ਯਾਦ ਰਹੇ।
ਮੇਰਾ ਹੈ ਪ੍ਰੀਤਮ ਸੋ, ਉਸ ਦਾ ਪ੍ਰੇਮੀ ਹਾਂ ਮੈਂ,
ਰੂਪ ਉਹਦੇ ਵਿਚ ਰੁੜ੍ਹਾਂ ਰਿਦੇ 'ਚ ਸੁਆਦ ਰਹੇ।
ਜਿਸ਼ ਨੇ ਬਨਾਇਆ, ਸਾਇਆ ਉਸ ਦਾ ਹੀ ਸਿਰ ਲਖ,
ਰਖ ਅਖ ਉਚੀ ਸੁਚੀ ਰੀਝ ਅਹਿਲਾਦ ਰਹੇ।
ਤਰਨ ਸਿੰਘ ਤਿਸ ਦੇ ਸਮਰਪਨ ਕਰ ਕੀਤਾ,
ਮੰਗਾਂ ਤੇਰਾ ਬਣਿਆ ਰਹਾਂ ਤੇਰੀ ਅਮਦਾਦ ਰਹੇ।
ਦੋਹਰਾ : ਗੁਰ ਜਸ ਜਿਨ ਜਿਨ ਲਿਖਿਆ, ਖੋਜ ਕਰੀ ਜਿਤ ਕਿਤ।
ਭੀ ਸਮਰਪਣ ਤਿਨ੍ਹਾਂ ਦੇ ਧੰਨਵਾਦ ਸਹਿ ਹਿਤ।

"ਵਹਿਮੀ"

Sri Satguru Jagjit Singh Ji eLibrary NamdhariElibrary@gmail.com

# ਮੁਖ ਬੰਦ

ਮੈਂ ਇਹ "ਦਸਮ ਗੁਰ ਦਰਸ਼ਨ" ਗੁਰੂ ਨਾਨਕ ਜੀ ਦੀ ਜਨਮ ਸਾਖੀ ਦੀ ਇਤਿਹਾਸ਼ਕ ਖੋਜ ਤੋਂ ਅਰੰਭ ਦਸਮੇਂ ਗੁਰੂ ਜੀ ਦੀ ਤਿੰਨ ਸੌਵੀਂ ਜਨਮ ਸ਼ਤਾਬਦੀ ਤੇ ਛਪੇ ਪੁਸਤਕ ਤਕ ਕੀਤੀ ਖੋਜ ਦੇ ਅਧਾਰ ਤੇ ਲਿਖਿਆ ਹੈ। ਕਿਸੇ ਇਤਿਹਾਸ ਦਾ ਮੂਲ ਨਹੀਂ ਬਦਲਿਆ। ਆਪਣੇ ਵਲੋਂ ਪਾਠਕਾਂ ਦੀ ਸੂਝ ਲਈ ਕਿਤੇ ਕਿਤੇ ਸਿਰਫ ਦਲੀਲ ਹੀ ਦਿਤੀ ਹੈ। ਆਮ ਪ੍ਰਭਾਵ ਭਾਈ ਸਾਹਿਬ ਕਾਂਹਨ ਸਿੰਘ ਜੀ ਦੇ "ਫੁਲਵਾੜੀ" ਵਿਚ ਛਪੇ "ਇਤਿਹਾਸ ਦੇ ਅਣਲਿਖੇ ਪੱਤਰੇ" ਸੰਤ ਇੰਦਰ ਸਿੰਘ ਜੀ ਚੱਕਰਵਰਤੀ ਦੇ 'ਕੂਕਿਆਂ ਬਾਰੇ' ਤੇ ਭਾਈ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਅੰਮ੍ਰਿਤਸਰ ਦੇ "ਪ੍ਰੇਮ ਸੁਮਾਰਗ" ਦੀ ਭੂਮਿਕਾ ਦਾ ਲਿਆ ਹੈ। ਸੰਮਤ ਹਰ ਇਤਿਹਾਸਕਾਰ ਦਾ ਦਿਤਾ ਹੀ ਰਖਿਆ ਹੈ। ਤੇ ਸ੍ਰ: ਗੰਡਾ ਸਿੰਘ ਜੀ ਲਿਖਤ "ਮਾਖਜ਼ੇ ਤਵਾਰੀਖ ਸਿਖਾਂ" ਚੋਂ ਭੀ ਬਹੁਤ ਨਿੱਗਰ ਮਸਾਲਾ ਮਿਲਿਆ ਹੈ।

ਇਸ ਪੁਸਤਕ ਵਿਚ ਮੈਂ ਇਤਿਹਾਸਕ ਲਿਖਤਾਂ ਤੋਂ ਇਹ ਕੁਝ ਦੱਸਣ ਦਾ ਜਤਨ ਕੀਤਾ ਹੈ ਕਿ ਗੁਰੂ ਜੀ ਨਦੇੜੋਂ ਚਰਿਤ੍ਰ ਕੌਤਕ ਕਰਕੇ ਹੀ ਅਲੋਪ ਹੋਏ ਸੀ ਬਾਦ ਦਰਸ਼ਨ ਭੀ ਦੇਂਦੇ ਰਹੇ ਤੇ ਜੰਗਾਂ ਵਿਚ—ਖਾਲਸੇ ਨੂੰ ਬਹੁੜ ਕੇ ਜਿੱਤਾਂ ਦਿਵਾਂਦੇ ਰਹੇ ਸੀ।

ਇਹ ਅਲੋਪ ਹੋਣ ਦਾ ਨਰ ਨਾਟਕ ਗੁਰੂ ਜੀ ਬੜੀ ਗੰਭੀਰ ਵਿਚਾਰ ਦੇ ਬਾਦ ਹੀ ਕੀਤਾ ਸੀ। ਜਿਸ ਵਿਚ ਉਹ ਪੂਰਨ ਤੌਰ ਤੇ ਸਫਲ ਰਹੇ। ਬਹਾਦਰ ਸ਼ਾਹ ਤੇ ਗੁਰੂ ਜੀ ਦਾ ਰਸ ਨਹੀਂ ਰਹਿਆ ਸੀ ਤੇ ਬਹਾਦਰ ਸ਼ਾਹ ਦੇ ਭੇਜੇ ਪਠਾਣ ਜਮਸ਼ੈਦ ਖਾਂ ਵਲੋਂ ਗੁਰੂ ਜੀ ਤੇ ਘਾਤਕ ਵਾਰ ਹੋਇਆ ਸੀ। ਗੁਰੂ ਜੀ ਗੁਪਤ ਨੀਤੀ ਅਨੁਸਾਰ



Sri Satguru Jagjit Singh Ji eLibrary NamdhariElibrary@gmail.com

ਪੰਜਾਬ, ਰਾਜਸਥਾਨ, ਪਿਸ਼ਾਵਰ, ਹਜਰੋ ਤੇ ਕਾਬਲ ਵਲ ਵਿਚਰਦੇ ਰਹੇ ਤੇ ਅਖੀਰ ਗੁਰੂ ਨਾਨਕ ਜੀ ਦੀ ਤੋਰੀ ਗੁਰ ਪ੍ਰੰਪਰਾ, ਜਿਸ ਨੂੰ ਆਪ "ਬਚਿਤਰ ਨਾਟਕ" ਵਿਚ ਲਿਖਿਆ ਹੈ। "ਨਾਨਕ ਅੰਗਦ ਕੋ ਬਪ ਧਰਾ"। "ਪੰਥ ਪ੍ਰਚੁਰ ਇਹ ਜਗ ਮੋ ਕਰਾ"। ਨੂੰ ਪੂਰਾ ਕਰਕੇ ਹੀ ਤੁਰਕ ਰਾਜ ਦੀ ਸਮਾਪਤੀ ਤੇ ਸਿੰਘੀ ਰਾਜ ਦੇ ਸਥਾਪਤ ਹੋਣ ਬਾਦ ਹੀ ੧੯੬੯ ਬਿ: ਜੇਠ ਸੁਦੀ ੫ ਨੂੰ ਨਾਭੇ ਦੀ ਝਿੜੀ ਵਿਚ ਜੋਤੀ ਜੋਤ ਸਮਾਏ।

ਭਾਵੇਂ ਅੰਗਰੇਜ਼ ਲਿਖਾਰੀ 'ਕਨਿੰਘਮ' ਦੇ ਕਥਨ ਅਨੁਸਾਰ ਕਿ "ਗੁਰੂ ਗੋਬਿੰਦ ਸਿੰਘ ਜੀ ਦੀਆਂ ਕਾਰਵਾਈਆਂ ਨੂੰ ਮੁਨਾਸਿਬ ਤਰਤੀਬ ਨਾਲ ਸਮਝਣਾ ਆਸਾਨ ਨਹੀਂ; ਸਗੋਂ ਉਹਨਾਂ ਦੀ ਇਕ ਇਕ ਕਾਰਵਾਈ ਦੇ ਵਿਸ਼ੇਸ਼ ਮੰਤਵ ਨੂੰ ਸਮਝਣਾ ਵੀ ਬੜਾ ਕਠਿਨ ਹੈ।"

ਪਰ ਫੇਰ ਭੀ ਮੈਂ ਆਪਣੀ ਸਮਝ ਅਨੁਸਾਰ ਇਤਿਹਾਸਕ ਹਵਾਲਿਆਂ ਨਾਲ ਸਾਰੇ ਸਮੇਂ ਦਾ ਵਰਨਣ ਕਰਕੇ (ਦਸਮ ਗੁਰ ਦਰਸ਼ਨ) ਪੁਸਤਕ ਦੇ ਰੂਪ ਵਿਚ ਖੋਜੀ ਪਾਠਕਾਂ ਦੀ ਭੇਟ ਕੀਤਾ ਹੈ।

## ਸੁਪਨਾ

ਅੰਮ੍ਰਿਤ ਵੇਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਰਸਨ ਦੇ ਕੇ ਬੰਦ ਲਿਫਾਫਾ ਦਿਤਾ। ਤੇ ਪੜ੍ਹਨ ਦਾ ਹੁਕਮ ਦਿਤਾ। ਜਿਸ ਦਾ ਭਾਵ ਮੈਂ ਸਮਝਿਆ ਹੈ ਕਿ ਜੋ ਮੈਂ (ਦਸਮ ਗੁਰ ਦਰਸ਼ਨ) ਲਿਖ ਰਿਹਾ ਹਾਂ ਉਸਦੇ ਲਈ ਹੋਰ ਖੋਜ ਕੇ ਲਿਖਣ ਦੀ ਪ੍ਰੇਰਨਾ ਹੈ।

ਅੱਜ ਮੰਗਲਵਾਰ ੨੫ ਭਾਦਰੋ ੨੦੨੬ ਬਿਕਰਮੀ।



Sri Satguru Jagjit Singh Ji eLibrary NamdhariElibrary@gmail.com

## ॥ ਕਬਿਤ ॥

ਆਲ੍ਹਕ ਚਿ ਪਿਆ ਲਖ, ਮਾਲਕ ਹੋ ਮੇਹਰਬਾਨ,
ਸੋਚਦੇ ਸੰਚਾਲਕ, ਪੂਚਾ ਦਿਤਾ ਸੁਪਨਾ ।
ਸਾਰ ਜਮਝਾਇਆ, ਲਾਇਆ ਤੈਨੂੰ ਜਿਹੜੇ ਕੰਮ ਹੈ ਮੈਂ,
ਥਮ ਨ ਉਹ ਕੂਣ ਵੇਲੇ, ਚੰਗੀ ਹੁੰਦੀ ਚੁਪ ਨਾ ।
ਆਹਰੀ ਤੇ ਵਿਹਾਰੀ, ਉਪਕਾਰੀ ਰੀਝੀ ਖੋਜਵਾਨ,
ਰੁਕਨ ਅਟਕਾਨ ਨਾਹੀਂ, ਵੇਖਦੇ ਛਾਂ ਧੁਪ ਨਾਂ ।
ਵਿਦਿਆ ਦੇ ਦੀਵੇ ਅਤੇ, ਘਾਲ ਖੋਜ ਭਾਲ ਬਿਨ,
ਭੀ ਨਾ ਭਲੀ ਵਸਤੂ ਮਿਲੇ, ਮਿਟੇ ਨ੍ਹੇਰਾ ਘੁਪ ਨਾ ।
ਕਰੇਂਗਾ ਜੇ ਕੁਝ ਨਾ, ਤਾਂ ਮਰੇਂਗਾ ਤੂੰ ਜੀਂਵਦਾ ਹੀ,
ਬਣਿਆ ਰਹੀ ਰਸ, ਕਰੈਂ ਗੁਰੂ ਜਸ ਉਪਮਾਂ ।
ਨੀਂਦਰ ਦਲੀਲਾਂ ਤੇ, ਦਲਿਦਰ ਭੀ ਵਧਨੀ ਨਾ,
ਵਾਧੂ ਗੱਲਾਂ ਵਿਚ, ਪੈ ਤੂੰ ਖਪੇਂਗਾ ਭੀ ਜੁਪ ਨਾਂ ।
ਚਲਦੇ ਸੁਚੱਜੇ ਸਭ, ਮਲਦਾ ਏ ਭਜ ਭਜ,
ਰਹਿੰਦਾ ਕੋਈ ਬਹਿਕੇ ਦਾ, ਨਾ ਗਾਹਕ ਗਰੁਪ ਥਾਂ ।
ਉਦਮ ਥਾਂ ਰੌਣਕਾਂ ਤੇ, ਸੋਹਣ ਭੌਣ ਭੌਰ ਫੁਲ,
ਆਲਸ ਥਾਂ ਕੂਣੂ ਉਲੂ, ਜੰਗਲ ਜਾਂ ਚੁਪ ਚਾਂ ।
ਕਰਮਤਾ ਆਲਸ਼ੀ ਨਾਂ, ਆਖਣ ਲਈ ਮੇਹਰ ਕਰ,
ਸੁਭਾ ਸਮੇਂ ਸੁਪਨੇ ਚਿ, ਦਿਤੀ ਗੁਰਾਂ ਚਿਠੀ ਏ ।
ਐਸਾ ਉਹਨਾਂ ਪਿਆਰ ਕੀਤਾ, ਕਈ ਵਾਰ ਮੇਰੇ ਨਾਲ,
ਪੜ੍ਹੇ ਬਿਨ ਫੜੀ ਲਗੀ ਬੜੀ ਮਨ ਮਿਠੀ ਏ ।
ਸੁਖ ਐਸੇ ਸੁਪਨਿਆਂ ਤੇ ਚਿੱਠੀਆਂ ਦਾ ਜਾਣੇ,
ਜਿਸ ਮਾਣ ਪਿਰਹੜੀ ਕਿਸੇ ਸੋਹਣੇ ਨਾਲ ਡਿਠੀ ਏ ।
ਤਰਨ ਸਿੰਘ ਕੋਲ ਸਿਰਫ ਭੁਲ ਕਰਨ ਘਾਲ ਜਾਣ,
ਦਿਆਲ ਸਰਣ ਪਾਲ ਰੀਤ ਪ੍ਰੀਤ ਦੀ ਨਜਿਠੀ ਏ ।



Sri Satguru Jagjit Singh Ji eLibrary NamdhariElibrary@gmail.com

# ★ ਆਦਿਕਾ ★

ਇਹ ਪੁਸਤਕ (ਨਦੇੜ ਕੌਤਕੋਂ ਬਾਦ) ਦਸਮ ਗੁਰ ਦਰਸਨ" ਜੋ ਭਾਈ[੧] ਬਾਲੇ ਵਾਲੀ ਗੁਰੂ ਨਾਨਕ ਜੀ ਦੀ ਜਨਮ ਸਾਖੀ ਤੋਂ ਹੀ ਅਰੰਭ ਹੁੰਦਾ ਹੈ ਤੇ ਉਸੇ ਦੇ ਦਸੇ ਇਤਿਹਾਸ ਤੇ ਜਾ ਸਮਾਪਤ ਹੁੰਦਾ ਹੈ।

ਇਹ ਗੁਰ ਕਥਾ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਜੀ ਦੇ ਪ੍ਰੇਮ ਵਿਚ ਭਾਈ ਬਾਲੇ ਤੋਂ ਸੁਣੀ। ਤੇ ਸੁਲਤਾਨ ਪੁਰ ਦੇ ਪੈੜੇ ਮੋਖੇ ਤੋਂ ਖੰਡੂਰ ਸਾਹਿਬ, ਦੋ ਮਹੀਨੇ ਸਤਾਰਾਂ ਦਿਨਾਂ ਵਿਚ ਲਿਖਵਾਈ ਸੀ। ਪਹਿਲੀ ਅਸਲ ਬਾਲੇ ਵਾਲੀ ਜਨਮ ਸਾਖੀ ਲਿਖਾਈ ਜਾਣ ਦਾ ਸਮਾਂ ੧੭੯੬ ਸੰਮਤੁ ਤੋਂ ਬਾਦ ਤੇ ਅਠਾਰਾਂ ਸੌ ਚਾਰ ਦੇ ਵਿਚਾਲੇ ਦਾ ਏ।

---

(੧) ਮੇਰੇ ਵੇਖਣ ਵਿਚ ਇਕ ਜਨਮ ਸਾਖੀ ੧੯੭੨ ਸੰਮਤ ਵਿਚ ਵਿਕੀ ਦੀ ਲਿਖਤ ਉਸਦੇ ਅੰਤਲੇ ਪਾਸੇ ਆਈ ਹੈ। ਜੋ ਲਿਖੀ ਪਹਿਲੋਂ ਦੀ ਹੈ। ਉਸ ਦਾ ਹਵਾਲਾ ਸੰਤ ਨਿਧਾਨ ਸਿੰਘ ਜੀ (ਆਲਿਮ) ਹੋਰਾਂ ਗੁਰੂ ਪਦ ਪ੍ਰਕਾਸ਼ ਹਿਸਾ ਤੀਜਾ ਦੇ ੧੧੪ ਪੰਨੇ ਦੇ ਤਲੇ ਦਿਤਾ ਹੈ। ਤੇ ਸ੍ਰ: ਸੇਵਾ ਸਿੰਘ ਜੀ ਸਮਾਚਾਰੀਏ ਹੋਰਾਂ ਦੀ ਵੇਖੀ ਜਨਮ ਸਾਖੀ ਬਾਲੇ ਵਾਲੀ ਦਾ ਸੰਮਤ ਉਤੇ ਕਿਹਾ ਹੀ ਹੈ। ਜੋ ਹੁਣ ਮੇਰੇ ਕੋਲ ਲਿਖਤੀ ਬਾਲੇ ਵਾਲੀ ਜਨਮ ਸਾਖੀ ਹੈ। ਇਹ ੧੯੯੫ ਦੀ ਲਿਖੀ ਹੋਈ ਹੈ ਪਹਿਲੀ ਬਾਲੇ ਵਾਲੀ ਤੋਂ ਬਾਦ ਕਬੀਰ ਬੰਸੀਆਂ, ਹੰਦਾਲੀਆਂ, ਨਿਰੰਜਣੀਆਂ, ਪ੍ਰਿਥੀਏ ਦੇ ਪੁਤਰ ਮੇਹਰਬਾਨ, ਤੇ ਗੁਲਾਬ ਦਾਸੀਆਂ ਤੇ ਫੇਰ ਛਾਪਣ ਵਾਲਿਆਂ ਨੇ ਵਾਧੇ ਘਾਟੇ ਕਈ ਕੀਤੇ ਹਨ। ਤੇ ਵਲੈਤੋਂ ਹੋ ਆਈ ਦਾ ਲਿਖਾਰੀ ਕੋਈ ਕੋਈ ਲਿਖਦਾ ਹੈ, ਕੋਈ ਕੋਈ ਲਿਖਦਾ ਹੈ, ਇਸ ਵੇਲੇ ਦੀਆਂ ਸਭ ਸਾਖੀਆਂ 'ਚ ਭਾਈ ਮਨੀ ਸਿੰਘ ਜੀ ਦੀ ਸਾਖੀ ਸਮੇਤ ਮਤ ਭੇਦ ਏ। ਪਰ ਤਾਂ ਭੀ ਕਿਤੋਂ ਕਿਤੋਂ ਸਹੀ ਸੂਝ ਬਾਲੇ ਵਾਲੀ ਜਨਮ ਸਾਖੀ ਤੋਂ ਮਿਲਦੀ ਹੈ। ਜਿਸਨੂੰ ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਦੇ ਲੇਖਕਾਂ ਨੇ ਮੁਖ ਰਖਿਆ ਹੈ।

ਭਾਈ ਸੰਤੋਖ ਸਿੰਘ ਸੀ. ਗਿਆਨੀ ਗਿਆਨ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

ਦੋ: ਹੁੰਡੀ ਦੀ ਥੋੜੀ ਲਿਖਤ ਵਿਚ ਹੁੰਦੀ ਬਹੁਤ ਜਿਉ ਰਾਸ ।
ਤਿਉਂ ਬਾਲੇ ਦੀ ਲਿਖਤ ਵਿਚ ਸਾਰਾ ਸਿਖ ਇਤਿਹਾਸ ।
ਵਰਤਣ ਵਕਤ ਜਿਉਂ ਦਸਦਾ ਖੋਲ੍ਹ ਖਜ਼ਾਨਾ ਦਾਸ ।
ਕਹਿਣ ਕਥਾ ਤਿਉਂ ਸਭ ਗੁਰਾਂ ਸੂਰਜ ਪੰਥ ਪ੍ਰਕਾਸ਼ ।

ਅਰਥਾਤ ਗੁਰੂ ਨਾਨਕ ਜੀ ਤੋਂ ਸਤਿਗੁਰੂ ਰਾਮ ਸਿੰਘ ਜੀ ਤਕ ।

ਜਿਵੇਂ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਪਾਸ ਹੁੰਦਿਆਂ ਬਾਬਰ ਦਾ ਏਮਨਾਂ ਬਾਦ ਆਉਣ ਤੇ ਹਮਾਯੂੰ ਦੇ ਜਾਣ ਤੇ ਮਹਾਰਾਜਾ ਰਣਜੀਤ ਸਿੰਘ ਮਰਦ ਕੇ ਚੇਲੇ ਗੁਰੂ ਕੇ ਸਿੰਘ ਦਾ ਸਮਾਂ ਭਵਿਖਤ ਵਾਕ "ਆਵਨ ਅਠੱਤਰੈ ਜਾਣ ਸਤਾਨਵੇਂ ਹੋਰ ਭੀ ਉਠਸੀ ਮਰਦ ਕਾ ਚੇਲ਼ਾ । ਤਿਲੰਗ ਮ: ੧ 'ਚ ਦਸਿਆ ਹੈ ਤਿਵੇਂ ਕਰਤਾਰ ਪੁਰ ਵਿਚ ਅਜਿਤੇ ਰੰਧਾਵੇ ਦੀ ਅਰਜ਼ ਤੇ ਗੁਰੂ ਜੀ ਹੋਰ ਆਪਣੇ ਜਾਮਿਆਂ ਬਾਬਤ ਭੀ ਭਵਿਖਤ ਵਾਕ ਕੀਤੇ ਹਨ ।

ਅਜਿਤੇ ਰੰਧਾਵੇ[1] ਦੀ ਗੋਸ਼ਟ ਵਿਚ ਦਸਮੇਂ ਜਾਮੇਂ ਬਾਬਤ ਲਿਖਿਆ ਹੈ। "ਅਤੇ ਦਸਮਾਂ ਜਾਮਾਂ ਹੋਇਗਾ। ਸੋ ਆਪਣੇ ਪੰਥ ਕੋ ਹਿੰਦੂ ਮੁਸਲਮਾਨ ਤੇ ਨਿਰਾਲਾ ਕਰ ਖਲਾਰਸੀ ਅਤੇ ਇਕੋ ਹੀ ਬਚਨ ਕਰਸੀ......ਪਰ ਦਰਸ਼ਨ ਅਜਿਹਾ ਹੋਵੇਗਾ ਜਿਹਾ ਕਰੜੀ ਕਮਾਨ ਦਾ ਤੀਰ ਹੈ ਜੋ ਮਸਤਕ ਲਗੇਗਾ ਸੋ ਉਧਰੇਗਾ। ਜੋ ਕੋਈ ਉਸ ਦਿਆਂ ਬਚਨਾਂ ਤੇ ਮੁਹਕਮ ਰਹੇਗਾ। ਨਾਂ ਤਰ, ਭਜ ਘਣੀ ਜਾਏਗੀ। ਪੰਨਾਂ ੩੩੪

ਤੇ ਬਚਨ ਹੈ "ਅਤੇ ਗੁਰੂ ਅਜਿਹਾ ਹੋਇ ਬੈਠੇਗਾ ਗੁਰਿਆਈ ਕਾ ਜਾਮਾਂ ਗੁਪਤ ਰਖੈਗਾ। ਪੰਨਾਂ ੩੩੫

---

(੧) 'ਅਜਿਤਾ ਰੰਧਾਵਾ' ਭਲਾ ਭਾਈ ਗੁਰਦਾਸ ਵਾਰ ੧੧ਵੀਂ:



Sri Satguru Jagjit Singh Ji eLibrary NamdhariElibrary@gmail.com

ਤੇ ਬਚਨ ਲਿਖਿਆ ਹੈ ਤੁਰਕਾਇਨ ਕਾ ਬਲ ਉਸ ਸਮੇਂ ਬਹੁਤ ਹੋਵੇਗਾ। ਬਾਬਰ ਕੇ ਪਿਛਾ ਬਹੁਤ ਕਰਨਗੇ ਗੁਰੂ ਕਾ। ਪਰ ਗੁਰੂ ਉਹਨਾਂ ਕੋ ਮਿਲੇਗਾ ਨਾਹੀ"......ਤੇ ਗੁਰੂ ਉਸ ਸਮੇਂ ਅਜਿਹੇ ਚਰਿਤਰ ਕਰੇਗਾ ਜੋ ਸੁਣ ਸੁਣ ਕੇ ਸੰਤ ਭਗਤ ਮੂਰਛਤ ਹੋਏ ਜਾਣਗੇ। ਪੰਨਾਂ ੩੩੬......ਦਸਵੇਂ ਜਾਮੇਂ ਦੇ ਕਰੜੇ ਬਚਨ ਤੇ ਬਚਿਤ੍ਰ ਕੌਤਕ ਸੁਣ ਅਜਿਤਾ ਰੰਧਾਵਾ ਅਰਦਾਸ ਕਰਦਾ ਹੈ "ਸੱਚੇ ਪਾਤਸ਼ਾਹੋ ਅੱਗੇ ਸਾਂਗ ਬਖਸ਼ੀਐ ਜੀ। ਪਾਤਸ਼ਾਹੁ ਇਹਨਾਂ ਜੀਆਂ ਕੈ ਕਿਆ ਵਸ ਹੈ......ਤਾਂ ਬੋਲਣਾ ਹੋਇਆ ਬਚਾ, ਜਾਂ ਦਸਮਾਂ ਜਾਮਾਂ ਗੁਰੂ ਬਦਲੇਗਾ ਤਾਂ ਇਹੋ ਸਾਂਗ ਬਖਸ਼ੀਏਗਾ ਪੰਨਾਂ ੩੩੭

......ਬੱਚਾ ਬਾਹਰਵਾਂ ਮਹਿਲ ਭੀ ਖਰੇ ਕਰੜੇ ਮਾਰਗ ਦਸੇਗਾ। ਜੋ ਕੋਈ ਸਾਰੇ ਸੰਸਾਰ ਕੀ ਫਕੜੀ ਝੱਲੇਗਾ ਸੋਈ ਉਸ ਮਹਿਲ ਮਿਲੇਗਾ :

ਜੁਗਾ ਜੁਗੰਤਰ ਗੁਰੂ ਅਟੱਲ ਹੈ ਦੂਸਰ ਹੋਇਆ ਨਾ ਹੋਗ।
ਚੌਰਾਸੀ ਜਾਮੇ ਪਹਿਰ ਕੈ ਪਾਛੇ ਹੋਇਆ ਅਲੋਪ।
ਸੱਤਰ ਜਾਮੇਂ ਭਗਤ ਜਨ ਚੌਦਹਿ ਸਤਿਗੁਰ ਰਾਇ।
ਗੁਰਮੁਖ ਹੋਵਹਿ ਸੋ ਮਿਲ ਰਹੈ ਮਨਮੁਖ ਮਿਲੈ ਸਜਾਇ।

ਬੱਚਾ ਚੌਦਹਿ ਜਾਮੇ ਗੁਰੂ ਪਹਿਰੇਗਾ। ਪੰਨਾਂ ੩੩੮—੩੯

ਛਪੀਆਂ ਜਨਮ ਸਾਖੀਆਂ ਤੇ ਲਿਖਤੀ ਸਾਖੀਆਂ ਵਿਚ ਬਹੁਤ ਭੇਦ ਹੈ ਪਰ ਸਾਰਾ ਸਿਖ ਇਤਿਹਾਸ ਗੁਰੂ ਨਾਨਕ ਜੀ ਤੋਂ ਲੈ ਸਤਿਗੁਰੂ ਰਾਮ ਸਿੰਘ ਜੀ ਤੱਕ ਦਾ ਬਾਲੇ ਵਾਲੀ ਜਨਮ ਸਾਖੀ ਤੋਂ ਚਲ ਪੰਥ ਪ੍ਰਕਾਸ਼ ਤੱਕ ਦਾ ਦਸਦਾ ਹੈ ਕਿ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਹੀ ਇਸ ਸਰਬ ਸ਼ੁਰੂ ਅੰਤ ਦੀ ਗੁਰ ਪ੍ਰਣਾਲੀ ਸੰਗਲੀ ਦੇ ਸੰਭਾਲੂ ਤੇ ਸੰਚਾਲਕ ਹੋਏ ਹਨ। ਉਹਨਾਂ ਬਿਨਾਂ



Sri Satguru Jagjit Singh Ji eLibrary NamdhariElibrary@gmail.com

ਬਿਨ ਦਸਮੇਂ ਨਾਂ ਵਿਸਦੀ ਬੀਤ ਗਿਆ ਦੀ ਕਾਰ।
ਬਾਦ ਭੀ ਹੋਣਾ ਨਾਸੀ ਗੁਰ ਚਰਚਾ ਪ੍ਰਚਾਰ॥
"ਦਸਮਗੁਰ ਦਰਸਨ ਦਸਦਾ" ਗੁਰ ਦਸਮੇ ਦਾ ਤੇਜ।
ਮੇਟਣ ਵਾਲੇ ਤੁਰ ਗਏ ਤੁਰਕ ਅਤੇ ਅੰਗ੍ਰੇਜ਼॥

ਜੋ ਅੰਗ੍ਰੇਜ਼ੀ ਮਤ ਵਾਲੇ ਕਈ ਭਾਈ ਬਾਲੇ ਤੇ ਭਾਈ ਬਾਲੇ ਵਾਲੀ ਸਾਖੀ ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੋਂ ਇਨਕਾਰ ਕਰਦੇ ਹਨ ਉਹਨਾਂ ਜੋਗ ਇਸ ਅੰਤਿਕਾ ਵਿਚ ਮੈਂ ਭਾਈ ਗੁਰਦਾਸ ਜੀ ਦੀ ਬਾਣੀ ਤੋਂ ਸ਼ੁਰੂ ਕਰਕੇ ਹੁਣ ਤਕ[1] ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪੁਰਬ ਤਕ ਲਿਖੇ ਇਤਿਹਾਸਾਂ ਵਿਚੋਂ ਨਿਰਨਾਂ ਲਿਖਦਾ ਹਾਂ। ਜਿਸ ਤੋਂ ਅਨਜਾਣਾਂ ਨੂੰ ਗਿਆਨ ਪ੍ਰਾਪਤ ਹੋਵੇ।

ਭਾਈ ਗੁਰਦਾਸ ਜੀ ਲਿਖਿਆ ਹੈ "ਰਗੁਮੁਖ ਬਾਲ ਸੁਭਾਏ ਉਦਾਸੀ" ਵਾਰ ੧੧ ਸ਼ਬਦ ੧੩ਵਾਂ ਇਸਦਾ ਵੇਰਵਾ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਕਹਿੰਦੇ ਹਨ "ਏਸ ਕਰਕੇ ਸਾਫ ਨਹੀਂ ਲਿਖਿਆ (ਗੁਰਮੁਖ ਬਾਲ ਸੁਭਾਏ ਉਦਾਸੀ) ਛੰਦ ਵਿਚ ਲਘੂ ਦੀਰਘ, ਦੀਰਘ ਲਘੂ ਵਰਤਿਆ ਜਾਂਦਾ ਹੈ।" ਕਤਕ ਕਿ ਵਸਾਖ ਦੇ ਆਦ ਵਿਚੋਂ

ਡਾਕਟਰ ਭਾਈ ਵੀਰ ਸਿੰਘ ਜੀ "ਸ੍ਰੀ ਗੁਰੂ ਨਾਨਕ ਚਮਤਕਾਰ" ਦੇ ੬੪ ਪੰਨੇ ਤੇ ਲਿਖਦੇ ਹਨ "ਕਾਲੂ ਨੇ ਇਕ ਇਤਬਾਰੀ ਨੂੰ ਨਾਲ ਤਿਆਰ ਕੀਤਾ। ਆਖਦੇ ਹਨ ਕਿ ਇਸਦਾ ਨਾਮ "ਬਾਲ" ਯਾ "ਬਾਲਾ" ਸੀ......ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਖਾਂ ਦੀ ਗਿਣਤੀ ਜੋ ਭਾਈ ਗੁਰਦਾਸ ਜੀ ਨੇ ਦਿਤੀ ਹੈ ਉਸ ਵਿਚ ਬਾਲ, ਪਦ ਆਇਆ ਹੈ ਤੇ ਸਿਆਣੇ ਇਸ ਨੂੰ ਇਕ ਸਿਖ ਦਾ ਨਾਮ ਸਮਝਦੇ ਹਨ........

---

(੧) ੨੦੨੬ ਬਿਕਰਮ ੧੯੬੯ ਈ:



Sri Satguru Jagjit Singh Ji eLibrary NamdhariElibrary@gmail.com

## "ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਏ ਉਦਾਸੀ"

ਇਹ ਸਾਰੀ ਤੁਕ ਭਾਈ ਤਾਰੂ ਪੋਪਟ ਪਰ ਭੀ ਕਈ ਸਮਝਦੇ ਹਨ ਤੇ ਕਈ ਅੱਧੀ ਭਾਈ ਤਾਰੂ ਲਈ ਅਤੇ ਅਧੀ ਭਾਈ ਬਾਲੇ ਲਈ ਭੀ ਖਿਆਲ ਕਰਦੇ ਹਨ ਤੇ ਬਾਲ ਤੋਂ ਭਾਵ ਬਾਲਾ ਸਮਝਦੇ ਹਨ। ਪੰਨਾਂ ੫੧੯

ਭਾਈ ਸਾਹਿਬ ਕਾਂਨ੍ਹ ਸਿੰਘ ਜੀ 'ਮਹਾਨ ਕੋਸ਼' ਵਿਚ "ਬਾਲਾ" ਤਲੇ ਲਿਖਦੇ ਹਨ "ਸ੍ਰੀ ਗੁਰੂ ਨਾਨਕ ਦੇਵ ਦਾ ਅਨਿਨ ਸਿਖ ਚੰਦਰ ਭਾਨ ਸੰਧੂ ਜਟ ਦਾ ਸਪੁਤਰ ਭਾਈ ਬਾਲਾ ਜੋ ਤਲਵੰਡੀ (ਨਾਨਕਆਣੇ) ਦਾ ਵਸਨੀਕ ਸੀ। ਜਨਮ ਸਾਖੀ ਅਤੇ ਨਾਨਕ ਪ੍ਰਕਾਸ਼ ਅਨੁਸਾਰ ਇਹ ਗੁਰੂ ਜੀ ਨਾਲ ਸਾਰੇ ਸਫਰਾਂ ਵਿਚ ਰਿਹਾ। ਅਰ ਗੁਰੂ ਅੰਗਦ ਸਾਹਿਬ ਨੂੰ ਇਸੇ ਨੇ ਹੀ ਗੁਰੂ ਨਾਨਕ ਦੇਵ ਦੀ ਕਥਾ ਸੁਣਾਈ ਜਿਸ ਨੂੰ ਭਾਈ ਪੈੜੇ ਨੇ ਲਿਖਿਆ[੧]। ਇਸੇ ਪੋਥੀ ਦਾ ਨਾਮ ਭਾਈ ਬਾਲੇ ਵਾਲੀ ਸਾਖੀ ਹੈ। ਜਿਸਦਾ ਹੁਣ ਬਿਗੜਿਆ ਹੋਇਆ ਰੂਪ ਅਨੇਕ ਵਾਰ ਛਪਿਆ ਹੈ। ਭਾਈ ਬਾਲੇ ਦੀ ਉਮਰ ਗੁਰੂ ਨਾਨਕ ਦੇਵ ਤੋਂ ੩ ਵਰ੍ਹੇ ਵੱਡੀ ਲਿਖੀ ਹੈ ਇਸ ਹਿਸਾਬ ਸੰਮਤ ੧੫੨੩ ਵਿਚ ਬਾਲਾ ਜਨਮਿਆ ਇਸ ਦਾ ਦੇਹਾਂਤ ਸੰਮਤ ੧੬੦੧ ਵਿਚ ਖੰਡੂਰ ਹੋਇਆ। ਗੁਰੂ ਅਗਦ ਦੇਵ ਨੇ

---

(੧) "ਬੈਜ ਗੁਰ ਭਾਖੀ ਬਾਲਾ ਕਹੋ ਅਬ ਸਾਖੀ ਏਹੋ,
ਹੋਈ ਹੈ ਹਦੂਰ ਤੇਰੇ ਸਭ ਸੋਂ ਕਹੀਜੀਏ।
ਸੁਧਾ ਇਤਿਹਾਸ ਗੁਰ ਆਇਓ ਤੁਝ ਪਾਸ ਸਭ,
ਔਰ ਕੋ ਸੁਨਾਇ ਨਾ ਅਘਾਏ ਨਿਤ ਪੀਜੀਏ।
ਬਾਲਾ ਕਹੈ ਐਸੇ ਹੋਈ ਮੋਹਿ ਢਿਗ ਬੈਸਹਿ ਸਭ,
ਜੈਸੇ ਬਿਧ ਭਈ ਤੈਸੇ ਬਰਨੋਂ ਸੁਨੀਜੀਏ।
ਬਾਲਾ ਜੋ ਅਲਾਏ ਪੈੜਾ ਲਿਖਤ ਬਨਾਏ,
ਗੁਰੂ ਅੰਗਦ ਸੁਨਾਏ ਸੋਊ ਤੁਮ ਸੁਨ ਲੀਜੀਏ।"



Sri Satguru Jagjit Singh Ji eLibrary NamdhariElibrary@gmail.com

ਆਪਣੀ ਹੱਥੀਂ ਸੰਸਕਾਰ ਕੀਤਾ।" ਥੱਲੇ ਫੁਟ ਨੋਟ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚੋਂ ਕਬਿਤ ਦਿਤਾ ਹੈ।

ਅੱਗ "ਖਡੂਰ" ਤਲੇ ਸਰਦਾਰ ਕਾਂਨ੍ਹ ਸਿੰਘ ਜੀ ਲਿਖਦੇ ਹਨ "ਤਪਿਆਨਾ ਸਾਹਿਬ ਅਬਾਦੀ ਤੋਂ ਇਕ ਫਰਲਾਂਗ ਉਤਰ ਪੂਰਬ ਗੁਰੂ ਅੰਗਦ ਦੇਵ ਜੀ ਦੇ ਤਪ ਦਾ ਅਸਥਾਨ ਹੈ। ਇਸ ਪਾਸ ਇਕ ਤਲਾਬ ਹੈ ਜਿਸ ਦੇ ਕਿਨਾਰੇ ਭਾਈ ਬਾਲੇ ਦੀ ਸਮਾਧ ਹੈ।

ਭਾਈ ਬਾਲੇ ਵਾਲੀ ਸਾਖੀ ਤਾਂ ਗੁਰੂ ਪ੍ਰੇਮ ਨਾਲ ਬਾਲਾ ਜੀ ਤੇ ਗੁਰੂ ਅੰਗਦ ਜੀ ਵਲੋਂ ਪੈੜੇ ਮੋਖੇ ਤੋਂ ਲਿਖਵਾਈ ਗਈ। ਤੇ ਸੋਢੀ ਮਿਹਰਬਾਨ ਨੇ ਗੁਰੂ ਸਿਖਾਂ ਨੂੰ ਆਪਣੇ ਵਲ ਲਿਆਉਣ ਲਈ ਕੱਤਕ ਗੁਰ ਨਾਨਕ ਪ੍ਰਕਾਸ਼ ਪੁਰਬ ਦੇ ਥਾਂ ਵਿਸਾਖ ਲਿਖ ਭੁਚਲਾਇਆ। ਮਹਾਨ ਕੋਸ਼ ਵਿਚ "ਮੇਹਰਬਾਨ" ਤਲੇ ਲਿਖਿਆ ਹੈ। "ਬਾਬਾ ਪ੍ਰਿਥਵੀ ਚੰਦ ਦਾ ਪੁਤਰ ਜੋ ਦਿਵਾਨੇ ਭੇਖ ਦਾ ਮੁਖੀਆ ਹੋਇਆ। ਇਸ ਨੇ ਵੀ ਪਿਤਾ ਵਾਂਗ ਗੁਰੂ ਸਾਹਿਬ ਨਾਲ ਝਗੜਾ ਰਖਿਆ। ਅਰ ਇਕ ਜਨਮ ਸ਼ਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲਿਖੀ ਜਿਸ ਵਿਚ ਬਹੁਤ ਬਾਤਾਂ ਗੁਰਮਤ ਵਿਰੁਧ ਹਨ।"

(ਵਲੈਤ[੧] ਵਾਲੀ ਜਨਮ ਸਾਖੀ) ਇਸ ਦਾ ਵੇਰਵਾ ਮਹੰਤ ਦਿਆਲ ਸਿੰਘ ਜੀ ਨਿਰਮਲੇ ਮਹਾਤਮਾ ਪੋਥੀ "ਨਿਰਮਲ ਪੰਥ ਦਰਸ਼ਨ" ਵਿਚ ਲਿਖਦੇ ਹਨ। "ਇਕ ਜਨਮ ਸਾਖੀ ਪੰਜਾਬ ਦੀ

---

(੧) "ਇਹ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਗਈ ਸੀ। ਸ਼ੱਕ ਕੀਤਾ ਜਾ ਸਕਦਾ ਹੈ ਕਿ ਸ਼ਾਇਦ ਇਹੋ ਸਾਖੀ ਹੋਵੇ ਜੋ ਦੂਸਰੇ ਸਤਿਗੁਰਾਂ ਲਿਖਵਾਈ ਸੀ ਪਰ ਨਹੀਂ ਇਸ ਪੋਥੀ ਦੇ ਅੰਦਰ ਉਗਾਹੀ ਮੌਜੂਦ ਹੈ ਕਿ ਇਹ ਕਿਸੇ ਨੇ ਛੇਵੇਂ ਸਤਿਗੁਰਾਂ ਦੇ ਸਮੇਂ ਲਿਖੀ ਹੈ ਤੇ ਖੋਜੀ ਦਸਦੇ ਹਨ ਕਿ ਪਿੰਡੀ ਘੇਬ ਦੇ ਪਾਸ ਦੇ ਕਿਸੇ ਸੇਵਾ ਦਾਸ ਨਾਮੇ ਦੀ ਇਹ ਤਸਨੀਫ ਹੈ।" ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ·ਵਲੀ ਪੰਨਾਂ ਪ੪ ਭਾਈ ਵੀਰ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

ਲੜਾਈ ਵੇਲੇ "ਕਾਲ ਬਰੁਕ" ਇਕ ਅੰਗਰੇਜ਼ ਨੂੰ ਕਿਧਰੋਂ ਹੱਥ ਲੱਗੀ ਉਸ ਈਸਟ ਇੰਡੀਆ ਕੰਪਨੀ ਨੂੰ ਦਿਤੀ। ਜਿਸ ਨੇ ਅੱਗੋਂ ਇੰਡੀਆ ਆਫਿਸ ਲੰਡਨ ਦੀ ਲਾਇਬਰੇਰੀ ਵਿਚ ਜਮ੍ਹਾਂ ਕਰਾ ਦਿਤੀ। ਸਮਾਂ ਪਾ ਕੇ ਟਰੰਪ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਅੰਗਰੇਜ਼ੀ ਵਿਚ ਛਪਵਾਇਆ। ਜਿਸ ਦੇ ਵਿਚ ਉਸ ਜਨਮ ਸਾਖੀ ਦਾ ਕੁਝ ਹਵਾਲਾ ਦਿਤਾ। ਟੀਕਾ ਪੜ੍ਹਦਿਆਂ ਸਿਖਾਂ ਨੂੰ ਪਤਾ ਮਿਲਿਆ ਉਪਰੰਤ ਉਸ ਦੇ ਮੰਗਵਾਉਣ ਲਈ ਅੰਮ੍ਰਿਤਸਰ ਜੀ ਦੇ ਮੁਖੀ ਮੁਖੀ ਸਿਖਾਂ ਸੰਨ ੧੮੮੩ ਈ: ਵਿਚ ਪੰਜਾਬ ਦੇ ਲਾਟ ਸਾਹਿਬ ਨਾਲ ਲਿਖਾ ਪੜ੍ਹੀ ਕੀਤੀ। ਲਾਟ ਸਾਹਿਬ ਨੇ ਇੰਡੀਆ ਆਫਿਸ ਦੇ ਅਫਸਰਾਂ ਦੀ ਮਾਰਫਤ ਵਲੈਤੋਂ ਮੰਗਾਕੇ ਸੰਨ ੧੮੮੪ ਵਿਚ ਡੇਰਾਦੂਨ ਫੋਟੋ ਜ਼ਿੰਕੋ ਗ੍ਰਾਫੀ ਦੇ ਤਰੀਕੇ ਨਾਲ ਇਨ ਬਿਨ ਜੇਹੇ ਅੱਖਰ ਛਪਵਾ ਕੇ ਮੁਖੀ ਮੁਖੀ ਸਿਖਾਂ ਨੂੰ ਮੁਫਤ ਸੁਗਾਤ ਭੇਜੀ। ਤਦੋਂ ਤੋਂ ਇਸਦਾ ਨਾਮ ਵਲੈਤ ਵਾਲੀ ਸਾਖੀ ਕਰਕੇ ਪ੍ਰਸਿਧ ਹੈ। ਇਸਦਾ ਉਤਾਰਾ ਇਕ ਜਨਮ ਸਾਖੀ ਗੁਰੂ ਸਿੰਘ ਸਭਾ ਲਹੌਰ ਨੇ ਸੰਨ ੧੮੮੪ ਸੰਮਤ ੧੯੪੦ ਬਿ: ਲਹੌਰੋਂ ਪੱਥਰ ਦੇ ਛਾਪੇ ਵਿਚ ਛਪਵਾਈ।"

ਪੰਨਾਂ ੧੭ ਹਿੱਸਾ ਪਹਿਲਾ

ਭਾਈ ਮਨੀ ਸਿੰਘ ਜੀ ਦੀ ਸਾਖੀ ਦੀ ਅਸਲ ਕਾਪੀ ਵਿਗਾੜ ਕੇ ਸਿੰਘ ਸਭੀਆਂ ਮਨ ਮਰਜ਼ੀ ਲਿਖ ਕੇ ਜਿਸ ਵਿਚ ਵਲੈਤ ਵਾਲੀ ਵਾਂਗੂੰ ਪ੍ਰਕਾਸ਼ ਦਿਨ ਵਿਸਾਖ ਲਿਖਿਆ। ਪਰ ਬਾਦ ਸੰਗਤ ਦੀ ਪਰਖ ਨੇ ਕੱਤਕ ਪੂਰਨਮਾਸ਼ੀ ਛਾਪਿਆ। ਜਿਸ ਦੀ ਬਾਬਤ ਲਿਖਿਆ। "ਪੱਥਰ ਦੇ ਛਾਪੇ ਦੀ ਜਨਮ ਸਾਖੀ ਵਿਚ ਕੱਤਕ ਦੀ ਪੂਰਨਮਾਸ਼ੀ ਹੈ 'ਤੇ ਇਸ ਤੇ ਇਹ ਨੋਟ ਦਿਤਾ ਹੈ। ਭਾਵੇਂ ਭਾਈ ਮਨੀ ਸਿੰਘ ਦੀਆਂ ਕਈ ਜਨਮ ਸਾਖੀਆਂ ਵਿਚ ਵਿਸਾਖ ਦਾ ਮਹੀਨਾ ਲਿਖਿਆ ਹੈ। ਪ੍ਰੰਤੂ ਭਾਰੀ ਬੈਹਸ ਕਰਨ ਨਾਲ ਅਰ ਐਸੀ ਰੀਤੀ ਦੁਆਰਾ



Sri Satguru Jagjit Singh Ji eLibrary NamdhariElibrary@gmail.com

ਜਿਸ਼ ਨੂੰ ਕੋਈ ਸਿੰਘ ਜਾਂ ਸਿਖ ਮੰਨਣ ਤੋਂ ਇਨਕਾਰ ਨਹੀਂ ਕਰ ਸਕਦਾ, ਉਹ ਇਹ ਕਿ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਚਿੱਠੀਆਂ ਪਾ ਕੇ ਕੱਤਕ ਮਹੀਨਾ ਸਿਧ ਹੋਇਆ......ਇਸ਼ ਲਈ ਵਿਸਾਖ ਦੀ ਥਾਂ ਕੱਤਕ ਸ਼ੁਧ ਸਮਝਣਾ ਚਾਹੀਏ। ਪੰਚਮ ਸ਼ਤਾਬਦੀ, ਨਾਨਕ ਪ੍ਰਕਾਸ਼ ਪੱਤ੍ਰਕਾ ਮਾਰਚ ੧੯੬੯ ਪੰਨਾਂ ੫੫ ਵਲੋਂ ਡਾਕਟਰ ਕ੍ਰਿਪਾਲ ਸਿੰਘ ਪਟਿਆਲਾ ਪੰਜਾਬੀ ਯੂਨੀਵਰਸਿਟੀ।

ਭਾਈ ਬਾਲੇ ਦੇ ਬਾਦ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀ ਤੋਂ ਲੈ ਛੇਵੇਂ ਗੁਰਾਂ ਤਕ ਦਾ ਕੁਝ ਇਤਿਹਾਸ ਲਿਖਿਆ। ਜਿਵੇਂ ਭਾਈ ਬਾਲਾ ਜੀ ਗੁਰੂ ਅੰਗਦ ਜੀ ਪਾਸ ਸਾਖੀ ਲਿਖਵਾ ਖੰਡੂਰ ਹੀ ਚੜੇ ਤਿਵੇਂ ਭਾਈ ਗੁਰਦਾਸ ਜੀ ਗੁਰੂ ਅਮਰ ਦਾਸ ਜੀ ਦੇ ਪ੍ਰਵਾਰ ਵਿਚੋਂ ਪੈਦਾ ਹੋ ਕੇ ਪ੍ਰਭਾਵਤ ਹੋਏ। ਛੇਵੇਂ ਗੁਰਾਂ ਦੇ ਹਜ਼ੂਰ ਗੋਇੰਦਵਾਲ ੧੬੯੪ ਬਿਕਰਮੀ ਵਿਚ ਚੜੇ। ਭਾਈ ਵੀਰ ਸਿੰਘ ਜੀ ਕਬਿਤ ਭਾਈ ਗੁਰਦਾਸ "ਸਕੰਧ" ਦੂਸਰੇ ਦੇ ੮੩—੮੪ ਪੰਨੇ ਤੇ ਲਿਖਿਆ ਹੈ। "ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ "ਗੁਰਬਾਣੀ ਦੀ ਕੁੰਜੀ ਹੋਵੇਗੀ" ਦਾ ਵਰ ਦਿਤਾ। ਭਾਈ ਵੀਰ ਸਿੰਘ ਜੀ ਨੇ ਭਾਈ ਜੀ ਦੇ ਜੀਵਨੀ ਵਿਚ ੨੨ ਤੇ ੪੪ ਪੰਨੇ ਤੇ ਲਿਖਿਆ ਹੈ। "ਭਾਈ ਗੁਰਦਾਸ ਜੀ ਨੇ ਕੁਝ ਬਾਣੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭੀ ਲਿਖੀ। ਤੇ ਕੁਝ ਛੇਵੇਂ ਗੁਰਾਂ ਦੇ ਸਮੇਂ ਰਚੀ।" ਭਾਈ ਵੀਰ ਸਿੰਘ ਜੀ ਉਪਰ ਲਿਖੇ ਪੁਸਤਕ ਦੇ ੪੧ ਪੰਨੇ ਤੇ ਸੂਰਜ ਪ੍ਰਕਾਸ਼ ਚੋਂ ਦਿਖਦੇ ਹਨ। "ਗੁਰੂ ਜੀ ਉਚੇਚਾ ਭਾਈ ਜੀ ਨੂੰ ਕਹਿੰਦੇ। "ਪ੍ਰਭ ਗੁਰਦਾਸ ਭਾਈ ਪ੍ਰਤ ਗਾਏ। ਯਹ ਪ੍ਰਸੰਗ ਕੇ ਕਬਿਤ ਬਣਾਏ।"

ਛੇਵੇਂ ਗੁਰਾਂ ਦੇ ਸਮੇਂ ਭੀ ਭਾਈ ਜੀ ਗੁਰ ਹੁਕਮ ਨਾਲ



Sri Satguru Jagjit Singh Ji eLibrary NamdhariElibrary@gmail.com

ਤੇ ਜੋਗ ਸਮੇਂ ਸਿਖਾਂ ਨੂੰ ਤੇ ਹਰ ਪ੍ਰਸ਼ਨ ਕਰਨ ਵਾਲੇ ਨੂੰ ਉਤਰ ਪ੍ਰਮਾਣਾਂ ਯੁਕਤੀਆਂ ਨਾਲ ਦਿਆ ਕਰਦੇ ਸੀ। ਜੋ ਭਾਈ ਜੀ ਦੀ ਰਚਨਾ ਵਿਚੋਂ ਸਾਬਤ ਹੁੰਦਾ ਏ। ਤੇ ਭਾਈ ਵੀਰ ਸਿੰਘ ਜੀ ਨੇ ਕਈ ਪਉੜੀਆਂ ਤੇ ਕਬਿਤ ਦਿਤੇ ਵੀ ਹਨ। ਭਾਈ ਗੁਰਦਾਸ ਜੀ ਦਾ ਜੀਵਨ ਲਿਖ ਦਿਆਂ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਤੇ ਪ੍ਰਕਾਸ਼ ਸਮਾਂ ਵੀ ਬੜਾ ਖੋਲਕੇ ਲਿਖਿਆ ਹੋਇਆ ਹੈ।

ਤਾਂ ਤੇ ਪਾਠਕ ਵਿਚਾਰ ਸਕਦੇ ਹਨ ਕਿ ਭਾਈ ਗੁਰਦਾਸ ਜੀ ਨੇ ਜੋ ਗੁਰੂ ਨਾਨਕ ਇਤਿਹਾਸ ਲਿਖਿਆ ਹੈ ਸੋ ਬਾਲੇ ਵਾਲੀ ਗੁਰੂ ਜੀ ਦੀ ਜਨਮ ਸਾਖੀ ਤੋਂ ਹੀ ਵੇਖ ਕੇ ਲਿਖਿਆ ਹੈ। ਜੋ ਤਦ ਤਕ ਅਜੇ ਵਿਗਾੜੀ ਨਹੀਂ ਸੀ ਗਈ।

॥ ਕਬਿਤ ॥

"ਨਿਰੰਕਾਰ ਨਿਰਾਧਾਰ, ਨਿਰਾਕਾਰ, ਨਿਰ ਵਿਕਾਰ,
ਅਜੋਨੀ ਅਕਾਲ ਅਪ੍ਰੰਪਰ ਅਭੇਵ ਹੈਂ ॥
ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ,
ਨਿਰਭੈ ਨਿਰੰਜਣ ਅਭਰ ਪਰ ਅਤੇਵ੧ ਹੈਂ ॥
ਅਬਿਗਤ ਅਗਮ ਅਗੋਚਰ ਅਗਾਧਬੋਧ,
ਅਚੁਤ ਅਲੱਖ ਅਤ ਅਛਲ ਅਛੇਵ ਹੈਂ ॥
ਬਿਸਮੈਂ ਬਿਸਮ ਅਸਚਰਜ ਅਸਚਰਜ ਮੈਂ,
ਅਦਭੁਤ ਪਰਮ ਅਦਭੁਤ੨ ਗੁਰਦੇਵ ਹੈਂ ॥

ਕ: ੩੪੪

(੧) ਬਖਸ਼ਿਸ਼ ਤੇ ਭਰਪੂਰ ਬਖਸ਼ਿਸ਼ ਵਾਲੇ।
(੨) ਅਤ ਅਸਚਰਜ ਰੂਪ।



Sri Satguru Jagjit Singh Ji eLibrary NamdhariElibrary@gmail.com

## ॥ ਕਬਿਤ ॥

ਕਾਰਤਕ ਮਾਸ ਰੁਤ ਸਰਦ ਪੂਰਨਮਾਸੀ,
ਆਠ ਜਾਮ ਸਾਠ ਘੜੀ ਆਜ ਤੇਰੀ ਬਾਰੀ ਹੈ।
ਔਸਰ ਅਭੀਚ[੧] ਬਹੁ ਨਾਇਕ ਕੀ ਨਾਇਕ ਹੋਏ,
ਰੂਪ ਗੁਣ ਜੋਬਨ ਸ਼ਿੰਗਾਰ ਅਧਿਕਾਰੀ ਹੈ।
ਚਾਤਰ ਚਤੁਰ ਪਾਠ ਸੇਵਕ ਸਹੇਲੀ ਸਾਠ,
ਸੰਪਦਾ ਸਮੱਗਰੀ ਸੁਖ ਸਹਿਜ ਸੁਚਾਰੀ ਹੈ।
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ,
ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ। ੩੪੫

ਦਿਨ ਕਰ ਕਿਰਨ ਸੁਹਾਤ ਸੁਖਦਾਈ ਅੰਗ।
ਰਚਿਤ ਸ਼ਿੰਗਾਰ ਅਭਰਨ ਸਖੀ ਆਇਕੈ।
ਪ੍ਰਿਥਮ ਉਬਟਣਾ ਕੈ ਸੀਸ ਮੈਂ ਮਿਲੌਨੀ ਮੇਲ,
ਮਜਨ ਉਸਨ ਜਲ ਨਿਰਮਲ ਭਾਇ ਕੈ।
ਕੁੰਕਮ ਅਵੇਸ ਕੇਸ ਵਾਸਤ ਫੁਲਲ ਮੇਲ,
ਅੰਗ ਅਰਗਜਾ ਲੇਪ ਹੇਤ ਉਪਜਾਇ ਕੈ।
ਚੀਰ ਚਾਰ ਦਰਪਨ ਮਦ ਆਪਾ ਆਪ ਚੀਨ,
ਬੈਠੀ ਪਰਜੰਕ ਪਰ ਧਾਵਰੀਨ[੨] ਧਾਇਕੈ। ੩੪੬

ਕੇਕਈ[੩] ਦੇ ਮਾਂਗ ਉਰਝਾਏ ਸੁਰਝਾਏ ਕੇਸ,
ਕੁੰਕੰਮ[੪] ਚੰਦਨ ਕੇ ਤਿਲਕ ਦੇ ਲਲਾਰ ਮੈ।

---

(੧) ਸਭ ਨੂੰ ਸਾਹਵੇਂ ਹੋਕੇ ਜਿੱਤਣ ਵਾਲਾ ਸਿਰਮੌਰ।
(੨) ਦਾਈਆਂ।
(੩) ਕੰਘੀ।
(੪) ਕੇਸਰ।



Sri Satguru Jagjit Singh Ji eLibrary NamdhariElibrary@gmail.com

ਅੰਜਨ ਖੰਜਨ ਬ੍ਰਿਗ ਬੇਸਰ[5] ਕਰਨ ਫੂਲ,
ਬਾਰੀ[6] ਸੀਸ ਫੂਲ ਦੈ ਤਮੋਲ ਮੁਖ ਦੁਆਰ ਮੈ।
ਕੰਠ ਸਰੀ ਕਪੋਤ ਮਰਕਤ ਔ ਮੁਕਤਾਲ,
ਬਰਨ ਬਰਨ ਫੂਲ ਸੋਭਾ ਉਰਹਾਰ ਮੈ।
ਚਚਰ[7] ਚਰੀ ਕੰਕਨ ਮੁਦ੍ਰਕਾ ਕਾ ਮਹਿੰਦੀ ਬਨੀ,
ਅੰਗੀ ਆ ਅਨੂਪ ਛਬ ਪੀਠ ਕਟ ਧਾਰ ਮੈ। ੩੪੭

ਸੋਭਤ ਸਰਦ ਨਿਸ ਜਗਮਗ ਜੋਤ ਸਸ,
ਪ੍ਰਿਥਮ ਸਹੇਲੀ ਕਹਿ ਪ੍ਰੇਮ ਰਸ ਚਾਖੀਐ।
ਪੂਰਨ ਕ੍ਰਿਪਾ ਕੈ ਤੇਰੈ ਆਏ ਹੈਂ ਕ੍ਰਿਪਾ ਨਿਧਾਨ,
ਮਿਲੀਐ ਨਿਰੰਤਰ ਹੁਇ ਅੰਤਰ ਨਾ ਰਾਖੀਐ।
ਚਰਨ ਕਮਲ ਮਕਰੰਦ[8] ਰਸ ਲੁਭਿਤ ਹੋਏ,
ਮਨ ਮਧੁ ਕਰ ਸੁਖ ਸੰਪਟ ਭਿਲਾਖੀਐ।
ਜੋਈ ਪਲ ਜਾਏ ਪਾਈਐ ਨਾ ਪੁੰਨ ਪਦਮ ਦਏ,
ਪਲਕ ਅਮੋਲ ਪ੍ਰਿਅ ਸੰਗ ਸੁਖ ਸਾਖੀਐ[9]। ੩੪੮

ਪਾਠਕ ਭਾਈ ਗੁਰਦਾਸ ਜੀ ਦੇ ਇਹਨਾਂ ਪੰਜਾਂ ਕਬਿਤਾਂ ਵਿਚੋਂ ਕੱਤਕ ਪੂਰਨਮਾਸ਼ੀ ਤੇ ਅਭੀਚ ਪੁਰਬ ਤੇ ਐਸੇ ਸਮੇਂ ਦੇ ਸੰਜੋਗ ਨੂੰ ਪਾਣ ਵਾਲੀਆਂ ਜੀਵਨ ਜੋਗ ਜਨਮ ਧੰਨ ਲਿਖਿਆ ਹੈ ਤੇ ਪਲੰਘ ਦਾਈਆਂ ਦਾ ਸੁਹਾਵਣਾ ਸਮਾਂ ਬਨਾਣ ਯੋਗ ਸੁਬਾਸ, ਬਸਤ੍ਰ ਸ਼ਿੰਗਾਰ ਸਫਾਈ ਆਦਿ ਤੇ ਪੂਰਨ ਕ੍ਰਿਪਾ ਕੈ ਤੇਰੇ ਆਇ ਹੈਂ। ਕ੍ਰਿਪਾ

(੫) ਇਸਤ੍ਰੀ ਦੇ ਨੱਕ ਦਾ ਗਹਿਣਾ।
(੬) ਕੰਨਾ ਕੁੰਡਲ।
(੭) ਕੇਸਾਂ ਦੇ ਸਵਾਰਨ ਦੀ ਰਚਨਾ।
(੮) ਕੰਵਲ ਫੂਲ।
(੯) ਸਾਖਿਆਤ, ਪ੍ਰਤੱਖ ਮਹਾਨ ਕੋਸ਼ ਭਾਈ ਕਾਹਨ ਸਿੰਘ ਜੀ ਨਾਭਾ।



Sri Satguru Jagjit Singh Ji eLibrary NamdhariElibrary@gmail.com

ਨਿਧਾਨ। ਸਾਖਿਆਤ ਦਸਕੇ ਉਸ਼ ਪਲਕ ਨੂੰ ਅਮੋਲ ਦਸਕੇ ੩੪੪ ਕਬਿਤ ਵਿਚ ਗੁਰਦੇਵ ਜੀ ਦੀ ਉਸਤਤ ਕੀਤੀ ਨਾਲ ਜੋੜ ਦਸਿਆ ਹੈ। ਉਸ ਤੋਂ ਗੁਰੂ ਨਾਨਕ ਦਾ ਪ੍ਰਕਾਸ਼ ਸਮਾਂ ਸਿਧ ਹੁੰਦਾ ਹੈ। ਭਾਈ ਜੀ ਹੁਣ ਵਾਂਗੂ ਦੇ ਕਈ ਕਵੀਆਂ ਵਾਂਗੂੰ ਨਹੀਂ ਸੀ ਕਿ ਜਿਸ਼ ਨੇ ਸੱਦਿਆ ਉਸਦੇ ਹੀ ਸੋਹਲੇ ਸਾਜ ਸੁਣਾਏ। ਭਾਈ ਜੀ ਗੁਰ ਸਿਖੀ ਦੇ ਇਤਿਹਾਸ ਦੇ ਲਿਖਾਰੀ ਤੇ ਗੁਰੂ ਘਰ ਦੇ ਪ੍ਰਚਾਰਕ ਸੀ। ਜਿਹੜੇ ਕਹਿੰਦੇ ਹਨ ਕਿ ਭਾਈ ਜੀ ਨੇ ਇਹ ਕਬਿਤ ਸ਼ਿੰਗਾਰ ਰਸ ਪੂਰਤ ਹੀ ਲਿਖੇ ਹਨ ਇਹ ਉਨ੍ਹਾਂ ਦੀ ਭਾਰੀ ਭੁਲ ਹੈ। ਉਹ ਤਾਂ "ਪ੍ਰਥਾਏ ਸਾਖੀ ਮਹਾਂ ਪੁਰਖ ਬੋਲਦੇ" ਤੇ "ਮਹਾਂ ਪੁਰਖਾਂ ਕਾ ਬੋਲਣਾ ਹੋਵੈ ਕਿਤੇ ਪ੍ਰਥਾਏ" ਵਾਲੇ ਮਹਾਂ ਪੁਰਖ ਸਨ। ਐਵੇਂ ਖਿਆਲੀ ਉਡਾਰੀਆਂ ਨਹੀਂ ਸਨ ਲਾਂਦੇ।

ਕਰਮ ਸਿੰਘ ਜੀ "ਹੋਵੇ ਕੀਰਤਨ ਸਦਾ ਵਸੋਆ" ਭਾਈ ਜੀ ਦੀ ਵਾਰ ਪਹਿਲੀ ਸਬਦ ੨੭ ਵਾਂ ਦੀ ਤੁਕ ਦਾ ਅਰਥ ਵਿਸਾਖ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ ਦਸਿਆ ਹੈ। ਪਰ ਇਹ ਵਿਦਵਾਨਾਂ ਨੂੰ ਜਚਦਾ ਨਹੀਂ। ਕਿਉਂਕਿ ਪੰਡਤ ਨਰੈਣ ਸਿੰਘ ਜੀ ਨੇ ਇਸ ਦਾ ਅਰਥ ਵਿਸਾਖੀ ਕੀਤਾ ਹੈ। ਸੋ ਭੀ ਵਿਸਾਖ ਸੁਦੀ ਦਿਤੀ (ਗੁਰੂ ਨਾਨਕ ਪ੍ਰਕਾਸ਼ ਦਿਨ) ਨਹੀਂ ਬਣਿਆ।

ਤੇ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਵਸੋਆ ਦਾ ਅਰਥ ਮਹਾਨ ਕੋਸ਼ ਵਿਚ ਵੈਸਾਖ ਦੀ ਸੰਕ੍ਰਾਂਤ, (ਸਾਲ ਦਾ ਨਵਾਂ ਦਿਨ) ਨੌ ਰੋਜ਼, "ਹੋਵੇ ਕੀਰਤਨ ਸਦਾ ਵਸੋਆ" ਨਿਤ ਰੋਜ਼ ਰਹਿੰਦਾ ਹੈ ਕਹਿੰਦੇ ਹਨ। ਜਿਸ ਦਾ ਭਾਵ ਘਰ ਘਰ ਅੰਦਰ ਧਰਮਸਾਲ ਵਿਚ ਨਿਤ ਨਵੇਂ ਰੋਜ਼ ਕੀਰਤਨ ਹੁੰਦਾ ਹੈ, ਅਰਬਾਤ ਗੁਰੂ ਨਾਨਕ ਜੀ ਦਾ ਸਵੇਕ ਸਮੇਂ ਗੁਰਬਾਣੀ ਦਾ ਕੀਰਤਨ ਦਾ ਜਾਰੀ ਕੀਤਾ ਪ੍ਰਵਾਹ ਰੋਜ਼ ਚਲਦਾ ਹੈ" ਪਾਠਕ ਵਿਚਾਰ ਸਕਦੇ



Sri Satguru Jagjit Singh Ji eLibrary NamdhariElibrary@gmail.com

ਹਨ ਕਿ ਵਿਸਾਖ ਦੀ ਤ੍ਰਿਤੀ ਇਸ ਦਾ ਅਰਥ ਉਕਾ ਨਹੀਂ ਬਣਦਾ।

ਸ੍ਰ: ਕਰਮ ਸਿੰਘ ਜੀ "ਕੱਤਕ ਕੇ ਵਿਸਾਖ" ਵਿਚ "ਖੂਹ ਭਾਈ ਬਾਲੇ ਦਾ ਨਹੀਂ" ਤਲੇ ਲੰਮੀਆਂ ਦਲੀਲਾਂ ਦੇ ਕੇ ਅੰਤ ੧੭੭ ਪੰਨੇ ਤੇ ਲਿਖਦੇ ਹਨ "ਮਹਾਰਾਜਾ ਰਣਜੀਤ ਸਿੰਘ ਵੇਲੇ ਅਬਾਦੀ ਵੱਧ ਗਈ। ਬਾਲੇ ਵਾਲੀ ਸਾਖੀ ਦਾ ਪ੍ਰਚਾਰ ਹੋ ਗਿਆ, ਲੋਕਾਂ ਨੇ ਲਾਂਭ ਚਾਂਭ ਇਕ ਪੁਰਾਣਾ ਖੂਹ ਵੇਖਿਆ, ਬਸ ਉਸਦਾ ਨਾਮ ਹੀ ਬਾਲੇ ਵਾਲਾ ਖੂਹ ਪ੍ਰਸਿਧ ਕਰ ਦਿਤਾ" ਮੈਂ ਸ੍ਰ: ਕਰਮ ਸਿੰਘ ਜੀ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੇ ਤਪ ਅਸਥਾਨ ਪਾਸ ਤਲਾਅ ਕੰਢੇ ਭਾਈ ਬਾਲੇ ਦੀ ਬਣੀ ਸਮਾਧ ਨੂੰ ਭੀ ਗੁਰੂ ਅੰਗਦ ਜੀ ਵਲੋਂ ਝੂਠੀ ਮਾਨਤਾ ਦਿਤੀ, ਤੇ ਨਹੀਂ ਲਿਖ ਦਿਤਾ ਜੋ ਪਾਠਕ ਉਪਰ ਪੜ੍ਹ ਆਏ ਹਨ ਕਿ "ਖੰਡੂਰ ਤਾਲ ਕਿਨਾਰੇ ਬਾਲੇ ਦੀ ਸਮਾਧ ਹੈ" ਉਥੇ ਕੋਈ ਸਮਾਧ ਹੈ ਹੀ ਨਹੀਂ ਸੀ ਇਹ ਡਰ ਨਿਰਾ ਮੈਨੂੰ ਹੀ ਨਹੀਂ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ (ਹੈਡ ਗ੍ਰੰਥੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ) ਨੂੰ ਭੀ ਭਾਸ਼ਿਆ ਸੀ। ਜਿਨ੍ਹਾਂ ਦੇ "ਨਿਰੰਕਾਰੀ ਜੋਤ" ਵਿਚ ਇਸਦਾ ਵਰਣਨ ਕੀਤਾ ਹੈ। ਇਕ ਫੁਟ ਨੋਟ ਵਿਚ ਲਿਖਦੇ ਹਨ :—

"ਹੁਣ ਥੋੜੇ ਚਿਰ ਤੋਂ ਇਕ ਵਲਾਇਤੋਂ ਆਈ ਜਨਮ ਸਾਖੀ ਦੀ ਗਵਾਹੀ ਦੇ ਕੇ ਕਈ ਬੁਧਵਾਨ ਸ੍ਰੀ ਗੁਰੂ ਜੀ ਦਾ ਜਨਮ ਵੈਸਾਖ ਦਸਦੇ ਹਨ ਪਰ ਆਦਿ ਤੋਂ ਲੈ ਕੇ ਕੱਤਕ ਪੂਰਨਮਾਸ਼ੀ ਦਾ ਹੀ ਲਿਖਿਆ ਹੈ, ਇਕ ਨਵੀਂ ਕਹਾਣੀ ਨੂੰ ਛੇੜ ਕੇ ਜਿਸ ਦੇ ਵਿਚੋਂ ਲਾਭ ਕੁਛ ਭੀ ਨਹੀਂ ਪ੍ਰਾਪਤ ਹੋਣਾ ਸਗੋਂ ਭੋਲੇ ਭਾਲੇ ਭਰਾਵਾਂ ਨੂੰ ਝੇੜੇ ਵਿਚ ਪਾ ਕੇ ਨਿਸਚੇ ਤੋਂ ਉਖੇੜਨਾ ਹੈ ਇਸ ਵਾਸਤੇ ਐਵੇਂ ਅਸੀਂ ਆਪਣੇ ਵਕਤ ਨੂੰ ਗੁਆਉਣਾਨਹੀਂ ਚਾਹੁੰਦੇ ਮੰਨਣ ਵਾਲਿਆਂ



Sri Satguru Jagjit Singh Ji eLibrary NamdhariElibrary@gmail.com

ਦੀ ਵਿਚਾਰ ਸ਼ਕਤੀ ਦੇ ਵਸ ਹੈ ਚਾਹੇ ਵੈਸਾਖ ਦਾ ਮੰਨਣ ਚਾਹੇ ਕੱਤਕ ਦਾ ਪਰ ਉਹੋ ਗੱਲ ਨਾ ਹੋਵੇ ਜੋ ਗੁਰੂ ਜੀ ਦੀ ਹੋਂਦ ਦਾ ਹੀ ਜਵਾਬ ਮਿਲ ਜਾਵੇ । ਜਿਸ ਤਰ੍ਹਾਂ ਇਕ ਸੱਜਣ ਜੀ ਲਿਖਦੇ ਹਨ । ਕਿ "ਜੇ ਬਾਲਾ ਨਹੀਂ ਤਾਂ ਬਾਲੇ ਵਾਲੀ ਜਨਮ ਸਾਖੀ ਕਿਥੋਂ ?" ਕਿਤੇ ਇਹ ਨਾ ਕਹਿ ਦੇਣ ਕਿ ਜੇ ਗੁਰੂ ਨਹੀਂ ਤਾਂ ਗੁਰੂ ਕਾ ਜਨਮ ਸੰਮਤ ਕਿਥੇ ?" ਪੰਨਾਂ ੧੩੯ ਸਤਿਜੁਗ ਦਾ ੫੦੦ ਸ਼ਾਲਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਕ ।

ਮੇਰੀ ਸਮਝ ਵਿਚ ਕਰਮ ਸਿੰਘ ਜੀ ਦੀ ਪੜਚੋਲ ਕਰਨ ਵਾਲੀ ਮਤ ਅਤ ਜਿਦ ਭਰੀ ਏ । ਜਿਵੇਂ ਪਿਛਲੇ ਸਾਲ "ਜਾਗ੍ਰਿਤੀ" ਰਸਾਲੇ ਵਿਚ ਗੁਰਮੁਖ ਸਿੰਘ ਮੁਸਾਫਿਰ ਜੀ ਨੇ ਲਿਖਿਆ ਸੀ "ਲੋੜੀਂਦਾ ਏ ਚਾਨਣਾ ਦੇਵੇ ਰਾਹ ਵਿਖਾ । ਪਰ ਹੱਦੋਂ ਵਧਿਆ ਚਾਨਣਾ ਅੱਖਾਂ ਦੇ ਚੁੰਧਿਆ ।" ਤੇ ਗੁਰਬਾਣੀ ਦੇ ਵਾਕ ਬਹੁਤ ਸਿਆਣਪ ਜਮ ਕਾ ਭਉ ਵਿਆਪੈ । ਗਉੜੀ ਸੁਖਮਣੀ । ਤੇ "ਬਹੁਤ ਸਿਆਣਪ ਭਰਮੁ ਨਾ ਜਾਏ ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ।" ਮਾਰੂ ਮ: ੧ ਪੰਨਾਂ ੧੦੨੫ : ਵਾਲਾ ਸ੍ਰ: ਜੀ ਨੂੰ ਬਣਾ ਦਿਤਾ ਜਿਸ ਕਾਰਨ ਉਸ ਦੇ ਇਸ ਪੁਸਤਕ ਦੀ ਉਸਦੇ ਸਾਥੀ ਚੀਫ ਖਾਲਸਾ ਦੀਵਾਨ ਨੇ ਵਿਕਰੀ ਬੰਦ ਕਰ ਦਿਤੀ ।

ਪਹਿਲੀ ਵਾਰ ਇਹ ਪੁਸ਼ਤਕ ਸੰਮਤ ੧੯੬੯ ਬਿਕਰਮੀ ਵਿਚ ਛਪੀ ਸੀ ਤੇ ਇਸਦੀ ਵਿਕਰੀ ਬੰਦ ਕੀਤੀ ਗਈ । ਵਿਕੀ ਸੋ ਵਿਕੀ ਬਾਕੀ ਸਾਰੀ ਫੂਕੀ ਗਈ ਸੀ । ਹੁਣ ਹੱਥ ਆਉਂਦੀ ਇਹ ਪੁਸਤਕ (ਕੱਤਕ ਕੇ ਵਿਸਾਖ) ੧੯੩੨ ਈ: ਵਿਚ ਛਪੀ ਏ ।

ਵਲੈਤ ਵਾਲੀ ਜਨਮ ਸਾਖੀ ਵਿਚ ਗੁਰੂ ਨਾਨਕ ਜੀ ਦਾ ਪ੍ਰਕਾਸ਼ ਸੰਮਤ ੧੫੨੫ ਤੇ ਮਹਿਮਾ ਪ੍ਰਕਾਸ਼ ਵਿਚ ਵੀ ਇਹੋ ਹੀ



Sri Satguru Jagjit Singh Ji eLibrary NamdhariElibrary@gmail.com

ਲਿਖਿਆ ਹੈ । ਇਹ ਜਨਮ ਸਾਖੀਆਂ ਅੰਗ੍ਰੇਜ਼ੀ ਮਤ ਵਾਲੇ ਲਿਖਾਰੀਆਂ ਦਾ ਮੂਲ ਹਨ । ਭਾਈ ਵੀਰ ਸਿੰਘ ਜੀ ਨੇ ੧੫੨੬ ਕੋਲੋਂ ਵਿਚਾਰ ਦੇ ਕੇ ਛਾਪ ਦਿਤਾ ਹੋਇਆ ਹੈ ਪਰ ਮਹਿਮਾ ਪ੍ਰਕਾਸ਼ ਦੇ ਕਰਤਾ ਸਰੂਪ ਦਾਸ ਜੀ ਭੱਲੇ, ਬਾਲੇ ਦਾ ਹੋਣਾ ਗੁਰੂ ਜੀ ਨਾਲ ਮੰਨਦੇ ਹਨ ਜੋ ਕਰਮ ਸਿੰਘ ਜੀ ਆਪ ਹੀ "ਕੱਤਕ ਕੇ ਵਿਸਾਖ" ਦੇ ੨੫੨—੫੩ ਪੰਨੇ ਤੇ ਲਿਖਦੇ ਹਨ । 'ਬਾਲਾ ਸੰਧੂ ਸੇਵਕ ਨੀਕਾ ਭਾਗੀਰਤ ਸੁਖਦਾਈ ਜੀ ਕਾ" ਤੇ "ਪਹੁੰਚਿਉ ਆਏ ਤਹਿ ਬਾਲ਼ਾ ਸੰਧੂ ਫਿਰਿਉ ਸੰਗ ਦਿਸੰਤਰ ਪ੍ਰੇਮੀ ਬੰਧੂ ।

ਹੁਣ ਮੈਂ ਭਾਈ ਬਾਲੇ ਤੇ ਉਸ ਦੀ ਲਿਖਵਾਈ ਸਾਖੀ ਦੇ ਖਲਾਫ ਸਿੰਘ ਸਭੀਆਂ ਚੀਫ ਖਾਲਸਾ ਦੀਵਾਨ ਦੇ ਹੋਣ ਦਾ ਕਾਰਨ ਦੱਸਦਾ ਹਾਂ, ਤੇ ਦਸਦਾ ਹਾਂ ਜੋ ਅੰਗਰੇਜ਼ ਆਖੇ ਲਗ ਉਹ ਕਰਨਾ ਚਾਹੁੰਦੇ ਸਨ ਸੋ ਉਹਨਾਂ ਤੋਂ ਹੋ ਨਹੀਂ ਸਕਿਆ ਕਿਉਂ ਕਿ "ਸੂਰਜ ਪ੍ਰਕਾਸ਼" ਤੇ 'ਪੰਥ ਪ੍ਰਕਾਸ਼' ਵੱਡੇ ਤੇ ਪ੍ਰਸਿਧ ਪੁਸਤਕ ਸਿਖ ਇਤਿਹਾਸ ਦੇ ਤੇ "ਸ੍ਰੀ ਗੁਰੂ ਨਾਨਕ ਚਮਤਕਾਰ" ਤੇ "ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ" (ਪੰਜਾਬ) ਵਿਚ ਗੁਰੂ ਨਾਨਕ ਜੀ ਦਾ ਪ੍ਰਕਾਸ਼ ਬਾਲੇ ਵਾਲੀ ਸਾਖੀ ਵਾਲਾ ਮੰਨਦੇ ਹਨ ਜੋ ਇਸ ਤਰ੍ਹਾਂ ਲਿਖਿਆ ਹੈ "ਊਰਜ ਮਾਸ ਕੀ ਪੂਰਨਮਾਸ਼ੀ, ਹਰ ਕੀਰਤ ਸੋ ਜੋਨ ਪ੍ਰਕਾਸੀ, ਸੰਬਤ ਨੌਂ ਖਟ ਸਹਸ ਛਬੀਸਾ, ਭੇ ਅਵਤਾਰ ਪ੍ਰਗਟ ਜਗਦੀਸਾ" "ਸੂਰਜ ਪ੍ਰਕਾਸ਼" "ਆਪ ਪ੍ਰਭੂ ਗੁਰ ਨਾਨਕ ਰੂਪਾ । ਪ੍ਰਗਟ ਭਏ ਜਗ ਮਹਿ ਸੁਖ ਭੂਪਾ । ਸਾਲ ਹੁਤੇ ਪੰਦਰਾਂ ਸੌ ਛੱਬੀ । ਕਾਤਕ ਮਾਸ ਪੂੰਨਿਉਂ ਫੱਬੀ ।" ਪੰਥ ਪ੍ਰਕਾਸ਼ "ਇਹ ਪ੍ਰਸੰਗ ਗੁਰਪੁਰਬ ਕੱਤਕ ਪੂਨਮ, ਤੇ ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਆ ।" ਇਸ ਉਪਰ ਲਿਖੇ ਦੀ ਤਰ੍ਹਾਂ ਹਰ ਪ੍ਰਸੰਗ ਤਲੇ "ਸ੍ਰੀ ਗੁਰੂ ਨਾਨਕ ਚਮਤਾਰ" ਦੇ ਵਿਚ ਪਹਿਲੇ ਪੂਰਬਾ

(੧) ਕੱਤਕ ।



Sri Satguru Jagjit Singh Ji eLibrary NamdhariElibrary@gmail.com

ਅਰਧ ਤਲੇ ੪੮ ਪ੍ਰਸੰਗਾਂ ਤੇ ਉਤਰਾ ਅਰਧ ਦੇ ੯੫ ਪ੍ਰਸੰਗਾਂ ਤਲੇ ਲਿਖਿਆ ਹੈ।

(ਪੰਜਾਬ) ਪੁਸਤਕ ਜਿਸ ਦੇ ਸੰਪਾਦਕ ਪ੍ਰੋ: ਗੰਡਾ ਸਿੰਘ ਜੀ ਹਨ ੧੯੬੨ ਈ: ਨੂੰ ਛਪੀ, ਜਿਸ ਵਿਚ ਲਿਖਦੇ ਹਨ "ਬਾਬਾ ਗੁਰਦਿਤ ਸਿੰਘ ਜੀ ਸੱਤ ਸਾਲ ਗੁਪਤ ਫਿਰਦੇ ਰਹੇ ਤੇ ੧੯੨੧ ਵਿਚ ਗੁਰੂ ਨਾਨਕ ਸਾਹਿਬ ਦੇ ਅਵਤਾਰ ਗੁਰਪੁਰਬ ਦੇ ਸਮੇਂ ਨਨਕਾਣੇ ਸਾਹਿਬ ਪ੍ਰਗਟ ਹੋਏ ਤੇ ਗ੍ਰਿਫਤਾਰੀ ਲਈ ਆਪਣੇ ਆਪ ਨੂੰ ਪੇਸ਼ ਕੀਤਾ।" ਪੰਨਾਂ ੧੮੨

ਤੇ ਨਾਹਰ ਸਿੰਘ ਜੀ ਗਿਆਨੀ ਲਿਖਦੇ ਹਨ "ਬਾਬਾ ਗੁਰਦਿਤ ਸਿੰਘ ਜੀ ਸੱਤ ਸਾਲ ਗੁਪਤ ਰਹੇ ਅਤੇ ਓੜਕ ਨਨਕਾਣੇ ਸਾਹਿਬ ਕੱਤਕ ਪੂਰਨਮਾਸ਼ੀ ਦੇ ਗੁਰਪੁਰਬ ਪਰ ੧੯੨੧ ਵਿਚ ਪ੍ਰਗਟ ਹੋ ਕੇ ਗ੍ਰਿਫਤਾਰ ਹੋ ਗਏ ਅਤੇ ਪਿਛੋਂ ਰਹਾ ਕੀਤੇ ਗਏ। ਪੰਨਾਂ ੧੮੫

ਚੀਫ ਖਾਲਸੀਆਂ ਤੇ ਸਿੰਘ ਸਭੀਆਂ ਨੂੰ ਇਹ ਸਾਖੀ ਰੜਕਦੀ ਕਿਉਂ ਹੈ ਕਿਉਂਕਿ ਬਾਲੇ ਵਾਲੀ ਜਨਮ ਸਾਖੀ ਦੇ ਪਿਛਲੇ ਪਾਸੇ ਗੁਰੂ ਨਾਨਕ ਜੀ ਤੇ ਅਜਿਤੇ ਰੰਧਾਵੇ ਦੀ ਗੋਸ਼ਟ ਹੈ ਜਿਸ ਵਿਚ ਦਸਮ ਜੀ ਦਾ ਗੁਪਤ ਹੋਣਾ ਤੇ ਸਾਂਗ ਸਮਾਂ ਤੇ ਬਾਰ੍ਹਵੇਂ ਗੁਰੂ ਰਾਮ ਸਿੰਘ ਜੀ ਦਾ ਹੋਣਾ ਆਉਂਦਾ ਏ। ਗੋਰਿਆਂ ਦੇ ਰਾਜ, ਤੇ ਸਤਿਗੁਰੂ ਰਾਮ ਸਿੰਘ ਜੀ ਦੀ, ਅਜ਼ਾਦੀ ਦੇ ਅੰਦੋਲਨ ਪਾਰੋਂ ਅਜੋੜ ਸੀ। ਜਿਸ ਕਾਰਨ ਗੋਰੇ ਰਾਜ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਸਿਖ ਪੰਥ ਵਿਚੋਂ ਸਿਖ ਖਰੀਦ ਕੇ ਸਿਖਾਂ ਨੂੰ ਦੇਹਧਾਰੀ ਗੁਰੂ ਪ੍ਰੰਪਰਾ ਮੰਨਣ ਵਲੋਂ ਮੁਨਕਰ ਕੀਤਾ। ਤੇ ਗ੍ਰੰਥ ਗੁਰੂ ਦਾ ਮਤ ਤੋਰਿਆ। ਪਰ ਨਾਉਹੋ ਬਾਲਾ ਨਾ ਬਾਲੇ ਵਾਲੀ ਸਾਖੀ ਤੇ ਨਾ ਗੁਰੂ ਦੇਹਧਾਰੀ ਵਾਲਾ ਮਤ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਅੰਗਰੇਜ਼ਾਂ ਤੇ ਉਹਨਾਂ ਦੀ ਮਤ ਵਾਲੇ ਸਿਖਾਂ ਤੋਂ ਮਿਟ ਸਕਿਆ।



Sri Satguru Jagjit Singh Ji eLibrary NamdhariElibrary@gmail.com

ਪਾਠਕ ਉਪਰ ਪੜ੍ਹ ਆਏ ਹਨ ਕਿ "ਸ੍ਰੀ ਗੁਰੂ ਨਾਨਕ ਚਮਤਕਾਰ" ਤੇ "ਪੰਜਾਬ" ਪੁਸਤਕ ਸਿੰਘ ਸਭੀਆਂ ਦੇ ਹੀ ਲਿਖੇ ਹਨ ਤੇ ਸਾਰੇ ਹਿੰਦੁਸਤਾਨ ਤੇ ਬਾਹਰਲੇ ਦੇਸ਼ਾਂ ਵਿਚ ਹੁਣ ੨੦੨੬ ਬਿਕਰਮ ਤੇ ੧੯੬੯ ਈ: ਵਿਚ ਆਇਆ ਗੁਰੂ ਨਾਨਕ ਜੀ ਦਾ ਪੰਜ ਸੌ ਸਾਲਾ ਗੁਰਪੁਰਬ ਪ੍ਰਕਾਸ਼ ਦਿਨ, ਕੱਤਕ ਦੀ ਪੂਰਨਮਾਸ਼ੀ ਤੇ ਹੀ ਸਭ ਸਿਖ ਮਤ ਗੁਰ ਨਾਮ ਲੇਵਿਆਂ ਤੇ ਭਾਰਤ ਸਰਕਾਰ, ਪਾਕਿਸਤਾਨ ਤੇ ਹੋਰ ਬਾਹਰਲੇ ਦੇਸਾਂ ਨੇ ਵੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਲੈ ਮਨਾਇਆ ਹੈ ਤੇ ਰੇਡੀਓ ਜਲੰਧਰ ਤੋਂ ਭੀ ਰੋਜ਼ ਰਾਤ ਸਮੇਂ ਗੁਰਬਾਣੀ ਵਿਚਾਰ ਵਿਚ ਬਾਲੇ ਵਾਲੀ ਜਨਮ ਸਾਖੀ ਤੋਂ ਹੀ ਸਿਖ ਵਿਦਵਾਨ ਗੁਰ ਸਾਖੀਆਂਸੁਨਾਂਦੇ ਹਨ ਤੇ ਅਨੇਕ ਅਖਬਾਰਾਂ ਤੇ ਰਸਾਲਿਆਂ ਨੇ ਬਾਲਾ ਜੀ ਦੀਆਂ ਫੋਟੋ ਗੁਰੂ ਨਾਨਕ ਜੀ ਸਾਥ ਛਾਪੀਆਂ ਹਨ ।

ਪਰ ਵੇਖੋ ਅੰਗਰੇਜ਼ੀ ਮਤ ਵਾਲੇ ਸਿਖਾਂ ਦੀ ਹਠ ਧਰਮੀ ਕੇ ਉਹ ਅਜੇ ਵੀ "ਪ੍ਰਤੱਖ ਨੂੰ ਪ੍ਰਮਾਣ ਕੀ" ਦੀ ਵਿਚਾਰ ਨੂੰ ਭੁਲਕੇ ਵਿਸਾਖ ਸੁਦੀ ਤ੍ਰਿਤੀਆਂ ਹੀ ਗੁਰੂ ਜੀ ਦਾ ਪ੍ਰਕਾਸ਼ ਲਿਖੀ ਜਾ ਰਹੇ ਹਨ ਉਹ ਹਠ ਧਰਮੀ ਵਿਚ ਗੁਸੇ ਵਲੈਤੋਂ ਹੋ ਆਈ ਸੁਗਾਤ ਨੂੰ ਰੱਬੀ ਦਾਤ ਮੰਨੀ ਜਾਂਦੇ ਹਨ ਤੇ ਗੁਸੇ ਵਿਚ ਇਹ ਭੀ ਨਹੀਂ ਸੋਚਦੇ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਤੋਂ ਪਹਿਲੋਂ ਦੀਆਂ ਲਿਖੀਆਂ ਭਾਈ ਬਾਲੇ ਵਾਲੀਆਂ ਜਨਮ ਸਾਖੀਆਂ ਵਿਚ ਜੋ ਦਸਮ ਜੀ ਤੇ ਬਾਹਰਵੇਂ ਗੁਰੂ ਜੀ ਬਾਬਤ ਬਚਨ ਆਉਂਦੇ ਹਨ ਉਹ ਨਾਮਧਾਰੀਆਂ ਦੇ ਲਿਖੇ ਨਹੀਂ । ਗੁਰੂ ਨਾਨਕ ਜੀ ਦੇ ਹੀ ਹਨ । ਨਾਮਧਾਰੀ ਧਰਮ ਦੀ ਮਰਯਾਦਾ ਤੁਸੀਂ ਬੇਸ਼ਕ ਨਾ ਮੰਨੋ ਪਰ ਗੁਰੂ ਨਾਨਕ ਜੀ ਦੀ ਜਨਮ ਸਾਖੀ ਦਾ ਇਕ ਹਿੱਸਾ ਤੇ ਨਾ ਖਤਮ ਕਰ ਛਾਪੋ (ਜਿਸ ਵਿਚ ਦਸਮ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਆਉਂਦੇ ਹਨ) ।



Sri Satguru Jagjit Singh Ji eLibrary NamdhariElibrary@gmail.com

ਪਰ ਇਨ੍ਹਾਂ ਦੀ ਤਾਂ ਉਹ ਗਲ ਹੈ ਕਿ

ਦੋ: ਢੱਠਾ ਵਿਚ ਮੈਦਾਨ ਦੇ, ਡਿਠਾ ਕੁਲ ਜਹਾਨ।
ਫਿਰ ਭੀ ਢੀਠ ਨਾ ਮੰਨਦਾ, ਸਮਝ ਆਪਣੀ ਹਾਨ।
ਅੱਖ ਨਾ ਝੁਕਦੀ ਆਖਦਾ, ਵੇਖੋ ਲੋਕ ਰਿਵਾਜ।
ਸੱਚੀ ਗੱਲ ਦਾ ਸਮਾਂ ਨਹੀਂ, ਬਹੁ ਸੰਮਤੀ ਦਾ ਰਾਜ। ਤ:

ਮੇਰਾ ਤਾਂ ਵਿਚਾਰ ਹੈ ਕਿ ਜੋ ਜੋ ਗਲਤ ਪ੍ਰਸੰਗ ਗੁਰਬਾਣੀ ਦੇ ਆਸ਼ੇ ਤੋਂ ਉਲਟ ਹਨ ਸੋ ਕੱਢੇ ਜਾਣ ਤੇ ਸ਼ੁਧ ਸਾਖੀ ਜੋ ਭਾਈ ਬਾਲੇ ਨੇ ਗੁਰੂ ਅੰਗਦ ਜੀ ਨੂੰ ਸੁਣਾਈ ਤੇ ਗੁਰੂ ਜੀ ਲਿਖਾਈ ਸੀ ਸੋ ਛਾਪੋ ਪਰ ਐਸਾ ਕੋਈ ਸਿਖ ਪੰਥ ਗੁਰੂ ਨਾਨਕ ਨਾਮ ਲੇਵਾ ਨਹੀਂ ਕਰ ਰਿਹਾ। ਖਾਸ ਕਰਕੇ ਇਹ ਕੰਮ ਨਾਮਧਾਰੀਆਂ ਦੇ ਕਰਨ ਯੋਗ ਯੋਗ ਹੈ ਜਿਨ੍ਹਾਂ ਦੇ ਇਤਿਹਾਸ ਤੇ ਗੁਰ ਪ੍ਰਣਾਲੀ ਦੇ ਜੋੜ ਦੀ ਅਜੋੜੋਂ ਵਿਰੋਧੀ ਨੁਕਸਾਨ ਕਰ ਰਹੇ ਹਨ।

ਨਾਮਧਾਰੀਆਂ ਤੇ ਅਫਸੋਸ ਆਉਂਦਾ ਹੈ ਕਿ ਜਦ ਹੁਣ ਕੋਈ ਕਰੜਾਈ ਤੇ ਰੋਕ ਤੁਸਾਂ ਤੇ ਨਹੀਂ ਤਦ ਭੀ ਤੁਸੀਂ ਆਪਣੇ ਇਸ਼ਟ ਦੇ ਨਾਮ ਨੂੰ ਤੇ ਇਤਿਹਾਸ ਨੂੰ ਉਜਾਗਰ ਕਰਨ ਵਾਲਾ ਉਦਮ ਨਹੀਂ ਕਰਦੇ। ਮੈਂ ਇਸੇ ਆਸ਼ੇ ਨੂੰ ਮੁਖ ਰਖਕੇ ਇਹ (ਦਸਮ ਗੁਰ ਦਰਸ਼ਨ) ਲਿਖਿਆ ਹੈ। ਤੇ ਦਸਮ ਜੀ ਦਾ ਗੁਪਤਾ ਸਮਾਂ ਤੇ ਰਹਿੰਦਾ ਇਤਿਹਾਸ ਉਜਾਗਰ ਕਰਨ ਦਾ ਉਦਮ ਕੀਤਾ ਹੈ ਤੇ ਸਰਦਾਰ ਕਾਨ੍ਹ ਸਿੰਘ ਜੀ ਦੇ "ਇਤਿਹਾਸ ਦੇ ਅਣਲਿਖੇ ਪੱਤਰੇ" ਵਾਲੇ ਲੇਖ ਤੇ ਉਦਮ ਦੀ ਤਰ੍ਹਾਂ ਖੋਜੀਆਂ ਤੇ ਲੇਖਕਾਂ ਨੂੰ ਕੁਝ ਮਸਾਲਾ ਤੇ ਆਲ੍ਹਾ ਇਤਿਹਾਸ ਸਤਿਗੁਰੂ ਰਾਮ ਸਿੰਘ ਜੀ ਤੱਕ ਦੇਣ ਦਾ ਹੋ ਸਕਿਆ ਯਤਨ ਕੀਤਾ ਹੈ। ਗੁਰੂ ਨਾਨਕ ਜੀ ਤੋਂ ਸ਼ੁਰੂ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ ਤਕ ਦੇ ਪੁਸਤਕਾਂ ਚੋਂ ਚੁਣਕੇ



Sri Satguru Jagjit Singh Ji eLibrary NamdhariElibrary@gmail.com

ਸਮਗਰੀ ਭੇਟਾ ਕੀਤੀ ਗਈ ਹੈ (ਦਸਮ ਗੁਰ ਦਰਸ਼ਨ) ਦੇ ਸਹਾਰਾ ਪੁਸਤਕਾਂ ਦੀ ਸੂਚੀ ਮੈਂ ਅੰਤ ਤੇ ਦਿਤੀ ਹੈ ਤੇ ਸ਼ੁਧੀ ਪੱਤਰ ਵੀ ਅੰਤ ਤੇ ਦਿਤਾ ਹੈ।

ਤਰਨ ਸਿੰਘ "ਵਹਿਮੀ"
ਸ੍ਰੀ ਰਾਮ ਪੁਰ, ਡਾ: ਅੰਮ੍ਰਿਤਸਰ ਵੱਡਾ
ਤਹਿਸੀਲ ਸਿਰਸਾ
ਜ਼ਿਲਾ ਹਿਸਾਰ (ਹਰਿਆਣਾ)

ਪੁਸਤਕ ਪੜ੍ਹਨ ਤੋਂ ਪਹਿਲਾਂ ਸ਼ੁਧੀ ਪੱਤਰ ਪੜ੍ਹਕੇ ਗਲਤੀਆਂ ਸ਼ੁਧ ਪੜ੍ਹੋ।

# ਸ਼ੁਧੀ ਪੱਤਰ

| ਪੰਨਾਂ | ਸਤਰ | ਅਸ਼ੁੱਧ | ਸ਼ੁੱਧ |
|---|---|---|---|
| ੲ | ੩ | ਜਮਝਾਇਆ | ਸਮਝਾਇਆ |
| ਖ | ੭ | ਅੰਤਕਾ | ਆਦਿਕਾ |
| ,, | ੧੨ | ਰਗਮੁਖ | ਗੁਰਮੁਖ |
| ਘ | ੩ | ਅੱਗ | ਅਗੇ |
| ਚ | ੨੧ | ਦਿਖਦੇ | ਲਿਖਦੇ |
| ਝ | ੧ | ਬ੍ਰਿਗ | ਦ੍ਰਿਗ |
| ਢ | ੧੬ | ਦਿਤੀ | ਤ੍ਰਿਤੀ |
| ,, | ੨੩ | ਸਵੇਕ | ਸੇਵਕ |



Sri Satguru Jagjit Singh Ji eLibrary NamdhariElibrary@gmail.com

| ਪੰਨਾਂ | ਸਤਰ | ਅਸ਼ੁੱਧ | ਸ਼ੁੱਧ |
|---|---|---|---|
| ੮ | ੧੪ | ਹੈ | ਹੈਂ |
| ੧੨ | ੧੩ | ਖਾਨ | ਖਾਨੇ |
| ੧੪ | ੨੦ | ਊਊ | ਓਊ |
| ੨੫ | ੧੭ | ਵਸਾਨ | ਸੁਆਨ |
| ੩੪ | ੨ | ਅਅਸਦੁਲੇ | ਅਸਦੁਲੇ |
| ੩੪ | ੧੪ | ਗਰੀਬ | ਗ੍ਰੀਵ |
| ੪੩ | ੨੩ | ਤਾਬ | ਬਾਪ |
| ੪੫ | ੨ | ਲਿਖਾ | ਲਿਖਾਂ |
| ੪੫ | ੧੫ | ਵਖਤ | ਬਖਤ |
| ੪੭ | ੧੨ | ਦਰਸਾਂ | ਦਰਸ |
| ੫੦ | ੪ | ਠਹਲ | ਠੇਹਲ |
| ੫੦ | ੧੦ | ਰੁਝ | ਰੁਝੇ |
| ੫੫ | ੯ | ਦਹੋ | ਦੇਹੋ |
| ੫੭ | ੨੪ | ਨ | ਪੁਨ |
| ੬੨ | ੧੩ | ਵਿਚੋਂ | ਵਿਚ |
| ੬੪ | ੨੨ | ਵਿਚ | ਵਿਚੋਂ |
| ੬੭ | ੧੩ | ਬਦ | ਬੰਦੇ |
| ੬੯ | ੨ | ਨੂੰ ਆਇਆ ਸੀ | ਨੂੰ ਬਾਬਰ ਆਇਆ ਸੀ |
| ੬੯ | ੯ | ਫੋਰ | ਫੇਰ |
| ,, | ੧੭ | ਕੋਈ | ਕਈ |
| ੭੧ | ੩ | ਕਛਾ | ਕਛਾਂ |
| ੭੩ | ੨ | ਧੜ | ਧੜੇ |
| ੭੭ | ੧੪ | ਜਰੇ | ਜੁਰੇ |
| ,, | ੧੮ | ਤਸਵ | ਉਤਸਵ |
| ,, | ੧੭ | ਹਲੂ ਵਾਲ | ਆਹਲੂਵਾਲ |
| ੭੯ | ੧੮ | ਕਹਿੰਦੇ | ਰਹਿੰਦੇ |

Sri Satguru Jagjit Singh Ji eLibrary NamdhariElibrary@gmail.com

| ਪੰਨਾਂ | ਸਤਰ | ਅਸ਼ੁੱਧ | ਸ਼ੁੱਧ |
|---|---|---|---|
| ੮੦ | ੬ | ਤੁਰਦੇ | ਤੁਰਤੇ |
| ੮੭ | ੧੩ | ਝਕਣਾ | ਭਜਣਾ |
| ੮੮ | ੧੫ | ਛੇਟੇ | ਛੋਟੇ |
| ੧੦੧ | ੧੯ | ਸਿੰਵਾਣੇ ਜ਼ਾਣ | ਸਿੰਵਾਣੇ ਨਾ ਜਾਣ |
| ੧੦੩ | ,, | ਏਤਲੀ | ਏਤਨੀ |
| ੧੦੪ | ੧ | ਖੜਦੇ | ਪੜਦੇ |
| ,, | ੨੧ | ਏਸ | ਦੇਸ |
| ,, | ੨੪ | ਸੋਝ | ਸੋਝੀ |
| ੧੨੦ | ੧੦ | ਪੂਰੇ | ਮੂਰੇ |
| ੧੨੦ | ੧੦ | ਖੋਜ ਕਰ ਰੋਜ | ਰੋਜ ਕਰ ਖੋਜ |
| ੧੪੧ | ੧੬ | ਅਕਿੰਨ | ਅਨਿੰਨ |
| ੧੪੨ | ੧੦ | ਜਦੋਂ ਬਾਬਾ | ਜਦੋਂ ਦੇ ਬਾਬਾ |
| ੧੪੩ | ੧੭ | ਸਿਆਮ | ਸ਼ਾਮ |
| ੧੫੩ | ੧੮ | ਕਰੋ | ਕਹੋ |
| ੧੫੯ | ੨੩ | ੧੯੧੩ | ੧੮੧੩ |
| ੧੬੫ | ,, | ਲਿਖੇ | ਲਿਖੀ |
| ੧੬੭ | ,, | ਹੀ ਲਿਖਤ | ਦੀ ਲਿਖਤ |
| ੧੬੮ | ,, | ਸੀ | ਥੀ |
| ੧੭੩ | ੨੧ | ਸੁਖਾ ਸਿੰਘ | ਸੰਤੋਖ ਸਿੰਘ |
| ੧੭੬ | ੩ | ਰਾਬਰ | ਰਾਵਰ |
| ,, | ੧੭ | ਲਿਖਤ | ਲਿਪਤ |
| ੧੮੪ | ੭ | ਬਾਬਤ | ਸਾਬਤ |
| ੧੯੭ | ੬ | ਨੇ | ਦੇ |
| ੨੦੯ | ੨੨ | ੧੯੬੬ | ੧੮੬੬ |
| ੨੧੫ | ੨੩ | ਪੀਏ | ਕੀਏ |
| ,, | ੨੪ | ਅਜ ਚੇਤੇ | ਅਬ ਜੇਤੇ |

Sri Satguru Jagjit Singh Ji eLibrary NamdhariElibrary@gmail.com

| ਕੀ | | ਕਿਥੇ |
|---|---|---|


| | | |
|---|---|---|
| ਮੁਖ ਬੰਧ | ... | ੳ |
| ਸੁਪਨਾ | ... | ਅ |
| ਆਦਿਕਾ | ... | ਸ |
| ਦਸਮ ਗੁਰ ਦਰਸ਼ਨ | ... | ੧ |
| ਸਿਖਾਂ ਦੇ ਮਨ ਦੀ ਦਸ਼ਾ | ... | ੧੮ |
| ਨਦੇੜ ਕੌਤਕੋਂ ਬਾਦ | ... | ੩੮ |
| ਪੰਚ ਪਰਵਾਨ ਪੰਚ ਪਰਧਾਨ | ... | ੬੦ |
| ਇਤਿਹਾਸ ਦੇ ਅਣਲਿਖੇ ਪੱਤਰੇ | ... | ੯੬ |
| ਵਜ਼ੀਰ ਖਾਂ ਦਾ ਮਾਰਨਾ | ... | ੧੭੧ |
| ਹੋਰ ਪ੍ਰਮਾਣ | ... | ੧੭੭ |
| ਬਹਾਦਰ ਸ਼ਾਹ ਨਾਲ ਅਜੋੜ | ... | ੧੮੧ |
| ਅਲੋਪ ਕਿਉਂ ਹੋਏ | ... | ੧੯੮ |
| ਕੌਤਕ ਸਾਂਗ ਨੇ ਕੀ ਸਵਾਰਿਆ | ... | ੨੦੪ |
| ਅੰਤਿਕਾ ਨੰ: ੧ | ... | ੨੧੭ |
| ਅੰਤਿਕਾ ਨੰ: ੨ | ... | ੧੧੯ |
| ਸਹਾਇਕ ਪੁਸਤਕਾਂ | ... | ੨੨੬ |


Sri Satguru Jagjit Singh Ji eLibrary NamdhariElibrary@gmail.com

# ਜ਼ਰੂਰੀ ਨੋਟ ঃ—

੧) ਪੰਨਾ (ਅ) ਤੇ ਕਨਿੰਘਮ ਦਾ "ਸਿਖ ਇਤਿਹਾਸ" ਸਫਾ ੮੦ ਉਲਥਾਕਾਰ ਗੁਰਮੁਖ ਸਿੰਘ 'ਗੁਰਮੁਖ' ਦੇਣਾ ਰਹਿ ਗਿਆ ਹੈ ।

੨) ਦੋ ਪੰਨੇ ਤੇ ਲਿਖੇ ਸੋਲਾਂ ਦਰਸ਼ਨ, ਪਹਿਲੋਂ ਏਨੇ ਹੀ ਪ੍ਰਾਪਤ ਹੋਏ ਸਨ । ਫੇਰ ਜਾਦਾ ਪ੍ਰਾਪਤ ਹੋਏ ਇਸ ਕਰਕੇ ਗਿਣਤੀ ਨਹੀਂ ਦਿੱਤੀ । ਕਿਉਂ ਕਿ ਰਣਧੀਰ ਸਿੰਘ ਜੀ ਦੇ ਲਿਖੇ ੧੯੬੮ ਬਿ: ਤਕ ਅਨੇਕ ਪ੍ਰਤੱਖ ਦਰਸ਼ਨ ਸਾਬਤ ਹੋਏ । ੧੭੦ ਪੰਨੇ ਤੇ ਹਨ ।

੩) ਪੰਨਾ (੨੧੯) ਅੰਤਕਾ ਨੰ: ੨ ਹੇਠਾਂ "ਸਿੰਘ ਸਭਾ ਤੋਂ ਪਹਿਲਾਂ ਗ੍ਰੰਥ ਸਾਹਿਬ ਨੂੰ "ਗੁਰੂ" ਆਖਿਆ ਤੇ ਮੰਨਿਆ ਨਹੀਂ ਸੀ ਜਾਂਦਾ" ਸਿਰਲੇਖ ਦੇਣਾ ਰਹਿ ਗਿਆ ਹੈ ।

੪) ਪੰਨਾ (੨੨੩) ਅਲੋਪ ਹੋਣ ਵਿਚ ਰਾਜ਼ ਸੀ, ਤੋਂ ਬਾਦ ਦੇ (ਭਾਈ ਵੀਰ ਸਿੰਘ ਜੀ ਕਿਹਾ ਕਰਦੇ ਸਨ ਕਿ) ਅੱਖਰ ਰਹਿ ਗਏ ਹਨ ।

੫. ਪੰਨਾ (੨੨੮) ਪੁਸਤਕ ਸੂਚੀ ਵਿਚ (ਸਤਿਯੁਗ ਦਾ ਪੰਜ ਸੌ ਸਾਲਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਕ) ਨਾਂ ਦੇਣਾ ਰਹਿ ਗਿਆ ਹੈ ਅਤੇ ਏਸੇ ਸਫੇ ਤੇ ਹੀ ੪੫ ਨੰ: ਤੇ ੫੫ ਨੰ: ਪੁਸਤਕ ਸੂਚੀ ਵਿਚ ਨਾਂ ਵਾਧੂ ਛਪ ਗਏ ਹਨ । ਇਸੇ ਪੰਨੇ ਤੇ (ਕਬਿਤ ਸਵੈਯੇ ਭਾਈ ਗੁਰਦਾਸ ਜੀ ਸਕੰਧ ੧) ਨਾਂ ਦੇਣਾ ਰਹਿ ਗਿਆ ਹੈ ।

Sri Satguru Jagjit Singh Ji eLibrary NamdhariElibrary@gmail.com

# ਗ੍ਰੰਥ ਮਿਲਣ ਦੇ ਪਤੇ

ਸ੍ਰੀ ਰਾਮਪੁਰ

ਸ੍ਰੀ ਜੀਵਨ ਨਗਰ

ਹਰ ਨਾਮਧਾਰੀ ਹੋਲਾ ਮਹੱਲਾ ਤੇ ਮੇਲਾ

ਲਵਦੀਪ ਪ੍ਰਿੰਟਰਜ਼ ਹੁਸ਼ਿਆਰਪੁਰ

Sri Satguru Jagjit Singh Ji eLibrary NamdhariElibrary@gmail.com

## 'ਵਹਿਮੀ' ਦੀ ਲਗਨ

੧. ਨਦੇੜ ਕੌਤਕੋਂ ਬਾਦ ਜੀਵਨ ਗੁਰੂ ਗੋਬਿੰਦ ਸਿੰਘ ਜੀ

੨. ਨਦੇੜੋਂ ਬਾਦ (ਦਸਮ ਗੁਰ ਦਰਸ਼ਨ)

੩. ਇਤਿਹਾਸਕ ਕਾਵਿ ਸੰਗ੍ਰਿਹ

੪. ਸਚਹੁ ਓਰੈ ਸਭੁ ਕੋ

੫. ਪੰਜ ਨਿਰਣੇ

੬. ਗੁਰ ਪ੍ਰਕਾਸ਼

੭. ਇੱਛਾ ਪੂਰਕ

੮. ਸੋਰਠ ਬੀਜਾ

੯. ਸਾਫ/ਪਾਣੀ

ਪ੍ਰੈਸ ਵਿਚ

★ ਸੁਹੇਵਾ ਸਾਹਿਬ

★ ਪ੍ਰੇਮ ਅੱਖਰ

Sri Satguru Jagjit Singh Ji eLibrary NamdhariElibrary@gmail.com

ੴ

॥ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## (ਨਦੇੜੋਂ ਬਾਦ)

# "ਦਸਮ ਗੁਰ ਦਰਸਨ"

"ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥
ਜਾ ਤਿਸ ਭਾਣਾਂ ਗੁਣ ਪਰਗਟ ਹੋਏ ਸਤਿਗੁਰ ਆਪ ਸਵਾਰੇ ॥"

ਆਸਾ ਮ: ੩।੪੪੧। ਪੰਨਾਂ

"ਪੰਚ ਪਰਵਾਨ ਪੰਚ ਪਰਧਾਨੁ" (ਜਪੁ) ਮ: ੧

"ਅਬਿਚਲ੧ ਨੀਂਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ।"

ਗੂਜਰੀ ਮ: ੫ । ੫੦੦ ਪੰਨਾਂ

"ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ ॥"

ਸਾਰਗ ਮ: ੫ । ੧੨੨੬ ਪੰਨਾਂ

"ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ॥
ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਹੀ ।"

ਸਲੋਕ ਮ: ੧

ਤਰਨ ਸਿੰਘ ਤੇ ਕਰ ਗੁਰ ਕਿਰਪਾ ਸਾਚੀ ਸੇਵ ਕਰਾਈ ॥

ਸ੍ਰੀ ਰਾਮਪੁਰ ੯ ਸਾਵਣ ਵੀਰਵਾਰ ੨੦-੨੬ ਬਿ:

(੧) ਜੋ ਵਿਚਲਤ ਚਲਾਏ ਮਾਨ ਨ ਹੋਵੈ ਮਹਾਨ ਕੋਸ਼ ਕਾਂਨ੍ਹ ਸਿੰਘ ਜੀ ਨਾਭਾ ।



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

ਦਰਸਨ ਦਿਤੇ ਸਾਖਿਆਤ ਨੌ ਸਾਤ ਵਾਰ,
ਯਾਦ ਰਹੇ ਸ੍ਰੀ ਦਸਮੇਸ਼ ਜੀ ਨਦੇੜੋਂ ਬਾਦ।
ਹੋਵੇ ਸੋ ਮੁਨਾਦੀ ਉਹਨਾਂ ਜੀਵਨ ਦੀ ਬਾਦ ਹੁਣ,
ਮਿਲੀ ਹੈ ਅਜ਼ਾਦੀ ਜਿਵੇਂ ਚਿਰ ਦੀ ਦੁਫੇੜੋਂ ਬਾਦ।
ਕੁਝ ਇਤਿਹਾਸਕਾਰਾਂ ਸ਼ਾਰ ਅੰਸ ਲਿਖਿਆ ਸੀ,
ਕੁਝ ਮਾਨਵਰਾਂ[2] ਹੂੰਦੇ ਉਦਮ ਉਦੇੜੋਂ ਬਾਦ।
ਮੈਨੂੰ ਸੇਵਾ ਮਿਲੀ ਹੈ ਇਹ ਕਰਾਂ ਪਰਸਿਧ ਪੂਰਾ,
ਊਰਾ ਨਰ ਨਾਟਕ[3] ਜੋ ਦੁਬਿਧਾ ਬਖੇੜੋਂ ਬਾਦ।

"ਨਾਨਕ ਅੰਗਦ ਕੋ ਵਪਿ ਧਰਾ, ਪੰਥ ਪ੍ਰਚੁਰ ਇਹ ਜਗ ਮੇਂ ਕਰਾ।"

ਦਸਮ ਗ੍ਰੰਥ ਤੇ "ਅਬਿਚਲ ਨੀਵ ਧਰੀ ਗੁਰ ਨਾਨਕ" ਵਾਕ ਆਦ ਗ੍ਰੰਥ ਦੇ ਨੂੰ ਪੂਰਾ ਕਰਕੇ ਹੀ "ਪੂਰੇ ਕਾ ਕੀਆ ਸਭ ਕਿਛੁ ਪੂਰਾ" ਗੁਰ ਵਾਕ ਪੂਰਾ ਕਰਕੇ ਹੀ ਦਸਮ ਜੀ ਪੂਰੇ ਸਤਿਗੁਰੂ ਹੋ ਸਕਦੇ ਹਨ, ਤੇ ਜੋ ਗੁਰਮੁਖਿ ਐਸਾ ਜਾਣੈ ਸੋ ਹੀ ਪੂਰੇ ਸਤਿਗੁਰ ਜੀ ਵਿਚ ਸਮਾ ਸਕਦਾ ਹੈ ਅਥਵਾ ਸਿਖ ਹੋ ਸਕਦਾ ਹੈ।

ਉਪਰ ਲਿਖੇ ਗੁਰ ਵਾਕਾਂ ਦੇ ਸਾਰ ਦਾ ਚਾਨਣਾ ਦੇਣ ਲਈ ਇਸ (ਦਸਮ ਗੁਰ ਦਰਸਨ) ਪੁਸਤਕ ਵਿਚ ਜਤਨ ਕੀਤਾ ਗਿਆ ਹੈ। ਤੇ "ਪੰਚ ਪਰਵਾਨ ਪੰਚ ਪਰਧਾਨੁ" ਇਤਿਹਾਸਕਾਰਾਂ ਦੀਆਂ

(੨) ਸਤਿਗੁਰੂ ਪਰਤਾਪ ਸਿੰਘ ਜੀ ਤੇ ਸੰਤ ਇੰਦਰ ਸਿੰਘ ਜੀ (ਚਕਰਵਰਤੀ) ਸੰਤ ਨਿਧਾਨ ਸਿੰਘ ਜੀ (ਆਲਿਮ) ਭਾਈ ਕਾਨ੍ਹ ਸਿੰਘ ਜੀ (ਨਾਭਾ) ਮਾਸਟਰ ਬੀਰ ਸਿੰਘ ਜ ਫੀਰੋਜ਼ਪੁਰ ਰਸਾਲਾ ਪੰਜਾਬੀ ਭੈਣ। ਸ੍ਰ: ਹੀਰਾ ਸਿੰਘ ਜੀ (ਦਰਦ) ਫਲਵਾੜੀ ਇਤਿਹਾਸ ਦੇ ਅਣਲਿਖੇ ਪਤ੍ਰੇ ਸਿਰਲੇਖ ਤਲੇ।

(੩) ਸ੍ਰੀ ਦਸਮੇਸ਼ ਜੀ ਦਾ।



Sri Satguru Jagjit Singh Ji eLibrary NamdhariElibrary@gmail.com

ਲਿਖਤਾਂ ਤੋਂ ਹੀ ਸੱਚਾ ਸੁਚਾ ਜੀਵਨ ਲਿਖਿਆ ਗਿਆ ਹੈ।

ਸੋ ਪੰਜ ਪਰਧਾਨ ਇਤਿਹਾਸਕਾਰ ਇਹ ਹਨ। ਸਭ ਤੋਂ ਪਹਿਲੇ ਸੈਨਾ ਸਿੰਘ ਜੀ ਤੇ ਦੂਜੇ ਸੁਖਾ ਸਿੰਘ ਜੀ ਤੀਜੇ ਸੰਤੋਖ ਸਿੰਘ ਜੀ ਚੌਥੇ ਗਿਆਨ ਸਿੰਘ ਜੀ ਪੰਜਵੇਂ ਸੁਮੇਰ ਸਿੰਘ ਜੀ। ਭਾਵੇਂ ਵਿਚਾਲੇ ਹੋਰ ਗੁਰ ਸਿੱਖਾਂ ਭੀ ਗੁਰ ਇਤਿਹਾਸ ਲਿਖਿਆ ਹੈ।

ਮਹੰਤ ਸੁਮੇਰ ਸਿੰਘ ਜੀ (ਪਟਨਾ) "ਪੋਥੀ ਗੁਰ ਬਿਲਾਸ" ਪਾਤਸ਼ਾਹੀ ਦਸਵੀਂ ਦੇ ਅੰਤਲੇ ਪਾਸੇ ਆਪ ਤੋਂ ਪਹਿਲੇ ਪਰਸਿਧ ਇਤਿਹਾਸਕਾਰਾਂ ਬਾਬਤ ਲਿਖਦੇ ਹਨ। ਚੌਪਈ "ਸੈਨਾ ਸਿੰਘ[੧] ਕਹੀ ਗੁਰ ਸੋਭਾ" ਸਤ੍ਰਾਸਤ ਅਠਸਠ ਨਿਜ ਓਭਾ। ਭਾਈ ਸੁਖਾ ਸਿੰਘ[੨] ਬਨਾਯੋਂ। ਗੁਰ ਬਿਲਾਸ ਅਤਿ ਪ੍ਰੇਮ ਬਢਾਯੋ। ਅਠਾਰਾਂ ਸਤ ਚੌਵਨ ਪਿਖਾ। ਗੁਰ ਬਿਲਾਸ਼ ਬਰਨਿਯੋ ਲਿਖਾ। ਦੋ:। ਓਨਿਸ ਸਤ ਪੂਰਨ ਭਏ ਸ੍ਰੀ ਸੰਤੋਖ[੩] ਮ੍ਰਗੇਸ਼। ਸ੍ਰੀ ਸੂਰਜ ਪ੍ਰਕਾਸ਼ ਕੀਆ ਅਤਿਭੁਤ ਗ੍ਰੰਥ

---

(੧) ਸੈਨਾ ਸਿੰਘ ਦਾ ਨਗਰ ਵਜ਼ੀਰਾਬਾਦ ਸੀ ਤੇ ਮਾਨ ਜਟ ਸੀ। ਪਹਿਲਾ ਨਾਮ ਚੰਦ੍ਰ ਸੈਨ ਸੀ। ਕਵਿਤਾ ਸਮੇਂ ਸੈਨਾ ਪਤਿ ਤੇ ਸਿੰਘ ਸਜਨ ਬਾਦ ਸੈਨਾ ਸਿੰਘ ਹੋਇਆ ਸੀ। ਇਸ ਨੇ "ਗਰ ਸੋਭਾ ਪੁਸਤਕ ੧੭੬੮ ਵਿਚ ਸੰਪੂਰਨ ਕੀਤੀ ਸੀ। (੨) ਸੁੱਖਾ ਸਿੰਘ ਜੀ ਕੇਸਗੜ੍ਹ ਸਾਹਿਬ ਗੁਰਦੁਆਰੇ ਦੇ ਗਿਆਨੀ। ਆਪ ਨੇ ੧੮੫੪ ਵਿਚ ਗੁਰ ਬਿਲਾਸ ਸੰਪੂਰਨ ਕੀਤਾ। (੩) ਸੰਤੋਖ ਸਿੰਘ ਜੀ, ਮਹਾਨਕੋਸ਼ ਵਿਚ ਨਾਭਾ ਜੀ ਬੂੜੀਏ ਪਿੰਡ ਰਹਿੰਦੇ ਜ਼ਿਲੇ ਅੰਬਾਲੇ ਦੇ ਦੇਵਾ ਸਿੰਘ ਦੇ ਪੁਤ੍ਰ। ੧੯੦੦ ਨੂੰ ਸੂਰਜ ਪ੍ਰਕਾਸ਼ ਸੰਪੂਰਨ ਕੀਤਾ ਲਿਖਿਆ ਹੈ ਤੇ ਭਾਈ ਵੀਰ ਸਿੰਘ ਜੀ ਨੇ ਕਵੀ ਜੀ ਦੇ ਜੀਵਨ ਵਿਚ ਨੂਰਦੀ ਸਰਾਂ ਤਰਨ ਤਾਰਨ ਨੇੜੇ ਦਾ ਤੇ ਦੇਵਾ ਸਿੰਘ ਤੇ ਰਜਾਦੀ ਦਾ ਪੁਤ੍ਰ ਲਿਖਿਆ ਹੈ ਤੇ ਕੈਥਲ ਭਾਈ ਉਦਯ ਸਿੰਘ ਦੇ ਕੋਲ ਸੰਪੂਰਨ ਹੋਇਆ। ਉਸ ਰਾਜੇ ਦੀ ਮਦਦ ਨਾਲ ਲਿਖਿਆ ਹੈ।

(ਸਫਾ ੩ ਦੀ ਬਾਕੀ ਸਫਾ ੪ ਤੇ ਦੇਖੋ)



Sri Satguru Jagjit Singh Ji eLibrary NamdhariElibrary@gmail.com

ਬਸੇਸ਼। ਚੌ: ਭਾਈ ਗਿਆਨ ਸਿੰਘ[੪] ਸੁਖਦਾਨਾਂ। ਸ੍ਰੀ ਗੁਰ ਜਸ ਕੀਆ ਕੰਠ ਮਹਾਨਾਂ। ਬਾਰ ਬਾਰ ਤਿਨਤੇ ਸੁਨ ਸਾਖੀ। ਸੋ ਸੁਭ ਯਾ ਗ੍ਰੰਥ ਮੈ ਰਾਖੀ। ਸਤ ਸਿੰਧਾਂਤ ਅਨੇਕ ਪ੍ਰਕਾਰਾ। ਪੂਛਤ ਪਰਮ ਸਨੇਹ ਪਸਾਰਾ। ਸੰਮਤ ਉਨਿਸ ਸਤ ਅਠਤੀਸ। ਮਾਸ ਭਾਦ੍ਰੋ, ਮਦ ਬੁਧ ਦਿਨ ਦੀਸ। ਦੋ: ਸਾਹਨ ਸਾਹ ਬਕਟੋਰੀਆ ਰਾਜ ਭਿਹ ਤੇਜ ਦਿਨੇਸ। ਬਡੇ ਬਡੇ ਅਵਨੀ ਪਤੀ ਮਾਨਤ ਆਨ ਹਮੇਸ। ਅਰਥਾਤ। ਇਸ ਵਕਤ ਮਲਕਾ ਵਕਟੋਰੀਆ ਦਾ ਰਾਜ ਹੈ ਜਦ ਮੈਂ ਸੰਮਤ ੧੯੩੯ ਵਿਚ ਪੋਥੀ ਲਿਖੀ ਹੈ।

ਸੁਮੇਰ ਸਿੰਘ ਜੀ ਜ਼ਿਲਾ ਆਜਮ ਗੜ੍ਹ ਪਿੰਡ ਨਜ਼ਾਮਾਬਾਦ। ਮਹੰਤ ਪਟਨਾ ਸਾਹਿਬ ਦੇ ਗੁਰਦੁਆਰੇ ਦਿਆਂ ਨੇ ੧੯੩੯ ਬਿ: ਭਾਦੋਂ ਵਿਚ ਪੋਥੀ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਸੰਪੂਰਨ ਕੀਤੀ। ਮਹੰਤ ਜੀ ਗਿਆਨ ਸਿੰਘ ਜੀ ਦੇ ਮੇਲੀ ਤੇ ਸਿੰਘ ਸਭਾ ਦੇ ਸਾਥੀ ਭੀ ਸੀ। ਆਪ ਤਾਂ ਹੀ ਲਿਖਦੇ ਹਨ। "ਬਾਰ ਬਾਰ ਤਿਨ ਤੇ ਸੁਨ ਸਾਖੀ ਸੋ ਸੁਭ ਯਾ ਗ੍ਰੰਥ ਮੈ ਰਾਖੀ।"

ਮਹੰਤ ਜੀ ਸਿੰਘ ਸਭੀਆਂ ਦੇ ਪ੍ਰਭਾਵ ਕਰਕੇ ਵਕਟੋਰੀਆ ਦੀ ਸਿਫਤ ਕੀਤੀ ਹੈ ਤੇ ਗਿਆਨੀ ਗਿਆਨ ਸਿੰਘ ਜੀ ਦੇ ਸੰਗਤੀ

---

(੪) ਗਿ: ਗਿਆਨ ਸਿਘ ਜੀ, ਦੁਲਟ ਜ਼ਿਮੀਂਦਾਰ ਨਿਰਮਲੇ ਸੰਤ ਲੌਂਗੋਵਾਲ ਰਿਆਸਤ ਪਟਿਆਲਾ ਦੇ ਜਿਨ੍ਹਾਂ ਨੇ ਪੰਥ ਪ੍ਰਕਾਸ਼ ੧੯੩੬ ਵਿਚ ਪਹਿਲੀ ਵਾਰ ਦਿਲੀਉਂ ਛਪਾਇਆ। ਦੂਜੀ ਵਾਰ ੪੧ ਵਿਚ ਲਾਹੌਰੋਂ ਤੇ ਤੀਜੀ ਵਾਰ ੪੬ ਵਿਚ ਅੰਮ੍ਰਿਤਸਰੋਂ ਛਪਿਆ। ਜਿਸ ਵਿਚ ਭਾਈ ਵੀਰ ਸਿੰਘ ਜੀ ਆਦ ਸਿੰਘ ਸਭੀਆਂ ਆਗਿਆ ਭਈ ਆਦ ਦੋਹਰੇ ਪਵਾਏ ਤੇ ਕਈ ਵਾਧੇ ਘਾਟੇ ਭੀ ਕੀਤੇ।



Sri Satguru Jagjit Singh Ji eLibrary NamdhariElibrary@gmail.com

ਹੋਣ ਕਾਰਨ ਦਸਮ ਜੀ ਦੀਆਂ ਨਦੇੜੋਂ ਬਾਦ ਦੀਆਂ ਸਾਖੀਆਂ ਲਿਖੀਆਂ ਹਨ।

"ਗੁਰ ਸੋਭਾ" ਪੁਸਤਕ ਵਿਚ ਕਵਿ ਸੈਨਾ ਪਤਿ ਜੀ ਲਿਖਦੇ ਹਨ।"

॥ ਭੁਜੰਗ ਪ੍ਰਯਾਤ ਛੰਦ ॥

ਕਿਤੇ ਦਿਵਸ ਬੀਤੇ ਸਮੈਂ ਅੰਤ ਆਯੋ।
ਕਰੋ ਬੇਗ ਪ੍ਰਸਾਦ ਐਸੇ ਬਤਾਯੋ।
ਕਛੂ ਭੋਜਨੰ ਖਾਇਕੈ ਨੀਰ ਪੀਨਾਂ।
ਭਰੋਸਾ ਸਭੀ ਕੋ ਭਲੀ ਭਾਂਤ ਦੀਨਾਂ।
ਗਈ ਅਰਧ ਰਾਤੰ ਘਰੀ ਚਾਰ ਅਉਰੇ।
ਭਏ ਸਬਦ ਰੂਪੀ ਕਰੀ ਬਾਤ ਅਉਰੇ।

ਦੋ: । ਟੇਰਿ ਕਰੀ ਤਾਹੀ ਸਮੇਂ ਜਾਗੇ ਸਿੰਘ ਅਪਾਰੁ।
ਵਾਹਿਗੁਰੂ ਜੀ ਕੀ ਫਤੇ ਕਹੀ ਅੰਤ ਕੀ ਬਾਰੁ।
ਸੁਨਿ ਸੰਦੇਹ ਬਿਸਮੈ ਭਏ ਅਤਿ ਭਯਾਨ ਮਨ ਹੋਇ।
ਮਨ ਕੀ ਮਨ ਹੀ ਮੈ ਰਹੀ ਪੂਛੀ ਬਾਤ ਨ ਕੋਇ।

(ਸਵੈਯਾ) ਬਿਸਮੈ ਸਭ ਹੋਇ ਰਹੇ ਮਨ ਮੈ।
ਕੁਛ ਕੀ ਕਛੁ ਹੋਇ ਗਈ ਅਬ ਹੀ।
ਮਿਲ ਕੈ ਸਬ ਸਿੰਘਨ ਤਾਹਿ ਸਮੇਂ।
ਇਹ ਭਾਂਤ ਬਿਚਾਰ ਕਿਯੋ ਤਬ ਹੀ।
ਸਸਕਾਰ ਕਰੋ ਨਿਸਹੀ ਕੈ ਸਮੇਂ।
ਨਿਕਸੈ ਨਹੀਂ ਭਾਨ ਕਹਯੋ ਜਬ ਹੀ।
ਇਮ ਕਾਰਨ ਕਾਰਜ ਕੋ ਕਰ ਹੀ।
ਮਿਲ ਜੋਤਿ ਸੋ ਜੋਤਿ ਗਈ ਤਬ[੧] ਹੀ।

---

(੧) ਸ਼ਮਸ਼ੇਰ ਸਿੰਘ ਜੀ (ਅਸ਼ੋਕ) ਸਿਖ ਹਿਸਟਰੀ ਰੀਸਰਚ ਬੋਰਡ (ਸ਼ਰੋਮਣੀ ਗੁਰ: ਪ੍ਰ: ਅੰਮ੍ਰਿਤਸਰ ਵਾਲੇ। ਪਾਠਾਂਤਰ "ਕਬਹੀ" ਤੇ



Sri Satguru Jagjit Singh Ji eLibrary NamdhariElibrary@gmail.com

ਦੋ: ਦੇਖਨ ਕੋ ਯੋਂ ਹੀ ਭਈ ਜਾਨਤ ਸਗਲ ਜਹਾਨ ।
ਕਿਯਾ ਚਰਿਤ੍ਰ ਕਰਤਾਰ ਕੋ ਨਹਿ ਕਰ ਸਕਤ ਵਖਾਨ ।
੧੩੧ ਪੰਨਾਂ

ਚੌ:) ਇਕ ਦਿਵਸ ਕਾਰਨ ਤੇ ਆਗੇ, ਮਿਲ ਕੈ ਸਿੰਘ ਪੂਛਨੇ ਲਾਗੇ ।
ਕਵਨ ਰੂਪ ਆਪਨ ਪ੍ਰਭ ਕੀਨੋ, ਤਿਨ ਕੋ ਜ੍ਵਾਬ ਭਾਂਤ ਇਹ ਦੀਨੋ ।
ਵਾਹਿ ਸਮੇਂ ਗੁਰ ਬੈਨ ਸੁਨਾਯੋ, ਖਾਲਸ ਆਪਨੋ ਰੂਪ ਬਤਾਯੋ ।
ਖਾਲਸ ਹੀ ਸੋ ਹੈ ਮਮ ਕਾਮਾਂ, ਬਖਸ ਕਿਯੋ ਖਾਲਸ ਕੋ ਜਾਮਾਂ ।
(ਦੋ:) ਖਾਲਸ ਮੇਰੋ ਰੂਪ ਹੈ ਹੋਂ ਖਾਲਸ ਕੇ ਪਾਸ ।
ਆਦ ਅੰਤ ਹੀ ਹੋਤ ਹੈ ਖਾਲਸ ਹੀ ਮੈ ਬਾਸ[੨] ।
੧੩੨ ਪੰਨਾਂ
ਪੁਸਤਕ ਗੁਰ ਸੋਭਾ

ਪਾਠਕ ਉਪਰ ਲਿਖੇ ਸੈਨਾ ਪਤਿ ਜੀ ਦੇ ਵਿਚੋਂ। "ਪੂਛੀ ਬਾਤ ਨ ਕੋਇ" ਤੇ ਕਵਨ ਰੂਪ ਪੁਛਨ ਦੇ ਉਤਰ ਵਿਚ "ਖਾਲਸ ਆਪਨੋ ਰੂਪ ਬਤਾਯੋ ।" ਤੇ "ਖਾਲਸ ਹੀ ਮੈ ਬਾਸ" ਤੇ "ਕਿਯੋ ਚਰਿਤ੍ਰ" ਤੇ ਕੋ ਨਹਿ ਕਰ ਸਕਤ ਵਖਾਨ ।" ਹੀ ਪੜ ਕਹੇ ਸਕਦੇ ਹਨ । ਜਿਸਦਾ ਸਾਫ ਅਰਥ ਹੈ ਕਿ ਗੁਰ ਚਰਿਤ੍ਰ ਨੂੰ ਕੋਈ ਸਹੀ ਕਹਿ ਨਹੀਂ ਦਸ ਸਕਦਾ । ਤੇ ਕੋਈ ਗਲ ਨ ਪੁਛੀ ਜਾਂ ਖਾਲਸ ਵਿਚ ਹੀ ਗੁਰੂ ਜੀ ਆਪਣਾ ਵਾਸਾ ਦਸਿਆ ਹੈ। ਗ੍ਰੰਥ ਨੂੰ ਗੁਰਤਾ ਦੇਣੀ ਤੇ ਨਿਸਚੇ ਜੋਤੀ ਜੋਤਿ ਸਮਾਣਾ ਉਕਾ ਨਹੀਂ ।

ਕਵਿ ਸੁਖਾ ਸਿੰਘ ਜੀ "ਗੁਰ ਬਿਲਾਸ ਪਾਤਸ਼ਾਹੀ ਦਸਵੀਂ" ਵਿਚ ਭਾਰਾ ਜਗ ਕਰਨ ਦੇ ਬਾਦ ਨਦੇੜ ਦਸਮ ਜੀ ਦਾ ਅਗੋਂ ਪ੍ਰਸੰਗ ਇਸ ਤਰ੍ਹਾਂ ਲਿਖਦੇ ਹਨ :—

(੨) "ਖਾਲਸ ਮੈ ਪਰਗਾਸ" ਪਾਠੰਤ੍ਰ ਲਿਖਿਆ ਹੈ ।


Sri Satguru Jagjit Singh Ji eLibrary NamdhariElibrary@gmail.com

(ਸਵੈਯਾ)
"ਬੁਧ ਸੁਵਾਰ ਦਿਨਾਂ ਪੁਨ ਭੀਤਰ ਭੋਜਨ ਹੈ ਸਭ ਕੋ ਵਰਤਾਯੋ ।
ਰੈਨ ਬਿਤੀ ਗੁਨ ਗਾਵਤ ਨਾਥਹਿ, ਵੀਰ ਸੁਵਾਰ ਸ਼ਹੀ ਜਬ ਆਯੋ ।
ਦੈਸੁ ਭਰੋਸੁ ਭਲੀ ਬਿਧੁ ਸੰਗਤਿ, ਪੈ ਕਰੁਨਾਂ ਨਿਧ ਯੋਂ ਬਚੁਗਾਯੋ ।
ਮਧਿ ਕਨਾਤ ਚਿਤਾ ਰਚੋ ਸਾਹਿਬ, ਸ੍ਰੀ ਮੁਖ ਵਾਕ ਸੁ ਯੋਂ ਫੁਰਮਾਯੋ ।

ਦੋ: ਕੁਛਕੁ ਭੋਜ ਗੁਰ ਆਪ ਅਚੁ ਤਨਿਕ ਪੀਯੋ ਨਿਜ ਨੀਰ ।
ਪੈ ਸੰਗਤ ਸਭ ਬੋਲਕਰ ਦਯੋ ਭਰੋਸ਼ ਦੇ ਧੀਰ ।

(ਸਵੈਯਾ)
ਈਧਨ ਆਨ ਭਲੀ ਬਿਧ ਦਾਸਨ, ਮਧਿ ਕਨਾਤ ਚਿਤਾ ਸੁ ਬਨਾਈ ।
ਚੰਦਨ ਔਰ ਅੰਬੀਰ ਗੁਲਾਬ ਸੁ, ਪੂਰਨ ਕੈ ਸਭ ਸੇਂਜ ਬਨਾਈ ।
ਘੀਉ ਫੁਲੇਲ ਅਤਾਰੁ ਜੁ ਆਦਿਕ, ਆਨ ਧਰਿਓ ਬਰਨਿਓ ਨਹਿ ਜਾਈ ।
ਹੋਤ ਬਿਦਾ ਪੁਨ ਯਾਬਿਧ ਸਾਹਿਬ, ਦੇਖਹੁ ਸੰਤ ਸਬੈ ਚਿਤੁ ਲਾਈ ।
ਨੀਰ ਮੰਗਾਇ ਅਛੂਤ ਗੁਦਾਵਰ, ਆਦਿ ਸਨਾਨ ਕਰਿਉ ਗੁਰ ਭਾਈ ।
ਫੇਰ ਛਕਾਇ ਭਲੇ ਦਸਤਾਰਹ ਲੈ ਕਲਗੀ ਜਿਗ ਸੀਸ ਬਨਾਈ ।
ਮਾਨਕ ਔ ਮੁਕਤਾ ਖਚਿ ਬਜੂਨ, ਕੰਕਨ ਸੁਧ ਸਰੂਪ ਸੁਹਾਈ ।
ਯੌਂ ਦਮ ਕੇ ਚਮਕੇ ਦੁਤ ਪਾਵਨ, ਸਾਵਨ ਮੈ ਤੜਿਤਾ ਜਨ ਗਾਈ ।
ਚੌ: ਪੁਨ ਸਾਹਿਬ ਜੂ ਬਸਤ੍ਰ ਮੰਗਾਏ, ਓਢ ਨਵੀਨ ਸੁ ਮੋਦ ਬਢਾਏ ।
ਬਹੁਰ ਖੜਗ ਗਹਿ ਬੰਦਨ ਧਾਰਾ, ਧੂਪ ਤਿਲਕੁ ਕਰਿ ਗਰ ਮਧ ਡਾਰਾ ।
ਚਾਂਪ ਨਿਖੰਗ ਸੁਪੇਟੀ ਚਿਲਤਾ, ਖੱਲ ਸੰਜੋਵਨ ਜੋ ਤਹਿ ਮਿਲਤਾ ।
ਲਘੁ ਪੁਨ ਆਵੁਧ ਔਰ ਸੁ ਘਨੈਂ, ਕੌਨ ਸਕਤਿ ਤਿਨਕੇ ਦੁਤਿ ਭਨੈਂ ।

ਦੋ: ਕਲਗੀ ਜਿਗਾ ਸੁਪੇਚ ਸਿਰ ਭੂਖਣ ਬਿਬਦ ਮੰਗਾਇ ।
ਅੰਗ ਅੰਗ ਨਿਜ ਪਹਿਰ ਕਰ ਭੇ ਤਿਆਰ ਇਹ ਭਾਇ ।

(ਚੌ:) ਪੁਨ ਕਰਨਾ ਨਿਧ ਬਚਨ ਬਖਾਨੇ ।
ਸੁਨਹੁ ਖਾਲਸਾਜੂ ਚਿਤ ਮਿਯਾਨੇ ।



Sri Satguru Jagjit Singh Ji eLibrary NamdhariElibrary@gmail.com

ਇਸੀ ਬਸਨ ਭੂਖਨ ਕੇ ਮਾਹੀ।
ਸਭ ਕਾਰਜ ਕਰਨਾਂ ਗੁਰ ਆਹੀ।

ਦੋ: ਜੋ ਕੁਛ ਹੁਤਾ ਸੁ ਪਹਿਰਨਾਂ ਓਡ ਆਪ ਹਮ ਲੀਨ।
ਤੁਮ ਕੁਛ ਆਨ ਨ ਕੀਜੀਅਹਿ ਬਚਨ ਹਮਾਰੇ ਚੀਨ।
ਇਹ ਬਿਧ ਹੋਏ ਤਿਆਰ ਜਬ ਠਾਢ ਭਏ ਮਹਾਰਾਜ।
ਹਾਥ ਜੋਰ ਤਬ ਖਾਲਸੇ ਕਹਿਯੋ ਗ੍ਰੀਬ ਨਿਵਾਜ।
ਨੌ ਪਾਤਸਾਹੀ ਆਦਲਗ ਭਏ ਸ੍ਰੀ ਗੁਰ ਜੋਇ।
ਅੰਤ ਸਮੇਂ ਸਭ ਸੰਗਤਨਿ ਲਰ ਪਕਰਾਵਤ ਸੋਇ।

ਚੌ: ਤਾਂਤੇ ਇਹੈ ਬਿਨੈ ਹਮ ਪਾਵੈ, ਕਹਾ ਖਾਲਸਾ ਸੀਸ ਟਿਕਾਵੈ।
ਤਾਂਤੇ ਅੰਚਰ ਹਮ ਪਕਰਾਵਹੁ, ਜਹਾ ਆਪ ਸੁ ਠਵਰ ਬਤਾਵਹੁ।
ਹੁਕਮ ਹੋਆ ਬਤੀਆ ਸੁਨੋ ਭਾਈ, ਆਗੇ ਰਖਿਯੋ ਗੰਢ ਮਮ ਪਾਈ।
ਸ੍ਰੀ ਅਸਧੁਜ ਕਾਲ ਰੂਪ ਕਰਾਯੋ, ਅਕਾਲ ਪੁਰਖ ਕੇ ਚਰਨੀ ਲਾਯੋ।
ਰੂਪ ਰੰਗ ਜਾਕਰ ਨਹੀ ਕੋਈ, ਘਟ ਮੈ ਤੁਮੈ ਲਖਾਯੋ ਸੋਈ।
ਤਾਕਹਿ ਨਿਰਖ ਜਪਹੁ ਮਨ ਮਾਹੀ, ਅਧਿਕ ਸੂਖ ਹੈ ਤੁਮੈ ਮਹਾਹੀ।
ਲੋਕ ਸੁਖੀ ਪਰਲੋਕ ਬਨਾਯੋ, ਸ੍ਰੀ ਹਰਿ ਜੂਕੇ ਚਰਨਨਿ ਧਿਆਯੋ।
ਸ੍ਰੀ ਅਸਗੋਦ ਕਾਲਕਾ ਮਾਈ, ਤੁਮ ਕਰ ਮਮ ਡਾਰਿਓ ਸੁਨ ਭਾਈ।
ਦਸ ਮਹਲਨ ਕੀ ਪੜੀਐ ਬਾਨੀ, ਅਚੁਤ ਸੁਖ ਪਾਵਹੁ ਨਿਰਬਾਨੀ।
ਹਮ ਕਹਿ ਲਖੋ ਨ ਇਨਤੇ ਦੂਰੀ, ਹਮ ਤੁਮਰੇ ਸਦ ਸੰਗ ਹਜ਼ੂਰੀ।

ਦੋ: ਸ੍ਰੀ ਅਸ ਪੁਰਖ ਅਕਾਲ ਕੋ ਸੌਂਪ ਸਭੈ ਤੁਮ ਦੀਨ।
ਖੜਗ ਗੋਦ ਮੈ ਮਾਤ ਜਿਯੋ ਵਿਚਰਹੁ ਸਦਾ ਪ੍ਰਵੀਨ।
ਬਿਬਧ ਭਾਂਤ ਸੰਗ ਖਾਲਸੇ ਸ੍ਰੀ ਮੁਖ ਕਰ ਉਪਦੇਸ।
ਤਬ ਲਗ ਆਧੀ ਰਾਤ ਗੀ ਘਰੀ ਸੁਚਾਰ ਬਸ਼ੇਸ਼।



Sri Satguru Jagjit Singh Ji eLibrary NamdhariElibrary@gmail.com

ਚੌ: ਨਿਕਟ ਚਿਤਾ ਕੇ ਤਬ ਨਿਜ ਆਨ।
ਸਮਸਤ ਖਾਲਸੇ ਬਸਨ ਬਿਛਾਨ।
ਤਾਂ ਪਰ ਭਲੇ ਬਰਾਜਤ ਭਯੋ।
ਸੁਰ ਨਰ ਨਿਰਖ ਚਰਿਤ੍ਰ ਬਿਸਮਯੋ।
ਜਬ ਬਾਹਰ ਸਭ ਹੀ ਚਲ ਆਯੋ।
ਯੋਂ ਤਿਹਜਾ ਕੌਤਕ ਦਰਸਾਯੋ।
ਵਾਹਿਗੁਰੂ ਜੀ ਕੀ ਨਿਜ ਫਤੇ।
ਸ੍ਰੀ ਮੁਖ ਵਾਕ ਬਾਰ ਕਹੀਅਤੇ।
ਬਹੁਰ ਤਹਾਂ ਤਿਹ ਯੋਂ ਦਰਸਾਯੋ।
ਸਬਦ ਘੋਖ ਸੁਨਨੇ ਮਧਿ ਆਯੋ।
ਪਵਨ ਰੂਪ ਜਨਿਐ ਕਹੂੰ ਭਏ।
ਨਭ ਮਾਰਗ ਜਾਨਿਕ ਉਡ ਗਏ।

ਦੋ: ਜੋਤੀ ਜੋਤਿ ਦਿਆਲ ਕਾ ਇਹ ਬਿਧ ਭਯੋ ਚਰਿਤ੍ਰ।
ਸਰਬ ਜਗਤ ਮੁਖ ਗਾਵਹੀ ਪਾਵਨ ਕਥਾ ਬਚਿਤ੍ਰ।

(ਸਵੈਯਾ)

"ਜੈਸ ਸੁਨੀ ਸਤਿ ਸੰਗਤ ਭੀਤਰ, ਸੋ ਕਹਿਕੇ ਤੁਮ ਸੰਗ ਸੁਨਾਈ।
ਦੀਨ ਦਿਆਲ ਕੇ ਗੂੜ ਚਰਿਤ੍ਰ ਸੋਂ, ਕੌਨ ਸਕੈ ਤਿਹ ਕਉ ਸੁਲਖਾਈ।
ਥੋਰ ਜਥਾ ਮਤ ਸੰਤ ਪ੍ਰਤਾਪ ਤੇ, ਯੋ ਕਹਿਕੇ ਕਬਿ ਜੰਤ ਜਨਾਈ।
ਆਗੇ ਸੁਨੋ ਕੁਛ ਔਰ ਪ੍ਰਸੰਗਹ, ਖਾਲਸ ਚੋਜ ਕਹੋ ਚਿਤ ਲਾਈ।"...

ਸੁਖਾ ਸਿੰਘ ਜੀ ਅੱਗੇ ਜਾਕੇ ਗੁਰੂ ਜੀ ਦੇ ਅਲੋਪ ਹੋਣ ਬਾਦ ਸਿੰਘਾਂ ਦਾ ਵੈਰਾਗ ਕਰਨਾ ਲਿਖਦੇ ਹਨ।

ਦੱਛਨ ਦੇਸ ਬਦੇਸ ਮਹਾ ਯਹਿ, ਕੌਨ ਹਮੈਂ ਸੋ ਪੰਜਾਬ ਲਿਜੈ ਹੈ।
ਏਕ ਕਹੇ ਜਗ ਆਗ ਕੋ ਸਾਗਰ, ਨਾਥ ਬਿਨਾਂ ਹਮੈਂ ਕੌਨ ਬਚੈ ਹੈ।...



Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਦਾ ਬਹੁਤ ਬਰਾਗ ਲਿਖ, ਅਗੇ ਲਿਖਦੇ ਹਨ।

ਚੌ: "ਸੋ ਨਿਸ ਬਿਤੀ ਜੋ ਭਯੋ ਸ਼ਿਕਾਰਾ।
ਸੂਰਜ ਚੜਿਓ ਸੋ ਗਗਨ ਮਝਾਰਾ।
ਸੈਨ ਮਝਾਰ ਸਾਧ ਇਕ ਤਹਾਂ।
ਸਾਧਨ ਸਰਬ ਸ਼ੋਮਣਿ ਮਹਾਂ।
ਦਰਸਨ ਜਾਤ ਹਜ਼ੂਰ ਨਿਤਾ ਪ੍ਰਤਿ।
ਕਬੈ ਨ ਟਰਾ ਧਾਰ ਨਿਸ ਦਿਨ ਬ੍ਰਿਤਿ।
ਸੋ ਦਰਸੁਨ ਜਬ ਹੀ ਚਲ ਆਯੋ।
ਆਗੇ ਨਿਰਖ ਚਰਿਤ੍ਰ ਬਿਸਮਾਯੋ।
ਪੂਛਤ ਭਯੋ ਖਾਲਸੇ ਪਾਸਾ।
ਕਹਾਂ ਚਰਿਤ੍ਰ ਇਹ ਭਯੋ ਬਿਲਾਸਾ।
ਸੋ ਹਮ ਕੋ ਤੁਮ ਪ੍ਰਗਟ ਜਤਾਵਹੁ।
ਗਏ ਕਾਜ ਕਿਤ ਭੇਦ ਬਤਾਵਹੁ।

ਦੋ: ਸੁਨਤ ਬਚਨ ਤਬ ਖਾਲਸੇ ਕਹਾ ਬਚ ਨੈਨ ਚੁਚਾਰ।
ਅਮਰ ਲੋਕ ਗੁਰਦੇਵ ਜੂ ਗੇ ਕਾਰਨ ਕਰਤਾਰ।

ਚੌ: ਅਵਰ ਬ੍ਰਿਤਾਂਤ ਜਿਤਕ ਤਿਹ ਭਯੋ।
ਸਰਬ ਖਾਲਸੇ ਤਹ ਕਹਿ ਦਯੋ।
ਸੁਨਤ ਬਚਨ ਤਬ ਸਾਧ ਬਖਾਨਾ।
ਮੋਹਿ ਨਿਜ ਜਾਤ ਲਖੇ ਸੋ ਨਿਧਾਨਾ।"

ਦਲ ਬਿਡਾਰ ਤਰ ਵਹੈ ਸੁ ਬਾਜ, ਭੂਖਨ ਬਿਬਧ ਸੋਭ ਤਨ ਸਾਜ।
ਬਾਨ ਨਿਖੰਗ ਚਾਂਪ ਅਸ ਕਰਾ ਵਹੈ ਛਤ੍ਰਧਰ ਹੈ ਕਰ ਧਰਾ।
ਵਹੈ ਸਰੂਪ ਭੇਦ ਨਹੀ ਕੋਈ, ਤੁਮ ਕਹ ਬਚਨ ਬਖਾਨਤ ਲੋਈ।
ਮੈ ਸਿਜਦਾ ਕਰ ਬਿਨੈ ਸੁਨਾਈ, ਖੁਸੀ ਭਏ ਮੋ ਪਰ ਅਧਿਕਾਈ।



Sri Satguru Jagjit Singh Ji eLibrary NamdhariElibrary@gmail.com

ਕਰੀ ਅਰਜ ਮੈ ਹੂ ਤਬ ਤਹਾਂ, ਪ੍ਰਭੂ ਸਵਾਰੋ ਕੀਨ ਸੁ ਕਹਾਂ।
ਅੰਬੁਜ ਬਦਨ ਸੋ ਮੁਝੈ ਬਖਾਨਾਂ, ਚੜ੍ਹੇ ਅਖੇਟਕ ਸੁਨਹੁ ਸੁਜਾਨਾਂ।
ਯੋ ਕਹਿ ਸ਼ਾਹਿਬ ਆਗਿ ਸਿਧਾਰੋ, ਜਨੀਐ ਸਾਚੁ ਨ ਝੂਠ ਉਚਾਰੋ।
ਸਰਬ ਖਾਲਸੇ ਯੋਂ ਜਬ ਸੁਨਾ, ਗਿਆਨ ਪਸਾਰ ਚਛ ਯੋਂ ਭਨਾ।
ਅਛਲ ਰੂਪ ਇਹ ਹੈ ਕਰਤਾਰਾ, ਸਰਬ ਮਧਿ ਹੈ ਭਿੰਨ ਨਿਆਰਾ।...
ਸੋ ਦਿਨ ਆਯੋ ਸਰਬ ਨਿਹਾਰੀ, ਮਿਲਿਓ ਖਾਲਸਾ ਖਾਸ ਬਿਚਾਰੀ।
ਪ੍ਰਿਥਮੈ ਦੂਰ ਕਨਾਤ ਕਰਾਈ, ਅੰਦਰ ਗਯੋਂ ਖਾਲਸਾ ਧਾਈ।
ਚਿਖਾ ਬਿਭੂਤ ਕਰੀ ਇਕ ਥਾਨੈ, ਔ ਕੁਛ ਲਖਿਯੋ ਨ ਤਾਹਿ ਜੁਆਨੈ।
ਭੂਲ ਅਸਤ ਕੋਊ ਸਸਤ੍ਰ ਨ ਪਾਯੋ, ਏਕੁ ਪਤਾ ਨਹੀਂ ਨੈਨ ਲਖਾਯੋ।
ਯੋਂ ਲਖ ਸਭ ਪੰਥ ਮੰਝਾਰੀ, ਰਮੇ ਸਦੇਹ ਨਾਥ ਅਵਤਾਰੀ''।

---

ਪਾਠਕ ਉਪਰ ਲਿਖੇ ਵਿਚ ਪੜ੍ਹ ਆਏ ਹਨ ਕਿ ਗੁਰੂ ਜੀ ਦਾ ਕੌਤਕ ਕੀਤਾ ਸ਼ੀ ਸੁਖਾ ਸਿੰਘ ਜੀ ਦਸਿਆ ਹੈ ਤੇ ਅਸਚਰਜਤਾ ਸਿਖਾਂ ਨੂੰ ਹੋਈ ਹੀ ਦਸੀ ਹੈ ਤੇ ਸਾਧ ਦੇ ਦੱਸਣ ਤੋਂ ਬਾਦ ਜਾਣਿਆ ਹੈ ਜੋ ਗੁਰੂ ਜੀ "ਚੜ੍ਹੇ ਅਖੇਟਕ ਸੁਨਹੁ ਸੁਜਾਨਾਂ" ਵਾਲਾ ਸ਼ਾਧ ਬਚਨ ਕੀਤਾ ਹੈ। ਉਸ ਤੋਂ ਜਾਣਿਆ ਹੈ। ਉਹ ਅਛਲ ਰੂਪ ਸ਼ਦੇਹ ਕਿਤੇ ਰਮ ਗਏ ਹਨ ਕਿਤੇ ਗ੍ਰੰਥ ਨੂੰ ਗੁਰਤਾ ਨਹੀਂ ਦਸੀ ਸਗੋਂ "ਅਕਾਲ ਪੁਰਖ ਦੀ ਚਰਨੀ ਲਾਯੋ" ਹੀ ਲਿਖਿਆ ਹੈ। ਤੇ "ਸ੍ਰੀ ਅਸ ਗੋਦ ਕਾਲਕਾ ਮਾਈ। ਤੁਮ ਕਰ ਮਮ ਡਾਰਿਉ ਸੁਨ ਭਾਈ।" ਪੁਛਣ ਤੇ ਸਿਖਾਂ ਨੂੰ ਉਤਰ ਦਿਤਾ ਹੈ।

ਸੁਖਾ ਸਿੰਘ ਜੀ ਨਦੇੜੋਂ ਅਲੋਪ ਹੋਣ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਇਕ (ਦਸਮ ਗੁਰ ਦਰਸਨ) ਜੋ ਸਾਧ ਨੇ ਦਸਿਆ ਹੈ। "ਚੜ੍ਹੇ ਅਖੇਟਕ ਸੁਨਹੁ ਸੁਜਾਨਾਂ" ਤੋਂ ਬਾਦ ਇਕ ਹੋਰ (ਦਸਮ ਗੁਰ ਦਰਸਨ) ਦੀ ਵਾਰਤਾ ਲਿਖਦੇ ਹਨ।



Sri Satguru Jagjit Singh Ji eLibrary NamdhariElibrary@gmail.com

ਤੀਸਵਾਂ ਧਿਆਇ ਸਮਾਪਤ ਕਰਕੇ ਅੱਗੇ (ਅਫਜੂ) ਅਰਥਾਤ ਇਸਦੇ ਨਾਲ ਦਾ ਹੀ ਪ੍ਰਸੰਗ ਲਿਖਦੇ ਹਨ।

ਚੌ: "ਕਿਤਕ ਦਿਵਸ ਅਸਵਾਰੀ ਪਾਛੈ,
ਇਹ ਸਾਖੀ ਪੂਰਨ ਭਈ ਆਛੈ।
ਜੋ ਤੁਮ ਕਹਿ ਇਤ ਬਰਨ ਸੁਨਾਂਊਂ।
ਤਾਂ ਤੇ ਗੁਰ ਸਿਖ ਸਾਧ ਰੀਝਾਂਊਂ।

ਦੋ: ਬਿਦਰ ਸ਼ਹਿਰ ਕੇ ਦੇਸ ਮੈ ਜਨਵਾਰਾ ਇਕ ਗ੍ਰਾਮ।
ਤਾਕੋ ਪਤਿ ਅਤਿ ਜਾਨੀਐ ਬਾਲਾ ਰਾਇ ਸੁਭ ਨਾਮ।

**ਚੌ: ਰੁਸ਼ਤਮ ਰਾਇ ਬੰਧ ਦੁਤਿ ਤਾਂਕੋ, ਸੂਰ ਬੀਰ ਸੁਨੀਅਤ ਬਰ ਬਾਂਕੋ।**
**ਦੋਨੋਂ ਬੀਰ ਅਧਿਕ ਬਲਵਾਨਾਂ, ਜਾਨਤ ਜਾਹਰ ਰਾਵ ਅਰੁ ਰਾਨਾਂ।**
**ਦੇਸ ਮਰੱਟਿਨ ਕੋ ਨਿਤ ਮਾਰੈਂ, ਕਾਹੂ ਕੀ ਨਹੀ ਕਾਨ ਬਿਚਾਰੈਂ।**
**ਹੁਕਮ ਧਨੀ ਕਾ ਐਸੇ ਭਯੋ, ਸਾਊ ਚੜ੍ਹ ਮਰਹੱਟਾ ਧਯੋ।......**
**ਲੂਟ ਸੋ ਨਗਰ ਬਾਂਧ ਦੋਊ ਲਏ, ਲੈ ਬੰਦੀ ਖਾਨ ਮਹਿ ਦਏ।**
**ਅਧਿਕ ਬੇਰੀਐ ਪਾਇ ਪਵਾਏ, ਆਨ ਸਤਾਰੇ ਕਿਲੇ ਚੜ੍ਹਾਏ।......**
**ਕੇਤਕ ਕਾਲ ਬੀਤ ਤਿਹ ਗਯੋ, ਤਿਨ ਕੋ ਛੂਟਨ ਮੂਲ ਨ ਭਯੋ।"**

---

ਕਿਲੇ ਵਿਚੋਂ ਅਰਾਧਨ ਤ ਗੁਰੂ ਜੀ ਉਹਨਾਂ ਨੂੰ ਘੋੜੇ ਦੀਆਂ ਰਕਾਬਾਂ ਫੜਾ ਕੇ ਲੈ ਨਿਕਲਦੇ ਹਨ ਤੇ ਧਰਤੀ ਤੇ ਉਤਾਰ ਕੇ ਅਲੋਪ ਹੋ ਜਾਂਦੇ ਹਨ ਤੇ ਉਹਨਾਂ ਦੇ ਫੇਰ ਅਰਾਧਨ ਤੇ ਦਰਸਨ ਦੇਂਦੇ ਹਨ। ਸੋ ਸੁਖਾ ਸਿਘ ਜੀ ਦੇ ਲਿਖੇ ਵਿਚੋਂ ਸੰਖੇਪ ਇਸ ਤਰ੍ਹਾਂ ਹੈ।

(ਪਾਧਰੀ ਛੰਦ) "ਜਬ ਗਈ ਰੈਨ ਆਧੀ ਨਿਹਾਰ।
ਤਬ ਭਯੋ ਸਬਦ ਗਗਨੰ ਮਝਾਰ।
ਛਰਣੰਤ ਕਾਰ ਕਰ ਕੈ ਅਪਾਰ।
ਆਯੋ ਸੋ ਆਪਿ ਸਾਹਿਬ ਦਿਆਰ।



Sri Satguru Jagjit Singh Ji eLibrary NamdhariElibrary@gmail.com

ਅਮੀਂ ਵਾਕ ਗੁਰ ਕਹਿ ਸੁਬੈਨ।
ਉਠ ਸਾਵਧਾਨ ਹੋ ਰਾਵ ਐਨ।
ਤਿਨ ਕਹਾ ਕੌਨ ਤੁਮ ਅਹੋ ਬੀਰ।
ਮੁਝ ਰਟਤ ਨਾਮ ਲੈ ਕਰ ਸਰੀਰ੍।

ਚੌ: ਜਾ ਕੋ ਧਰਿਯੋ ਦਿਵਸ ਤੈ ਧਿਆਨਾਂ।
ਗੁਰ ਮੂਰਤਿ ਮੋਹਿ ਲੇਹੁ ਪਛਾਨਾਂ।
ਤੋ ਕਹਿ ਨਿਜ ਕਾਢਨ ਕੇ ਕਾਜਾ।
ਆਯੋ ਮਮ ਸੋ ਗਰੀਬ ਨਿਵਾਜਾ।
ਮੋਰੇ ਪਰੀ ਮਧ ਪਗ ਬੇਰੀ।
ਕਿਮ ਹਮ ਗਹਿ ਸਰਨ ਪ੍ਰਭ ਤੇਰੀ।
ਵਾਹਿਗੁਰੂ ਮੁਖਿ ਕਰੈ ਉਚਾਰ।
ਬੇਰੀ ਕਿਆ ਜਮ ਕਉ ਸੁ ਬਿਦਾਰ।.........

ਗੁਰੂ ਬਚਨ ਮੰਨ ਕੇ ਦੋਵੇਂ ਭਾਈ ਬੇੜੀਆਂ ਤੋਂ ਖਲਾਸ ਹੋ ਕੇ ਚਰਨੀ ਆ ਲਗਦੇ ਹਨ।

ਦੋਨੋਂ ਭਏ ਆਨ ਜਬ ਠਾਢੇ, ਅੰਮ੍ਰਿਤ ਬਚਨ ਗੁਰੂ ਕਹੇ ਗਾਢੇ।
ਮੋਰੇ ਦੋਨੋ ਰਕਾਬ ਦੁਆਲ, ਗਹਿ ਲੇਵੋ ਕਾਢੋਂ ਦਰਹਾਲ।......
ਆਗਿਆ ਪਾਇ ਬਚਨ ਤਿਨ ਗਾਇ, ਸੁਨਹੋ ਬਤੀਆ ਬੀਰ ਸਬਾਏ।
ਹਮ ਕੋ ਲੈ ਚਲਿਜੋ ਸੁਧਾਈ, ਦੀਨ ਬੰਧ ਹਮਰੋ ਸੁਖਦਾਈ।
ਜੋ ਬਲ ਹੈ ਤਬ ਲੇਹੁ ਛਡਾਈ, ਯਾ ਬਿਧ ਸੋ ਬਤੀਆ ਤਿਨ ਗਾਈ।
ਜਿਹ ਬਿਧ ਪੰਛੀ ਉਡਤ ਅਕਾਸਾ, ਤਿਯੋਂ ਗੁਰ ਪੂਰੇ ਕਰਯਿ ਬਿਲਾਸਾ।

ਗੁਰੂ ਜੀ ਦੂਰ ਲਿਆ ਧਰਤੀ ਤੇ ਉਤਾਰ ਕੇ।
ਤਿਨ ਤੇ ਦੁਆਲ ਰਕਾਬ ਛੁਡਾਈ।
ਭਏ ਅਲੋਪ ਜਗਤ ਸੁਖਦਾਈ।



Sri Satguru Jagjit Singh Ji eLibrary NamdhariElibrary@gmail.com

ਬਿਸਮਤ ਭਏ ਬਰਨਤ ਨਹਿ ਬੈਨਾ ।
ਆਪਸ ਮਧਿ ਕਰਤ ਨਿਜ ਸੈਨਾਂ ।......

ਭਾਖਤ ਭਏ ਬਚਨ ਪੁਨ ਈਹਾਂ ।
ਕਰੁਣਾ ਸਿੰਧ ਗਏ ਤੁਮ ਕੀਹਾਂ ।
ਹਮ ਕੋ ਵਹੁ ਨਿਜ ਠੌਰ ਬਤਾਵਹੁ ।
ਕਿਹ ਤੁਮ ਗਏ ਕ੍ਰਿਪਾ ਕਰ ਆਵਹੁ ।
ਕਠਨ ਠੌਰ ਤਨ ਪਰੀ ਕਮੰਦ ।
ਪਲ ਮਹਿ ਤੁਮ ਦੁਖ ਕਟੇ ਮੁਕੰਦ ।
ਤੁਹ ਕਹਿ ਕੌਨ ਬਡੀ ਇਹ ਬਾਤਾ ।
ਜਿਹ ਚਾਹੋ ਤਿਹ ਰਮੋਂ ਬਿਧਾਤਾ ।......

ਹਮ ਕੋ ਪਰਿਉ ਦੂਖ ਜਬ ਭਾਰੀ ।
ਤੁਮਰੀ ਗਹੀ ਸਰਨ ਕਰ ਪਿਆਰੀ ।
ਤਬ ਤੁਮ ਪਲ ਮੈ ਆਏ ਦਿਆਲਾ ।
ਕਾਟਿ ਬੰਦ ਕਾਢੇ ਤਤ ਕਾਲਾ ।
ਸੋ ਤੁਮ ਹਮ ਕੋ ਦਰਸ ਦਿਖਾਵਹੁ ।
ਜਿਹ ਹਮ ਪੂਜਹਿ ਠਉਰ ਬਤਾਵਹੁ ।
ਇਹ ਬਿਧ ਉਸਤਤਿ ਜੌ ਬਿਚਾਰੀ ।
ਆਨ ਪ੍ਰਗਟ ਭਏ ਗੁਰ ਅਵਤਾਰੀ ।
ਉਠ ਪਾਇਨ ਲਾਗੇ ਤਬ ਦੋਊ ।
ਨਿਜ ਮਨ ਬਤੀਆ ਭਾਖਤ ਉਊ ।
ਪੁਨ ਪ੍ਰਭ ਜੂ ਇਹ ਫੇਰ ਦਿਦਾਰ ।
ਹਮ ਪਾਵੇ ਕਿਹ ਠਉਰ ਸੁਧਾਰ ।
ਕਿਹ ਬਿਧ ਪੂਜਾ ਭੇਟ ਚੜਾਵੈ ।



Sri Satguru Jagjit Singh Ji eLibrary NamdhariElibrary@gmail.com

ਐਸ ਦਿਦਾਰ ਰੈਨ ਦਿਨ ਪਾਵੈ ।
ਸ੍ਰੀ ਮੁਖ ਕਹਾ ਸੁਨਹੁ ਰੇ ਬੀਰਾ ।
ਇਹ ਦਰਸਨ ਦੁਰਲਭ ਸਰੀਰਾ ।
ਬਹੁਰੋ ਇਹ ਦਰਸਨ ਮਮ ਨਾਹੀ ।
ਉਰ ਮਹਿ ਨਿਰਖਹੁ ਸਾਂਝ ਸੁਬਾਹੀ ।
ਅਬ ਤੁਮ ਆਪਨੇ ਸਦਨ ਸਿਧਾਵਹੁ ।
ਨਿਜ ਆਸਰਮ ਬਸਿ ਅਤਿ ਸੁਖ ਪਾਵਹੁ ।......

ਪੂਜਾ ਮੰਨਤ ਭੇਟ ਚੜ੍ਹਾਵਹੁ ।
ਜਿਹ ਸਿਖ ਸੰਗਤ ਪਾਂਚ ਮਨਾਵਹੁ ।
ਮੋ ਕੋ ਸੰਗਤਿ ਸਿਖ ਤਹਾਂ ਜਾਨਹੁ ।
ਮੋ ਤਿਨ ਤੇ ਨਹੀ ਦੂਰ ਪ੍ਰਮਾਨਹੁ ।
ਜਿਹ ਚਾਹੈ ਵਹ ਮੁਝ ਸੁ ਬੁਲਾਵੈ ।
ਪ੍ਰੇਮ ਸਰੂਪ ਬਾਂਧ ਹਮ ਆਵਹਿ । ੬੧੦ ਪੰਨਾਂ

ਦੋਹਰਾ: ਇਹ ਬਿਧ ਤਿਨ ਸਮਝਾਏ ਕਰ ਬਿਬਧ ਕਥਾ ਕਰਤਾਰ ।
ਅਲੋਪ ਹੋਏ ਤਿਹ ਠਉਰ ਮੈ ਉਨਕੀ ਦ੍ਰਿਸਟ ਅਗਾਰ ।
ਗੁਨ ਗਾਵਤ ਗੁਰਦੇਵ ਕੇ ਦਿਬ ਸਰੂਪ ਉਰਧਾਰ ।
ਆ ਪ੍ਰਾਪਤਿ ਭਏ ਨਗਰ ਮੈ ਬਾਜ ਬਜਾਵਤ ਚਾਰ ।"

(ਅਰਥਾਤ) ਦਸਮ ਜੀ ਉਹਨਾਂ ਨੂੰ ਦਰਸਨ ਦੇ ਕੇ ਤੇ ਪੰਜਾਂ ਸਿਖਾਂ ਦੀ ਅਰਜ਼ ਕਰਨ ਤੇ ਦਰਸਨ ਦੇਣ ਦਾ ਬਚਨ ਕਰ ਕੇ ਅਲੋਪ ਹੋ ਗਏ ਤੇ ਉਹ ਦੋਵੇਂ ਭਾਈ ਆਪ ਦੇ ਨਗਰ ਜਨਵਾਰੇ ਆਏ ।

(ਨੋਟ) ਜਿਥੇ ਦਸਮ ਜੀ ਉਨ੍ਹਾਂ ਨੂੰ ਉਤਾਰਿਆ ਸੀ । ਦੱਖਨ ਦੇਸ ਉਥੇ ਮਨਮਾੜ ਟੇਸ਼ਨ ਤੇ ਭਾਰਾ ਗੁਰਦੁਆਰਾ ਬਣਿਆ ਹੋਇਆ ਹੈ ਤੇ ਇਹ ਸਾਖੀ (ਦਸਮ ਗੁਰ ਦਰਸਨ) ਦੀ ਆਮ ਪ੍ਰਸਿਧ ਹੈ ।



Sri Satguru Jagjit Singh Ji eLibrary NamdhariElibrary@gmail.com

ਸੂਰਜ ਪ੍ਰਕਾਸ਼ ਵਿਚ ਭੀ ਭਾਈ ਸੰਤੋਖ ਸਿੰਘ ਜੀ ਗੁਰੂ ਸਾਹਿਬ ਜੀ ਦਾ ਕੌਤਕੀ ਦ੍ਰਿਸ਼ ਕਨਾਤ ਤਨਾਣਾਂ ਤੇ ਤਬੇਲੇ ਵਿਚੋਂ ਘੋੜੇ ਦਾ ਚਲੇ ਜਾਣਾ ਤੇ ਸਿੰਘਾਂ ਦਾ ਅਸਚਰਜ ਹੋਣਾ ਹੀ ਲਿਖਦੇ ਹਨ ਤੇ ਗੁਰੂ ਜੀ ਵਲੋਂ ਅਕਾਲ ਪੁਰਖ ਨਾਲ ਗੰਢ ਪਾਯੋ ਤੇ ਮਾਤ ਕਾਲਕਾ ਦੀ ਗੋਦ ਪਾਇਆ। ਸਿਖਾਂ ਨੂੰ ਦਸਦੇ ਹਨ। ਗ੍ਰੰਥ ਸਾਹਿਬ ਨੂੰ ਗੁਰਤਾ ਦੇਣ ਦਾ ਉਕਾ ਨਾਮ ਨਹੀਂ।

## ਗੁਰੂ ਜੀ ਵਲੋਂ ਹੁਕਮ

ਚੌ: ਤਨਹੁ ਕਨਾਤ ਚੁਗਿਰਦੇ ਭਲੇ।
ਜਿਸ ਤੇ ਦੂਰ ਹੋਇ ਨਰਖਲੇ।
ਸਭ ਚੰਦਨ ਈਂਧਨ ਤਿਸ ਮਾਹੀ।
ਪਹੁਚਹੁ ਲੇਹੁ ਚਿਤਾਰਚ ਤਾਹੀ।......

ਹਯੰਨ ਦਾਸ ਕੋ ਨਿਕਟ ਨਿਹਾਰਾ।
ਸ੍ਰੀ ਮੁਖ ਸੋ ਤਿਹ ਸਾਥ ਉਚਾਰਾ।
ਖਾਸ ਤਬੇਲੇ ਜਿਤਕ ਤੁਰੰਗ।
ਤੂਰਨ ਸੰਗ ਸੁਧਾਰਹੁ ਅੰਗ।
ਜੀਨ ਜਰੀ ਕੇ ਸਭਪਰ ਡਾਲਹੁ।
ਕਰ ਰਾਖਹੁ ਥਰ ਤਿਆਰ ਉਤਾਲਹੁ।

ਸਿਖ ਅਰਜ਼ ਕਰਦੇ ਹਨ—

ਕਿਸ ਬਿਲੰਬ ਅਬ ਕਰ ਹੈ ਬਾਸਾ।
ਕਿਤ ਦਰਸ਼ਨ ਪ੍ਰਾਪਤ ਸੁਖ ਰਾਸਾ।
ਕਰਹਿ ਕੌਨ ਹਮ ਕੋ ਉਪਦੇਸ।
ਤਜਿਉ ਦੇਸ਼ ਨਿਜ ਬੀਚ ਬਦੇਸ।......



Sri Satguru Jagjit Singh Ji eLibrary NamdhariElibrary@gmail.com

ਨੌਂ ਪਾਤਸਾਹਿ ਅੰਤ ਕੋ ਸਾਰੇ ।
ਸੰਗਤ ਲਰ ਪਕਰਾਇ ਉਦਾਰੇ ।
ਪੁਨ ਬਕੁੰਠ ਗਮਨ ਕੋ ਕਰੈ ।
ਹਮ ਕਿਸ ਕੇ ਪਗ ਪਰ ਸਿਰ ਧਰੈਂ ।......
ਕਿਹ ਕੇ ਕਰ ਬਿਲੰਬ ਕੋ ਚਲੇ ।
ਪੰਥ ਖਾਲਸਾ ਤੁਮਰੋ ਭਲੇ ।......

ਗੁਰੂ ਜੀ ਵਲੋਂ—

ਗੰਢ ਅਕਾਲ ਪੁਰਖ ਸੋ ਪਾਯੋ ।
ਸੌਪਨ ਕਰ ਅੰਚਲ ਪਕਰਾਯੋ ।
ਪਢੀਅਹਿ ਸਰਬ ਗੁਰਨ ਕੀ ਬਾਨੀ ।
ਰਖੀਅਹਿ ਰਹਿਤ ਜੋ ਹਮਹੁ ਬਖਾਨੀ ।
ਪਾਯੋ ਮਾਤ ਕਾਲ ਕਾ ਗੋਦ ।
ਪੰਥ ਖਾਲਸਾ ਲਹਿ ਪ੍ਰਮੋਦ ।......

ਕਰਦ ਕਮਾਨ ਪਾਨ ਮੋ ਧਰਾ ।
ਪਾਠ ਅਰਦਾਸ ਸੰਪੂਰਨ ਕਰਾ ।
ਪੁਨ ਮਖਮਲ ਕਮਰ ਕਸ ਲੀਨੀ ।
ਕੰਧੇ ਧਣਖ ਟਿਕਾਵਨ ਕੀਨੀ ।
ਕਰਦ ਪਾਗ ਮੈ ਧਰੀ ਬਨਾਇ ।
ਲਈ ਹਾਥ ਮੈ ਤੁਪਕ ਉਠਾਇ ।

ਦੋ: ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ ।
ਸ੍ਰੀ ਮੁਖ ਤੇ ਉਚਰਨ ਕੀਹਯੋ ਜੋਤਿ ਜਾਗਤੀ ਅਤੇ ।"

(ਅੜਿਲ) ਸਤੀ ਸੁਹਾਗ ਬਹੂਨ ਜਿਉ ਗੁਰ ਸਾਜ ਕਰ ।
ਗਏ ਸਿੰਘਾਂ ਤੋਂ ਸੋਚੀਏ ਕਿਉਂ ਇਵ ਕਾਜ ਕਰ ।



Sri Satguru Jagjit Singh Ji eLibrary NamdhariElibrary@gmail.com

ਹੈ ਇਸ ਰੋਜ ਦਾ ਚੋਜ ਗੁਰਾਂ ਦਾ ਆਖਦਾ ।
ਹੋ ਅਸਲ ਨ ਕਿਸੇ ਨੂੰ ਪਤਾ ਗੁਰੂ ਅਭਲਾਖਦਾ ।

ਚੌ: ਤਾਹੀਯੋ ਸਭ ਅਸਚਰਜ ਹੀ ਹੋਇ ।
ਗੁਰ ਕੌਤਕ ਹੀ ਲਿਖਦੇ ਸੋਇ ।
ਬਾਦ ਹੋਇਆ ਇਹ ਨਿਰਨਾਂ ਜੈਸਾ ।
(ਦਸਮ ਗੁਰ ਦਰਸਨ) ਪੜ ਲਿਹੋ ਤੈਸਾ ।

—o—o—

## (ਸਿਖਾਂ ਦੇ ਮਨ ਦੀ ਦਸ਼ਾ)

ਸਵੈਯਾ : ਸ੍ਰੀ ਪ੍ਰਭ ਸਿੰਘ ਕਦੰਬ ਪੰਜਾਬ ਕੇ ।
ਕੌਨ ਅਲੰਬ ਈਹਾਂ ਹਮ ਕੇਰਾ ।
ਕੌਨ ਕੇ ਹੋਇ ਸਮੀਪ ਥਿਰੇਂ ਨਿਤ ।
ਕਾਹਿ ਪਿਖੈ ਸਭ ਸੰਜ ਸਵੇਰਾ ।
ਸ੍ਰੀ ਮੁਖ ਤੇ ਬਿਨ ਚਾਰ ਗਿਰਾ ।
ਕਿਸ ਤੇ ਉਪਦੇਸ ਸੁਣੇ ਕਰ ਘੇਰਾ ।
ਦੇਖ ਕਿਸੇ ਹਮ ਆਨੰਦ ਪਾਏ ।
ਇਹ ਲੋਕ ਦੋਊ ਬਿਸ੍ਰਾਮ ਬਡੇਰਾ ।......

(ਤਬੇਲੇ ਦਾ ਸੇਵਕ)

ਦਾਸ ਤੁਰੰਗਨ ਮਹਿ ਗਮਨਿਉ ।
ਇਕ ਰੰਗ ਕੁਮੈਤ ਨ ਡੀਠ ਪਰੇ ।
ਦਾਮ ਖੁਲੇ ਅਗਵਾਰ ਪਛਾਰ ।
ਬਿਲੋਕਤ ਭਾ ਤਿਸ ਥਾਨ ਧਰੇ ।......



Sri Satguru Jagjit Singh Ji eLibrary NamdhariElibrary@gmail.com

## ਦੋ ਘੜੀ ਦਿਨ ਚੜ੍ਹੇ ।

ਦੋਇ ਘੜੀ ਜਬ ਦਿਯੋਸ ਚਰਿਯੋ ।
ਬਹੁ ਸੋਚਤ ਭਏ ਚਿਤ ਸੰਕਟ ਪਾਏ ।
ਈਧਨ ਲਿਆਵਨ ਹਾਰ ਹੁਤੇਂ ਤਿਨ ।
ਬਾਹਰ ਸ੍ਰੀ ਪ੍ਰਭ ਕੋ ਦਰਸਾਏ ।
ਆਏ ਗਯੋ ਪੁਨ ਸਿੰਘਨ ਮਹਿ ।
ਜਹਿ ਸੋਕ ਸਮੇਤ ਰਿਦੈ ਸਮਦਾਏ ।
ਹੇਰ ਖਰੋ ਹੋਇ ਦੀਨ ਸੰਦੇਹਿ ।
ਮੋਹਿ ਮਿਲੇ ਗੁਰ ਦੂਰ ਸੁਥਾਏ ।
ਸ੍ਰੀ ਮੁਖ ਤੇ ਫੁਰਮਾਵਨ ਕੀਨ ।
ਕਹੋ ਸਭ ਸਿੰਘਨ ਕੋ ਸਮਝਾਏ ।
ਆਦ ਤੁਰੰਗਮ ਤੀਰ ਗਯੋ ਹਮ ।
ਵਾਹਿਨ ਬੇਗ ਬਲੀ ਚਪ ਲਾਏ ।
ਸ਼ੋਕ ਨ ਚਿੰਤ ਕਰੋ ਚਿਤ ਮਹਿ ।
ਸਤਿਨਾਮ ਜਪਹੁ ਹੋਇ ਅੰਤ ਸਹਾਇ ।
ਯੋਂ ਕਹੇ ਸ੍ਰੀ ਪ੍ਰਭ ਜਾਤ ਭਏ ।
ਸੁਨ ਕੈ ਗੁਰ ਬਾਤ ਸਭੇ ਬਿਸਮਾਏ ।

ਦੋ: ਸ਼ੋਕ ਕਰਹਿ ਬੈਠੇ ਸਕਲ ਸੁਨ ਤੁਰੰਗ ਕੀ ਬਾਤ ।
ਨਿਜ ਵਾਹਨ ਕੋ ਲੈ ਗਏ ਗੁਰੂ ਬੀਰ ਵਖਿਆਤ ।

ਚੌ: ਜਾਮ ਦਿਵਸ ਜਬ ਹੀ ਚਲ ਆਏ ।
ਚਿਤਵਹਿ ਗੁਰੂ ਚਰਿਤ੍ਰ ਬਿਸਮਾਏ ।

ਏਕ ਸਾਧ ਪੁਨ ਚਲ ਕਰ ਆਯੋ ।
ਸਿੰਘਨ ਕੋ ਅਵਲੋਕ ਅਲਾਯੋ ।



Sri Satguru Jagjit Singh Ji eLibrary NamdhariElibrary@gmail.com

ਸ਼ੋਕ ਚਿੰਤ ਮੌਨ ਮਨ ਧਰ ਕੈ ।
ਤੁਮ ਕਿਮ ਬੈਠੇ ਹੋ ਮਿਲ ਕਰਕੈ ।
ਸੁਨ ਕਰ ਕਹਿਯੋ ਪ੍ਰਸੰਗ ਉਦਾਰੇ ।
ਸ੍ਰੀ ਸਤਿਗੁਰ ਬੈਕੁੰਠ ਸਿਧਾਰੇ ।
ਬੋਲਿਯੋ ਸਾਧ ਪੰਥ ਮਹਿ ਜਾਵਤ ।
ਦੇਖੇ ਤਹਿ ਗੁਰ ਅਗਰ ਸਿਧਾਵਤ ।
ਮੈ ਕਰ ਬੰਦ ਕੀਨ ਪਗ ਨਮੋ ।
ਮੁਸਕਾਵਤ ਬੋਲਹਿ ਤਿਹ ਸਮੋਂ ।
ਆਵਹੁ ਸੰਤ ਦਰਸ਼ ਲਿਹੁ ਦੇਹੁ ।
ਹਰ ਜਨ ਮਿਲਨ ਅਨੰਦ ਅਛੇਹੁ ।
ਮੈ ਸੁਨ ਕਰ ਬੂਝਿਯੋ ਕਰ ਜੋਰ ।
ਰਾਵਰ ਕੋ ਪਿਆਨਾਂ ਕਿਤ ਓਰ ।
ਦਾਸ ਨਹੀ ਕੋਈ ਸਾਥ ਤਿਹਾਰੇ ।
ਨਾਥ ਇਕਾਕੀ ਕਹਾਂ ਪਧਾਰੇ ।
ਬੋਲੇ ਸ੍ਰੀ ਮੁਖ ਤੇ ਮੁਸ਼ਕਾਵਤ ।
ਹਮ ਅਖੇਰ ਹਿਤ ਬਨ ਕੋ ਜਾਵਤ ।
ਕਰਹਿ ਸੈਲ ਜੇਤਕ ਮਨ ਭਾਵਤ ।
ਜਿਤ ਕਿਤ ਬਿਚਰਤ ਆਨੰਦ ਪਾਵਤ ।
ਇਮ ਕਹੇ ਸਤਿਗੁਰ ਅਗਰ ਸਧਾਰੇ ।
ਹੈ ਕੁਮੈਤ ਪਰ ਆਯੁਧ ਧਾਰੇ ।
ਅਬ ਹੀ ਹੈ ਬਿਲੋਕ ਚਲ ਆਯੋ ।
ਤੁਮ ਅਚਾਨਕ ਕਹਾਂ ਸੁਨਾਯੋ ।
ਜੇ ਤਿਨ ਹੋਤ ਗਵਨ ਪ੍ਰਲੋਕ ।
ਮੈ ਕਿਮ ਲੇਤੋ ਦਰਸ ਬਿਲੋਕ ।
ਪੰਥ ਪਯਾਨਤ ਭਲ ਬਿਧ ਹੇਰੇ ।



Sri Satguru Jagjit Singh Ji eLibrary NamdhariElibrary@gmail.com

ਤੌ ਪ੍ਰਲੋਕ ਕਿਮ ਸੰਸੇ ਮੇਰੇ।
ਅਦਭੁਤ ਚਲਿਤ ਗੁਰੂ ਕੇ ਐਸੇ।
ਕਹਿ ਸੁਨ ਕਰ ਬਿਸਮੇ ਸਭ ਬੈਸੇ।......

ਪ੍ਰਿਥਮ ਕਨਾਤ ਸੋ ਖੋਲ੍ਹ ਹਟਾਈ।
ਚਿਤਾ ਭਸਮ ਕੀਨਸ ਇਕ ਥਾਈ।
ਆਯੁਧ ਤਹਿ ਏਕ ਨਹਿ ਪਾਯੋ।
ਹੇਰ ਸਭਨ ਕੋ ਮਨ ਬਿਸਮਾਯੋ।
ਅਸਤੀ ਕੋ ਤਹਿ ਲੇਸ ਨ ਕੋਈ।
ਈਧਨ ਭਸਮ ਪਰੀ ਥੋ ਜੋਈ।
ਦੇਹਿ ਸਹਿਤ ਕੀਨਸ ਪ੍ਰਸਥਾਨਾਂ।
ਮਗ ਗਮਨੇ ਪਿਖ ਨਿਸਚੇ ਠਾਨਾਂ"।......

ਬਾਲਣ ਲਿਔਣ ਵਾਲੇ ਸਿਖ ਤੇ ਇਕ ਸਾਧ ਦੇ ਦਸਣ ਬਾਦ ਸੰਗਤ ਦਾ ਅਸਚਰਜ ਹੋਣਾ ਤੇ ਮੰਨ ਲੈਣਾ ਕੇ ਗੁਰੂ ਜੀ ਨਿਸਚੇ ਹੀ ਕਨਾਤ ਵਿਚੋਂ ਸਣਦੇਹ ਚਲੇ ਗਏ ਹਨ।

ਤੇ ਕਮੈਤ ਘੋੜਾ ਤਬੇਲੇ ਚੋਂ ਚਲਾ ਗਿਆ ਵੇਖ ਤੇ ਗੁਰੂ ਜੀ ਦਾ ਸੁਨੇਹਾ "ਕਹੋ ਸਭ ਸਿੰਘਨ ਕੋ ਸਮਝਾਏ" "ਆਦ ਤੁਰੰਗਮ ਤੀਰ ਗਯੋ ਹਮ" ਸ਼ੋਕ ਨ ਚਿੰਤ ਕਰੋ ਚਿਤਮੈ। ਸੁਣਕੇ ਧੀਰਜ ਕਰਦੇ ਹਨ। ਲਿਖਕੇ ਸੰਤੋਖ ਸਿੰਘ ਜੀ ਹੋਰ ਇਕ ਕਥਾ ਲਿਖਦੇ ਹਨ।

"ਬਹੁਤ ਸਹਾਇਕ ਭਏ ਤਿਸ ਦੇਸ।
ਸੁਨਯੋ ਯੋਂ ਭੀ ਕਥਾ ਬਸੇਸ।"
ਤਹਾ ਗ੍ਰਾਮ ਜਨਵਾਰਾ ਨਾਏ।
ਰੁਸਤਮ ਰਾਏ ਅਰ ਬਾਲਾ ਰਾਏ।
ਦੋਇ ਭ੍ਰਾਤ ਜੋਧਾ ਬਡ ਬਲੀ।


Sri Satguru Jagjit Singh Ji eLibrary NamdhariElibrary@gmail.com

ਕੁਛ ਕੁ ਰਾਜ ਕਰਤੇ ਬਿਧ ਭਲੀ।
ਦੇਸ ਮਰਹਟਾ ਕੋ ਨਿਤ ਲੂਟੈ।
ਜੋ ਲਰ ਪਰੇ ਤੁਰਤ ਤਿਸ ਕੂਟੈ।
ਪਰੀ ਧਾਂਕ ਡਰ ਸਗਲੈ ਮਾਨੈ।
ਅਰੇ ਨ ਕੋਊ ਧਨ ਗਨ ਆਨੈ।
ਤਿਨ ਪਰ ਚਰਿਉ ਮਰਹੱਟਾ ਰਾਏ।
ਚਮੂੰ ਲਾਖ ਇਕਠੀ ਕਰ ਲਿਆਏ।
ਤਿਨ ਕੇ ਸੰਗੇ ਜੰਗ ਬਹੁ ਭਏ।
ਘੇਰ ਭ੍ਰਾਤ ਦੋਨੋ ਤਾਹਿ ਲਹਿ।
ਕਰੈ ਕੈਦ ਸੰਗਲ ਪਗ ਡਾਰੇ।
ਗੇਰੇ ਬਿਮੁਖ ਦੁਰਗ ਸਤਾਰੇ।
ਜਹਿ ਪੰਛੀ ਭੀ ਜਾਇ ਨ ਸਕੇ।
ਮਾਨਸ ਬਪੁਰਾ ਕਿਆ ਤਿਸ ਤਕੇ।......

ਅਰਧ ਰਾਤ ਸਿਮਰਤ ਗੁਰ ਜਬੈ।
ਪ੍ਰਗਟੈ ਸ੍ਰੀ ਗੋਬਿੰਦ ਸਿੰਘ ਤਬੈ।
ਸਬਦ ਤਰੰਗਮ ਕੋ ਸੁਨ ਪਾਯੋ।
ਉਠਿਯੋ ਰਾਵਿ ਤਿਤ ਨੈਨ ਲਗਾਯੋ।
ਬਿਸਿਮਤ ਬੂਝਿਯੋ ਕਹੋ ਤੁਮ ਕੌਨ।
ਸ੍ਰੀ ਗੁਰੂ ਕਹਾ ਅਰਾਧਹਿ ਜੌਨ।
ਸੋ ਪਹੁਚਿਯੋ ਤੁਵ ਕਰਨ ਸਹਾਏ।
ਉਠਹੁ ਅਬਹਿ ਨਹਿ ਬਿਲਮ ਲਗਾਏ।
ਅਬ ਦੋਨੋਂ ਹ੍ਵੈ ਤੁਮ ਠਾਢੇ।
ਗਹਹੁ ਰਕਾਬ ਦ੍ਵਾਲ ਦ੍ਵੈ ਗਾਢੇ।
ਚੌਕੀ ਦਾਰਨ ਦੇਹੁ ਜਗਾਏ।



Sri Satguru Jagjit Singh Ji eLibrary NamdhariElibrary@gmail.com

ਘੇਰ ਲੇਹੁ ਅਬ ਹਮ ਚਲ ਜਾਏ।
ਗਹਿ ਕੈ ਦੂਾਲ ਕਹਿਯੋ ਦਵੈ ਭਾਈ।
ਅਬ ਹਮਰੇ ਗੁਰ ਭਏ ਸਹਾਈ।
ਜੌਂ ਬਲ ਹੈ ਤੌ ਲੀਜੇ ਘੇਰੇ।
ਨਾਹਿ ਤਾਂ ਪਹੁਚਹਿ ਨਿਜ ਡੇਰੇ।
ਸੁਨ ਊਚੀ ਧੁਨ ਕੋ ਤਬ ਜਾਗੇ।
ਉਠ ਕਰ ਘੋਰ ਪਕਰਨੇ ਲਾਗੇ।
ਤਬ ਸਤਿਗੁਰੂ ਤੁਰੰਗਮ ਪ੍ਰੇਰਾ।
ਪੰਛੀ ਜਿਮ ਗਮਨੇ ਤਿਸ ਬੇਰਾ।......

ਦਵਾ ਦਸ ਕੋਸ ਬੰਦਾ ਚਲ ਗਏ।
ਦਵਾਲ ਛੁਰਾਏ ਬਖਾਨਤ ਭਏ।
ਇਹ ਦਰਸਨ ਕੋ ਹਠ ਨ ਧਰੀਏ।
ਅਬਚਲ ਨਗਰ ਪਿਆਨਾਂ ਕਰੀਏ।
ਇਮ ਕਹੇ ਹੋਏ ਅੰਤਰ ਧਿਆਨਾਂ।
ਸ੍ਰੀ ਗੁਰੂ ਗੋਬਿੰਦ ਸਿੰਘ ਸੁਜਾਨਾਂ।
ਬਨ ਸਹਾਇਕ ਬੰਦ ਖਲਾਸੀ।
ਨਿਜ ਦਾਸਨ ਕਾਟਤ ਜਮ ਫਾਂਸੀ।"

ਉਪਰ ਲਿਖਿਆ ਪ੍ਰਸੰਗ ਪੜ੍ਹਕੇ ਨਿਸਚਾ ਹੁੰਦਾ ਹੈ ਕਿ ਗੁਰੂ ਜੀ ਸ਼ਰਧਾਲੂਆਂ ਨੂੰ ਤੇ ਅਰਾਧਨ ਵਾਲਿਆਂ ਨੂੰ ਦਰਸ਼ਨ ਦੇਂਦੇ ਤੇ ਬਹੁੜਦੇ ਰਹੇ ਹਨ। ਨਦੇੜ ਕੌਤਕੋਂ ਬਾਦ।

(ਅੜਿਲ) ਲਕੜਾਂ ਲਿਆਵਨ ਹਾਰੇ ਸਿਖ ਤੇ ਸਾਧ ਨੂੰ।
ਹੈ ਦਰਸ਼ਨ ਦੇ ਗੁਰ ਆਪਣੇ ਜੀਵਨ ਬਾਦ ਨੂੰ।



Sri Satguru Jagjit Singh Ji eLibrary NamdhariElibrary@gmail.com

ਭੀ ਕੀਤਾ ਆਪ ਉਜਾਗਰ ਪਾਠਕ ਜਾਨੀਏ।
ਹੋ ਕਢ ਬੰਦ ਚੋਂ ਦੋਨੋਂ ਬੀਰ ਕਰ ਮਿਹਰ ਬਾਨੀਏ।
ਪੜ ਪਤਾ ਹੈ ਲਗਦਾ। ਗੁਰ ਕੌਤਕੀ ਮਗਦਾ।
ਨਰ ਨਾਟਕ ਜਿਸ ਹੇਤ। ਕੀਤਾ ਅੱਗੇ ਉਹ ਖੁਲੇਗਾ ਭੇਤ।

ਤ: ਸ੍ਰੀ ਰਾਮਪੁਰ।

ਹੁਣ ਗਿਆਨੀ ਗਿਆਨ ਸਿੰਘ ਜੀ ਨਿਰਮਲੇ ਸੰਤ ਜੀ ਦੇ ਪੰਥ ਪ੍ਰਕਾਸ਼ ਲਿਖੇ ਵਿਚੋਂ ਨਦੇੜ ਕੌਤਕ ਤੋਂ ਨਾਲ ਲਗਦੇ (ਦਸਮ ਗੁਰ ਦਰਸ਼ਨ) ਦੇ ਪ੍ਰਸੰਗ ਪਾਠਕਾਂ ਦੀ ਭੇਟਾ ਕਰਦਾ ਹਾਂ। ਗਿਆਨੀ ਗਿਆਨ ਸਿੰਘ ਜੀ ਨਦੇੜ ਦਾ ਕੌਤਕ ਇਸ ਸਤਰ ਤੋਂ ਅਰੰਭਦੇ ਹਨ। ਮੈਂ ਲੋੜ ਅਨੁਸਾਰ ਸਾਰ ਹੀ ਦੇਂਦਾ ਹਾਂ। ਤ:

"ਕਮਰ ਕਸਾ ਸਭ ਸਸਤ੍ਰ ਪਹਿਰੇ"।

ਚੌ: ਤਬ ਆਸਣ ਤੇ ਉਠੇ ਗੁਸਾਈ।
ਚਲੇ ਚਿਤਾ ਦਿਸ ਮੁਦਤ ਮਹਾਈ।
ਸਿਖ ਕਨਾਤ ਤੇ ਦੂਰ ਹਟਾਏ।
ਆਪ ਪ੍ਰਵਿਸੇ ਤਾਹਿ ਮੈ ਜਾਏ।......

(ਗੀਆ ਛੰਦ) ਇਤ ਕਰ ਗੁਰ ਨਰ ਨਾਟਕੇ।
ਜਬ ਗਏ ਬੀਚ ਕਨਾਤ ਥੇ।......

ਕਨਾਤ ਤੇ ਅਗਨ ਵਲੋਂ ਵੇਖ ਕੇ ਜੋ ਸਿੰਘਾਂ ਦੀ ਦਸਾ ਹੋਈ।
ਜਲ ਝਰਿਉ ਝਰਨਾ ਜਿਉ ਦ੍ਰਿਗੇ ਪ੍ਰਵਾਹ ਪ੍ਰੇਮ ਵਰਾਗ ਕੋ

ਰਸ ਭਇਉ ਕਰਨਾਂ ਚਹੁ ਦਿਸੇਂ ਕਨਾਤ ਕੇ ਪਿਖ ਆਗ ਕੋ।
ਕਰ ਰੁਦਨ ਕਹਿ ਸਿਖ ਹੇ ਗੁਰੂ ਕਿਤ ਗਏ ਹਮ ਕੋ ਛੋਰ ਹੈ।
ਇਸ ਦੇਸ ਵੇਸ ਪ੍ਰਦੇਸ ਮੈਂ ਅਬ ਕੌਣ ਹਮਰਾ ਹੋਰ ਹੈ।...



Sri Satguru Jagjit Singh Ji eLibrary NamdhariElibrary@gmail.com

ਅਬ ਗਹਿ ਕਿਸ ਕਾ ਆਸਰਾ ਬੇ ਯੋਗ ਰਾਵਰ ਦੁਖ ਦੀਆ...
ਹਮ ਸੋਕ ਸਿੰਧਹਿ ਜਾਤ ਬੂਢੇ ਕਢ ਗੁਰੂ ਦੇ ਬਾਹਿ ਜੀ।
ਇਹ ਪੰਥ ਬੇੜਾ ਬਿਨ ਮਲਾਹੇ ਪਾਰ ਕੈਸੇ ਪਾਹਿ ਜੀ।
ਜਿਮ ਬਾਗ ਮਾਲੀ ਬਿਨਾਂ ਪਾਲੀ ਅਜਾ ਬਨ ਮੈਂ ਖੀਨ ਹੈ।
ਜਿਮ ਤੀਆ ਪੀਆ ਬਿਨਾਂ ਦੀਆ ਧਾਮ ਤਨ ਦ੍ਰਿਗ ਹੀਨ ਹੈਂ।...

੨੯੬ ਪੰਨਾਂ

ਸਿੰਘਾਂ ਨੂੰ ਅਧੀਰਜੀ ਤੇ ਦੁਖੀ ਦੇਖਕੇ ਦਇਆ ਸਿੰਘ ਜੀ ਹੌਂਸਲਾ ਦੇਂਦੇ ਹਨ। ਤੇ ਇਤਨੇ ਨੂੰ

ਤਬ ਲੌ ਪਹੁੰਚੇ ਸਾਧ ਤਿਹ ਠਾ ਚਲ ਪੰਜਾਬੋਂ ਚਾਰ ਹੈ।
ਤਿਨ ਤਈਂ ਪਾਂਚਕ ਕੋਸ ਪਰ ਗੁਰ ਮਿਲੇ ਕਰਤ ਸ਼ਿਕਾਰ ਹੈ।
ਉਨ ਪੇਖ ਅਵਚਲ ਨਗਰ ਬਿਆਕੁਲ ਸਗਰ ਸਿੰਘਹਿ ਬੂਝਿਯੋ।
ਤਬ ਕਹਿਯੋ ਸਿੰਘਨ ਗੁਰੂ ਜੀ ਪ੍ਰਲੋਕ ਗਮਨੇ ਗੂਝਿਯੋ।
ਫਿਰ ਕਹਿਯੋ ਸੰਤਹਿ ਕੂਰਿ ਕਹਿ ਹੋ ਮਿਲੇ ਹਮ ਕੋ ਸੋ ਅਬੈ।
ਅਸਵਾਰ ਬਾਜ ਕੁਮੈਤ ਪੈ ਸਿਤ ਬਾਜ ਕਰ ਪਰਾਬਾ ਫਬੈ।
ਅਤ ਚਟਤ ਕਾਠੀ ਸਬਜਿਯੋ ਠਟਕ ਅਘਟਤ ਦਿਪਤ ਥੀ।
ਯੁਤ ਸਵਾਨ ਬਗਲੇ ਦਸਕ ਸਿੰਘਨ ਪਿਖੇ ਬਿਤਿ ਆਛਿਪਤ ਥੀ।
ਸੁਨ ਸਿਘਨ ਅਚਰਜ ਮਾਨ ਹੇਰਿਉ ਜੋ ਤਬੇਲਾ ਜਾਏ ਹੈ।
ਨਹਿ ਵਸਾਨ ਬਗਲਾ ਅਸਵ ਕਾਠੀ ਬਾਜ ਸਿਤ ਤਿਸ ਥਾਏ ਹੈ।
ਤਬ ਧਾਰ ਨਿਸਚੇ ਕਹਿਯੋ ਸਿੰਘਹਿ ਚਰਤ ਗੁਰ ਇਹ ਕਿਆ ਕੀਉ।
ਹਮ ਤਈ ਏਕਲ ਛੋਰ ਧੋਖਾ ਦੇ ਸੁਪੰਥਾ ਅਨਲੀਉ।...

ਇਹ ਸੋਚ ਫੋਲਿਉ ਤਿਨ ਅੰਗੀਠਾ ਕਰਦ ਲਘੁ ਇਕ ਪਾਈਆ।
ਨਹਿ ਮਿਲਿਉ ਅਸਥਿ ਸਸਤ੍ਰ ਕੋਈ ਗੁਰੂ ਬੇ ਜੋ ਲਾਈਆ।

੨੯੭ ਪੰਨਾ



Sri Satguru Jagjit Singh Ji eLibrary NamdhariElibrary@gmail.com

ਗਿਆਨੀ ਜੀ ਜਿਥੇ ਭੀ ਗੁਰੂ ਜੀ ਦਾ ਐਸਾ ਕੌਤਕ ਕੀਤਾ ਜਾਣਿਆ ਹੈ ਉਸ ਨੂੰ ਨਰ ਨਾਟਕ ਹੀ ਲਿਖਿਆ ਹੈ। ਜਿਹਾ ਕਿ ਉਚ ਦੇ ਪੀਰ ਬਣਨ ਦੇ ਸਮੇਂ ।

ਚੌ: "ਗੁਰੂ ਮੰਚ ਪੁਨ ਹੋਏ ਅਸਵਾਰੇ, ਆਗੇ ਚਲੇ ਕੌਤਕੀ ਭਾਰੇ ।
ਨਰ ਨਾਟਕ ਇਹ ਥਾਟ ਦਿਖਾਯੋ, ਹੇਹਰ ਨਗਰ ਅਗਾਰੀ ਆਯੋ ।
੨੦੯ ਪੰਨਾ

ਤਿਵੇਂ ਹੀ ਨਦੇੜ ਦੇ ਕੌਤਕ ਨੂੰ "ਇਤ ਕਰ ਨਰ ਨਾਟਕੇ ਜਬ ਗਏ ਬੀਚ ਕਨਾਤ ਥੇ।" ਹੀ ਗਿਆਨੀ ਜੀ ਲਿਖਿਆ ਹੈ। ਤੇ ਜਿਵੇਂ ਪੰਜਾਬ ਦੇ ਸਾਧਾਂ ਨੂੰ (ਦਸਮ ਗੁਰ ਦਰਸਨ) ਹੋਇਆ। ਦਸ ਸਿੰਘਾਂ ਦੇ ਸਣੇ ਜਾਂਦਿਆਂ ਦਾ ਗਿਆਨੀ ਜੀ ਨਦੇੜ ਦੇ ਸਮੇਂ ਲਿਖੇ ਵਿਚ ਲਿਖਿਆ ਹੈ । ਤਿਵੇਂ ਦੁਬਾਰਾ ਉਸਦੀ ਪੁਸ਼ਟੀ ਲਈ ਲਿਖਦੇ ਹਨ ।

"ਹਰ ਸਰਨ ਕਾ ਥਾ ਗੁਰੂ ਦਾਦਾ ਢਿਗ ਹੰਗੋਲੀ ਨਗਰ ਤੇ ।
ਜਿਸ ਤਈਂ ਥਾ ਗੁਰ ਦਰਸ ਦੀਨਾਂ ਲੋਪ ਕਰ ਤਨ ਮਗਰ ਤ ।"
੨੯੮ ਪੰਨਾਂ

(ਅੜਿਲ) ਮੈਂ ਸਮਝਵਾਨਾਂ ਲਈ ਦਿਤਾ ਲਿਖ ਕੁਝ ਸਾਰ ਹੈ ।
ਮੰਨ ਵਾਕੇ ਪ੍ਰਮ ਪ੍ਰਸਿਧ ਨਹੀਂ ਕਰਾ ਵਿਥਾਰ ਹੈ ।
ਭੀ ਨਾਲੇ ਹੈ ਮੇਰਾ ਭਾਵ ਨਦੇੜੋਂ ਬਾਦ ਦਾ ।
ਹੋ ਲਿਖ ਦਸਨਾ ਇਛਿਹਾਸ ਗੁਰਾਂ ਦੀ ਯਾਦ ਦਾ ।
ਭੀ ਕੋਲੋਂ ਕੁਝ ਨ ਪਾਣਾ ਛਪਿਆ ਦੱਸਨਾ ।
ਝੂਠ ਈਰਖੋਂ ਰਹਿਤ ਖੋਜ ਵਿਚ ਵਸਨਾ ।
ਲਿਖਾਂ ਜਿਨਾਂ ਕੂ ਗੁਰ ਇਛਿਹਾਸ ਜਿਨ੍ਹਾ ਹੈ ਛੱਵਿਆ ।
ਹੋ ਚੁਣੇ ਫੁਲ ਸਰਧਾ ਸੰਗ ਸਰਦਾ ਹਾਰ ਪ੍ਰੋਇਆ । ਤ:



Sri Satguru Jagjit Singh Ji eLibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ (ਦਸਮ ਗੁਰ ਦਰਸ਼ਨ) ਦੀ ਵਾਰਤਾ ਵਿਚ ਬਹੁੜ ਕੇ ਗੁਰੂ ਜੀ ਦੇ ਬੰਦਾ ਬਹਾਦਰ ਨਾਲ ਤੇ ਬਾਲਾ ਰਾਏ ਰੁਸਤਮ ਰਾਏ ਨਾਲ ਬਚਨ[1] ਕੀਤੇ ਅਨੁਸਾਰ ਦਰਸਨ ਦੇਣ ਤੇ ਸਹਾਇਤਾ ਕਰਨ ਦੀ ਲਿਖਦੇ ਹਨ। ਜੋ ਇਸ ਤਰ੍ਹਾਂ ਹੈ।

(ਸੋਰਠਾ) "ਬੇਰ[2] ਆਦ ਗੁਰ ਕੇਰ ਸਿਆਲ ਕੋਟ ਹੈ ਹੇਰ ਜੋ।
ਭਏ ਸ਼ਹੀਦ ਬਧੇਰ ਨਥਾ ਸਿੰਘ ਦਿਆਲ ਸਿੰਘ।

ਚੌ: ਸ੍ਰੀ ਅੰਮ੍ਰਿਤਸਰ ਪ੍ਰਗਣੇ ਮਾਹੀ ਪਿੰਡ ਕਾਲੇਕੇ ਮਾਹਿਲ ਆਹੀ।
ਜਿਮੀਦਾਰ ਸੇਵਾ ਸਿੰਘ ਜਹਾਂ, ਬਸਤ ਖਾਲਸੇ ਮੈ ਮਿਲ ਰਹਾ।
ਨਥਾ ਸਿੰਘ ਦਿਆਲ ਸਿੰਘ ਤਾਕੇ, ਪੂਤ ਸਪੂਤ ਥੀਏ ਬਡ ਬਾਂਕੇ।
ਦੀਪ ਸਿੰਘ ਸ਼ਹੀਦ ਉਦਾਰੇ, ਭਯੋ ਪੰਥ ਮੈ ਬਿਦਤ ਅਪਾਰੇ।
ਤਿਸਤੇ ਅੰਮ੍ਰਿਤ ਇਨਹੂ ਲੀਉ, ਨਾਮ ਸ਼ਹੀਦ ਇਨੈ ਇਮ ਥੀਉ।...
ਮੁਲਕ ਖਾਲਸੇ ਮਲਿਉ ਜਬੈ, ਨਥਾ ਸਿੰਘ ਦਿਆਲ ਸਿੰਘ ਤਬੈ।

---

(੧) ਬੰਦੇ ਬਹਾਦਰ ਨਾਲ ਬਚਨ। ਉਸ ਦੀ ਅਰਜ਼ "ਭੀੜ ਪੜੀ ਜਹਾਂ ਹਮ ਪਰ ਆਏ। ਤਹ ਤੁਮ ਕਰਨੀ ਯੋਗ ਸਹਾਏ"। ਤੇ "ਪੰਜ ਸਿੰਘ ਤੂੰ ਲੈ ਕੇ ਸਾਥ। ਕਰ ਅਰਦਾਸ ਪੂਰੀ ਹੋਇ ਬਾਤ।" ਪ੍ਰਾਚੀਨ ਪੰਥ ਪ੍ਰਕਾਸ਼/ਪੰਨਾਂ ੯੨ ਰਤਨ ਸਿੰਘ ਜੀ ਭੰਗੂ ਕ੍ਰਿਤ।

ਬਲਾ ਰਾਏ ਤੇ ਰੁਸਤਮ ਰਾਏ ਨਾਲ ਬਚਨ। "ਜਿਹ ਸਿਖ ਸੰਗਤ ਪਾਂਚ ਮਨਾਵਹੁ"। "ਮੈਂ ਤਿਨ ਤੇ ਨਹੀਂ ਦੂਰ ਪ੍ਰਮਾਨਹੁ"। ਜਿਹ ਚਾਹੇ ਵਹ ਮੁਝ ਸੋ ਬੁਲਾਵੈ। ਪ੍ਰੇਮ ਸਰੂਪ ਬਾਂਧ ਹਮ ਆਵੈ।

ਗੁਰ ਬਿਲਾਸ ਪਾ: ੧੦ ਸੁਖਾ ਸਿੰਘ "ਕ੍ਰਿਤ" ਪੰਨਾਂ ੬੧੦

(੨) ੭੦੪ ਪੰਨੇ ਤੋਂ ਅਰੰਭ ਨਥਾ ਸਿੰਘ ਦਿਆਲ ਸਿੰਘ ਸ਼ਹੀਦਾਂ ਦੇ ਪ੍ਰਸੰਗ ਵਿਚੋਂ ੭੨੬ ਪੰਨੇ ਤੱਕ।



Sri Satguru Jagjit Singh Ji eLibrary NamdhariElibrary@gmail.com

ਏਕ ਲਾਖ ਕਾ ਲਇਓ ਇਲਾਕਾ ਸਿਆਲ ਕੋਟ ਕੇ ਗਿਰਦੇ ਬਾਂਕਾ...
ਇਤ ਦਿਸ ਸਿੰਘਨ ਮੁਲਕ ਪੰਜਾਬੈ, ਲਇਓ ਸੰਭਾਰ ਸਜੋਰ ਸ਼ਤਾਬੈ।
ਹੁਤੋ ਕਾਬਲੀ ਮਲ ਜੋ ਸੂਬਾ, ਬੀਚ ਲਹੌਰ ਤੰਗ ਕੀਯੋ ਖ਼ੂਬਾ।
ਤਿਨ ਤਿਹ ਸਾਹਿ ਤਹਿਮੂਰ ਬੁਲਾਯੋ, ਸੋ ਭੀ ਚਢ ਪੰਜਾਬ ਦਿਸ ਆਯੋ।
ਸੱਤਰ ਹਜਾਰ ਸੰਗ ਅਸਵਾਰੇ, ਲਿਆਯੋ ਬੀਰ ਲੜਾਕੇ ਭਾਰੇ।
ਅਠਾਰਾਂ ਸੌ ਬੱਤੀ ਮਾਹੈ, ਅਟਕ ਝਟਕ ਜਬ ਲਖਯੋ ਵਾਹੈਂ।
ਤਰਥਲ ਪਰਿਓ ਮੁਲਕ ਮਝਾਰੈ, ਪਰੀ ਭਾਜੜੇਂ ਫੇਰ ਅਪਾਰੈ।

ਦੋ: ਨਥਾ ਸਿੰਘ ਦਿਆਲ ਸਿੰਘ ਮੋਹਣ ਸਿੰਘ ਸਿੰਘ ਜੀਤ।
ਨਾਹਰ ਸਿੰਘ ਜੀਵਨ ਹਰੀ ਮਹਾਂ ਸਿੰਘ ਅਭੀਤ।

ਚੌ: ਸਿੰਘ ਸਰਦਾਰ ਇਤ ਆਦਿ ਉਦਾਰੇ।
ਸਿਆਲ ਕੋਟ ਥਿਰ ਰਹੇ ਅਪਾਰੇ।
ਦਿਆਲ ਸਿੰਘ ਸਭ ਪ੍ਰਤਿ ਇਮ ਪ੍ਰੀਹਾ।
ਦੈਨਾ ਹਵੈ ਸਿਰ ਜਿਸਨੇ ਈਹਾ।
ਸੋਈ ਰਹੇ ਔਰੇ ਭਗ ਜਾਈ।
ਹਮ ਤੋ ਬਾਜੀ ਸਿਰ ਕੀ ਲਾਈ।
ਸਿਦਕ ਧਰਮ ਨੈਸਾਨੀ ਬਾਨੀ।
ਸੁਣਕੇ ਸਿੰਘ ਖੁਸ਼ ਭਏ ਮਹਾਨੀ।
ਰਹੇ ਤਹਾ ਹੀ ਥਿਰੇ ਅਪਾਰੇ।
ਕਸਮੇ ਕੀਨੀ ਚਲ ਗੁਰਦੁਆਰੇ।
ਚਾਰ ਹਜ਼ਾਰ ਕੁ ਜੁਰਿਓ ਬਹਾਦਰ।
ਲਰਨ ਮਰਨ ਕੋ ਚਾਹੇ ਸਾਦਰ।
ਦਿਆਲ ਸਿੰਘ ਨਥਾ ਸਿੰਘ ਭਾਈ।
ਖਾਨ ਪਾਨ ਦੇ ਹੈ ਸਭ ਭਾਈ।
ਤੁਰਕ ਫੌਜ ਨਾਲ ਦਿਆਲ ਸਿੰਘ ਅੱਗੇ ਹੋ ਲੜਦੇ ਨੂੰ



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

"ਤਾਹੀ ਸਮੇਂ ਲਾਗਿਉ ਦੁਗਾੜਾ ਆਏ ਮਾਥ ਬੀਚ ।
ਨਿਕਲਿਉ ਕਪਾਲ ਫੋਰ ਦੂਤੀ ਓਰ ਬਾਹਰੈਂ ।
ਤੌ ਭੀ ਸਿੰਘ ਦੌਰਕੈ ਆਗਹਿ ਪਾਂਚ ਸਾਤ ਢਾਹਿ ।
ਵਾਹਿਗੁਰੂ ਬੋਲ ਚਾਹਿ ਗਿਰਿਓ ਮੂੰਹ ਭਾਰ ਰੈ ।
ਨਥਾ ਸਿੰਘ ਨਾਹਰੇ ਉਠਾਏ ਲਿਆਏ ਝਟ ਪਟ ।
ਕਿਲੇ ਮੈ ਪਠਾਏ ਦੀਨ ਜੰਗ ਕੀਨ ਠਾਹਰੈ ।
ਤਾਹੀ ਸਮੇਂ ਰਾਮ ਸਿੰਘ ਜੀਤ ਸਿੰਘ ਮੋਹਰ ਸਿੰਘ ।
ਆਦਕੈ ਸ਼ਹੀਦ ਹ੍ਵੈ ਨਿਭਾਹਯੋ ਸੰਗ ਜਾਹਰੈ ।

ਭਰਾ ਨੂੰ ਫਟੜ ਤੇ ਸਾਥੀਆਂ ਨੂੰ ਸ਼ਹੀਦ ਹੋਣ ਬਾਦ ਵੀ ਹਾਰ ਹੁੰਦੀ ਜਾਣਕੇ ਦਸਮ ਜੀ ਦੇ ਬਚਨ "ਕਰ ਅਰਦਾਸ ਪੂਰੀ ਹੋਏ ਆਸ" ਤੇ ਪ੍ਰੇਮ ਸਰੂਪ ਬਾਂਧ ਹਮ ਆਵੇਂ । ਤੇ ਮ: ੩ ਦਾ "ਓਥੈ ਸਤਿਗੁਰ ਬੇਲੀ ਹੋਵੈ ਕਢ ਲਏ ਅੰਤੀਵਾਰ ।" ਵਾਕ ਚਿਤਾਰ ਪੰਜ ਸਿੰਘ ਜੋੜ ਅਰਦਾਸ ਕਰਦਾ ਹੈ । ਤਾਂ

॥ ਕਬਿਤ ॥

"ਪਾਂਚ ਸਿੰਘ ਖੜੇ ਕਰ ਅਰਦਾਸ ਕਰਵਾਈ ।
ਗੁਰੂ ਦਸਮੇਸ਼ ਪੈ ਬਿਸ਼ੇਸ਼ ਹੂੰ ਪੁਕਾਰ ਕੈ ।
ਏਜੂ ਮਹਾਰਾਜ ਆਜ ਕਠਨ ਵਖਤ ਪਰਿਉ ।
ਰਾਖ ਲੇਹੁ ਲਾਜ ਨਿਜ ਬਿਰਦ ਸੰਭਾਰ ਕੈ ।
ਦ੍ਰੋਪਤੀ ਕੀ ਬੇਰ ਆਖ ਦੇਰ ਨ ਕਰੀ ਜਿਯੋਂ ।
ਜਿਮ ਕਰੀ ਕੀ ਪੁਕਾਰ ਪੈ ਨ ਆਏ ਕਰ ਬਾਰ ਕੈ ।
ਸੰਕਟ ਬਿਕਟ ਕਾਟੇ ਦਰਸਨ ਦੇ ਡਾਂਟਿ ਅਰਿ ।
ਪ੍ਰਹਿਲਾਦ ਅਹਿਲਾਦ ਦੀਨ ਥੰਭ ਫਾਰ ਕੈ । ੩੩ : ਕ:



Sri Satguru Jagjit Singh Ji eLibrary NamdhariElibrary@gmail.com

ਘਲੂ ਘਾਰੇ ਦੋਇ ਮੈ ਉਬਾਰੇ ਸਿੰਘ ਸਤ੍ਰੌ ਤੈ।
ਮੀਰ੧ ਮੰਨੂੰ ਬੇਰ ਫੇਰ ਦੇਰ ਜੈਸ ਨ ਕਰੀ।
ਭਰਤ ਪੁਰੇ ਮਾਹਿ ਕਰ ਸਰਤ ਬਚਾਏ ਸਿਖ।
ਸਰਤਾ ਮੈ ਡੂਬਤੇ ਬਚਾਏ ਜਿਮ ਹਵੈ ਤਰੀ।
ਹਾਨੂ ਸਿੰਘ ਤੇ ਨਿਬਾਹੂ ਸਿੰਘ ਕੇ ਨਿਬਾਹੁ ਥਏ।
ਦਾਸਨ ਕੀ ਆਸ ਬਹੁ ਠੌਰ ਐਸ ਜਯੋਂ ਭਰੀ।
ਆਜ ਮਹਾਰਾਜ਼ ਇਹ ਤੇਰੋ ਹੀ ਜਹਾਜ ਆਹਿ।
ਰਾਖ ਲਾਜ ਗਾਜ ਕੈ ਗੋਬਿੰਦ ਸਿੰਘ ਜੂ ਹਰੀ। ੩੪ : ਕ:
ਵੀਰ ਨੂੰ ਦੁਗਾੜਾ ਵੱਜਾ ਹਾਰ ਹੁੰਦੀ ਜਾਪਦੀ। ੭੨੫ ਪਨਾਂ
ਆਸਰਾ ਨ ਏਸ ਸਮੇਂ ਬਿਨਾਂ ਮਦਦ ਆਪ ਦੀ।
ਲਾਜ ਰਖੋ ਬਿਰਦ ਪਾਲੋ ਘਾਲ ਨੂੰ ਸੰਭਾਲ ਲੌ।
ਔੜ੍ਹਦੀ ਨ ਕੁਝ (ਇਸ ਸਮੇਂ) ਗੁਰ ਬਹੁੜੋ ਕਰ ਕਾਲ੍ਹ ਲੋ। ਤ:

(ਦਸਮੇਸ਼ ਗੁਰੂ ਜੀ)

ਦੀਨ ਦਿਆਲ ਬਿਰਦ ਸੰਭਾਲ ਹਵੈ ਦਿਆਲ ਝੱਟ।
ਫੌਜ ਲੈ ਬਸਾਲ ਸੰਗ ਗੁਪਤੋਂ ਕੀ ਆਏ ਹੈਂ।
ਨਥਾ ਸਿੰਘ ਆਦਿਕ ਸਿਦਕ ਵਾਰੇ ਸਿੰਘਨ ਕੋ।
ਦੀਓ ਹੈ ਦੀਦਾਰ ਗੁਰ ਧੀਰਜ ਧਰਾਏ ਹੈਂ।
ਤਾਹੀ ਸਮੇ ਤੁੰਮਕੇ ਸ਼ਹੀਦਨ ਗਿਰਾਇ ਮਾਰਿ।
ਗਿਲਜੇ ਲੁਠਾਏ ਧਰ ਲੋਟਤ ਮਹਾਏ ਹੈਂ।
ਦੌਰ ਗਏ ਸ਼ਤਰੂ ਅਵੱਤਰੂ ਅਗੱਤਰੂ ਹਵੈ।

---

(੧) ਮੀਰ ਮੰਨੂੰ ਦੇ ਸਮੇਂ ਬਹੁੜਨ ਦੀ ਵਾਰਤਾ ਅੱਗੇ ਇਸ (ਦਸਮ ਗੁਰ ਦਰਸ਼ਨ) ਵਿਚ ਆਵੇਗੀ। ਹਾਨੂ ਸਿੰਘ ਨਿਬਾਹੂ ਸਿੰਘ ਦੀ ਸਹੈਤਾ ਕੀਤੀ ਗਿਆਨੀ ਜੀ ਦਸ ਹੀ ਦਿਤੀ ਹੈ।



Sri Satguru Jagjit Singh Ji eLibrary NamdhariElibrary@gmail.com

ਭਿਆਨਕ ਸ਼ਰੂਪ ਜੋ ਸ਼ਹੀਦਨ ਦਿਖਾਏ ਹੈਂ ।
ਪੰਚ ਸਿੰਘ ਆਗੇ ਯੋਂ ਪਚਾਸ ਭਾਗੇ ਸੁ ਅਭਾਗੇ ।
ਲਾਗੇ ਜਿਮ ਇਜੜ ਬਘਿਆੜ ਕੇ ਅਗਾਰੀਐ ।
ਮਾਰੈ ਸਿੰਘ ਤਰਵਾਰੈ ਸੋ ਨ ਉਭਾਰੇ ਹਾਥ ।
ਨਾਥ ਕੈ ਪ੍ਰਤਾਪ ਫਤੇ ਥਵਈ ਹੈ ਭਾਰੀਐ ।
ਬਚੇ ਜੋਊ ਦੌਰ ਸੇ ਲਹੌਰ ਓਰ ਗਏ ਆਹਿ ।
ਸੁਨ ਸ਼ਾਹ ਜਾਂਕੇ ਹਾਲ ਝਟ ਕੀਨੀ ਤਿਆਰੀਐ ।
ਯਾਹੀ ਤੌਰ ਔਰ ਬਹੁ ਠੌਰਨ ਤੇ ਦੌਰ ਆਏ ।
ਗਿਲਜੇ ਲਾਹੌਰ ਤਬ ਸਿੰਘਨ ਤੇ ਹਾਰੀਐ ।......

ਜਾਹਿ ਤਹਿਮੂਰ ਸਾਹਿ ਪਾਹਿ ਕਹਿਯੋ ਸ਼ਾਹ ਤਾਹਿ ।
ਸਿੰਘਨ ਕੀ ਮਦਦ ਖੁਦਾਏ ਆਪ ਹੈ ਥਏਊ ।"

ਚੌ: ਜਖਮੀ ਹੋਏ ਸਿੰਘ ਜਬ ਗੌਰੇ, ਗਿਰਿਉ ਸਨ ਮੁਖ ਸੰਗੀ ਔਰੇ ।
ਕਿਲੇ ਮਾਹਿ ਲੈ ਗਏ ਉਠਾਈ, ਇਤੇ ਫਤੇ ਜਿਨ ਰਣ ਮੈ ਪਾਈ ।
ਨਥਾ ਸਿੰਘ ਸਭ ਜਾਇ ਸੁਨਾਈ, ਜਿਮ ਗੁਰ ਦਸਮ ਦਰਸ ਦੀਉ ਆਈ
ਪੀਛੇ ਸੋ ਭੀ ਹਮ ਕਹੇ ਆਏ, ਸੁਨ ਸਿੰਘ ਭਇਉ ਪ੍ਰਮੋਦ ਮਹਾਏ ।"

ਜੋ ਦਿਆਲ ਸਿੰਘ ਜਖਮੀ ਅਜੇ ਜਿਊਂਦਾ ਸੀ ਗੁਰੂ ਜੀ ਦਾ ਦਰਸ਼ਨ ਦੇਣਾ ਤੇ ਜਿਤ ਕਰੌਣ ਦਾ ਹਾਲ ਸੁਣਕੇ "ਗੁਰ ਕੀ ਮੂਰਤਿ ਮਨ ਮਹਿ ਧਿਆਨ" ਧਾਰ ਤਿਸੇ ਸਮੇਂ ਚੜ੍ਹਨਾ ਹੀ ਚੰਗਾ ਜਾਣਿਆ । ਤਾਂ

"ਮਲਮ ਪੱਟੀ ਸਭ ਹਟੈ ਕੈ ।
ਕਰ ਇਸ਼ਨਾਨ ਕੁਸਾਸਨ ਕੈ ਕੈ ।
ਜਪ ਜਪ ਜਾਪ ਅਨੰਦ ਪਢੈ ਹੈ ।
ਤਿਨ ਜਿਉ ਤਨ ਤਜ ਗਯੋ ਚਢੈ ਹੈ । ਤਾਂ



Sri Satguru Jagjit Singh Ji eLibrary NamdhariElibrary@gmail.com

ਜਿਹ ਦਰਬਾਰ ਆਦਿ ਗੁਰ ਕੇਰਾ ।
ਹੈ ਬਾਬੇ ਕੀ ਬੇਰ ਉਜੇਰਾ ।
ਦਿਆਲ ਸਿੰਘ ਕੋ ਤਹਿ ਸਸਕਾਰਾ ।
ਮਿਲ ਸਿੰਘਨ ਯੁਤਿ ਬਿਧੀ ਉਦਾਰਾ ।"

ਦੋ: ਅਠਾਰਾਂ ਸੌ ਬੱਤੀ ਬਿਕਰਮੀ ਵਿਚ (ਦਸਮ ਗੁਰ ਦਰਸਨ) ਲਿਖ ।
ਝੂਠੇ ਕੀਤੇ ਸਿੰਘ ਜੀ ਸਿੰਘ ਸਭੀਏ ਸਭ ਸਿਖ ।
ਕਹਿਣ ਜੋ ਚੜੇ ਨਦੇੜ ਗੁਰ ਰਾਤ ਤਨਾਏ ਕਨਾਤ ।
(ਦਸਮ ਗੁਰ ਦਰਸਨ) ਦੇ ਸਭ ਝੂਠ ਕਰੀ ਸੋ ਬਾਤ ।
ਜਿਸ ਨੀਤੀ ਹਿਤ ਗੁਰੂ ਜੀ ਕੀਤਾ ਮਹਾਂ ਚਰਿਤ੍ਰ ।
ਆਵੇਗਾ ਇਸ ਗ੍ਰੰਥ ਵਿਚ ਪੜੀਏ ਗੁਰ ਸਿਖ ਮਿਤ੍ਰ ।
ਬਦਲਨ ਸਕਤ ਸਮਾਜ ਦੀ ਜਿਨਾਂ ਜੋਗ ਸਮਰਥ ।
ਕਰਦੇ ਕਰਤਵ ਸੋ ਸਦਾ ਜੋਗ ਕਿਸੇ ਸਹੀ ਅਰਥ । ਤ:

ਇਸ ਵੇਰ ੧੯੩੨ ਬਿਕਰਮੀ ਵਿਚ ਸਰਬੁਲੰਦ ਖਾਂ ਨੂੰ ਹਰਾ ਕੇ ਸਿੰਘਾਂ ਦੀ ਮਦਦ ਕਰਕੇ ਗੁਰੂ ਜੀ ਫਤੇ ਦਵਾਈ ਤੇ ਦਰਸਨ ਦਿਤੇ ਹਨ। ਸਿਦਕੀ ਸਿਖਾਂ ਨੂੰ ਧੀਰਜ ਭੀ ਦਿਤਾ ਹੈ ਤਕੜੇ ਰਵੋ ਮੈਂ ਤੁਹਾਡੇ ਸਿਰ ਤੇ ਹਾਂ ।

(ਹੋਰ ਪ੍ਰਸੰਗ ਤੇ ਦਸਮ ਗੁਰ ਦਰਸਨ)

ਇਹ ਇਕ ਹੋਰੀ ਜੰਗ ਵਿਚ ਜੋ ੧੯੩੩ ਬਿ: ਵਿਚ ਸਾਂਹਚੀ ਖਾਂ ਨਾਲ ਹੁੰਦਾ ਹੈ। ਤੇ ਬਾਬਾ ਰਾਮ ਸਿੰਘ ਜੀ ਬੇਦੀ ਕੋਟਲੀ ਬਾਵੇ ਦੀ ਵਾਲੇ ਸ਼ਹੀਦ ਹੁੰਦੇ ਹਨ। (ਦਸਮ ਗੁਰ ਦਰਸਨ) ਦੇਣ ਦਾ ਪ੍ਰਸੰਗ ਪੰਥ ਪ੍ਰਕਾਸ਼ ਵਿਚ ਗਿਆਨੀ ਜੀ ਲਿਖਿਆ ਹੈ।

(ਤੁਰਕਾਂ ਦੀ ਫੌਜ ਸਿਰ ਚੜੀ ਔਂਦੀ ਤੇ ਹਾਰ ਹੁੰਦੀ ਵੇਖ ਕੇ)

ਚੌ: "ਪੇਖ ਸਿਖ ਸਰਦਾਰ ਝੁਰੇ ਹੈ ।
ਸਿਰ ਧੁਨ ਧੁਨ ਪੁਨ ਪੁਨ ਇਮ ਕਹੇ ਹੈਂ ।



Sri Satguru Jagjit Singh Ji eLibrary NamdhariElibrary@gmail.com

ਜੀਤ ਤੁਰਕ ਜੇ ਅਬ ਕੇ ਜੈ ਹੈ।
ਫੇਰ ਨ ਕਬੀ ਪੰਜਾਬ ਤਜੈ ਹੈ।
ਬਿਨ ਸਤਿਗੁਰ ਅਬ ਹਮਰਾ ਰੱਖਕ।
ਔਰ ਨਹੀ ਤੁਰਕਨ ਕਾ ਭੱਖਕ।
ਢਿਗ ਤੇ ਸਿਦਕੀ ਸਿੰਘ ਇਮ ਕਹੇ ਹੈਂ।
ਡਰੋ ਨ ਉਰ ਗੁਰ ਫਤੇ ਦਿਲੈ ਹੈ।
ਕੋ ਸਤਿ ਪੁਰਖ ਸਿੰਘ ਸਿਰ ਲਾਵੈ।
ਤੌ ਤੁਰਕਨ ਕਾ ਤੇਜ ਨਸਾਵੈ।
ਤਬੈ ਰਾਮ ਸਿੰਘ ਬੇਦੀ ਸਾਹਿਬ।
ਤੁਰਤ ਤਿਆਰ ਹੋਇਓ ਹਿਤ ਆਹਿਬ।
ਸੀਸ ਦੇਨ ਕਾ ਸੋਧ ਅਰਦਾਸੇ।
ਚਾਲਿਯੋ ਤੁਰਕੈ ਦਿਸ ਸੁ ਹੁਲਾਸੇ।
ਨਥਾ ਸਿੰਘ ਭਾਗ ਸਿੰਘ ਨੈਣਾਂ।
ਸੰਤ ਸਿੰਘ ਦੇਸਾ ਸਿੰਘ ਸੈਣਾਂ।
ਗਜ ਸਿੰਘ ਬਹਾਦਰ ਸਿੰਘ ਗਿਆਨੂੰ।
ਅਘੜ ਸਿੰਘ ਰਣ ਸਿੰਘ ਸੁਜਾਨੂੰ।
ਇਤ ਆਦਿਕ ਸਿਦਕੀ ਬੰਨ੍ਹ ਗਾਨੇ।
ਬੇਦੀ ਸਾਹਿਬ ਸਿੰਘ ਪਿਆਨੇ।......

ਪਿਖ ਸੁਣ ਔਰ ਸਿਖ ਸਰਦਾਰੈ।
ਚਲੇ ਸਾਹਿਬੈ ਪਿਛੈ ਅਪਾਰੈ।
ਹਾਲ ਹੂਲ ਕਰ ਸੋਰ ਬਿਸਾਲੇ।
ਬੋਲਤ ਊਚ ਅਕਾਲ ਅਕਾਲੈ।

ਪੰਥ ਪ੍ਰਕਾਸ਼ ੭੪੨ ਪੰਨਾ



Sri Satguru Jagjit Singh Ji eLibrary NamdhariElibrary@gmail.com

(ਗਾੜੇ ਜੰਗ ਵਿਚ ਬਾਬੇ ਰਾਮ ਸਿੰਘ ਜੀ ਦੀ ਤੇਗ ਨਾਲ ਅਅਜ਼ਦੂਲੇ ਖਾਂ ਮਾਰਿਆ ਜਾਂਦਾ ਹੈ।)

ਤਾਂ/ਦੋ: "ਖਾਸ ਸਹਾਂਚੀ ਪਾਸਥਾ ਮਰਿਯੋ ਸਕਾ ਜਿਹ ਭ੍ਰਾਤ।
ਪੇਖ ਸਭੀਤ ਸਰੂਦ੍ਰ ਰਸ ਭਏ ਤਾਹਿ ਬਖਿਆਤ।
ਥਯੋ ਭਭੂਕਾ ਆਗਕਾ ਧਯੋ ਸਿੰਘ ਕੀ ਓਰ।
ਲਯੋ ਘੇਰ ਬੇਦੀ ਤਈ ਥਯੋ ਜੰਗ ਫਿਰ ਜ਼ੋਰ।"...

(ਨਰਾਜ ਛੰਦ) ਅਤੀਵ ਕੋਪ ਸਾਂਹਚੀ ਲੜਾਕ ਸੈਨ ਲੈ ਘਨੀ।
ਅਨੀ ਸਿੰਘਾਨ ਕੀਹਨੀ ਤਖਾਨ ਬਾਢ ਜਿਉ ਬਨੀ।
ਗਰਜ ਰਾਮ ਸਿੰਘ ਜੀ ਨਜੀਕ ਢੂਕ ਤਾਹਿਕੇ।
ਉਠਾਰ ਸੈਫ ਮਾਰਕੈ ਸੁਟਯੋ ਤੁਰੰਗ ਢਾਹਿਕੇ।
ਭਯੋ ਪਿਛਾਂਹ ਸਾਂਹਚੀ ਦੁਤੀ ਤੁਰੰਗ ਪੈ ਚੜਿਯੋ।
ਅਲੀ ਹੁਸੈਨ ਸਯੱਦੈ ਸੁਦਾਰ ਅਗਰ ਆ ਆੜਿਉ।
ਚਲੀ ਜੁ ਸੈਫ ਹੈਫ ਕੀ ਦੁਹੂੰਨ ਏਕ ਸਾਰ ਭੀ।
ਹਯਾਤ ਸੀਵ ਗ੍ਰੀਬ ਤੋਂ ਕਟੀ ਸੋ ਏਕਬਾਰ ਹੀ।
ਉਠਿਯੋ ਕਬੰਧ ਸਾਹਿਬੈ ਗਰਜ ਬੰਬ ਕੂਪ ਜਿਯੋਂ।
ਨਚਯੋ ਮਹਾਨ ਭਯਾਨ ਕੈ ਕ੍ਰਿਪਾਨ ਲੈ ਬਰੂਪ ਤਯੋਂ।
ਭਜਯੋ ਤੁਰਕਾਨ ਓਰ ਬੀਰ ਭੱਦਰ ਜਿਉ ਦਛੇਸ ਪੈ।
ਕ੍ਰਿਧੋ ਸੁਦ੍ਰੋਣ ਸੈਨ ਪਾਂਡਵਾਨ ਕੇ ਨਰਸ ਪੈ।...

ਦਸਾ ਬਘਿਆੜ ਇਜੜੇ ਸਮਾਨ ਭੀ ਤੁਰਕਾਨ ਕੀ।
ਚਮੂੰ ਦਵੈ ਨਿਹਾਰ ਰਹੀ ਸੁਬਾਤ ਥੀ ਹਰਾਨ ਕੀ।
ਮਰੇ ਕਿਕਾਨ ਜਵਾਨ ਥੇ ਪਰੇ ਜੁ ਤਹਾਂ ਅਮਿਤ ਹੈ।
ਉਨੇ ਬਖੇਰ ਦੀਨ ਚਾਇ ਚਾਇ ਉਤ ਇਤ ਹੈ।
ਟਟੋਰ ਸਾਂਹਚੀ ਤਈ ਰਹਿਯੋ ਕਬੰਧ ਭੂਰਹੂ।



Sri Satguru Jagjit Singh Ji eLibrary NamdhariElibrary@gmail.com

ਆਯੋ ਨ ਅਗਰ ਸੋ ਤਬੈ ਗਇਯੋ ਡਰੰਤ ਦੂਰ ਹੂੰ ।
ਕਬੰਧ ਸੋ ਲਰੰਤ ਹੇਰ ਸਿੰਘ ਔਰ ਭੀ ਘਨੇ ।
ਮਹੀਦ ਸਤ੍ਰ ਘਾਇਕੇ ਸ਼ਹੀਦ ਚਾਇਕੇ ਬਨੇ ।
ਲਰਿਉ ਕਬੰਧ ਦਵੈ ਘਰੀ ਤਬੈ ਤੁਰਕਾਨ ਦੂਰ ਸੈ ।
ਕਰਿਯੋ ਸਮਾਨ ਛਾਨਣੀ ਨਰਾਚ ਗੋਲ ਭੂਰ ਸੈ
ਗਿਰਿਉ ਸੁਮਾਥ ਭਾਰ ਨਾਥ ਧਿਆਏ ਮਾਰ ਮਾਰ ਕੈ ।
ਸੂਰੇ ਨਿਹਾਰ ਧੰਨ ਧੰਨ ਕੀਨ ਫੂਲ ਡਾਰ ਕੈ ।...

੭੫੧—੫੨ ਪੰਨਾਂ

ਸਵੇਰ ਦਾ ਜੰਗ ਲਗਾ ਸੀ । ਤੇ ਤੁਰਕਾਂ ਮੋਰਚਾ ਛੁਡਾ ਲਿਆ ਸੀ । ਤੇ ਸਿੰਘ ਹਠ ਹਾਰ ਕੇ ਨਸਣ ਲਗ ਪਏ ਸੀ । ਤਾਂ

ਚੌ: "ਜੱਸਾ ਸਿੰਘ ਆਦਿਕ ਸਰਦਾਰੇ ਅਸਵ ਦੁੜਾਏ ਦੁੜਾਏ ਅਪਾਰੇ ।
ਹਾਥ ਜੋੜਕਰ ਪੰਥ ਅਗਾਰੀ, ਬਾਰ ਬਾਰ ਇਮ ਕਹੇਂ ਉਚਾਰੀ ।

ਅਹੋ ਖਾਲਸਾ ਜੇ ਅਬ ਦੌਰੇ । ਛੋਡੈਗੇ ਨਹੀ ਅਰ ਕਿਸੀ ਠੌਰੇ ।
ਮੁਲਕ ਸੰਭਾਲ ਸਤ੍ਰ ਸਭ ਲੈਹੈ । ਤੁਮੈ ਸਹਿੰਦੇ ਤੁਰਕ ਬਨੈ ਹੈ ।
ਪਾਰੋ ਸਿੰਘ ਨਾਮ ਕੀ ਲਾਜੇ । ਸਮਰਯੋ ਨਾਹਿ ਬਗਾਰੋ ਕਾਜੇ ।
ਜੀਤੀ ਬਾਜੀ ਅਬ ਨਹਿ ਹਾਰੋ । ਸ੍ਰੀ ਕਲਗੀਧਰ ਤਈ ਚਿਤਾਰੋ ।
ਬਿਬਿਧਾ ਇਮ ਕਹੇ ਧੀਰ ਧਰੈ ਕੈ । ਪਾਂਚ[੧] ਸਿੰਘਨ ਕੋ ਖੜੇ ਕਰੈ ਕੈ ।

---

(੧) ਸ੍ਰ: ਕਰਮ ਸਿੰਘ ਜੀ ਹਿਸਟੋਰੀਅਨ ਆਪਣੀ ਪੁਸਤਕ "ਬੰਦਾ ਬਹਾਦਰ ਕੌਣ ਸੀ" ਦੇ ਪੰਨਾਂ ੧੨੫—੨੬ ਤੇ ਲਿਖਦੇ ਹਨ । "ਗੁਰੂ ਜੀ ਦਾ ਸਾਫ ਹੁਕਮ ਸੀ......ਜਦ ਕੋਈ ਔਖ ਆਣ ਬਣੇ ਤਾਂ ਪੰਜ ਭੁਜੰਗੀ ਅਰਦਾਸ ਕਰਨ ਮੈਂ ਉਸ ਵੇਲੇ ਸਹਾਇਤਾ ਲਈ ਪੁਜ ਜਾਵਾਂਗਾ ।



Sri Satguru Jagjit Singh Ji eLibrary NamdhariElibrary@gmail.com

ਗੁਰ ਆਗੇ ਅਰਦਾਸ ਕਰਾਈ। ਦੀਨ ਹੋਇ ਬਹੁ ਬਿਨੇ ਅਲਾਈ। ਆਹੋ ਕ੍ਰਿਪਾਲ ਬਿਸਾਲ ਪ੍ਰਤਾਪੀ। ਸੁਰ ਗਨ ਪਾਲਕ ਅਸੁਰਨ ਖਾਪੀ। ਸਰਬ ਸਕਤ ਯੁਤ ਭਗਤਨ ਪਿਆਰੇ। ਕਰੁਨਾਂ ਨਿਧਿ ਦੀਨ ਬੰਧ ਭਾਰੇ। ਭੀਰ ਪਰੀ ਦਾਸਨ ਕੋ ਜਹਿ ਜਹਿ। ਰਖਯਾ ਕਰੀ ਅਨਕਧਾਂ ਤਹਿ ਤਹਿ। ਲਾਜ ਬਿਰਦ ਨਿਜ ਕੇਰ ਨਿਬਾਹੀ। ਬੇਦ ਸੰਤ ਜਗ ਦੇਤ ਗਵਾਹੀ।...ਗਰਬ ਸਰਬ ਸਿੰਘਨ ਕੇ ਹਾਰੇ। ਤੁਮ ਬਿਨ ਰਖਯਕ ਕੌਨ ਨਿਹਾਰੇ।... ਬਚਨ[੨] ਸਫਲ ਇਹ ਤਬਹੀ ਥੈਹੈ। ਅਬ ਕੇ ਜੀਤ ਜੁ ਹਮੈ ਦਿਲੈ ਹੈ। ਪੁਨ ਜਿਸਕੇ ਕੂਕਰ ਕੋ ਮਾਰੈਂ। ਨਾਮ ਖਸਮ ਕੇ ਆਵਤ ਗਾਰੈਂ। ਜਗ ਮੈ ਬਾਤ ਚਲੈ ਇਹੁ ਸਾਰੇ। ਸਿਖ ਗੁਰੂ ਦਸਮੇ ਕੇ ਹਾਰੇ। ਪਾਲੋ ਲਾਜ ਬਿਰਦ ਸੰਭਾਰੋ। ਵਖਤ ਪਰਿਯੋ ਅਬ ਪੰਥੈ ਭਾਰੋ...। ਪੰਥ ਪ੍ਰਕਾਸ਼ ਪੰਨਾਂ ੭੫੩—੫੪

"ਦੇਖ ਦੀਨਤਾ ਸਿੰਘਨ ਕੇਰੀ। ਕਲਗੀਧਰ ਨਭ ਬਾਨੀ ਟੇਰੀ। ਅਹੋ ਖਾਲਸਾ ਤੁਮ ਜੈ ਪਾਵੋ। ਸੰਮੁਖ ਸਤਰੂ ਹ੍ਵੈ ਜੰਗ ਮਚਾਵੋ।... ਕੇ ਚਿਤ ਸਿਦਕੀ ਸਿੰਘਨ ਤਾਏ। ਦਰਸਨ ਦਸਮ ਗੁਰੂ ਕੇ ਥਾਏ। ਗੁਪਤ ਸ਼ਹੀਦਨ ਫੌਜ ਅਪਾਰੀ। ਨਿਰਖੀ ਨਭ ਮੈ ਗੁਰੂ ਪਛਾਰੀ।... (ਸਾਹਿਚੀ ਮਾਰਿਆ ਜਾਂਦਾ ਹੈ। ਤੇ ਹੋਰ) "ਤ੍ਰਾਸ ਖਾਸ ਦੀਆ ਦਲ ਅਸਮਾਨੀ। ਸੁਟੇ ਅਪਾਰ ਪਛਾਰ ਦੁਰਾਨੀ।... ਦਸਕੁ ਕੋਸ

---

(੨) ਪਾਠਕ ਵਿਚਾਰ ਸਕਦੇ ਹਨ। ਉਸੇ ਵੇਲੇ ਪੁਜ ਜਾਣ ਦਾ ਬਚਨ ਗੁਰੂ ਜੀ ਤਾਂ ਹੀ ਕੀਤਾ ਹੋਇਆ ਸੀ। ਉਹ ਬਚਨ ਦੇ ਪੂਰੇ ਤੇ ਸਰੀਰ ਕਰਕੇ ਸਿੰਘੀ ਸਕਤ ਸਹਿਤ ਜੀਵਤ ਸੀ। ਬਚਨ ਪੂਰਾ ਕਰਨ ਦਾ ਸੁਨੇਹਾ ਧੌਲ ਦੀ ਸੰਗਤ ਨੂੰ ਭੀ ਗੁਰੂ ਜੀ ਕੀਤਾ ਹੋਇਆ ਸੀ ਜੋ ਇਸੇ ਪੁਸਤਕ ਵਿਚ ਅੱਗੇ ਆਵੇਗਾ। ਉਸ ਤੇ ਭੀ ਵਿਚਾਰ ਯੋਗ ਹੈ।



Sri Satguru Jagjit Singh Ji eLibrary NamdhariElibrary@gmail.com

ਲੌ ਦਲ ਤੁਰਕਾਨੀ। ਦੁਬਿਧਾ ਤੁਰਕਨ ਕੀਨੋ ਫਾਨੀ। ਜਹਾਂ ਜਾਹਿ ਸਿੰਘ ਤਹਾਂ ਨਿਹਾਰੈ। ਪਰੇ ਅਧਮਰੇ ਤੁਰਕ ਅਪਾਰੈ। ਭੂਮੇ ਪਰੇ ਦਲ ਮਲੇ ਭਾਰੈ। ਦੀਨ ਹੋਇ ਵਹਿ ਐਸ ਉਚਾਰੈ। ਆਗੇ ਹੀ ਤੁਮਰੇ ਬਹੁ ਭਾਈ। ਮਾਰ ਪੀਟ ਗਏ ਡਾਰ ਇਥਾਈ। ਅੰਮ੍ਰਿਤਸਰ ਕੀ ਕਸਮ ਤੁਮੈ ਹੈ। ਬਖਸ਼ੋ ਜਾਨ ਇਮਾਨ ਹਮੈ ਹੈ। ਹਮ ਅਰ ਹਮਰੀ ਸੰਤਤ ਜੋ ਹੈ ਏਸ ਦੇਸ ਫਿਰ ਕਬੀ ਨ ਐਹੈ। ਸੁਨ ਸਿੰਘ ਤਰਸ ਥਾਰ ਤਜ ਦੈਹੈ। ਆਯੁਧ ਅਸ਼ਵ ਛੀਨ ਤਿਨ ਲੈਹੈ।...ਸ਼ਾਹ ਜਮਾਨ ਸੁਨੀ ਇਹ ਜਬੈ। ਸ਼ੋਕ ਨਦੀ ਮੈ ਡੂਬਯੋ ਤਬੈ। ਏਕ ਲਾਖ ਥਾ ਗਯੋ ਦੁਰਾਨੀ। ਅਰਧ ਭਯੋ ਤਿਸ ਮੈਸੇ ਫਾਨੀ।...ਬਡੇ ਬਡੇ ਭਟ ਮਨਸਬ ਵਾਰੇ। ਮਰੇ ਸਾਂਹਚੀ ਆਦ ਅਪਾਰੇ।...ਜੋ ਬਚ ਆਏ ਪਰੇ ਅਧਮਰੇ। ਨਾਮ ਸਿੰਘਨ ਕਾ ਸੁਨ ਕਰ ਡਰੇਂ। ਕਹਿਤ ਸ਼ਹੀਦਨ ਫੌਜੇ ਆਈ। ਤਿਨੈ ਹਮੈ ਮਾਰਿਉ ਡਰ ਪਾਈ। ਜਬ ਵਜ਼ੀਰ ਇਹ ਰਪਟ ਸੁਨਾਈ। ਬੁਲਿਯੋ ਸ਼ਾਹ ਜਮਾਨ ਦੁਖ ਪਾਈ। ਮਦਤ ਜਿਨ ਕੀ ਆਪ ਖੁਦਾ ਹੈ। ਤਿਨ ਪਰ ਹਮਰੀ ਪੇਸ਼ ਨ ਜਾਹੈ। ਜਟ ਗ੍ਰੀਬਨ ਉਠ ਕੇ ਚਾਹੀ। ਕਾਬਲ ਦਿਲੀ ਕੀ ਪਾਤਸ਼ਾਹੀ। ਕਰੀ ਗਰਕ ਨਹੀਂ ਫਰਕ ਛਡਾ ਹੈ। ਮੁਲਕ ਉਮਦਾ ਲਯੋ ਦਬਾ ਹੈ। ਗਿਲ ਜਿਯੋ ਕੋ ਸਿੰਘ ਅਟਕ ਟਪਾ ਹੈ। ਫਤੇ ਪ੍ਰਤਾਪ ਗੁਰੂ ਤੇ ਪਾਹੈ। ਜੰਗ ਇਹ ਅੰਤਮ ਬਡ ਥੀਆ। ਗੁਰੂ ਜਿਤਾਏ ਪੰਥ ਕੋ ਦੀਆ।''

ਇਸ ਜੰਗ ਦਾ ਸੰਮਤ ਗਿਆਨੀ ਜੀ ਇਸਤ੍ਰਾਂ ਲਿਖਿਆ ਹੈ।

ਦੋ: ''੧ਰਾਮ੩, ਅਗਨ੩, ਬਸੁ੮, ਸਸੀ੧ ਥੋ ਚੌਦਸ ਬਦੀ ਬਸਾਖ।
ਗੁਰ ਦਿਨ ਭਏ ਸ਼ਹੀਦ ਥੇ ਰਾਮ ਸਿੰਘ ਲੇਹੁ ਲਾਖ।''

੭੬੭ ਪੰਨਾਂ

---

(੧) ੧੮੩੩ ਬਿ: ਚੌਦਸ ਹਨੇਰਾ ਪਖ ਵੈਸਾਖ ਦਾ ਤੇ ਵੀਰਵਾਰ ਜਿਸ ਦਿਨ ਬਾਬਾ ਰਾਮ ਸਿੰਘ ਜੀ ਸ਼ਹੀਦ ਹੋਏ।



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

ਏਸ ਜੰਗ ਵਿਚ ਦਸਮੇਸ਼ ਜੀ ਕਲੇਸ਼ ਕਟ।
ਝਟ ਪਟ ਸੁਣਕੇ ਸੰਦੇਸ ਕੀਤੇ ਵਾਕਦਾ।
ਪੰਜ ਸਿਖ ਔਖੀ ਬਣੀ ਕਰਨ ਅਰਦਾਸ ਜਦ।
ਪੁਜਾਂਗਾ ਮੈਂ ਤਦ ਜਿਵੇਂ ਕੋਲੇ ਹੀ ਹਾਂ ਝਾਕਦਾ।
ਪਾਠਕ ਜੀ ਕਰਨਾ ਨਾਂ ਹਠ ਐਵੇ ਹੈ ਵੇ ਕੁਝ।
ਸੁਝਦਾ ਜੋ ਭੇਰਾ ਭਲੇ ਗੁਰ ਸਿਖੀ ਸਾਕ ਦਾ।
ਬੰਦੇ ਅਤੇ ਬਾਲਾ ਰਾਏ ਨਾਲ ਕੀਤਾ ਗੁਰਾਂ ਸੀ ਜੋ।
ਪਾਲਣ ਹੈ ਕੀਤਾ ਉਸ ਵਾਕ ਪੂਰੇ ਪਾਕ ਦਾ।

ਦੋ: ਨ ਨਦੇੜ ਸੋ ਚੜੇ ਸੀ ਬੜੇ ਨੀਤਗ ਗੁਰਦੇਵ।
ਨਿਕਲੇ ਰਾਤ ਚਮਕੌਰ ਤੋਂ ਪੀਰ ਉਚ ਦੇ ਜੇਵ।

(ਬਣ) ਨੀਤੀ ਕੀਤੀ ਵਕਤ ਦੀ ਸਕਤ ਸਮੇਂ ਅਨੁਸਾਰ।
ਅਗੇ ਇਸੇ ਹੀ ਗ੍ਰੰਥ ਵਿਚ ਵਹਿਮੀ ਲਿਖੇ ਵਿਚਾਰ।

—o—o—

## ਨਦੇੜ ਕੌਤਕੋਂ ਬਾਦ

(ਦਸਮ ਗੁਰ ਦਰਸਨ) ਦੀਆਂ ਵਾਰਤਾ ਜਿਵੇਂ ਉਪਰ ਪਾਠਕ ਪੜ੍ਹ ਆਏ ਹਨ। ਤਿਵੇਂ ਦੀ ਹੀ ਤੇ ਤਿਨਾਂ ਤੋਂ ਭੀ ਅਚਰਜਤਾ ਭਰੀ ਪੰਥ ਪ੍ਰਕਾਸ਼ ਦੇ ਪੰਨੇ ੬੭੪ ਤੋਂ ਇਸ ਤਰ੍ਹਾਂ ਅਰੰਭ ਹੁੰਦੀ ਹੈ।

॥ ਕਬਿਤ ॥

ਫੇਰ ਸਤਵੰਜੇ ਸਾਲ ਹਿਰਸ ਵਿਸਾਲ ਕੂਦੀ।
ਦੇਹਲੀ ਕੇ ਆਜਮ ਬਜੀਰ ਕੋ ਪਛਾਨੀਏ।



Sri Satguru Jagjit Singh Ji eLibrary NamdhariElibrary@gmail.com

ਸਾਹਜਾਦੇ ਗੌਹਰ ਅਲੀ ਕੋ ਲੀਨੋ ਸੰਗ ਨਿਜ।
ਕਾਦਰ ਗੁਲਾਮ ਚਢਯੋ ਸੈਨ ਲੈ ਮਹਾਨੀਏ।
ਸਿੰਘਨ ਤੇ ਮੁਲਕ ਛਡਾਵਨ ਕੀ ਧਾਰੀ ਮਨ।
ਬਾਊਨੀ ਸਰੰਦ ਕੀ ਥੀ ਜੇਤਕ ਸੁਹਾਨੀਏ।
ਕਾਹੂ ਸਿੰਘ ਕਰੀ ਨ ਲਰਾਈ ਅਗਵਾਈ ਗਏ।
ਸਭ ਹੀ ਪਲਾਈ ਛੋਰ ਨਿਜ ਰਾਜਧਾਨੀ ਏ।
ਲੂਟ ਮਾਰ ਪਾਰ ਕੇ ਉਜਾਰ ਬਹੁ ਸਿੰਘਨ ਕੋ।
ਉਤਰਯੋ ਵਜ਼ੀਰ ਜਾਇ ਸ਼ਹਿਰ ਸਨੌਰ ਹੈ।
ਪਰਯੋ ਤਬ ਅਧਿਕ ਫਿਕਰ ਪਟਲੇਸੂਰ ਕੋ।
ਗੁਰੂ ਕੋ ਮਨਾਯੋ ਹੋਇ ਇਕ ਚਿਤ ਗੌਰ ਹੈ।
ਤਬ ਲੌ ਬਘੇਲ ਸਿੰਘ ਗਯੋ ਹੁਤੋ ਦੁਆਬੇ ਬੀਚ।
ਸੁਨ ਕੇ ਹਵਾਲ ਸੋਈ ਆਯੋ ਇਤ ਦੌਰ ਹੈ।
ਲੀਨੋ ਪੰਥ ਖਾਲਸਾ ਬਸਾਲਸਾ ਮਿਲਾਏ ਸੰਗ।
ਸਤਿਲੁਜ ਤੇ ਅਬੂਰ ਭਯੋ ਭੂਰ ਰੌਰ ਹੈ।
ਕਾਹੂ ਜਨ ਆਨ ਕੇ ਅਚਾਨਕੇ ਬਜ਼ੀਰ ਢਿਗ।
ਕਹਯੋ ਚਢ ਆਯੋ ਧਾਇ ਤੁਮ ਪੈ ਸੁਸਾਬ ਹੈ।
ਸਭਹੀ ਜੋ ਖਾਲਸਾ ਉਤਾਲਸਾ ਕਹਿਰ ਸੰਗ।
ਪਕਰ ਜਕਰ ਮਾਰੇ ਤੋਹਿ ਦੈ ਅਜ਼ਾਬ ਹੈ।
ਆਜ ਸ਼ਬ ਖੂਨ ਕੈ ਬਦੂਨ ਕਰੇ ਟਰੇ ਨਾਹਿ।
ਸੁਨ ਕੈ ਵਜ਼ੀਰ ਹਵੈ ਤਗੀਰ ਮੈ ਸ਼ਤਾਬ ਹੈ।
ਔਰ ਪਟਲੇਸੂਰ ਕੇ ਧਿਆਵਨੇ ਪੈ ਆਨ ਗੁਰ।
ਐਸੋ ਭੈ ਦਖਾਯੋ ਭਏ ਮੁਸ਼ਲੇ ਬੇਤਾਬ ਹੈ।
ਅਚਾਚੇਤ ਰੌਰ ਕਰ ਦੌਰ ਪਰੀ ਸਾਹੀ ਸੈਨ।
ਸਾਹਿਜ਼ਾਦੇ ਔ ਬਜੀਰ ਧਰੀ ਨਾਹਿ ਧੀਰ ਹੈ।
ਸਿੰਘ ਆਨ ਪਰੇ ਏਹੀ ਆਪਸ ਮੈ ਰਰੇ ਸਭ।



Sri Satguru Jagjit Singh Ji eLibrary NamdhariElibrary@gmail.com

ਬਿਨ ਹੀ ਪਛਾਨ ਏਕ ਦੂਸਰੇ ਕੋ ਚੀਰ ਹੈ।
ਛੋਰ ਅਸਬਾਬ ਤੰਬੂ ਮੇਖ ਜੀਨੇ ਤੋਪ ਸਭ।
ਏਕ ਆਗੇ ਏਕ ਦੌਰਯੋ ਹੋਇਕੇ ਅਧੀਰ ਹੈ।
ਗਏ ਬਹੀਰ ਪਾਇ ਦਿਲੀ ਲੌ ਨ ਲਾਇ ਪਾਇਆਇ।
ਨਫੇ ਕੋ ਥੇ ਧਾਇ ਮੁਰੇ ਮੂਲ ਖੋਇ ਬੀਰ ਹੈਂ।

ਦੋ: ਸਾਹੀ ਲਸਕਰ ਪਰਯੋ ਥਾਂ ਜਿਹ ਥਾਂ ਗਿਰਦ ਸਨੌਰ।
ਸੂਰ ਉਦੇ ਤੇ ਭੂਰ ਵਹਿ ਖਾਲੀ ਦੇਖੀ ਠੌਰ।
ਸੁਨ ਨ੍ਰਿਪ ਸਾਹਿਬ ਸਿੰਘ ਨੇ ਹ੍ਵੈ ਕਰ ਖੁਸ਼ੀ ਅਪਾਰ।
ਮੇਖ ਜੀਨ ਤੰਬੂ ਘਨੇ ਤੋਪਾਂ ਲਈ ਸੰਭਾਰ।"

੬੭੫ ਪੰਨਾਂ ਪੰਥ ਪ੍ਰਕਾਸ਼

॥ ਕਬਿਤ ॥

ਕੌਤਕ ਸੁਇਛਤ ਪ੍ਰਸੰਗ ਦਸਮੇਸ ਜੀ ਦੇ।
ਕੌਤਕ ਨਦੇੜੋਂ ਬਾਦ ਬੀਤੇ ਕੀਤੇ ਮੌਜ ਦੇ।
ਵਿਚਰਦੇ ਦੇਸ ਵਿਚ ਗੁਪਤ ਪ੍ਰਤੱਖ ਕਿਤੇ।
ਦਿਤੇ ਜਾ ਦਿਦਾਰੇ ਤੇ ਸਹਾਰੇ ਸਣੇ ਫੌਜ ਦੇ।
ਏਕਲੇ ਨਿਕਲੇ ਵੀ ਚਮਕੌਰੋਂ ਦੌੜ ਰਾਤ।
ਬਣੇ ਪੀਰ ਸਣੇ ਸਿੰਘਾਂ ਚੀਰ ਚੋਰ ਸੌਜ ਦੇ।
ਕੁਝ ਸੁਝ ਆਯਾ ਇਤਿਹਾਸਕਾਰਾਂ ਲਿਖਿਆ ਹੈ।
ਬੁਝੇ ਕੌਣ ਗੁਝੇ ਗੌਣ ਗੁਰੂ ਜੀ ਦੇ ਮੌਜ ਦੇ।

ਦੋ: ਪਰ ਚਮਕੌਰੋਂ ਰਾਤ ਜਿਉ ਰੌਲੀ ਤੁਰਕਾਂ ਪਾਏ।
ਆਪ ਗਏ ਪਟਲੇਸ ਦੀ ਰਖ ਕਰੀ ਉਸ ਭਾਏ।

(ਦਸਮ ਗੁਰ ਦਰਸਨ)

ਦੀ ਇਸ ੧੯੫੭ ਸੰਮਤ ਬਿਕਰਮੀ ਵਿਚ ਬੀਤੀ ਵਾਰਤਾ ਦੀ



Sri Satguru Jagjit Singh Ji eLibrary NamdhariElibrary@gmail.com

ਪੁਸ਼ਟੀ ਲਈ ਤੇ ਪਾਠਕਾਂ ਦੀ ਦਿਲਚਸਪੀ ਲਈ ਗੁਰੂ ਜੀ ਦਾ ਚਮਕੌਰੋਂ ਨਿਕਲਣ ਦੇ ਸਮੇਂ ਤੁਰਕੀ ਫੌਜ ਨੂੰ ਆਪੋ ਵਿਚ ਭੜਾ ਮਾਰਨਾ ਏਥੇ ਲਿਖਦਾ ਹਾਂ। ਜੋ ਸੂਰਜ ਪ੍ਰਕਾਸ਼ ਤੇ ਪੰਥ ਪ੍ਰਕਾਸ਼ ਤੇ ਗੁਰ ਬਿਲਾਸ ਵਿਚ ਇਸ ਤਰ੍ਹਾਂ ਲਿਖਿਆ ਹੈ।

"ਗੁਰੂ ਕੋ ਮਨਾਯੋ ਹੋਇ ਇਕ ਚਿਤ ਗੌਰ ਹੈ।"

ਔਰ ਪਟਲੇਸ਼੍ਵਰ ਕੇ ਧਿਆਵਨੇ ਪੈ ਆਨ ਗੁਰ ਐਸੋ ਭੈ ਦਿਖਾਯੋ ਭਏ ਮੁਸਲੇ ਬੇਤਾਬ ਹੈ। ਦੀ ਤਰਾਂ ਦੀ ਵਾਰਤਾ ਸਾਹਿਬਾਂ ਦੀ ਚਮਕੌਰੋਂ ਨਿਕਲਣ ਸਮੇਂ ਦੀ।

"ਨਿਜ ਮਾਯਾ ਗੁਰ ਅਸ ਵਰਤਾਈ।
ਸੋਇ ਗਏ ਪਹਿਰੂ ਸਮਦਾਈ।
ਊਚੇ ਟੇਰ ਟੇਰ ਬਹੁ ਬਾਰੀ।
ਗਿਰਾ ਗੁਰੂ ਇਸ ਭਾਂਤਿ ਉਚਾਰੀ।
ਪੀਰ ਹਿੰਦ ਕਾ ਭਾਗਯੋ ਜੈ ਹੈ।
ਐਸ ਪੁਕਾਰਤ ਗਏ ਸੁ ਧੈ ਹੈ।
ਸਬਦ ਗੁਰੂ ਕਾ ਸੁਨ ਕਰ ਤਬਹੀ।
ਜਾਗ ਉਠਿਯੋ ਤੁਰਕੀ ਦਲ ਸਭ ਹੀ।
ਰੌਰ ਪਰਿਯੋ ਤੁਰਕੀ ਦਲ ਮਾਹੀ।
ਦੌਰ ਦੌਰ ਸਭ ਇਤ ਉਤ ਜਾਹੀ।"

ਪੰਨਾਂ ੨੦੫ ਪੰਥ ਪ੍ਰਕਾਸ਼

ਸੂਰਜ ਪ੍ਰਕਾਸ਼ ਜੋ ਪੰਥ ਪ੍ਰਕਾਸ਼ ਤੋਂ ਪਹਿਲਾਂ ਦਾ ਲਿਖਿਆ ਹੋਇਆ ਹੈ। ਉਸ ਵਿਚ ਏਦੂੰ ਵਧ ਬਿਆਕੁਲਤਾ ਤੇ ਤੁਰਕਾਂ ਦੀ ਭਿਆਨਕ ਹਾਲਤ ਉਸ ਵਕਤ ਵਰਤੀ ਲਿਖੀ ਹੈ। ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਸਿੰਘਾਂ ਨੂੰ ਕਹੇ ਨਿਕਲਦੇ ਹਨ। ਤਾਂ



Sri Satguru Jagjit Singh Ji eLibrary NamdhariElibrary@gmail.com

(ਸਵੈਯਾ)

"ਅਬ ਚਾਹਤ ਹਮ ਰੋਰਾ ਪਾਯੋ ਗਹਿ ਸਸਤ੍ਰ ਹੋਵਉ ਸਵਧਾਨ।
ਸੁਧ ਕੋ ਦੇ ਕਰ ਸਗਰੇ ਲਸਕਰ ਲੰਘਹਿ ਡੇਰੇ ਕਰੇ ਪਿਆਨ।
ਯੋਂ ਕਹਿ ਉੂਚੀ ਧੁੰਨ ਤੇ ਬੋਲਹਿ ਦੇ ਹਾਥਨ ਤਾੜੀ ਭਗਵਾਨ।
ਹਿੰਦੂਨ ਪੀਰ ਚਲਿਉ ਅਬ ਨਿਕਸਿਉ ਘੇਰੋ ਤੁਮ ਮੈ ਜੋ ਬਲਵਾਨ।
ਤੀਨ ਬਾਰ ਸ੍ਰੀ ਮੁਖ ਤੇ ਕਹਿ ਕਰ ਦੂਰ ਦੂਰ ਲੌ ਬਾਕ ਸੁਨਾਇ।
ਦੌਰੇ ਏਕ ਬਾਰ ਸੁਨ ਰੌਰਾ ਬਾਮ ਦਾਹਨੇ ਸਨ ਮੁਖ ਆਏ।
ਦਸ ਹਜਾਰ ਕੋ ਫਿਰਹਿ ਭਲਾਵਾ ਸੁਨ ਅਵਾਜ ਧਾਏ ਚਿਤ ਚਾਏ।
ਦੋਏ ਮਸਾਲੇਂ ਜੂਲਤ ਅਗਾਰੀ ਆਵਤ ਪਿਖ ਗੋਬਿੰਦ ਸਿੰਘ ਰਾਏ।
ਧਨਖ ਬਿਖਹਿ ਸੰਧਹਿ ਦੋਏ ਖਪਰੇ ਤਾਂਨ ਕਾਨ ਲੌ ਦਏ ਚਲਾਏ।
ਗਏ ਗਾਜ ਸਭ ਕਟੀ ਮਸਾਲਾ, ਪੁਨ ਭਟ ਬੇਦ ਦੀਏ ਉਲਥਾਏ।
ਪਰਿਯੋ ਰੌਰ ਦੋ ਦਿਸ ਤੇ ਉਮਡੇ ਮਾਰੋ ਗਹੋ ਪੁਕਾਰਤ ਆਏ।
ਹਯ ਦੌਰੇ ਖੁਰ ਖੇਹ ਉਡੀ ਬਹੁ ਅੰਧ ਧੁੰਧ ਹ੍ਵੈ ਗੋ ਇਕ ਭਾਏ।
ਮਚਿਉ ਕੁਲਾਹਲ ਭਿੜੇ ਭੇੜ ਹੱਟ ਆਪਸ ਮੈ ਚਲ ਗਏ ਹਥਿਆਰ।
ਛੁਟੀ ਤੁਪਕ ਤੋਮਰ ਤਰ ਤੀਰਨ ਤਰਵਾਰਨ ਜੁਟਗੇ ਕਰ ਮਾਰ।
ਪਿਤਾ ਪੂਤ ਕੋ ਸਿਰ ਮੈ ਝਾਰਤ ਪੂਤ ਪਿਤਾ ਕੇ ਤਨ ਪਰ ਝਾਰ।
ਭ੍ਰਾਤ ਭ੍ਰਾਤ ਕੇ ਚਚਾ ਭਤੀਜਾ ਸਖਾ ਸਖਾ ਕੇ ਬਹੇ ਤਰਵਾਰ।
ਜਥੇਦਾਰ ਕੋ ਹਨਿਉ ਸਪਾਹੀ ਮਾਰ ਸਪਾਹੀ ਕੋ ਜਥੇਦਾਰ।
ਨਹੀ ਪਛਾਨ ਪਰਸ ਪਰ ਕੋਈ ਕਿਆਮਤ ਰਾਤ ਪਈ ਤਿਸਬਾਰ।
ਕਤਲ ਭਏ ਜਿਰ ਧਰ ਕਿਹ ਕਰ ਪਗ ਕੇਤਕ ਦਰੜੇ ਕਰਹਿ ਪੁਕਾਰ।
ਕਹੇ ਲਗ ਕਹੂ ਬਿਤੀ ਤੁਰਕਨ ਪਰ ਬਿਨ ਮਾਰੇ ਮਰ ਗਏ ਗਵਾਰ।
ਭਯੋ ਸਥਾਰ ਖੇਤ ਰਣ ਅੰਤਰ ਹਯ ਜੋਧਾ ਮਰ ਗਏ ਸਮੁਦਾਏ।
ਲੋਥਨ ਪੋਥਨ ਜਿਤ ਕਿਤ ਹੋਵਤ ਜੋਵਤ ਬਡ ਅੰਬਾਰ ਲਗਾਏ।
ਜਿਮ ਪੁਤਲੀ ਕੋ ਘਾਲ ਖੇਲ ਬਹੁ ਲਰਵੈ ਕੇ ਇਕ ਧਰ ਖਲਵਾਏ।



Sri Satguru Jagjit Singh Ji eLibrary NamdhariElibrary@gmail.com

ਮਨੋ ਜਨਨ ਨਹਿ ਜਨੇ ਥੇ ਬਹੋ ਇਹ ਮਰ ਕੇ ਪਰੇ ਢੇਰ ਸਮਦਾਏ।
ਪਰਬਤ ਆਦਿਕ ਦੇਸਨ ਵਾਸੀ ਭਈ ਬਿਨਾਸੀ ਚਮੂੰ ਬਸਾਲ।
ਜਾਮ ਏਕ ਲਗ ਬਜਿਉ ਲੋਹਾ ਮਨੋ ਲੁਹਾਰ ਸੁ ਘੜੇ ਉਤਾਲ।
ਜਹਿ ਕਹਿ ਸਬਦ ਸਸਤ੍ਰਨ ਕੋ ਸੁਨੀਅਤ ਮਨੋ ਅਨੇਕ ਬਨੀ ਟਕਸਾਲ।
ਭਈ ਆਖਰ ਬ੍ਰਿੰਦ ਗਾਰ ਕੀ ਚੌਦਿਸ ਥਲ ਚਮਕੌਰ ਕਰਾਲ।
ਸਤਿਗੁਰ ਚਲਕੇ ਹਇ ਇਕ ਪਾਸੇ ਨਿਕਸ ਗਏ ਕਿਮ ਦ੍ਰਿਗ ਰਜ ਡਾਰ।
ਦੁਤੀਆ ਦਿਸ ਕਹਿ ਤੀਨੋ ਸਿੰਘ ਜੋ ਬਿਛੁਰੇ ਪ੍ਰਭੁਤੇ ਭਏ ਸੋ ਪਾਰ।
ਨਿਕਟ ਨ ਪਹੁੰਚ ਡਰ ਧਰ ਅਰ ਥਿਰ ਧਰ ਪਰ ਚੌਦਿਸ ਪਰੇ ਸਥਾਰ।
ਗੜ ਅੰਤਰ ਦੋਇ ਸਿੰਘ ਤਿਸੀ ਬਿਧਿ ਤਜਹਿ ਤੁਫੰਗ ਸੀਘਰਤਾ ਧਾਰ।
ਸ੍ਰੀ ਗੋਬਿੰਦ ਸਿੰਘ ਨਿਕਸੇ ਬਾਹਰ, ਸਭ ਲਸਕਰ ਤੇ ਹੋਇ ਕਰ ਪਾਰ।
ਸਵਾ ਕੋਸ ਚਲ ਗਏ ਝੀਲ ਮਹਿ ਤਹਾਂ ਤ੍ਰੋਵਰ ਜੰਡ ਨਿਹਾਰ।"

ਸੁਖਾ ਸਿੰਘ ਜੀ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਵਿਚ ਚਮਕੌਰੋਂ ਨਿਕਲਣ ਦਾ ਸਮਾਂ ਗੁਰੂ ਜੀ ਦਾ ਤੇ ਤੁਰਕਾਂ ਨਾਲ ਬੀਤੀ ਨੂੰ ਇਸ ਤਰ੍ਹਾਂ ਲਿਖਦੇ ਹਨ। ਜੋ ਸੂਰਜ ਪ੍ਰਕਾਸ਼ ਤੋਂ ਪਹਿਲਾਂ ਦਾ ਲਿਖਿਆ ਹੋਇਆ ਹੈ।

ਦੋ: "ਇਹ ਬਿਧਿ ਚਰਿਤ੍ਰ ਬਨਾਇ ਕੈ ਪਵਨ ਰੂਪ ਜਨ ਧਾਰ।
ਦਹ ਲਖ ਸੈਨਾਂ ਬੀਚ ਤੇ ਪਰੇ ਮੋਰਚਨ ਪਾਰ।

ਸਵੈਯਾ :

ਰੌਰ ਪਰਿਯੋ ਪਛ ਹੈ ਮਧ ਦੂਤਨ ਕਿਆਮਤ ਰਾਤ ਮਨੋ ਤਿਨ ਆਈ।
ਆਪਸ ਮੈ ਤਿਨ ਤੇਗ ਚਲੀ ਨਿਜ ਕਾ ਪਰ ਕਾ ਨਹੀ ਚੀਨਤ ਜਾਈ।
ਪੂਤ ਪਿਤਾ ਸਿਰ ਪੈਅਸ ਝਾਰਤ ਤਾਬ ਤਬੈ ਸੁਤ ਸੀਸ ਲਗਾਈ।
ਐਸ ਭਯੋ ਸਭ ਹਾਲ ਅਰਾਨ ਕੋ ਕਾਲ ਪ੍ਰਲੈ ਤਿਨ ਰੈਨ ਬਿਤਾਈ।"

ਪੰਨਾਂ ੪੪੨—੪੩



Sri Satguru Jagjit Singh Ji eLibrary NamdhariElibrary@gmail.com

ਅੜਿਲ) ਜਿਵੇਂ ਦਸਮੇਸ਼ ਵਸ਼ੇਸ਼ ਨੀਤ ਤੇ ਕਾਰ ਕਰ।
ਗਏ ਨਿਕਲ ਗੜੀ ਚੋਂ ਬੜੀ ਜੁਲਮੀਆਂ ਮਾਰ ਕਰ।
ਤਿਵੇਂ ਪਟਲੇਸ਼੍ਵਰ ਦੀ ਅਰਜ਼ ਤੇ ਕਿਰਪਾ ਗੌਰ ਕਰ।
ਹੋ ਦਏ ਨਸਾ ਗਏ ਖਾਲੀ ਤੁਰਕ ਸ਼ਨੌਰ ਕਰ।
ਕੋਈ ਘਲਿਆ ਆਪਣਾ ਬੀਰ ਵਜੀਰ ਦੇ ਕੋਲ ਚਾ।
ਜਿਸ ਦਿਲ ਦਹਲਾਯਾ ਦਹਿਸ਼ਤ ਪਾ ਅਨਭੋਲ ਚਾ।
ਆ ਆਪ ਦਸਮ ਗੁਰ ਅਚਨ ਅਚੰਭਾ ਤੌਰ ਕਰ।
ਹੋ ਪਾਈ ਭਾਜੜ ਰਾਤੋਂ ਰਾਤ ਗਏ ਸੁੰਵ ਸਨੌਰ ਕਰ।

ਆਏ ਲੁਟਨ ਸੁਟ ਅਸਬਾਬ ਸੋ ਗਏ ਲੜਾਈ ਦਾ।
ਪਿਆ ਪਤਾ ਗੁਰਾਂ ਦੀ ਨੀਤੀ ਸਦਾ ਸਹਾਈ ਦਾ।
ਵਿਚ ਪਿੰਡਾਂ ਖਿੰਡੀ ਗਲ ਲੇਖਕਾਂ ਸਹੀ ਕਰ।
ਹੋ ਲਿਖਿਆ ਆਏ ਗੁਰ ਸੁਣ ਸੈਨਾਂ ਜਿਮ ਗਈ ਡਰ।

ਦੋਹਰਾ : ਪਵਨ ਰੂਪ ਕਿਸੇ ਲਿਖਿਆ ਮਾਇਆ ਗੁਰੂ ਕਿਸੇ।
ਸੁਖਾ ਸਿੰਘ ਜੀ ਗਿਆਨੀ ਗਿਆਨ ਸਿੰਘ
ਗੁਰ ਚਾਹਿਆ ਕਿਸੇ ਲਿਖਿਆ ਜਿਸ ਨੂੰ ਜਿਵੇਂ ਦਿਸੇ।
ਸੰਤੋਖ ਸਿੰਘ ਜੀ

ਪਰ ਸਭਨਾਂ ਸਤਿਗੁਰੂ ਦੀ ਨੀਤੀ ਅਜਬ ਲਿਖੀ।
ਬਾਦ ਨਦੇੜੋਂ ਯਾਦ ਦੀ ਮੰਨੇ ਸਰਬ ਪਿਖੀ।
ਲਕੜਹਾਰੇ ਸਾਧੂਆਂ ਬਾਲਾ ਰੁਸਤਮ ਰਾਏ।
ਆਦ ਕਥਾਵਾਂ ਲਿਖੀਆਂ ਸੁਨ ਸਰਧਾ ਭਰ ਭਾਏ।
ਬਾਦ ਉਨ੍ਹਾਂ ਤੋਂ ਖੋਜੀਆਂ ਜੋ ਲਿਖਿਆ ਇਤਿਹਾਸ।
ਸੋ ਸਭ ਇਸੇ ਗ੍ਰੰਥ ਵਿਚ ਲਿਖੇ ਤਰਨ ਸਿੰਘ ਖਾਸ।
ਜੋ ਛਪ ਚੁਕਿਆ ਰੁਕਿਆ ਨਹੀਂ ਕਿਸੇ ਤੋਂ ਮੂਲ।



Sri Satguru Jagjit Singh Ji eLibrary NamdhariElibrary@gmail.com

ਜੋ ਸੁਣ ਪੜ੍ਹ ਕੇ ਮੰਨਿਣਾ ਹੈ ਸਿਖੀ ਅਨਕੂਲ ।
ਲਿਖਤਾਂ ਲਿਖਾ ਭੀ ਨਾਲ ਸੋ ਸਮਾਂ ਉਮਰ ਗੁਰਦੇਵ ।
ਖੋਜ ਰੋਜ ਤੋ ਤਰਨ ਸਿੰਘ ਕਰੇ ਸੁਘਰ ਗੁਰ ਸੇਵ ।
ਸਾਵਣ ਮਾਹ ਸ੍ਰੀ ਰਾਮ ਪੁਰ ਸੰਮਤ ਬਿਕਰਮ ਜੀਤ ।
੨੦੨੯ ਈਸਵੀ ਰਿਹਾ ਉਨੱਤ੍ਰ ਬੀਤ ।
ਮੇਰੀ ਉਮਰ ਅਠਾਠਵਾਂ ਸਾਲ ਮਘਰੋਂ ਜਾਏ ।
ਗੁਰ ਜਸ ਜੀਵਨ ਸੁਰ ਜਨਾਂ ਨਿਰਨੇ ਭਲੇ ਕਰਾਏ ।
ਦੋਖ ਦਿਖਾਵਨ ਰੋਖ ਰਖ ਕਰਨ ਕਾਰ ਨਹੀਂ ਸਾਰ ।
ਸੋਏ ਜਗਾਵਨ ਸੂਝਦੇ ਲਿਖਾਂ ਧਰਮ ਮਨ ਧਾਰ ।

ਕਨਿੰਘਮ ਭੀ ਸਿਖ ਇਤਿਹਾਸ ਵਿਚ ਇਸੇ ਤਰ੍ਹਾਂ ਅਚਾਨਕ ਸਿੰਘੀ ਫੌਜ ਪੈ ਗਈ ਦਾ ਡਰ ਪੈਣ ਤੇ ਵਜੀਰ ਦਾ ਰਾਤੋ ਰਾਤ ਨਸ ਜਾਣਾ ਲਿਖਿਆ ਹੈ । (ਸਿਰਲੇਖ ਹੈ) "ਮਾਲਵੇ ਦੇ ਸਿਖਾਂ ਵਿਰੁਧ ਦਿਲੀ ਵਲੋਂ ਮੁਹਿੰਮ ਦੀ ਰਵਾਨਗੀ ।"

"ਦਿਲੀ ਦੇ ਵਜ਼ੀਰ ਅਤੇ ਸ਼ਾਹੀ ਖਾਨਦਾਨ ਦੇ ਮੈਂਬਰ ਫਰਖੰਦਾ ਵਖਤ ਦੀ ਕਮਾਨ ਹੇਠ......ਇਕ ਬੜੀ ਵੱਡੀ ਫੌਜ ਭੇਜੀ ਗਈ। ਉਸ ਨੇ ਕਰਨਾਲ ਤੇ ਕਬਜ਼ਾ ਕਰ ਲਿਆ । ਖਰਾਜ ਦੇਣ ਦਾ ਇਕਰਾਰ ਕਰਕੇ ਸਿੰਘੀਆ ਬਘੇਲ ਸਿੰਘ ਨੇ ਸ਼ਾਹੀ ਫੌਜ ਦੀ ਈਨ ਮੰਨ ਲਈ ।

......ਇਸ ਦੇ ਮਗਰੋਂ ਸ਼ਾਹੀ ਫੌਜ ਪਟਿਆਲੇ ਜਾ ਪਹੁੰਚੀ । ਅਮਰ ਸਿੰਘ ਨੇ ਵਫਾਦਾਰੀ ਤੇ ਖਰਾਜ ਦਾ ਇਕਰਾਰ ਕਰ ਲਿਆ । ਬਘੇਲ ਸਿੰਘ ਵੀ ਵਫਾਦਾਰ ਜਾਪਦਾ ਸੀ । ਅਚਾਨਕ ਪਤਾ ਲਗਾ ਕਿ ਲਹੌਰ ਤੋਂ ਸਿਖਾਂ ਦਾ ਇਕ ਜ਼ਰਾਰ ਲਸ਼ਕਰ ਮਾਰੋ ਮਾਰ ਕਰਦਾ ਆ ਰਿਹਾ ਹੈ । ਇਹ ਸੁਣਕੇ ਮੁਗਲ ਫੌਜਾਂ ਪਾਣੀਪਤ ਤਕ ਪਸਪਾ ਹੋ ਗਈਆਂ ।" ਪੰਨਾਂ ੧੨੬—੨੭

ਉਲੱਥਾ ਕਾਰ ਗੁਰਮੁਖ ਸਿੰਘ 'ਗੁਰਮੁਖ'



Sri Satguru Jagjit Singh Ji eLibrary NamdhariElibrary@gmail.com

ਰਾਜੇ ਦੇ ਨਾਮ ਤੇ ਸੰਨ ਸੰਮਤ ਦਾ ਤੇ ਭਾਵੇਂ ਫਰਕ ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਤੇ ਕਲਿੰਘਮ ਵਿਚ ਹੋਵੇ। ਜੋ ਜਾਪਦਾ ਹੈ। ਇਕ ਧਿਰ ਦੀ ਉਕ ਹੈ ਪਰ ਸਨੌਰ ਜੋ ਪਟਿਆਲੇ ਦੀ ਹੱਦ ਨਾਲ ਲਗਦੇ ਬੰਨੇ ਤੇ ਹੈ ਉਥੇ ਉਤਰੀ ਫੌਜ ਦਾ ਅਚਾਨਕ ਭੈ ਪੈਣ ਤੇ ਨਸ ਜਾਣਾ ਦੋਵੇਂ ਧਿਰਾਂ ਲਿਖਦੇ ਹਨ। ਜੋ ਦਸਮ ਜੀ ਦੀ ਰਾਜੇ ਤੇ ਵਿਆਲਤਾ ਦੀ ਪ੍ਰੌੜਤਾ ਕਰਦਾ ਹੈ। ਤੇ ਚਮਕੌਰੋਂ ਗੁਰੂ ਜੀ ਦੇ ਨਿਕਲਣ ਸਮੇਂ ਦੀ ਹਰਫਲੀ ਪਾਈ ਵਾਂਗੂ ਦੀ ਵਾਰਤਾ ਹੋਈ ਦਸਦਾ ਹੈ। ਤ:

ਪਾਠਕ ਪਟਲੇਸ਼੍ਵਰ ਰਾਜਾ ਸਾਹਿਬ ਸਿੰਘ ਦੇ ਅਰਾਧਨ ਤੇ (ਦਸਮ ਗੁਰ ਦਰਸਨ) ਦਾ ਪ੍ਰਸੰਗ ਜੋ ਪਿਛੇ ਪੜ੍ਹ ਆਏ ਹਨ। ੧੯੫੭ ਬਿਕਰਮੀ ਦਾ ਜਿਸ ਵਿਚ ਗਿਆਨੀ ਜੀ ਲਿਖਿਆ ਹੈ। ਪਟਲੇਸ਼੍ਵਰ ਨੇ "ਗੁਰੂ ਕੋ ਮਨਾਯੋ ਹੋਇ ਇਕ ਚਿਤ ਗੋਰ ਹੈ," ਤੇ "ਔਰ ਪਟਲੇਸ਼੍ਵਰ ਕੇ ਧਿਆਵਨੇ ਪੈ ਆਨ ਗੁਰ ਐਸੋ ਭੈ ਦਿਖਾਯੋ ਭਏ ਮੁਸਲੇ ਬੇਤਾਬ ਹੈ।" ਤੇ "ਕਾਹੂ ਜਨ ਆਨਕ ਅਚਾਨਕੇ ਵਜੀਰ ਢਿਗ, ਕਹਿਯੋ ਚਢ ਆਇਉ ਧਾਇ ਤੁਮ ਪੈ ਸਬਾਬ ਹੈ।" ਤੇ ਇਸੇ ਤਰ੍ਹਾਂ ਦੀ ਹਰਫਲੀ ਚਮਕੌਰੋਂ ਨਿਕਲਣ ਸਮੇਂ ਭੀ ਗੁਰੂ ਜੀ ਤੁਰਕ ਦਲ ਨੂੰ ਜਿਵੇਂ ਪਾਈ ਸੀ ਪਾਠਕ ਇਤਿਹਾਸਕ ਸਬੂਤਾਂ ਨਾਲ ਪੜ੍ਹ ਆਏ ਹਨ। ਹੁਣ ਉਸੇ ਪੰਥ ਪ੍ਰਕਾਸ਼ ਵਿਚੋਂ ਉਹਨਾਂ ਗਿਆਨੀ ਗਿਆਨ ਸਿੰਘ ਜੀ ਦਾ ਇਕ ਹੋਰ ਵੇਰ (ਦਸਮ ਗੁਰ ਦਰਸਨ) ਦਿਤਾ ਲਿਖਦਾ ਹਾਂ ਜੋ ਇਸ ਤਰ੍ਹਾਂ ਹੈ।"

"ਕੂਕਿਆਂ ਦੀ ਕਥਾ" ਲਿਖਦੇ ੯੭੫ ਪੰਨੇ ਤੇ ਲਿਖਦੇ ਹਨ।

॥ ਕਬਿਤ ॥

"ਨਾਮ ਸਿੰਘ ਬਾਲਕ ਪੈ ਪਾਲਕ ਪਗੰਬਰੋਂ ਕੇ।
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਿਆਗੀ ਹੈਂ।



Sri Satguru Jagjit Singh Ji eLibrary NamdhariElibrary@gmail.com

ਤਾਲਕ ਰਖੈ ਹੈ ਏਕ ਖਾਲਕ ਸੈ ਸ਼ਾਲਕ ਸੋ।
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ।
ਸਜਮਤ ਭਗਤ ਵਿਰੱਕਤ ਅਦਾਗੀ ਹੈਂ।
ਕੀਰਤਨ ਕਥਾ ਸਤਸੰਗ ਜਥਾ ਜੋਗ ਤਥਾ।
ਰਾਖ ਤਧਾ ਭਾਖ ਤਥਾ ਭਜਨ ਸੋ ਜਾਗੀ ਹੈਂ।......

ਤੇ ਲਿਖਦੇ ਹਨ—

ਬਾਲਕ ਮ੍ਰਿਗੇਸ਼ ਤੇ ਵਿਸ਼ੇਸ਼ ਉਪਦੇਸ਼ ਲ਼ਾਮ।
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ[1] ਕਈ ਬਾਰ ਕਰਤਾਰ ਦਯੋ।
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐ ਪੈ ਗੁਰ ਦਸਮ[2] ਦਰਸਾਂ ਦੈ ਜੋ ਕਹਿਯੋ ਤਾਹਿ।
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਹਿ ਹੇਤ ਤਾਹਿ ਨਾਹਿ ਔਰ ਕਾਹਿ ਮਾਹਿ।
ਨਿਜ ਸਕਤ ਰਖਾਈ ਗੁਰ ਵਾਕ ਦਿਢ ਥੇ ਧਰੇ।"

"ਸੋਈ ਨੇਤ ਫੁਰੀ ਆਏ ਸੰਮਤ ਬਹਤਰੇ ਮੈਂ।
ਮਾਘ[3] ਸੁਦੀ ਪੰਚਵੀਂ ਸਵੇਰੇ ਗੁਰਵਾਰ ਕੈ।
ਜ਼ਿਲੇ ਲੁਧਿਆਣੇ ਗ੍ਰਾਮ ਭੈਣੀ ਨਾਮ ਜਾਣੇ ਆਮ।
ਅਵਤਰੇ ਸਿੰਘ ਰਾਮ ਕਲਮਲੇ ਟਾਰ ਕੈ।

---

(੧) ਅਕਾਸ਼ ਬਾਨੀ (੨) ੧੮੬੯ ਬਿ: ਵਸਾਖ ਵਦੀ ਦਸਵੀਂ ਜ਼ਿਲਾ ਅਟਕ ਹਰੋ ਨਦੀਂ ਦੇ ਕੰਢੇ।

(੩) ੧੮੭੨ ਬਸੰਤ ਪੰਚਵੀਂ ਸਤਿਗੁਰ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ।



Sri Satguru Jagjit Singh Ji eLibrary NamdhariElibrary@gmail.com

ਜਾਤ ਤਰਖਾਣ ਜੱਸੇ ਨਾਮ ਕੇ ਅਵੱਸੇ ਘਰ।
ਸਦਾ ਮਾਤ ਸੈ ਪਰਕਾਸੇ ਨਾਮ ਪ੍ਰਚਾਰ ਕੈ।
ਬਾਲਕ ਹੀ ਪਨ ਸੈ ਥੇ ਈਸ਼ਵਰ ਕੋ ਮਨ ਸੈ ਥੈ।
ਧਿਆਵਤੇ ਸਗਨ ਸੇਥੈ ਜਨੋ ਕੇ ਸੁਧਾਰ ਕੈ। ੬ ਕ:

ਬਡੇ ਥਾਏ ਜਾਇਕੇ ਲਹੌਰ ਪਲਟਨ ਮਾਹਿ।
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।
ਬਾਣੀ ਗੁਰੂ ਕੀ ਪਢੇ ਹੈ ਭਜਨ ਕਰੇ ਹੈ ਚੈ ਹੈ।
ਰਹਿੰਨੋ ਇਕੰਤ ਦੈ ਹੈ ਆਜ ਜੋਂ ਕੋਬਿਤ ਹੈਂ।
ਸੰਮਤ ਅਠਾਰਾਂ ਸੌ ਅਠਾਨਵੇਂ ਮੇਂ ਪਲਟਨ।
ਗਈ ਥੀ ਸੋ ਹਜਰੋ ਮੈ ਰਾਜ ਕਾਜ ਕਿਤ ਹੈਂ।
ਸੰਤਨ ਕੇ ਮਿਲਵੇ ਕਾ ਸ਼ੌਕ ਥਾ ਮਹਾਨ ਰਾਮ।
ਸਿੰਘ ਦਰਸਾਤੋਂ ਯਾਤੇ ਜਾਏ ਜਿਤ ਕਿਤ ਹੈ।
ਬਾਲਕ ਮ੍ਰਿਗੇਸ਼ ਕਾ ਵਸ਼ੇਸ਼ ਜਸ ਸੁਨ ਸੋਊ।
ਕੋਕਲ ਬਤਕ ਸੁਤ ਸਮ ਹੁਲਸਾਇ ਕੈ।
ਪਰਾ ਪੁੰਨ ਪੁੰਜ ਜਾਗਿਯੋ ਰੰਗਣ ਮੈਂ ਖੂਬ ਰਾਂਗਿਯੋ।
ਵਡਭਾਗੀ ਪ੍ਰੇਮ ਪਾਗਿਯੋ ਗਹਿ ਪਗ ਜਾਇ ਕੈ।
ਪੇਖ ਅਧਿਕਾਰੀ ਈਸ ਅੰਸ ਅਵਤਾਰੀ ਤਬ।
ਬਾਲਕ ਮ੍ਰਿਗਾਰੀ ਦੀਉ[੨] ਨਾਮ ਮੁਦ ਥਾਇ ਕੈ।
ਸਾਰ ਚਾਰ ਬੇਦਨ ਕੋ ਭਰਮ ਭੇਦ ਛੇਦਨ ਕੋ।
ਦਾਏ ਨਿਰਵੇਦਨ ਕੋ ਦੇਖ ਦੁਖ ਘਾਇਕੇ।" ੯ ਕ:

ਉਪਰ ਲਿਖੇ ਗਿਆਨੀ ਜੀ ਦੇ ਪੰਜ ਕਬਿਤ (ਦਸਮ ਗੁਰ ਦਰਸਨ) ਦੇਣ ਤੇ ਗੁਰੂ ਜੀ ਵਲੋਂ ਨਿਜ ਸਕਤ ਅਰਥਾਤ ਆਪਣੀ

(੨) ਅਸੂ ਦੀ ਸੰਗ੍ਰਾਂਦ ੧੮੯੮ ਬਿਕਰਮੀ।



Sri Satguru Jagjit Singh Ji eLibrary NamdhariElibrary@gmail.com



"ਰਾਮ ਸਿੰਘ ਹੋਇ ਮੇਰੋ ਨਾਮਾ"

( ਸ੍ਰੀ ਮੁਖ ਵਾਕ ਪਾ: ੧੦ )

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਗੁਰ ਸਤਾ ਗੁਰੂ ਬਾਲਕ ਸਿੰਘ ਜੀ ਨੂੰ ਸੌਂਪ ਕੇ ਤੇ ਅਗੇ ਸੋ ਗੁਰੂ ਰਾਮ ਸਿੰਘ ਜੀ ਆਪਣੇ ਹੀ ਅਵਤਾਰ ਨੂੰ ਦੇਣ ਦੀ ਪੱਕੀ ਕੀਤੀ ਦਸਦੇ ਹਨ ਤੇ ਦਸਦੇ ਹਨ, ਮੈਂ ਇਹ ਵਸਤ ਹੋਰ ਕਿਤੇ ਨਹੀਂ ਰਖੀ। ਗਿਆਨੀ ਜੀ ਨੇ ਕੁਲ ੨੮ ਕਬਿਤ ਕੂਕਿਆਂ ਬਾਰੇ ਲਿਖੇਹਨ। ਜੋ ੯੯੧ ਪੰਨੇ ਪੰਥ ਪ੍ਰਕਾਸ਼ ਤੇ "ਸਿੰਘ ਕੂਕਿਉਂ ਕੀ ਕਥਾ ਕਹੀ ਜਥਾਰਥ ਸਾਰ।" ਤੇ ਮੁਕਾਂਦੇ ਹਨ।

॥ ਕਬਿਤ ॥

ਜਿਵੇਂ ਗੁਰ ਅੱਠਵੇਂ ਨੇ ਅੰਤ ਸਮੇਂ ਆਖਿਆ ਸੀ,
ਸੋ ਗੁਰੂ ਬਾਬਾ ਬਸੇ ਜਾਨੀਏ ਬਕਾਲੇ ਗ੍ਰਾਮ।
ਤਿਸ਼ ਪ੍ਰਮਾਨੋਂ ਵਧ ਜਾਣੋ ਗੁਰੂ ਦਸਮੇਂ ਨੇ,
ਆਪਨਾ ਹੀ ਅਵਤਾਰ ਤੇ ਉਚਾਰ ਨਾਲੇ ਨਾਮ।
ਕਿਹਾ ਗੁਰੂ ਗਿਆਰਵੇਂ ਨੂੰ ਬਾਰੁਵੇਂ ਦੇ ਜੋਗ ਤੁਸਾਂ,
ਨੂੰ ਹੈ ਸੌਂਪੀ ਸਕਤ ਸੋ ਕਹੀਂ ਨਹੀਂ ਦੁਆਲੇ ਆਮ।
ਰਾਮ ਸਿੰਘ ਜਿਸ ਦਾ ਸ਼ੀ ਨਾਮ ਦਸਮੇਸ਼ ਕਿਹਾ,
ਸਮੇਂ ਨਾਲ ਸੋ ਹੀ ਸੋਹੇ ਹੋਏ ਚੀਨੀ ਵਾਲੇ ਰਾਮ।
"ਅਵਚਲ ਨੀਵ"[੧] ਜੇਹੜੀ ਧਰੀ ਗੁਰੂ ਨਾਨਕ ਨੇ,
"ਨਿਤ ਨਿਤ ਚੜੇ" ਜੋ ਸਵਾਈ ਗੁਰ ਵਾਕ ਏ।
ਅਤੇ "ਜਉ ਕਹੁ ਮੁਖਹੁ[੨] ਸੇਵਕ ਈਹਾਂ ਬੈਸੀਐ,
ਗੁਰ ਮਿਲ ਗੁਰ ਸੁਖ ਪਾਈ" ਦਾ ਜੋ ਸਾਕ ਏ।
ਬਾਦ ਦਸਮੇਸ਼ ਜੇ ਹਮੇਸ਼ ਲਈ ਬੰਦ ਕੀਤਾ,
ਸੋਚ ਮੀਤਾ ਪਹਿਲਾ ਵਾਕ ਕਿਵੇਂ ਸੱਚਾ ਪਾਕ ਏ।

---

(੧) ਸਾਰੰਗ/ਗੂਜਰੀ ਮ: ੫ ਪੰਨਾਂ ੧੨੨੬
(੨) ਸਾਰੰਗ ਮ: ੫ ੧੨੨੩ ਪੰਨਾਂ



Sri Satguru Jagjit Singh Ji eLibrary NamdhariElibrary@gmail.com

ਗਧਿਆਂ ਨੂੰ ਗੁਦਾ ਪਵੇ ਬਵੇ ਥਵੇ ਗੱਲ, ਕਾਫੀ ,
ਸੈਨਤ ਇਸ਼ਾਰਾ ਹੀ ਅਰਾਕੀਆਂ ਦੇ ਤਾਕ ਏ।

ਦੋ: ਇਹ ਨਿਰਨਾਂ ਅੱਗੇ ਕਰਾਂ ਲਗੇ ਵਕਤ ਜੇ ਵੇਹਲ।
ਹਾਲੀ ਖਾਲੀ ਲਿਖਤਾਂ ਇਤਿਹਾਸਕ ਹੀ ਠੇਹਲ।
ਦਸਮ ਗੁਰੂ ਦਾ ਦਸਨਾਂ ਬਾਦ ਨਦੇੜੋਂ ਰਹਿਣ।
ਵਿਦਵਾਨਾਂ ਹੈ ਲਿਖਿਆ ਨਿਰਾ ਨਹੀਂ ਮੇਰਾ ਕਹਿਣ।
ਚੁਣ ਚੁਣ ਕੇ ਇਤਿਹਾਸਾਂ ਚੋਂ ਖਾਸਾਂ ਦੇ ਗੁਣ ਗਿਆਨ।
ਰਹਿਮ ਖੁਸ਼ੇ ਲਈ ਆਪਦੇ ਵਹਿਮੀ ਹੋ ਨਿਰਮਾਨ।

(ਚੁਟਕੀ) ਮੰਗੇ ਧਿਆਨ ਨਹੀਂ ਜਿਦ ਗੁਮਾਨ।
ਜੋ ਤੁਸਾਂ ਪੁਜੇ ਮੁਬਾਰਕ ਰਹੋ ਰੁਝ।

ਹੁਣ ਮੈਂ ਪਾਠਕਾਂ ਨੂੰ ਸਮੇਰ ਸਿੰਘ ਜੀ ਪਟਨਾਂ ਵਾਲਿਆਂ ਦੇ ਲਿਖੇ ਪੁਸਤਕ "ਪੋਥੀ ਗੁਰ ਬਿਲਾਸ ਪਾਤਸ਼ਾਹੀ ਦਸਵੀਂ" ਵਿਚੋਂ ਨਦੇੜ ਗੁਰੂ ਜੀ ਦੇ ਅਲੋਪ ਹੋਣ ਵਾਲੇ ਕੌਤਕ ਕਰਨ ਤੇ ਉਸ ਤੋਂ ਬਾਦ (ਦਸਮ ਗੁਰ ਦਰਸਨ) ਦੇਣ ਦੀ ਬਾਬਤ ਦੀਆਂ ਸਾਖੀਆਂ ਲਿਖਦਾ ਹਾਂ। ਜੋ ਗਿਆਨੀ ਗਿਆਨ ਸਿੰਘ ਜੀ ਵਾਂਗੂੰ ਦਸਮੇਸ਼ ਜੀ ਦਾ ਹਜਰੋ ਪਸ਼ੌਰ ਕਾਬਲ ਵਲ ਜਾਣਾ ਸਾਬਤ ਕਰਦੀਆਂ, ਤੇ ਸਾਬਤ ਕਰਦੀਆਂ ਹਨ। ਠੀਕ ਹੀ ਦਸਮ ਗੁਰਦੇਵ ਜੀ ਨਦੇੜੋਂ ਅਲੋਪ ਹੀ ਹੋਇ ਸੀ ਤੇ ਗੁਰੂ ਬਾਲਕ ਸਿੰਘ ਜੀ ਨੂੰ ਦਰਸਨ ਦੇਣ ਸਮੇਂ ਹਜਰੋ, ਪਸ਼ੌਰ, ਕਾਬਲ ਵਲ ਵਿਚਰਦੇ ਰਹੇ ਹਨ।

ਜਿਵੇਂ ਪਾਠਕ ਉਪਰ ਪੜ੍ਹ ਆਏ ਹਨ ਕਿ ਗਿਆਨੀ ਗਿਆਨ ਸਿੰਘ ਜੀ ਦਸਮ ਜੀ ਦਾ ਉਚ ਦੇ ਪੀਰ ਬਣਨ ਸਮੇਂ ਭੀ ਚਰਿਤ੍ਰ ਕੀਤਾ ਹੀ ਲਿਖਦੇ ਹਨ ਤੇ ਨਦੇੜ ਭੀ ਗੁਰੂ ਜੀ ਦਾ ਕੀੜਾ ਚਰਿਤ੍ਰ ਹੀ ਲਿਖਦੇ ਹਨ। ਤਿਵੇਂ ਮਹੰਤ ਸੁਮੇਰ ਸਿੰਘ ਜੀ ਭੀ ਦੋਨੀਂ ਸਮੀਂ ਕੀਤਾ ਗੁਰੂ ਕਾ ਚਰਿਤ੍ਰ ਹੀ ਲਿਖਦੇ ਹਨ।



Sri Satguru Jagjit Singh Ji eLibrary NamdhariElibrary@gmail.com

ਤੁਰਕੀ ਦਲ ਕਿਹਾ ਜੇ ਉਚ ਦੇ ਪੀਰ ਹੋ ਤਾਂ ਸਾਡੇ ਨਾਲ ਖਾਣਾ ਖਾਉ। ਦਇਆ ਸਿੰਘ ਧਰਮ ਸਿੰਘ ਮਾਨ ਸਿੰਘ। ਗੁਰ ਹੁਕਮ ਅਨੁਸਾਰ ਕੌਤਕ ਦੇਖ ਅਚਰਜ ਹੁੰਦੇ ਹਨ।

ਚੌ: "ਸੁਨ ਉਮਰਾਉ ਮੌਨ ਹ੍ਵੈ ਗਯੋ।
ਸਿੰਘ ਤਬ ਤਹਿ ਅਚਰਜ ਭਯੋ।
ਨਿਰਖਹਿ ਨਿਜਹਿ ਤੀਨਹੂ ਤਬੈ।
ਬੈਠੇ ਬਿਲਗ ਪੰਗਤੀ ਸਬੈ।
ਧਰਿਯੋ ਕੜਾਹ ਪ੍ਰਸਾਦ ਅਗਾਰੀ।
ਰਾਖਿਯੋ ਸਤਿਗੁਰ ਭਾਗ ਨਿਕਾਰੀ।
ਤੁਰਕਨ ਲਖਹਿ ਹਮਰੇ ਸੰਗ ਖਾਹੀ।
ਯਹਿ ਚਰਿਤ੍ਰ ਲਖਹਿ ਕੋਊ ਨਾਹੀ।
ਜਿਮ ਜਾਨਕੀ ਅਗਨ ਮਹਿ ਰਾਖੀ।
ਮਾਯਾ ਸੀਆ ਹਰੀ ਸਭ ਭਾਖੀ।
ਤਿਮ ਤਹ ਪ੍ਰਗਟ ਸੰਗ ਸਿੰਘ ਰਹੇ।
ਵਾਸਤਵਿਕ ਸਾਹਿਬ ਲਗ ਸੁ ਬਹੇ।

ਦੋ: ਆਯੋ ਸੱਯਦ ਨੂਰਪੁਰ ਸੁਨ ਸਭ ਕਥਾ ਸੁਜਾਨ।
ਸਾਖੀ ਗੁਰ ਰਾਖੀ ਦਈ ਭਾਖੀ ਮਿਤ ਸੁਖ ਦਾਨ।

ਚੌ: ਪੀਰ ਉਚਕੇ ਸੱਯਦ ਸਹੀ।
ਯਾ ਮੈ ਕੁਛ ਹੈ ਸੰਸਾ ਨਹੀਂ।
ਬੁਰੋ ਕਰਯੋ ਇਨ ਕੋ ਤੁਮ ਰੋਕਾ।
ਸੈਫ ਜੁਬਾਨ ਸੋ ਕਾਮਲ ਲੋਕਾ।
ਗੁਰੂ ਗੋਬਿੰਦ ਸਿੰਘ ਇਹ ਨਹੀਂ।
ਬਖਸਾਵਹੁ ਨਿਜ ਖਤਾ ਸੁ ਯਹੀ।

Sri Satguru Jagjit Singh Ji eLibrary NamdhariElibrary@gmail.com

ਡਰ ਉਮਰਾਉ ਭੇਟ ਸਤ ਪਾਂਚਾ।
ਸੰਗ ਸੱਯਦ ਆਯੋ ਲਗ ਆਂਚਾ।
ਸੀਸ ਨਿਵਾਇ ਕਰੀ ਤਾਲੀਮ।
ਸੁਨੋ ਪੀਰ ਜੀ ਬੜੇ ਅਜੀਮ।
ਹਮ ਚਾਕਰ ਹਜਰਤ ਕੇ ਅਹੈ।
ਗੁਰ ਬਰ ਡਰ ਕਰ ਡਰਤੇ ਰਹੈ।
ਇਤੋ ਉਪਦ੍ਰਵ ਇਤਨੀ ਸੈਨਾ।
ਗਹਿਯੋ ਨ ਗਇਓ ਗੁਰੂ ਇਕ ਨੈਨਾਂ।
ਕਸਮ ਕੁਰਾਨ ਕਾਢ ਤਿਹ ਢੀਨੋ।
ਹਮ ਸਭ ਸੋਊ ਆਪ ਚਿਤ ਚੀਨੋ।
ਤਊ ਨ ਗਹਿਯੋ ਗਯੋ ਭਗ ਗਯੋ।
ਤਾਂਤੇ ਚਿਤ ਬਿਆਕਲਤਾ ਭਯੋ।
ਭਰਮ ਬਸ ਦਯੋ ਖੇਦ ਮੈ ਜੋਈ।
ਬਖਸਹੁ ਪੀਰ ਉਚਕੇ ਸੋਈ।
ਸਤਿਗੁਰ ਕਹੀ ਨ ਗੁਰ ਗਹਿਯੋ ਜਾਈ।
ਤੁਰਕ ਤੇਜ ਨਾਸਹਿ ਸਭ ਯਾਈ।
ਧਰਮ ਹਾਰ ਗਏ ਤੁਰਕ ਪਹਾਰੀ।
ਤਾਂਤੇ ਰਹੇਂ ਨ ਬਲ ਛਲ ਧਾਰੀ।
ਤੁਮਰੋ ਅਬ ਗੁਨਾਹ ਕੁਛ ਨਾਹੀ।
ਨਹਿ ਨਿਰਾਜ ਤੁਮ ਪਰ ਹਮ ਯਾਹੀ।
ਜਾਕੀ ਕਰੀਐ ਚਾਕਰੀ ਜੈਸੀ।
ਪ੍ਰਾਨਹੁ ਲੌ ਨਿਬੈ ਮੁਖ ਤੈਸੀ। ੫੩੧/੩੨ ਪੰਨਾਂ

ਨਦੇੜ ਗੁਰੂ ਜੀ ਸਸਤ੍ਰ ਪਹਿਨ ਕਨਾਤ ਤਨਾਂ ਕਹਿੰਦੇ ਹਨ ਕਿ ਅਸਾਂ ਦੀ ਚੜ੍ਹਾਈ ਦਾ ਸਮਾਂ ਹੈ ਜੋ ਗੱਲ ਸਿਖੋ ਪੁਛਨੀ ਹੈ ਪੁਛ ਲਵੋ।



Sri Satguru Jagjit Singh Ji eLibrary NamdhariElibrary@gmail.com

"ਕਹੀ ਗੁਰੂ ਹਮਰੀ ਸੋ ਚੜਾਈ,
ਪੂਛ ਲੇਹੁ ਬਚ ਜੋਈ।
ਸਿੰਘਨ ਬਿਨਵਤ ਬਿਨਤੀ ਕੀਨੀ,
ਨੈਨਨ ਝਰ ਧਰ ਯੋਈ।

ਦੇਸ਼ ਛੋਡ ਪ੍ਰਦੇਸ਼ ਤਿਆਗ ਕਰ ਪ੍ਰਭ ਨਿਜਲੋਕ ਪਧਾਰੇ।
ਹਮਰੇ ਕੋ ਰਖਿਅਕ ਕਰੁਣਾ ਕਰ, ਕਾ ਕਿ ਆਸ੍ਰਯ ਧਾਰੇ।
ਨਵਹੂੰ ਗੁਰ ਆਗੈ ਗੁਰ ਕਰ ਕਰ, ਤਬ ਪ੍ਰਲੋਕ ਸਿਧਾਰੇ।
ਆਪ ਰਚਹਿ ਕਛ ਚਰਿਤ ਅਪਰ ਮਿਤ ਸਮਝ ਨ ਪਰੈ ਬਚਾਰੈ।
ਸ੍ਰੀ ਮੁਖ ਕਹੀ ਕਿ ਮਾਤ ਕਾਲਕਾ ਪਿਤਾ ਅਕਾਲ ਰਸਾਲਾ।
ਛਾਂਕੀ ਗੋਦੀ ਪਰਯੋ ਖਾਲਸਾ ਅਬ ਕਸ ਚਿੰਤ ਬਸਾਲਾ।
ਮੈ ਹਰ ਹਾਲਤ ਹਾਜਰ ਨਾਜਰ, ਸਿਮਰੋ ਦਰਸ਼ਨ ਦੈ ਹੋਂ।
ਪੰਚ ਖਾਲਸਾ ਪੂਜਨ ਸੇਵਨ ਬਚਨ ਮੋਰ ਸ਼ਮਝੇ ਹੈਂ।
ਪੰਨਾਂ ੭੦੪

ਪਾਠਕ ਉਪਰ ਲਿਖਿਆ ਪੜ੍ਹ ਵਿਚਾਰ ਸਕਦੇ ਹਨ ਕਿ ਸਿੰਘਾਂ ਏਹੋ ਕਿਹਾ ਹੈ ਕਿ ਆਪ ਐਸਾ ਚਰਿਤ੍ਰ ਰਚਿਆ ਹੈ ਜੋ ਜਾਣਿਆ ਨਾ ਜਾਏ ਤੇ ਗੁਰੂ ਜੀ ਨੇ ਕਿਹਾ ਹੈ ਮੈਂ ਹਰ ਹਾਲਤ ਜਿਥੇ ਸਿਮਰੋਗੇ ਹਾਜਰ ਹੋ ਦਰਸ਼ਨ ਦੇਵਾਂਗਾ।

ਮਹੰਤ ਸੁਮੇਰ ਸਿੰਘ ਜੀ ੭੦੭ ਪੰਨੇ ਤੇ ਨਦੇੜ ਵਾਲਾ ਗੁਰ ਕੌਤਕ ਸਮਾਪਤ ਕਰਦੇ ਹਨ ਤੇ ਬਾਦ ੭੧੩ ਤਕ ਹੋਰ (ਦਸਮ ਗੁਰ ਦਰਸਨ) ਦੀਆਂ ਸਾਖੀਆਂ ਲਿਖਦੇ ਹਨ ਜੋ ਇਹ ਹਨ

ਪ੧ ਸਾਖੀ ਤੋਂ ਬਾਦ।

ਦੋ: ਪ੍ਰਾਤ ਭਏ ਸਿੰਘਨ ਲਖੀ ਅਸਵ ਕੁਮੈਤ ਨ ਏਕ।
ਸ੍ਰੀ ਪ੍ਰਭ ਕੀ ਸੁ ਸਵਾਹਿ ਕੋ ਚਿੰਤਤ ਜਲਧ ਬਿਬੇਕ।



Sri Satguru Jagjit Singh Ji eLibrary NamdhariElibrary@gmail.com

ਚੌ: ਚਖ ਜਲ ਚੁਵਤ ਕੰਠ ਰੁਕ ਗਏ।
ਸੋਕ ਸਮੁੰਦ੍ਰ ਮਗਨ ਸਭ ਭਏ।
ਉਤਰਤ ਚਢਤ ਗਣੀ ਉਰ ਆਨਾ।"
ਅਰਥਾਤ ਕਈ ਗਿਣਤੀਆਂ ਵਿਚ ਪੈਂਦੇ ਹਨ।

ਦੋ: ਲਖ ਚਿੰਤਾਤੁਰ ਸੇਵਕਨ ਸਾਚੇ ਦੀਨ ਦਿਆਲ।
ਦਰਸਨ ਨਿਜ ਮਗ ਮਹਿ ਦੀਉ ਸੇਵਕ ਬਿਰਦ ਸੰਭਾਲ।

ਚੌ: ਜੋ ਨਿਤ ਲਕਰੀ ਲਿਆਵਨ ਹਾਰੋ।
ਲੰਗਰ ਲਲਿਤ ਸੇਵ ਚਿਤ ਧਾਰੋ।
ਤਿਹ ਦਰਸਿਉ ਸੁ ਦੀਨ ਦੁਖ ਦਰਨਾ।
ਚਢੇ ਕੁਮੈਤ ਸਕਲ ਅਘ ਹਰਨਾ।
ਤਾਹਿ ਬੁਲਾਏ ਨਿਕਟ ਅਸ਼ ਕਹੀ।
ਸਿੰਘਨ ਕਹੋ ਕਿ ਸੋਚਹਿ ਨਹੀਂ।
ਹਯ ਕੁਮੈਤ ਹਮ ਸੰਗ ਲਿਆਏ।
ਕਾਹਿਤ ਸੋਚਹਿ ਸੰਕ ਧਰਾਏ।
ਤਿਨ ਤਬ ਦਵੈ ਘਟਕਾ ਦਿਨ ਆਏ।
ਸਿੰਘਨ ਸਭ ਬ੍ਰਿਤਾਂਤ ਬੁਝਾਏ।
ਕੁਛ ਧੀਰਜ ਉਰ ਸਿੰਘਨ ਆਇਉ।
ਸੁਕਤ ਧਾਨ ਮੇਘ ਬਰਖਾਇਉ।"

(ਦਸਮ ਗੁਰ ਦਰਸ਼ਨ) ਦੀ ਖਬਰ ਲਕੜੀ ਲਿਆਉਣ ਵਾਲੇ ਤੋਂ ਸੁਣਕੇ ਸਿੰਘਾਂ ਨੂੰ ਕੁਝ ਧੀਰਜ ਔਂਦਾ ਹੈ ਤੇ ਫਿਰ ਪਹਿਰ ਦਿਨ ਚੜੇ ਉਦਾਸੀ ਸੰਤ ਆਕੇ ਦਸਦਾ ਹੈ।

ਚੌ: ਪਹਿਰ ਪ੍ਰਮਾਨ ਜਬੈ ਦਿਨ ਆਇਉ।
ਤਬ ਇਕ ਸੰਤ ਉਦਾਸੀ ਭਾਇਉ।



Sri Satguru Jagjit Singh Ji eLibrary NamdhariElibrary@gmail.com

ਫਤੇ ਬੁਲਾਏ ਸਿੰਘਨ ਤੀਰਾ ।
ਬੋਲਿਉ ਕਹਿਤ ਬਚਨ ਗੁਰ ਧੀਰਾ ।
ਤੁਮ ਕਤ ਚਿੰਤਾ ਕਰੋ ਖਾਲਸਾ ।
ਸਤਿਗੁਰ ਪੂਰਨ ਸਰਬ ਲਾਲਸਾ ।
ਮੋਹਿ ਮਿਲੇ ਹਯ ਪਰ ਅਸਵਾਰਾ ।
ਖੇਲਤ ਮ੍ਰਿਗਆ ਪਤ ਕਰ ਭਾਰਾ ।
ਕਹਿਯੋ ਕੜਾਹ ਪ੍ਰਸਾਦ ਸੁ ਲੀਜੈ ।
ਛਕ ਛਕਾਏ ਅਨੰਦ ਕਰੀਜੈ ।
ਕਹੀ ਕਿ ਜਾਇ ਦੇਹੁ ਸੁਧ ਮੋਰੀ ।
ਤਜਹੁ ਚਿੰਤ ਸਮਝਹੁ ਬਚ ਜੋਰੀ ।

ਦੋ: ਪੁਸ਼ਪ ਚੁਗਿਉ ਚੌਥੇ ਦਿਵਸ, ਨਿਕਲਿਓ ਅਸਤ੍ਰ ਨ ਸਸਤ੍ਰ ।
ਤਬ ਜਾਨਾ ਸਤਿਗੁਰ ਗਏ, ਸਭ ਸੰਦੇਹ ਸਹਿ ਅਸਤ੍ਰ ।"

ਸਿੰਘ ਸਾਧ ਤੋਂ ਸੁਣਕੇ ਕਿ ਗੁਰੂ ਜੀ ਨੇ ਕਿਹਾ ਹੈ ਸੁਧ ਦੇਹ ਚਿੰਤਾ ਨਾ ਕਰਨ ਤੇ ਸਿੰਘ ਚਿਖਾ ਵਿਚੋਂ ਸਸਤਰ, ਅਸਥੀ ਕੁਝ ਨਾ ਨਿਕਲਣ ਤੇ ਜਾਣਦੇ ਹਨ ਕਿ ਸਨਦੇਹ ਸਧਾਰ ਗਏ ਹਨ। ਤੋਂ ਬਾਦ ਦੀ ਇਕ ਹੋਰ (ਦਸਮ ਗੁਰ ਦਰਸਨ) ਦੀ ਕਥਾ ਮਹੰਤ ਜੀ ਲਿਖਦੇ ਹਨ ।

ਚੌ: "ਅਬ ਸੁਣੋ ਏਕ ਅਲੌਕਿਕ ਗਾਥਾ ।
ਜਨਵਾਰਾ ਇਕ ਗ੍ਰਾਮ ਸੁਨਾਥਾ ।
ਲਘੁ ਰਾਜੇ ਤਹਿ ਦੋਨੋ ਭਾਈ ।
ਬਾਲਾ ਰਾਈ ਰੁਸਤਮ ਰਾਈ ।
ਬਲੀ ਬਸ਼ਾਲ ਸਸਤ੍ਰ ਬਲ ਭਾਰੀ ।
ਲੂਟਹਿ ਮਰਹਟਨ ਹਠ ਧਾਰੀ ।



Sri Satguru Jagjit Singh Ji eLibrary NamdhariElibrary@gmail.com

ਤਬ ਮਰਹਟਨ ਨ੍ਰਿਪ ਬਲਵਾਨਾ ।
ਏਕ ਲਾਖ ਲੈ ਸੈਨ ਜਵਾਨਾਂ ।
ਘੇਰਿਉ ਜਨਵਾਰਾ ਸੋ ਗ੍ਰਾਮਾਂ ।
ਲਰੇ ਭ੍ਰਾਤ ਦੋਊ ਬਲ ਧਾਮਾਂ ।
ਅੰਤ ਪਕਰ ਮਰਹਟ ਨ੍ਰਿਪ ਲੀਨੋ ।
ਦੋਊ ਭ੍ਰਾਤਨ ਬੰਦੀ ਕੀਨੋ ।
ਪਗ ਜੰਜੀਰ ਪਾਏ ਗਹਿ ਲਿਆਏ ।
ਦੁਰਗ ਸਤਾਰੇ ਆਇ ਟਿਕਾਏ ।
ਕੋਊ ਨਾ ਬੰਦੀ ਤੇ ਛੁਟਕਾਵੈ ।
ਦੁਖਤ ਭ੍ਰਾਤ ਦੋਊ ਕੋਊ ਨ ਬਚਾਵੈ ।......

ਕੁਝ ਚਿਰ ਕੈਦ ਚਿ ਪਿਆਂ ਸਿਖ ਦੀ ਸੰਗਤ ਪਾਰੋ ਉਹਨਾਂ ਗੁਰੂ ਜੀ ਦੀ ਅਰਾਧਨਾ ਕੀਤੀ ਤਾਂ

ਚੌ: "ਇਕ ਛਿਨ ਅਰਧ ਨਿਸਾ ਜਬ ਆਈ ।
ਚੰਦ ਚਾਂਦਨੀ ਰਾਤ ਸੁਹਾਈ ।......

ਇਹ ਦੋਊ ਸਿਮਰਹਿ ਗੁਰ ਰਾਈ ।
ਤਬ ਲੌ ਦਰਸੇ ਭਏ ਸਹਾਈ ।
ਭੋ ਬਾਲਾ ਰੁਸਤਮ ਇਵ ਆਵਹੁ ।
ਮੈ ਗੋਬਿੰਦ ਸਿੰਘ ਜਿਹ ਨਿਤ ਧਿਆਵਹੁ ।......

ਤਬ ਬਾਲੇ ਰੁਸਤਮ ਜੁ ਗਾਇਓ ।
ਨਿਜ ਪਗ ਬੇਰੀ ਨਿਕਸਿਉ ਪਾਇਓ ।
ਪਕਰਹੁ ਪਗ ਮਮ ਦੋਨੋ ਭਾਈ ।
ਉਠੋ ਦੁਰਗਨ ਸਭਨ ਸੁਨਾਈ ।
ਹਮਹਿ ਲਜਾਤ ਗੋਬਿੰਦ ਸਿੰਘ ਗੁਰ ।



Sri Satguru Jagjit Singh Ji eLibrary NamdhariElibrary@gmail.com

ਪਕਰਹਿ ਜਿਹ ਮਨ ਸਾਏ ਆਹਿ ਉਰ ।
ਰੌਰ ਪਰੇ ਰਖਵਾਰੇ ਜਾਗੇ ।
ਕਰਹਿ ਕਹਾਂ ਆਕਾਸਹਿ ਲਾਗੇ ।
ਸਤਿਗੁਰੂ ਆਪ ਅਸਵ ਅਸਵਾਰਾ ।
ਦੋਊ ਰਾਇ ਰਕਾਬ ਮੰਝਾਰਾ ।
ਹੇਰਤ ਹੀਅ ਹਰਾਨ ਸਭ ਭਏ ।
ਦੁਆਦਸ ਕੋਸ ਇਹੀ ਬਿਧ ਗਏ ।
ਸ੍ਰੀ ਮੁਖ ਕਹਾ ਜਾਹੁ ਨਿਜ ਧਾਮਾਂ ।
ਪੂਰਨ ਭਏ ਤੁਮਾਰੇ ਕਾਮਾਂ ।
ਸੂਰਨ ਮਈ ਪ੍ਰਤਮਾ ਦਰਸ਼ਾਈ ।
ਨਿਜ ਸਨਮੁਖ ਗੁਰ ਆਨੰਦ ਪਾਈ ।
ਪੁਨ ਦੇ ਧੀਰ ਲੋਪ ਗੁਰ ਭਏ ।
ਸਭ ਜਗ ਮੈ ਸੋ ਕਥਾ ਬਿਦਤਏ ।"

ਜਿਵੇਂ ਸਾਖੀਆਂ ਹੋਰ ਮਹੰਤ ਜੀ ਲਿਖਦੇ ਹਨ ਤਿਵੇਂ ਅੰਗ ਵੀ ਇਤਿਹਾਸ ਦੇ ਵਧਾਈ ਗਏ ਹਨ ਤੇ ਪਸ਼ੌਰ ਤੇ ਕਾਬਲ ਵਲ ਜਾਣ ਦਾ ਗੁਰੂ ਜੀ ਦਾ ਪ੍ਰਸੰਗ ਇਸ ਤਰ੍ਹਾਂ ਲਿਖਦੇ ਹਨ ।

"ਨਗਰ ਬਿਰਾਟ ਪਿਸ਼ੌਰ ਮਧ ਇਕ ਭਗਤ ਭਗੌਤੀ ਪ੍ਰੇਮੀ ।
ਸ੍ਰੀ ਗੁਰੂ ਗੋਬਿੰਦ ਸਿੰਘ ਚਰਨਨ ਰਤਿ ਚਾਹਿਤ ਦਰਸਨ ਨੇਮੀ ।
ਏਕ ਬੇਰ ਗੁਰ ਦਰਸਨ ਕੋ ਅਧਿਕ ਧਿਆਨ ਤਿਨ ਕੀਨੋ ।
ਪ੍ਰਗਟ ਗੋਬਿੰਦ ਸਿੰਘ ਸਤਿਗੁਰ ਨੇ ਤਾਂ ਕੋ ਦਰਸਨ ਦੀਨੋ ।
ਪਹਿਰਾਈ ਪੁਸ਼ਾਕ ਭਗੌਤੀ ਸ੍ਰੀ ਗੁਰੂ ਅਧਿਕ ਰੀਝਾਏ ।
ਚਰਨ ਧੋਇ ਚਰਨਾਮ੍ਰਿਤ ਲੀਨੋ ਭੋਜਨ ਭਲੇ ਛਕਾਏ ।
ਅਜਹੁ ਤਹਾਂ ਬਨਿਓ ਗੁਰਦੁਆਰਾ ਪੂਜਤ ਪੁਰ ਨਰ ਨਾਰੀ ।
ਹਤੇ ਉਠ ਕਾਬਲ ਆਗੇ ਅਸਟ ਕੋਸ ਪਰ ਭਾਰੀ ।



Sri Satguru Jagjit Singh Ji eLibrary NamdhariElibrary@gmail.com

ਲਾਇ ਦੀਵਾਨ ਕਹੀ ਸਿੰਘਨ ਪ੍ਰਤਿ ਲੰਡਾ ਤਹਾਂ ਦਰਿਆਵਾ ।
ਮਾਰਹੁ ਪਾਥਰ ਯਾ ਸਰਤਾ ਮੈ ਮਾਰਿਯੋ ਬਚਨ ਪ੍ਰਭਾਵਾ।
ਤਾਂ ਪੂਛੀ ਯਾ ਕਰ ਕਾ ਕਾਰਨ ਸ੍ਰੀ ਗੁਰ ਸਭਨ ਸੁਨਾਈ।
ਤੁਰਕ ਸ਼ਹੀਦ ਲਰਨ ਹਿਤ ਆਏ ਦੀਏ ਸੁਮਾਰ ਭਗਾਈ।
ਪ੍ਰਤੀ ਰਵ ਵਾਰ ਹੋਤ ਤਹਾਂ ਮੇਲਾ ਸ੍ਰੀ ਸਤਿਗੁਰ ਬਰ ਆਵੇ।
ਘੋਰਨ ਕੀ ਆਵਾਜ਼ ਸੁਨ ਪਰੇ ਦਰਸ ਨ ਕਾਹੂ ਪਾਵੈ।
ਕੋਠਾ ਸਾਹਿਬ ਬਿਦਤ ਜਗਤ ਮੈ ਜਾਹਰ ਕਲਾ ਪ੍ਰਤਾਪਾ।
ਹਿੰਦ ਆਹਿੰਦ ਦੋਊ ਤਿਹ ਮਾਨਤ ਪੂਰਤ ਕਾਮ ਅਮਾਪਾ।"

ਮਹੰਤ ਜੀ ਨੇ ਨਦੇੜ ਕੌਤਕ ਕੀਤੇ ਤੋਂ ਬਾਦ ਦੀਆਂ ਕਥਾਵਾਂ ਦੇ ਨੰਬਰ ਵੀ ਵਧਾ ਦਿਤੇ ਹੋਏ ਹਨ। ਪਸ਼ੌਰ ਵਲ ਜਾਣ ਤਕ ਦੇ ਜੋ ਸਾਬਤ ਕਰਦੇ ਹਨ ਕਿ ਗੁਰੂ ਜੀ ਠੀਕ ਹੀ ਬਾਦ ਜੀਵਤ ਰਹੇ ਤੇ ਵਿਚਰਦੇ ਭੀ ਰਹੇ ਹਨ। ਅਤੇ ਗੁਰੂ ਬਾਲਕ ਸਿੰਘ ਜੀ ਨੂੰ ਹਜਰੋ ਦੇ ਨੇੜੇ ਹਰੋ ਨਦੀ ਦੇ ਕੰਢੇ ਤੇ ਦਰਸਨ ਦਿਤੇ ਹਨ। ਉਸਦੀ ਪੁਸ਼ਟੀ ਹੁੰਦੀ ਹੈ ਇਹ ਨਿਰਨਾਂ ਮੈਂ ਅਗੇ ਜਾਕੇ ਕਰਾਂਗਾ।

॥ ਕਬਿਤ ॥

ਭਾਵੇਂ ਭੁਲਾਂ ਭਾਰੀਆਂ ਪੁਰਾਣੇ ਇਤਿਹਾਸਕਾਰਾਂ।
ਤੋਂ ਭੀ ਹੋਈਆਂ ਪਰ ਹਾਲ ਹੁਣ ਜਿਵੈਂ ਦਾ ਹੈ ਹੋ ਰਿਹਾ।
ਉਹਨਾਂ ਇਵੇਂ ਨਹੀਂ ਸੀ ਕੀਤਾ ਦੋਵੇਂ ਪਖ ਲਿਖੇ ਪਰ,
ਹੁਣ ਲਾਣਾ ਇਕ ਪੱਖ ਉਕਾ ਹੀ ਲਕੋ ਰਿਹਾ।
ਸੋ ਸਮਾ ਬੀਤਿਆ ਸੀ ਜਿਵੇਂ ਐਸਾ[1] ਹੋਇਆ ਸੀ ਥਾਂ।

---

(੧) ਇਤਿਹਾਸ ਦਾ ਅਰਥ ਹੈ ਐਸਾ ਹੋਇਆ ਸੀ। ਪਰ ਹੁਣ ਐਸਾ ਚਾਹੀਏ ਥਾ ਅੰਗੇਜ਼ੀ ਸਕੂਲਾਂ ਵਿਚ ਪੜ੍ਹੇ ਹੋਏ ਲਿਖਦੇ ਹਨ।

ਜ ਸਮਾਂ ਮਿਲਿਆ ਤਾਂ ਲਿਖਾਂਗਾ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਚਿਖਾ ਤੇ ਬਹਾ ਕੇ ਸਤੀ ਵਾਂਗੂ ਸੜਕੇ ਸੁਆਹ ਹੋਇਆ ਨਦੜ ਵਿਚ ਹੀ ਵਿਖਾਣ ਦਾ ਜਤਨ ਕੀਤਾ ਜਾ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਚਾਹੀਏ ਥਾਂ ਐਸੇ ਹੁਣ ਮਣਕੇ ਪਰੋ ਰਿਹਾ ।
ਭਰਨ ਸਿੰਘ ਤਾਂਈਂ ਗੁਰਾਂ ਕਿਹਾ ਝੂਠ ਲਿਖੀਂ ਨਾ ਤੂੰ ।
ਜਿੰਨਾ ਸਚ ਜੱਚੀ ਜਾਣੀ ਸਿਖੀ ਨਫਾ ਸੋ ਰਿਹਾ ।
ਕਿਉਂਕਿ ਇਕ ਝੂਠ ਨੂੰ ਬਣੌਣ ਲਈ ਸਚ ਪਚ ।
ਸੈਂਕੜੇ ਨੇ ਲਾਣੇ ਪੈਂਦੇ ਜਗ ਦਾ ਅਖਾਣ ਏਂ ।
ਘੜਿਆਂ ਸੋ ਘਾੜਤ ਵੀ ਕੂੜ ਪਹੁੰਚੇ ਸਚ ਨੂੰ ਨਾਂ ।
ਬਚ ਬਚ ਨਚਿਆਂ ਵੀ ਲੈਂਦਾ ਜਗ ਜਾਣ ਏਂ ।
ਝੂਠ ਵਿਚ ਫੁਰਤੀ ਚਲਾਕੀ ਤਾਂ ਹੈ ਬਹੁਤ ਹੁੰਦੀ ।
ਪਰ ਦਮ ਵੀ ਨਹੀਂ ਹੁੰਦਾ ਸਚ ਦੇ ਸਮਾਨ ਏਂ ।
ਸੋਨੇ ਅਤੇ ਲੋਹੇ ਦਾ ਨਹੀਂ ਦਰ ਕਦੀਂ ਇਕ ਹੁੰਦਾ ।
ਪਾਰਸ ਪਸਿਤਾ ਰਹਿੰਦਾ ਪਾਹਨ ਪ੍ਰਧਾਨ ਏਂ ।
ਮਿਲਿਆ ਜੇ ਸਮਾਂ ਤਮਾ ਦਿਲ ਮੇਰਾ ਰਖਦਾ ਏ ।
ਲਿਖਾਂਗਾ ਜੋ ਲਿਖ ਰਹੇ ਨਦੇੜ ਗੁਰ ਅੰਤ[2] ਨੂੰ ।
ਜ਼ੁਲਮ ਨਾਲ ਅੜ ਸਦਾ ਲੜਿਆ ਜੋ ਘੱਜ ਚੜ੍ਹ ।
ਸੜਿਆ ਵਿਖਾਂਦੇ ਉਸ ਜੋਧੇ ਬਲਵੰਤ ਨੂੰ ।
"ਸਦ ਪੀੜੀ ਗੁਰੂ ਚਲੰਦੀ" ਬੰਦ ਆਖਦੇ ਜੋ,
ਅਗੋਂ ਇਹ ਨਾ ਲੋੜ ਰਹੀ ਗੁਰੂ ਭਗਵੰਤ ਨੂੰ ।
ਦਸਾਂ ਦਸਮ ਗੁਰੂ ਜੀ ਸੋ ਲੜੀ ਅਗੇ ਤੋਰੀ ਜਿਵੇਂ ।
ਨਾਮ ਸਕਤ ਦਾਤ ਦਿਤੀ ਨਾਮਧਾਰੀ ਕੰਤ ਨੂੰ[3] ।

—o—o—

(੨) ਦਸਮ ਜੀ ਦਾ ਜੋਤੀ ਜੋਤ ਸਮਾਣਾ ।
(੩) ਸਤਿਗੁਰ ਰਾਮ ਸਿੰਘ ਜੀ ਨੂੰ ।



Sri Satguru Jagjit Singh Ji eLibrary NamdhariElibrary@gmail.com

# ਪੰਚ ਪਰਵਾਨ ਪੰਚ ਪਰਧਾਨ

ਇਤਿਹਾਸਕਾਰਾਂ ਦੀ ਲਿਖਤ ਤੋਂ ਉਪਰ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜ ਕੌਤਕ (ਨਰ ਨਾਟਕ) ਕੀਤਾ ਹੀ ਸਾਬਤ ਹੋਇਆ ਹੁੰਦਾ ਲਿਖ ਕੇ ਤੇ ਉਹਨਾਂ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚੋਂ ਨਦੇੜੋਂ ਬਾਦ ਦੀਆਂ ੬ ਸਾਖੀਆਂ ਪਰਸਿਧ ਹਨ (੧) ਲਕੜਾਂ ਲਿਔਣ ਵਾਲੇ ਸਿੰਘ ਨੂੰ ਦਰਸ਼ਨ ਦੇਣੇ। (੨) ਗੁਰੂ ਜੀ ਦਾ ਸਾਧਾਂ[੧] ਨੂੰ ਘੋੜੇ ਦੇ ਅਸਵਾਰ ਹੋਇਆਂ ਦਾ ਦਰਸ਼ਨ ਹੋਣਾ ਤੇ ਸਿਖਾਂ ਵਲ ਸੁਨੇਹਾ ਦੇਣਾ ਕਿ ਚਿੰਤਾ ਨਾ ਕਰਨਾ। (੩) ਬਾਲਾ ਰਾਏ ਤੇ ਰੁਸਤਮ ਰਾਏ ਨੂੰ ਸਤਾਰੇ ਦੇ ਕਿਲੇ ਵਿਚੋਂ ਗੁਰੂ ਜੀ ਆਪਣੇ ਘੋੜੇ ਦੀਆਂ ਰਕਾਬਾਂ ਫੜਾਕੇ ਕਢਣਾ ਤੇ ਦੂਰ ਲਿਆ ਉਤਾਰਨਾ ਮਨਮਾੜ ਜਿਥੇ ਹੁਣ ਇਤਿਹਾਸਕ ਗੁਰਦੁਆਰਾ ਏ। (੪) ਨਥਾ ਸਿੰਘ ਤੇ ਦਿਆਲ ਸਿੰਘ ਸ਼ਹੀਦ ਬਾਬੇ ਦੀ ਬੇਰ ਸਿਆਲ ਕੋਟ ਵਾਲਿਆਂ ਦੀ ਸਹਾਇਤਾ ਕਰਨੀ ਤੇ ਦਰਸਨ ਦੇਣੇ। (੫) ਬਾਬੇ ਰਾਮ ਸਿੰਘ ਜੀ ਬੇਦੀ ਕੋਟਲੀ ਵਾਲਿਆਂ ਦੀ ਸ਼ਹੀਦੀ ਬਾਦ ਸਿੰਘਾਂ ਦੀ ਅਰਜ਼ ਤੇ

---

(੧) ਸਿੰਘਾਂ ਦੇ ਨਾਲ ਹੋਣ ਦਾ ਸਬੂਤ ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਚੋਂ "ਅਤਜਟਤ ਕਾਠੀ ਸਬਜਿਯੋ ਠਟਤ ਅਘਟਤ ਦਿਪਤ ਥੀ। ਯੁਤ ਸ੍ਵਾਨ ਬਗੁਲੇ ਦਸਕ ਸਿਘਨ ਪਿਖੇ ਬ੍ਰਿਤ ਆਛਿਪਤ ਥੀ।" ਅਰਥਾਤ ਦਸਾਂ ਸਿੰਘਾਂ ਸਮੇਤ ਘੋੜੇ ਤੇ ਜੰਗਲ ਵਿਚ ਗੁਰੂ ਜੀ ਮਿਲੇ। ਪਾਠਕ ਪੜ੍ਹ ਹੀ ਆਏ ਹਨ ਤੇ ਬਾਦ ਵੀ ਗੁਰੂ ਜੀ ਨੂੰ ਸੰਗਤਾਂ ਦਾ ਕੀ ਘਾਟਾ ਸੀ ਜਾਹਰ ਗੁਪਤਾਂ ਆਦ।



Sri Satguru Jagjit Singh Ji eLibrary NamdhariElibrary@gmail.com

ਦਰਸਨ ਦੇ ਕੇ ਸਿੰਘਾਂ ਦੀ ਫਤੇ ਕਰਾਈ। (੬) ਪਟਲੇਸ਼੍ਵਰ ਸਾਹਿਬ ਸਿੰਘ ਦੀ ਅਰਾਧਨਾ ਤੇ ਤੁਰਕੀ ਦਲ ਵਿਚ ਭਾਜੜਪਾਈ ਤੇ ਆਪ ਆ ਕੇ ਭੈ ਪਾ ਕੇ ਰਾਤੋ ਰਾਤ ਸਨੌਰ ਤੋਂ ਨਸਾ ਦਿਤਾ ਗੁਰੂ ਜੀ। ਤੇ ਤੋਪਾਂ ਮੇਖਜੀਨਾਂ ਤੰਬੂ ਰਾਜੇ ਨੂੰ ਮੁਫਤ ਹੀ ਹਥ ਆਏ। (੭) ਗੁਰੂ ਬਾਲਕ ਸਿੰਘ ਜੀ ਨੂੰ ਦਸਮ ਗੁਰੂ ਜੀ ਦਰਸਨ ਦੇ ਕੇ ਆਪਣੀ ਸਕਤ ਗੁਰਤਾ ਸੌਂਪ ਕੇ ਅਗੇਂ ਆਪਣੇ ਅਵਤਾਰ ਗੁਰੂ ਰਾਮ ਸਿੰਘ ਜੀ ਜੋਗ ਪਕੀ ਕਰਨ ਦਾ ਪ੍ਰਸੰਗ (੮) ਪਸ਼ੌਰ ਇਕ ਭਗਤ ਪ੍ਰੇਮੀ ਪਾਸੋਂ ਜਾ ਪ੍ਰਸ਼ਾਦ ਛਕਣਾ ਤੇ ਪੁਸ਼ਾਕ ਤੇ ਭਗਉਤੀ ਪਹਿਰਨੀ। (੯) ਕਾਬਲ ਵਲ ਕੁਝ ਕੋਹਾਂ ਤੇ ਲੰਡੇ ਦਰਿਆ ਕੰਢੇ ਦੀਵਾਨ ਲਾਣਾ ਤੇ ਤੁਰਕ ਸ਼ਹੀਦਾਂ ਦੇ ਲੜਨ ਔਣ ਤੇ ਸਿੰਘਾਂ ਪਾਸੋਂ ਪਥਰ ਮਰਵਾ ਕੇ ਉਹਨਾਂ ਨੂੰ ਹਟਾਉਣਾ।

ਹੁਣ ਮੈਂ "ਪੰਚ ਪਰਵਾਨ ਪੰਚ ਪਰਧਾਨ" ਇਤਿਹਾਸਾਂ ਵਿਚੋਂ ਗੁਰੂ ਜੀ ਨਦੇੜੋਂ ਬਾਦ ਪਰਤੱਖ ਗੁਪਤ ਦਾ ਪਤਾ ਸਿਦਕੀ ਸਿੰਘਾਂ ਨੂੰ ਤੇ ਉਹਨਾਂ ਦੇ ਦਰਸ਼ਨ ਦੇ ਦੇਣੇ ਤੇ ਹੋਰ ਸਬੂਤ ਸਾਖੀਆਂ ਲਿਖਦਾ ਹਾਂ। ਜਿਨ੍ਹਾਂ ਤੋਂ (ਦਸਮ ਗੁਰ ਦਰਸਨ) ਉਪਰ ਲਿਖੇ ਨੌ ਵਾਰ ਗੁਰ ਦਰਸਨਾਂ ਤੋਂ ਵਧਰੇ ਹੋਰ ਦਰਸ਼ਨ ਹੋਣ ਦੇ ਪਾਠਕਾਂ ਨੂੰ ਪਤੇ ਮਿਲਣਗੇ ਤੇ ਗੁਰੂ ਜੀ ਦੇ ਕੁਝ ਹੋਰ ਇਤਿਹਾਸ ਦਾ ਭੀ ਪਤਾ ਮਿਲੇਗਾ।

ਡਾਕਟਰ ਗੁਪਾਲ ਸਿੰਘ ਜੀ ਪੁਸਤਕ "ਰਾਸ਼ਟਰੀ ਜੀਵਨੀਆਂ ਦੀ ਲੜੀ ਗੁਰੂ ਗੋਬਿੰਦ ਸਿੰਘ" ਵਿਚ ਲਿਖਦੇ ਹਨ।

"ਬੰਦੇ ਬਹਾਦਰ ਨੂੰ ਸਤਿਗੁਰਾਂ ਨੇ ਇਹ ਵੀ ਆਖਿਆ ਕਿ ਜਦ ਤਕ ਉਹ ਗੁਰੂ ਜੀ ਦੇ ਇਸ ਆਦੇਸ਼ ਉਤੇ ਸੱਚੀ ਭਾਵਨਾ ਨਾਲ ਨਿਰਲੇਪ ਹੋ ਕੇ ਚਲੇਗਾ, ਸਦਾ ਪ੍ਰਮੇਸ਼ਵਰ ਦੇ ਭਉ ਵਿਚ ਤੇ



Sri Satguru Jagjit Singh Ji eLibrary NamdhariElibrary@gmail.com

ਪੰਥ ਦਾ ਦਾਸ ਹੋ ਕੇ, ਸਤਿਗੁਰੂ ਸਦਾ ਉਸ ਦੀ ਰਖਿਆ ਕਰਨਗੇ ......। ਇਸ਼ ਤੋਂ ਪਿਛੋਂ ਸਤਿਗੁਰਾਂ ਨੇ ਤਿੰਨ ਹਜ਼ੂਰੀ ਸਿਖਾਂ (ਬਿਨੋਦ ਸਿੰਘ, ਬਾਜ ਸਿੰਘ, ਕਾਨ੍ਹ ਸਿੰਘ) ਨੂੰ ਉਸ ਦੇ ਨਾਲ ਦੇ ਕੇ ਹਦਾਇਤ ਕੀਤੀ ਕਿ ਉਹ ਬੂੜੀਆ ਜ਼ਿਲਾ ਅੰਬਾਲਾ ਦੇ ਲਾਗੇ ਟਿਕਾਣਾ ਕਰੇ, ਜਿਥੇ ਹੋਰ ਸਿੰਘ ਗੁਰੂ ਦੇ ਹੁਕਮ ਅਨੁਸਾਰ ਉਸਨੂੰ ਆ ਮਿਲਣਗੇ......। ਸਢੌਰਾ ਸਰਹੰਦ ਮਾਰਨ ਤੇ ਪਹਾੜੀ ਰਾਜਿਆਂ ਨੂੰ ਦੰਡ ਦੇਣ ਨਾਲ ਦਿੱਲੀ ਦੀ ਕਿੱਲੀ ਵੀ ਢਿਲੀ ਹੋ ਜਾਏਗੀ, ਤੇ ਮੁਗਲਾਂ ਨਾਲ ਇਕ ਨਿਰਨਾ ਜਨਕ ਯੁੱਧ ਰਾਹੀਂ ਪੰਜਾਬ ਤੇ ਦਿੱਲੀ ਖ਼ਾਲਸੇ ਦੇ ਕਬਜ਼ੇ ਆ ਜਾਣਗੇ।" (੧) ਤਲੇ ਨੋਟ ਵਿਚ ਲਿਖਦੇ ਹਨ।

(੧) ਇਸ ਤੋਂ ਪਤਾ ਲਗਦਾ ਹੈ ਕਿ ਨਦੇੜ ਪੁਜਣ ਤੀਕ ਗੁਰੂ ਸਾਹਿਬ ਨੂੰ ਬਹਾਦਰ ਸ਼ਾਹ ਤੋਂ ਇਨਸਾਫ ਨਾ ਮਿਲਣ ਦੀ ਪੱਕੀ ਆਸ ਹੋ ਚੁੱਕੀ ਸੀ। "ਜੀਵਨ ਗੁਰੂ ਗੋਬਿੰਦ ਸਿੰਘ" ਵਿਚੋਂ ਦੌਲਤ ਰਾਏ ਨੇ ਲਿਖਿਆ ਹੈ ਕਿ ਸਤਿਗੁਰਾਂ ਤੋਂ ਬਹਾਦਰ ਸ਼ਾਹ ਨੇ ਮਰਹੱਟਿਆਂ ਦੇ ਵਿਰੁਧ ਸਹਾਇਤਾ ਮੰਗੀ ਸੀ ਤੇ ਗੁਰੂ ਜੀ ਦੇ ਇਨਕਾਰ ਕਰਨ ਉਤੇ ਦੋਹਾਂ ਵਿਚ ਸਦਾ ਲਈ ਅਜੋੜ ਹੋ ਗਿਆ। ਪਰ ਜੇ ਸਤਿਗੁਰੂ ਬਹਾਦਰ ਸ਼ਾਹ ਦੇ ਨਾਲ ਅਜੋੜ ਉਕਾ ਹੀ ਨਾ ਪੈਦਾ ਕਰਨਾ ਚਾਹੁੰਦੇ ਹੁੰਦੇ ਤਾਂ ਬੰਦਾ ਸਿੰਘ ਨੂੰ ਟੱਕਰ ਲੈਣ ਲਈ ਪੰਜਾਬ ਕਿਉਂ ਭੇਜਦੇ ?

"ਧੌਲ ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ (ਵੇਖੋ ਅੰਤਕਾ) ਇਹੀ ਜਾਪਦਾ ਹੈ, ਕਿ ਸਤਿਗੁਰਾਂ ਨੇ ਆਪ ਵੀ ਛੇਤੀ ਹੀ ਪੰਜਾਬ ਮੁੜਨਾ ਸੀ।" ਪੰਨੇ ੮੬–੮੭



Sri Satguru Jagjit Singh Ji eLibrary NamdhariElibrary@gmail.com

"ਅੰਤਿਕਾ"

"ਗੁਰੂ ਜੀ ਦਾ ਇਕ ਹੁਕਮ ਨਾਮਾ[1]

੧੦ ਸਤਿਗੁਰੂ ਜੀ

ਸ੍ਰਬਤਿ ਸੰਗਤ ਧਉਲ ਕੀ, ਤੁਸੀਂ ਮੇਰਾ ਖਾਲਸਾ ਹੋ, ਗੁਰੂ ਰਖੇਗਾ। ਗੁਰੂ ਗੁਰੂ ਜਪਣਾ ਜਨਮ ਸਵਰੈਗਾ। ਸ੍ਰਬ ਸੁਖ ਨਾਲ ਪਾਤਸ਼ਾਹ ਪਾਸ ਆਏ। ਸਿਰੇਪਾਉ ਅਰੁ ਸਠ ਹਜ਼ਾਰ ਕੀ ਧੁਖ ਧੁਖੀ ਜੜਾਊ ਇਨਾਮ ਹੋਈ। ਹੋਰ ਭੀ ਕੰਮ ਗੁਰੂ ਕਾ ਸਦਕਾ ਸਭ ਹੋਤੇ ਹੈ। ਅਸੀਂ ਭੀ ਥੋੜੇ ਹੀ ਦਿਨਾਂ ਨੋਂ ਆਵਤੇ ਹੈਂ। ਸ੍ਰਬਤਿ ਸੰਗਤ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੇਂ ਮੇਲੁ ਕਰਨਾ ਜਦਿ ਅਸੀਂ ਕਾਂਹਲੂਰ ਆਵਤੇ, ਤਦ ਸ੍ਰਬਤਿ ਖਾਲਸੇ ਹਥੀਯਾਰ ਬੰਨਿ ਕੈ ਹਜ਼ੂਰ ਆਵਣਾ।.........ਸੰਮਤ ੧੭੬੪ ਮਿਤੀ ਕਾਤਕੋ ੧ ਮਾ:

ਨੋਟ :—(੧) ਇਸ ਤੋਂ ਪਰਗਟ ਹੁੰਦਾ ਹੈ ਕਿ ਗੁਰੂ ਸਾਹਿਬ ਬਹਾਦਰ ਸ਼ਾਹ ਨਾਲ ਸ਼ੁਰੂ ਤੋਂ ਹੀ ਆਪਣਾ ਮੇਲ ਆਰਜ਼ੀ ਸਮਝਦੇ ਸਨ। ਉਨ੍ਹਾਂ ਦੀ ਮਰਜ਼ੀ ਛੇਤੀ ਹੀ ਗੱਲ ਮੁਕਾ ਕੇ ਕਹਿਲੂਰ (ਅਨੰਦ ਪੁਰ ਸਾ:) ਮੁੜਨ ਦੀ ਸੀ ਤੇ ਉਹ ਸ਼ਸ਼ਤਰ ਬੰਨ੍ਹ ਕੇ ਸਿੰਘਾਂ ਨੂੰ ਆਪਣੇ ਹਜ਼ੂਰ ਆਉਣ ਦਾ ਉਪਦੇਸ਼ ਛੇਤੀ ਹੀ ਧਰਮ ਯੁੱਧ ਨੂੰ ਹੋਰ ਤਿੱਖਾ ਕਰਨ ਲਈ ਦੇ ਰਹੇ ਸਨ। ਇਹ ਹੁਕਮ ਨਾਮਾ ਅਕਤੂਬਰ ੧੭੦੭ ਈਸਵੀ ਦਾ ਹੈ ਜੋ ਬਹਾਦਰ ਸ਼ਾਹ ਨਾਲ ਹੋਏ ਮੇਲ ਦਾ ਠੀਕ ਸਮਾਂ ਹੈ। ਇਸ ਹੁਕਮਨਾਮੇ ਦੀ ਅਸਲ ਕਾਪੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪਈ ਹੈ।

ਜਿਵੇਂ ਮੈਂ ਗੁਰੂ ਜੀ ਦੇ ਨਦੇੜ ਕੌਤਕ ਕਰ ਅਲੋਪ ਹੋਣ ਸਮੇਂ ਦੇ ਇਤਿਹਾਸ ਵਿਖਾ ਕੇ ਦਸਿਆ ਹੈ ਕਿ ਗੁਰੂ ਜੀ ਨਦੇੜ



Sri Satguru Jagjit Singh Ji eLibrary NamdhariElibrary@gmail.com

ਜੋਤੀ ਜੋਤ ਨਹੀਂ ਸਮਾਏ ਤੇ ਨਾਂ ਗ੍ਰੰਥ ਸਾਹਿਬ[1] ਨੂੰ ਗੁਰਤਾ ਹੀ ਦਿਤੀ ਹੈ। ਸਗੋਂ ਬਾਦ ਦਰਸ਼ਨ ਦੇਂਦੇ ਤੇ ਸਿਖਾਂ ਦੀ ਸਹਾਇਤਾ ਕਰਦੇ ਰਹੇ ਹਨ ਅਤੇ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਕੇ ਤੇ ਸਕਤ ਗੁਰਤਾ ਸੌਂਪ ਕੇ ਸੋ ਸਕਤ ਅਗੋਂ । "ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।" ਵਾਕ ਦੁਆਰਾ ਗੁਰੂ ਨਾਨਕ ਜੀ ਵਾਲੀ "ਅਬਿਚਲ ਨੀਵ ਧਰੀ" ਨੂੰ ਅੱਗੇ ਟੋਰਿਆ ਦਸਿਆ ਹੈ। ਤਿਵੇਂ ਹੀ ਹੁਣ ਦਸਿਆ ਹੈ ਗੁਰੂ ਜੀ ਦੇ ਹੁਕਮਨਾਮੇ ਦੇ ਅੱਖਰਾਂ ਵਿਚੋਂ ਕਿ ਗੁਰੂ ਜੀ ਠੀਕ ਭੀ ਨਦੇੜ ਵਾਲਾ ਕੌਤਕ ਕਰ ਅਲੋਪ ਹੋ ਸੰਗਤਾਂ ਵਿਚ ਵਿਚਰਦੇ ਰਹੇ ਹਨ। ਤੇ ਉਹਨਾਂ ਦਾ ਜੀਵਨ ਲਿਖਣ ਵਾਲੇ ਡਾਕਟਰ ਗੁਪਾਲ ਸਿੰਘ ਜੀ ਦੀ ਲਿਖਤ ਭੀ ਇਹੋ ਸਾਬਤ ਕਰਦੀ ਹੈ ਕਿ ਗੁਰੂ ਜੀ ਠੀਕ ਹੀ ਨਦੇੜੋਂ ਅਲੋਪ ਹੋ ਧਉਲ ਦੀ ਸੰਗਤ ਵਲ ਲਿਖੇ ਹੁਕਮਨਾਮੇ ਦੇ ਬਚਨ ਅਨੁਸਾਰ ਕਹਲੂਰ ਧਉਲ ਦੀ ਸੰਗਤ ਨੂੰ ਮਿਲੇ ਸੀ। ਤ:

(੧) ਤੀਜੀ ਅਡੀਸ਼ਨ ੧੯੪੬ ਬਿ: ਵਿਚ ਗਿਆਨੀ ਗਿਆਨ ਸਿੰਘ ਜੀ ਦਾ ਪੰਥ ਪ੍ਰਕਾਸ਼ ਜੋ ਅੰਮ੍ਰਿਤਸਰ ਵਿਚ ਛਪਿਆ ਸੀ। ਜਿਸ ਵਿਚ ਮੈਂ ਉਪਰ ਲਿਖੇ (ਦਸਮ ਗੁਰ ਦਰਸ਼ਨ) ਲਿਖੇ ਹਨ। ਉਸ ਵਿਚ ਭਾਈ ਵੀਰ ਸਿੰਘ ਗ੍ਰੰਥ ਨੂੰ ਗੁਰਤਾ ਲਿਖ ਦਿਤੀ ਹੋਈ ਹੈ। ਪਹਿਲੀਆਂ ਦੋਨਾਂ ਅਡੀਸ਼ਨਾਂ ਦਿੱਲੀ ਤੇ ਲਹੌਰ ਵਿਚ ਛਪੀਆਂ ਤੇ ਗ੍ਰੰਥ ਨੂੰ ਗੁਰਤਾ ਨਹੀਂ ਲਿਖੀ ਹੋਈ। ਇਹ ਸਭ ਵੇਰਵਾ ਮੈਂ ਇਸੇ ਪੁਸਤਕ ਦੇ ਦੂਜੇ ਭਾਗ ਵਿਚ ਕਰਾਂਗਾ। ਤ:

ਹੁਣ ਪਾਠਕਾਂ ਦੇ ਸੁਖਾਲ ਤੇ ਸਵਾਦ ਲਈ ਡਾ: ਗੁਪਾਲ ਸਿੰਘ ਜੀ ਦੇ ਲਿਖੇ ਅੱਖਰਾਂ ਤੇ ਭਾਵ ਵਿਚੋਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਧਉਲ ਦੀ ਸੰਗਤ ਵਲ ਭੇਜੇ ਹੁਕਮਨਾਮੇ ਵਿਚੋਂ ਵਿਚਾਰ ਲੈ ਕੇ ਦਸਨਾਂ ਹੈ ਕਿ ਗੁਰੂ ਜੀ ਨਦੇੜ ਅਲੋਪ ਹੋਣ ਦਾ ਕੌਤਕ ਕਰਕੇ



Sri Satguru Jagjit Singh Ji eLibrary NamdhariElibrary@gmail.com

ਠੀਕ ਹੀ ਧਉਲ, ਕਹਿਲੂਰ, ਅਨੰਦ ਪੁਰ ਸਾਹਿਬ ਵਲ ਆਏ ਸੀ ਤੇ ਬੰਦੇ ਦੀ ਮਦਦ ਸਿੰਘ ਭੇਜ ਕੇ ਕੀਤੀ ਸੀ। ਜਦ ਤਕ ਉਹ ਗੁਰੂ ਜੀ ਦੇ ਬਚਨਾਂ ਤੇ ਦ੍ਰਿੜ੍ਹ ਰਿਹਾ।

ਡਾ: ਜੀ ਦਾ ਲਿਖਿਆ "ਧੌਲ ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ (ਵੇਖੋ ਅੰਤਿਕਾ) ਇਹ ਜਾਪਦਾ ਹੈ, ਕਿ ਸਤਿਗੁਰਾਂ ਨੇ ਛੇਤੀ ਹੀ ਪੰਜਾਬ ਮੁੜਨਾ ਸੀ। ਪੰਨਾਂ ੯੭

ਗੁਰੂ ਜੀ ਦਾ ਲਿਖਿਆ "ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ। ਜਦ ਅਸੀਂ ਕਹਲੂਰ ਆਵਤੇ, ਤਦਿ ਸੁਬਤਿ ਖਾਲਸੇ ਹਥਿਯਾਰ ਬਨਿ ਕੈ ਹਜੂਰਿ ਆਵਣਾ।" ੧੨੫ ਪੰਨਾਂ ਅੰਤਿਕਾ

ਡਾ: ਜੀ ਦੇ ਸ਼ਬਦ "ਉਹਨਾਂ ਦੀ ਮਰਜ਼ੀ ਛੇਤੀ ਹੀ ਗਲ ਮੁਕਾ ਕੇ ਕਹਿਲੂਰ (ਆਨੰਦ ਪੁਰ ਸਾ:) ਮੁੜਨ ਦੀ ਸੀ ਤੇ ਉਹ ਸ਼ਸ਼ਤਰ ਬਨ੍ਹ ਕੇ ਸਿੰਘਾਂ ਨੂੰ ਆਪਣੇ ਹਜੂਰ ਆਉਣ ਦਾ ਉਪਦੇਸ਼ ਛੇਤੀ ਹੀ ਧਰਮ-ਯੁੱਧ ਨੂੰ ਹੋਰ ਤਿੱਖਾ ਕਰਨ ਲਈ ਹੀ ਦੇ ਰਹੇ ਸਨ।"

ਨੋਟ : ਪਨੇ ੧੨੫ ਦੇ ਤਲੇ ਦੇ ਵਿਚੋਂ

ਡਾ: ਜੀ ਦਾ ਲਿਖਣਾ "ਸਤਿਗੁਰਾਂ ਨੇ ਛੇਤੀ ਹੀ ਪੰਜਾਬ ਮੁੜਨਾ ਸੀ"। ਤੇ "ਉਹਨਾਂ ਦੀ ਮਰਜ਼ੀ ਛੇਤੀ ਹੀ......ਕਹਿਲੂਰ ਅਨੰਦਪੁਰ ਸਾਹਿਬ ਮੁੜਨ ਦੀ ਸੀ ਤੇ......ਛੇਤੀ ਹੀ ਧਰਮ ਯੁੱਧ ਨੂੰ ਹੋਰ ਤਿੱਖਾ ਕਰਨ ਲਈ ਹੀ ਤੇ ਵਿਚਾਰ। ਕੀ ਗੁਰੂ ਜੀ ਛੇਤੀ ਹੀ ਪੰਜਾਬ ਨੂੰ ਨਹੀਂ ਸੀ ਮੁੜ ਆਏ ਤੇ ਕੀ ਧਰਮ ਯੁੱਧ ਛੇਤੀ ਹੀ ਤਿੱਖਾ ਨਹੀਂ ਸੀ ਹੋਇਆ ?

ਗੁਰੂ ਜੀ ਦੇ ਪੰਜਾਬ ਨੂੰ ਛੇਤੀ ਹੀ ਮੁੜਨ ਤੇ ਧਰਮ ਯੁੱਧ ਦੇ ਤਿੱਖਾ ਹੋਣ ਦੇ ਸਬੂਤ ਲਈ। "ਬੰਦਾ ਬਹਾਦਰ ਕੌਣ ਸੀ" ਵਿਚ



Sri Satguru Jagjit Singh Ji eLibrary NamdhariElibrary@gmail.com

ਸ੍ਰ: ਕਰਮ ਸਿੰਘ ਜੀ ਹਿਸਟੋਰੀਅਨ ਲਿਖਦੇ ਹਨ। "ਉਸ ਵੇਲੇ ਆਮ ਸਿੱਖਾਂ ਦਾ ਇਹ ਖਿਆਲ ਸੀ, ਕਿ ਅਸਲ ਬੰਦਾ ਬਹਾਦਰ ਕੋਈ ਨਹੀਂ, ਇਹ ਸ੍ਰੀ ਦਸਮੇਸ਼ ਜੀ ਹੀ ਹਨ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਤੇ ਖਾਲਸਾ ਜੀ ਨੂੰ ਰਾਜ ਦਿਲਾਵਣ ਵਾਸਤੇ "ਬੰਦਾ" ਦਾ ਰੂਪ ਧਾਰਿਆ ਹੋਇਆ ਹੈ। ਇਹੋ ਕਾਰਨ ਸੀ ਕਿ ਆਮ ਸਿਖ ਬੰਦਾ ਬਹਾਦਰ ਦੇ ਹੁਕਮਾਂ ਨੂੰ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਤੁਲ ਮੰਨਦੇ ਸਨ। ਸਰਹੰਦ ਦੇ ਫਤਹਿ ਹੋਣ ਤੱਕ ਕਿਸੇ ਨੇ ਕੋਈ ਸ਼ੱਕ ਨਹੀਂ ਸੀ ਕੀਤਾ। ਪੰਨਾਂ ੧੨੩-੨੪

ਉਪਰ ਲਿਖੇ ਸਮੇਂ ਦਾ "੧ ਜੇਠ ਸੰਮਤ ੧੭੬੭ ਹੈ।" ਵੇਖੋ ਮਹਾਨ ਕੋਸ਼ ਵਿਚੋਂ ਸਰਹਿੰਦ।

ਸ੍ਰ: ਕਰਮ ਸਿੰਘ ਜੀ ਹਿਸਟੋਰੀਅਨ "ਬੰਦਾ ਬਹਾਦਰ" ਪੁਸਤਕ ਵਿਚ ਲਿਖਦੇ ਹਨ ਕਿ "ਬੰਦੇ ਦੇ ਸਮੇਂ ਉਨ੍ਹਾਂ (ਸਿਖਾਂ ਨੇ) ਇਹ ਸਮਝਿਆ ਸੀ ਕਿ ਅਸਲ ਵਿਚ ਬੰਦਾ ਕੋਈ ਨਹੀਂ ਹੈ। ਦਸਮੇਸ ਗੁਰੂ ਜੀ ਨੇ ਆਪਣੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਬੰਦੇ ਦਾ ਰੂਪ ਧਾਰਿਆ ਹੈ। ਪੰਨਾਂ ੨੧੬

ਉਪਰ ਲਿਖੇ ਦੋਹਾਂ ਪੁਸਤਕਾਂ ਕਰਮ ਸਿੰਘ ਜੀ ਦਿਆਂ ਵਿਚਲੇ ਭਾਵਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੇ ਰਾਤ ਕਨਾਤ ਤਨਾਂ ਸਿਖਾਂ ਦੀ ਕੰਡ ਕਰਾ ਚਿਖਾ ਨੂੰ ਅੱਗ ਲਾ ਆਪ ਤਬੇਲੇ ਵਿਚੋਂ ਘੋੜਾ ਲੈ ਅਲੋਪ ਹੋ ਜਾਣ ਤੇ ਅਗਲੇ ਰੋਜ਼ ਲਕੜਾਂ ਲਿਔਣ ਵਾਲੇ ਤੇ ਸਾਧੂਆਂ ਨੂੰ ਦਸਮ ਗੁਰੂ ਜੀ ਦੇ ਦਰਸ਼ਨ ਦੇਣ ਬਾਦ ਨਿਸਚੇ ਹੋ ਗਿਆ ਹੋਇਆ ਸੀ ਕਿ ਗੁਰੂ ਜੀ ਨਰ ਨਾਟਕ ਕਰ ਆਪਣੀ ਨੀਤੀ ਅਨੁਸਾਰ ਅਲੋਪ ਹੋ ਗਏ ਹਨ। ਜੋਤੀ ਜੋਤ ਨਹੀਂ ਸਮਾਏ। ਕਿਉਂਕਿ ਸ਼ਮਾ ਗਏ ਤੇ ਫੇਰ ਜਿਉਂਦਿਆਂ ਵਾਲੇ ਕੰਮ ਕਰਨੇ ਦਾ ਸ਼ਕ ਪੈਣਾ ਅਸੰਭਵ



Sri Satguru Jagjit Singh Ji eLibrary NamdhariElibrary@gmail.com

ਹੈ । ਤੇ ਬਾਲਾ ਰਾਏ ਨੂੰ ਕਿਲੇ ਚੋਂ ਕੱਢਣ ਬਾਦ ਤਾਂ ਸਗੋਂ ਪਕ ਹੋ ਗਿਆ ਸੀ ਕਿ ਗੁਰੂ ਜੀ ਅਲੋਪ ਹੀ ਹੋਏ ਹਨ ।

ਉਪਰ ਲਿਖੇ ਸ੍ਰ: ਕਰਮ ਸਿੰਘ ਜੀ ਦੇ ਭਾਵਾਂ ਦੀ ਪੁਸ਼ਟੀ ਤੇ ਮੇਰੀ ਤਲੇ ਦਿਤੇ ਵਿਚਾਰ ਦੀ ਪੁਸ਼ਟੀ ਵੈਦ ਇੰਦਰ ਸਿਘ ਜੀ ਗਗੋ ਮਹਿਲ ਜ਼ਿਲਾ ਅੰਮ੍ਰਿਤਸਰ । "ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਪੁਸਤਕ ਵਿਚ ਚੰਗੀ ਖੋਲ੍ਹ ਕੇ ਸਾਫ ਅੱਖਰਾਂ ਵਿਚ ਕੀਤੀ ਹੈ ।

"ਸੂਹਿਆਂ ਬਹਾਦਰ ਸ਼ਾਹ ਨੂੰ ਇਹ ਖਬਰ ਦਿਤੀ ਕਿ ਗੁਰੂ ਜੀ ਸਮਾਏ ਨਹੀਂ ਜ਼ਿੰਦਾ ਹਨ। ਸਗੋਂ ਸਤਾਰੇ ਦੇ ਕਿਲੇ ਵਿਚੋਂ ਹਕੂਮਤ ਦੇ ਬਾਗੀ ਬਾਲਾ ਰਾਏ ਤੇ ਰੁਸਤਮ ਰਾਏ ਨੂੰ ਲਜਾਕੇ ਬਲਦੀ ਤੇ ਤੇਲ ਪਾ ਗਏ ਹਨ । ਅਤੇ ਸਿੰਘਾਂ ਨੂੰ ਗੁਪਤ ਹੁਕਮਨਾਮੇ ਭੇਜ ਰਹੇ ਹਨ ਕਿ ਬੰਦੇ ਦੀ ਕਮਾਨ ਹੇਠਾਂ ਕਠੇ ਹੋਕੇ ਹਕੂਮਤ ਦਾ ਨਾਸ ਕਰੋ। ਹੁਕਮਨਾਮੇ ਮਿਲਣ ਤੇ ਸਿੰਘ ਸੈਂਕੜਿਆਂ ਦੀ ਗਿਣਤੀ ਵਿਚ ਬਦ ਨਾਲ ਮਿਲ ਰਹੇ ਹਨ।"......ਤੇ ਲਿਖਦੇ ਹਨ "ਕਿ ਜਿਨੀਆਂ ਵੀ ਫਤਹਾਂ ਸਿੰਘਾਂ ਨੂੰ ਹਾਸਲ ਹੋਈਆਂ ਹਨ। ਇਸ ਵਿਚ ਗੁਰੂ ਜੀ ਦਾ ਹਥ ਸੀ ।" ੨੫ ਕਾਂਡ ੧੭੯ ਪੰਨਾਂ

ਸ੍ਰ: ਕਰਮ ਸਿੰਘ ਜੀ ਹਿਸਟੋਰੀਅਨ ਦੇ ਦੋ ਪੁਸਤਕਾਂ ਤੇ ਵੈਦ ਇਦਰ ਸਿੰਘ ਜੀ ਦੇ ਪੁਸਤਕ "ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਦੀਆਂ ਲਿਖਤਾਂ ਨਾਲ ਗੁਰੂ ਜੀ ਦਾ ਛੇਤੀ ਪੰਜਾਬ ਵਲ ਮੁੜਨਾ ਤੇ ਧਰਮ ਯੁੱਧ ਨੂੰ ਤਿਖਾ ਕਰਨਾ ਪੜ੍ਹ ਵੇਖ ਸਿੱਧ ਹੋ ਚੁਕਾ ਹੈ ਹੁਣ ਮੈਂ ਗੁਰੂ ਜੀ ਦੇ ਲਿਖੇ ਵਾਕਾਂ ਤੇ ਵਿਚਾਰ ਪਾਠਕਾਂ ਦੀ ਸੂਝ ਜੋਗ ਕਰਦਾ ਹਾਂ।

ਗੁਰੂ ਜੀ ਦੇ ਹੁਕਮਨਾਮੇ ਦੇ ਲਿਖੇ ਅੱਖਰਾਂ "ਅਸੀਂ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ" । ਜਦ ਅਸੀਂ ਕਹਲੂਰ ਆਵਤੇ, ਤਦਿ



Sri Satguru Jagjit Singh Ji eLibrary NamdhariElibrary@gmail.com

ਸੂਬਤਿ ਖ਼ਾਲਸੇ ਹਥੀਯਾਰ ਬੰਨਿ ਕੈ ਹਜ਼ੂਰਿ ਆਵਣਾਂ।" ਤੇ ਵਿਚਾਰ, ਗੁਰਬਾਣੀ ਦੇ ਮਤ ਅਨੁਸਾਰ ਬਹੁਤ ਉਤਮ ਕਸਵਟੀ ਹੈ। ਗੁਰਵਾਕ ਹੈ। "ਗੁਰਮੁਖਿ ਸਚੀ ਉਤਮ ਬਾਣੀ। ਗੁਰਮੁਖ ਸਚੋ ਸਚ ਵਖਾਣੀ।" ਮਾਰੂ ਮ: ੩ ਗੁਰਮੁਖ ਸਚੋ ਸਚੁ ਲਿਖਹਿ ਵੀਚਾਰੁ।" ਮਾਝ ਮ: ੩ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚ ਹੋਵੈ। ਧਨਾਸਰੀ ਮ:੫ ਅਨੁਸਾਰ ਸੋਚਿਆਂ ਵੀਚਾਰਿਆਂ ਮੰਨਣਾ ਪਵੇਗਾ, ਕਿ ਗੁਰੂ ਜੀ ਜੋ ਹੁਕਮਨਾਮੇ ਵਿਚ ਸੰਗਤ ਵਲ ਲਿਖਿਆ ਸੀ ਸੋ ਸਚੇ ਰੂਪ ਵਿਚ ਪੂਰਾ ਕੀਤਾ ਸ਼ੀ। ਅਰਥਾਤ ਨਦੇੜ ਨਰ ਨਾਟਕੀ ਕੌਤਕ ਕਰਨ ਬਾਦ ਆਪ ਜ਼ਰੂਰ ਹੀ ਧਉਲ, ਕਹਿਲੂਰ, ਆਨੰਦ ਪੁਰ ਤੇ ਪੰਜਾਬ ਵਲ ਆਏ ਸੀ। ਜੇ ਗੁਰੂ ਜੀ ਲਿਖੇ ਬਚਨ ਤੇ ਨਹੀਂ ਪੁਜਦੇ ਤਾਂ "ਅਉਗਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ। ੧੩/੨੧ ਭਾਈ ਗੁਰਦਾਸ ਜੀ ਦਾ ਲਿਖਣਾ ਤੇ ਉਪਰਲੇ ਗੁਰ ਵਾਕਾਂ ਤੇ ਗੁਰੂ ਜੀ ਪੂਰੇ ਨਹੀਂ ਉਤਰਦੇ। "ਸਾਜਨੁ ਦੇਖਾਂ ਤਾਂ ਗਲਿ ਮਿਲਾ ਸਾਚੁ ਪਠਾਇਓ ਲੇਖ।" ਮਾਰੂ ਮ: ੧ ਪੰਨਾਂ ੧੦੧੦ ਤੁਕ ਦਾ ਸਾਰ ਗਲਤ ਹੋ ਜ਼ਾਂਦਾ ਹੈ। ਤੇ ਅਸਰਧਕ ਕਹਿ ਸਕਦਾ ਹੈ। "ਸਾਚ ਪਠਾਇਓ ਲੇਖ" ਨਾਂ ਸਹੀ ਤਾਂ ਝੂਠੇ ਹੀ ਲੌ ਵੇਖ ਗੁਰੂ ਜੀ ਹੋ ਗਏ ਹਨ। ਤੇ "ਮਨੁ ਤਨੁ ਤੇਰਾ ਤੂੰ ਪ੍ਰਭੂ ਸਚੁ ਧੀਰਕੁ ਧੁਰਕੀ, ਮਾਰੂ ਮ: ੧ ਪੰਨਾਂ ੧੦੧੬ ਵਾਲੀ ਸਰਧਾ ਰਖਣ ਵਾਲਾ ਸਿਖ ਭੀ ਲਾ ਜਵਾਬ ਹੋ ਜਾਂਦਾ ਏ। ਜੇ ਕੋਈ ਕਹੇ ਕਿ ਲਿਖ ਕੇ ਭੇਜੇ ਬਚਨ ਤੇ ਸੋ ਪੂਰੇ ਨਹੀਂ ਉਤਰਦੇ ਸੋ ਸਚੇ ਪਾਤਸ਼ਾਹ ਕਿਵੇਂ ਹੋਏ। ਜੋ ਬਚਨ ਤੇ ਪੂਰੇ ਨਹੀਂ ਉਤਰੇ ਤਾਂ ਭੀ ਸ਼ਰਧਾਲੂ ਸਿਖ ਲਾ ਜਵਾਬ ਸੋ ਜਾਂਦਾ ਏ। ਤੇ ਸਿਖੀ ਦੀ ਜੋ ਧਰਮ ਭਾਵਨਾ ਗੁਰੂ ਨਾਨਕ ਜੀ ਤੋਂ ਲੈ ਗੁਰ ਵਾਕਾਂ ਤੇ ਬਣੀ ਹੋਈ ਹੈ ਜੇ ਦਸਮ ਜੀ ਉਪਰ ਲਿਖੇ ਵਾਕਾਂ ਤੇ ਪੂਰੇ ਨਹੀਂ ਉਤਰਦੇ ਤਾਂ ਸੋ ਭੀ ਸਚੀ ਨਹੀ ਬਣੀ ਰਹਿੰਦੀ। ਜਿਹਾ ਕਿ "ਆਵਨਿ ਅਠਤਰੇ ਜਾਨਿ ਸਤਾਨਵੇ ਹੋਰ ਭੀ ਉਠਸੀ ਮਰਦ ਕਾ ਚੇਲਾ।" ਤਲੰਗ ਮ: ੧



Sri Satguru Jagjit Singh Ji eLibrary NamdhariElibrary@gmail.com

ਗੁਰੂ ਕਾ ਭਵਿਖਤ ਵਾਕ ਸਚਾ ਤੇ ਪੂਰਾ ਹੋਇਆ ਸੀ। ਠੀਕ ਹੀ ੧੫੭੯ ਬਿ: ਨੂੰ ਆਇਆ ਸੀ ਤੇ ਏਮਨਾ ਬਾਦ ਹੰਕਾਰੀ ਪਠਾਨ ਉਸ ਕਤਲ ਕੀਤੇ ਸਨ ਤੇ ੧੫੯੭ ਨੂੰ ਕਨੌਜ ਦੀ ਲੜਾਈ ਵੇਲੇ ਸ਼ੇਰ ਸ਼ਾਹ ਤੋਂ ਹਾਰ ਕੇ ਹਮਾਯੂੰ ਭਾਰਤ ਛਡ ਨਸ ਨਿਕਲ ਗਿਆ ਸੀ। ਤੇ ਫੇਰ ਕੁਝ ਚਿਰ ਬਾਦ ਆ ਮੁਗਲ ਰਾਜ ਕਾਇਮ ਕੀਤਾ ਸੀ ਜਿਸ ਨੂੰ ਫੇਰ ਮਰਦ ਕੇ ਚੇਲੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਖਤਮ ਕੀਤਾ। ਆਮ ਲੋਕਾਂ ਦਾ ਅਖਾਣ ਏ। "ਲਿਖਕੇ ਮੁਲ ਕੀਤੇ ਬਾਦ ਮੋਚੀ ਚਮਾਰ ਵੀ ਨਹੀਂ ਬਦਲਦਾ।" ਤ੍ਰਿਵੇਂ ਮੈਂ ਕਹਿਨਾਂ ਲਿਖ ਦਿਤੇ ਬੋਲ ਤੋਂ ਸਚਿਆਰ ਭੀ ਨਹੀਂ ਬਦਲਦਾ। ਜੇ ਕੁਦਰਤ ਦੇ ਅਣਪੁਛੇ ਮਾਮਲੇ ਤੇ "ਮਤਾ ਕਰੈ ਪਛਮ ਕੈ ਤਾਂਈਂ ਪੂਰਬ ਹੀ ਲੈ ਜਾਤ," ਗੂਜਰੀ ਮ: ੫/੫੯੬ ਤੇ "ਜੇ ਮਨਿ ਚਿਤਿ ਨ ਚੇਤੇ ਸਨ" ਫਰੀਦ ਜੀ ੧੪੯੩ ਪੰਨਾਂ। ਵਾਕਾਂ ਦੇ ਆਸ਼ੇ ਤੋਂ ਪ੍ਰਭਾਵ ਲੈ ਕਹੀਏ ਗੁਰੂ ਜੀ ਤੇ ਪਠਾਣ ਵਲੋਂ ਅਚਾਨਕ ਹੋਏ ਵਾਰ ਨੇ ਸਭ ਪ੍ਰੋਗਰਾਮ ਉਹਨਾਂ ਦਾ ਬਦਲ ਦਿਤਾ ਸੀ, ਤਾਂ ਇਹ ਭੀ ਗੁਰੂ ਜੀ ਜੋਗ ਮੰਨਣਾਂ ਗੁਰੂ ਨਾਨਕ ਵਾਲੀ ਗੱਦੀ ਦੀ ਸਰਬਗਤਾ ਤੋਂ ਆਸਰਧਕ ਹੋਣ ਤੁਲ ਹੈ। ਕਿਉਂਕਿ ਗੁਰੂ ਨਾਨਕ ਜੀ ਨੂੰ ਕਿਤੇ ਐਸਾ ਹਰਾਨ ਕਰਨ ਤੇ ਉਹਨਾਂ ਦੇ ਮਿਥੇ ਬਣਾਏ ਪ੍ਰੋਗਰਾਮ ਤੋਂ ਉਲਟ ਘਟਨਾ ਨਹੀਂ ਵਾਪਰੀ। ਤੇ ਕੋਈ ਗੁਰੂ ਘਰ ਦੀਆਂ ਸਾਖਾਂ ਸਾਬਤ ਕਰਦੀਆਂ ਹਨ ਕਿ ਗੁਰੂ ਜੀ ਭਵਿਖਤ ਸਮੇਂ ਨੂੰ ਜਾਣਦੇ ਤੇ ਸ਼ਰਧਾਲੂਆਂ ਨੂੰ ਦਸ ਭੀ ਦਿਆ ਕਰਦੇ ਸੀ।

ਜਿਹਾ ਕਿ ਉਪਰ ਲਿਖਿਆ ਗੁਰੂ ਨਾਨਕ ਜੀ ਦਾ ਏਮਨਾ ਬਾਦ ਉਚਾਰਨ ਵੇਲੇ ਭਾਈ ਲਾਲੋ ਦੀ ਅਰਜ਼ ਤੇ ਗੁਰੂ ਜੀ ਉਸਨੂੰ ਦਸ ਦਿਤਾ ਸੀ ਕਿ ਇਹ ਸ਼ਹਿਰ ਹੁਣ ਉਜੜਨਾ ਹੈ ਤੂੰ ਇਸ ਵਿਚੋਂ ਨਿਕਲ ਜਾਹ ਤੇ ਟਬਰ ਨੂੰ ਲਾਂਭੇ ਕਰ ਲੈ। ਭਾਈ ਲਾਲੋ ਜੀ ਨੇ



Sri Satguru Jagjit Singh Ji eLibrary NamdhariElibrary@gmail.com

ਰੋੜੀ ਸਾਹਿਬੋਂ ਲੈਕੇ ਕੁਝ ਕੋਹਾਂ ਤੇ ਤਤਲੀਂ ਜਾ ਟਬਰ ਟਕਾਯਾ ਸ਼ੀ (ਜੋ ਮੇਰੇ ਗੁਜਰਾਂ ਵਾਲੇ ਜ਼ਿਲੇ ਵਿਚ ਹੀ ਸੀ) ਤਤਲੇ ਨਗਰੋਂ ਬਾਹਰਲੇ ਪਾਸੇ ਜਿਥੇ ਗੁਰੂ ਜੀ ਬਾਬਰ ਨੂੰ ਸੋਝੀ ਦੇ ਕੇ ਆਏ ਸੀ ਤੇ ਦਸਮ ਗੁਰੂ ਜੀ ਨੇ ਭੀ ਜੀਤੋ ਜੀ ਨੂੰ ਸੁਪਨਾਂ ਪ੍ਰਵਾਰ ਖੇਰੂ ਖੇਰੂ ਹੋਣ ਦਾ ਸੁਨਾਣ ਤੇ ਕਿਹਾ ਸੀ ਇਹ ਸਭੋ ਕੁਝ ਵਰਤਣਾ ਹੈ। ਜੇ ਜੀਤੋ ਜੀ ਕਿਹਾ ਮੈਂ ਇਹ ਅਤਿ ਦੁਖ ਦਾ ਸਮਾਂ ਸਹਾਰ ਨਹੀਂ ਸਕਾਂਗੀ ਤਾਂ ਗੁਰੂ ਜੀ ਕਿਹਾ ਸੀ। ਇਹ ਤਾਂ ਸਭ ਕੁਝ ਵਰਤਣਾ ਹੈ। ਤਾਂ ਜੀਤੋ ਜੀ ਚੜ੍ਹ ਜਾਣਾ ਹੀ ਇਸ਼ ਸਮੇਂ ਤੋਂ ਪਹਿਲਾਂ ਚੰਗਾ ਜਾਣਿਆ ਤੇ ਚੜ੍ਹ ਗਏ।

ਮੈਂ ਪਾਠਕਾਂ ਦੀ ਦਿਲਚਸਪੀ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਇਕ ਦੋ ਥਾਈਂ ਭਵਿਖਤ ਵਾਕ ਕੀਤੇ ਪੂਰੇ ਉਤਰੇ ਦਾ ਹਾਲ ਕਾਲਾ ਸਿੰਘ ਜੀ ਦੇ ਪੁਸਤਕ ਸ਼ਹੀਦੀ ਬਿਲਾਸ ਚੋਂ ਏਥੇ ਲਿਖਦਾ ਹਾਂ।

"ਕਵੀ ਦੇ ਪਿਤਾ ਨੇ ਦਰਸਨ ਕਰਨਾ ਸਤਿਗੁਰੂ ਰਾਮ ਸਿੰਘ ਜੀ ਦਾ, ਸਿਰਲੇਖ ਤਲੇ ਲਿਖਦੇ ਹਨ।

ਪਿਤਾ ਦਾਸ ਦਾ ਸੀ ਰਾਮ ਸਿੰਘ ਨਾਮੇ,
ਉਸ ਦਸਿਆ ਸੀ ਮੈਨੂੰ ਹਾਲ ਸੰਤੋ।
ਦਾਦੀ ਦਾਸ ਦੀ ਸੀ ਸੇਵਕ ਸਤਿਗੁਰੂ ਦੀ।
ਰਖੇ ਪਿਆਰ ਚੰਗਾ ਪੰਥ ਨਾਲ ਸੰਤੋ।
ਸੰਮਤ ਉਨੀ ਸੈ ਪੱਚੀਏ ਸ਼ਾਲ ਅੰਦਰ,
ਪੂਰੇ ਗੁਰੂ ਆਏ ਗੁਜਰਵਾਲ ਸੰਤੋ।
ਪਿਤਾ ਦਾਸ ਦਾ ਚਾਰ ਸੇ ਹੋਰ ਸਾਥੀ,
ਅਰਜ਼ ਕਰੀ ਜਾ ਪਾਸ ਅਕਾਲ ਸੰਤੋ।
ਭਜਨ ਦਸੋ ਤੇ ਕਰ ਲਵੋ ਸਿਖ ਸਾਨੂੰ।



Sri Satguru Jagjit Singh Ji eLibrary NamdhariElibrary@gmail.com

ਵਿਚ ਹੜ੍ਹ ਜਾਈਏ ਕਲੂ ਕਾਲ ਸੰਤੋ ।
ਸਤਿਗੁਰ ਆਖਦੇ ਅਜੇ ਨਾ ਵਖਤ ਭਾਈ,
ਡਾਰਨ ਸਿਖ ਕਛਾ ਝਾੜਾਂ ਨਾਲ ਸੰਤੋ ।
ਸਮਾ ਸ਼ਖਤ ਆਵੇ ਵਿਚ ਕੋਟਲੇ ਦੇ,
ਸਿੰਘ ਪਰਖ ਹੋਵੇ ਡਾਲੋ ਡਾਲ ਸੰਤੋ ।
ਦਸਮ ਗੁਰੂ ਪਰਖੀ ਖੰਡੇ ਨਾਲ ਸਿਖੀ,
ਪੰਜ ਨਿੱਤਰੇ ਗੁਰੂ ਕੇ ਲਾਲ ਸੰਤੋ ।
ਕਈ ਭੱਜ ਕੇ ਸਿੰਘ ਅਲੱਗ ਹੋਇ,
ਜੇਹੜੇ ਖਾਣ ਕੜਾਹੇ ਕੰਗਾਲ ਸੰਤੋ ।
ਤਿਵੇਂ ਪਰਖ ਕਰਸਾਂ ਵਿਚ ਕੋਟਲ ਦੇ,
ਤੋਪ ਦਗੇ ਗੋਲਾ ਲਾਲੋ ਲਾਲ ਸੰਤੋ ।
ਕਈ ਭੱਜ ਜਾਵਣ ਮੁੱਕਰ ਜਾਣ ਬਹੁਤੇ,
ਹੋਵੇ ਖਾਲਸੇ ਦਾ ਬੁਰਾ ਹਾਲ ਸੰਤੋ ।
ਜਿਵੇਂ ਦਿਤਾ ਬੇਦਾਵਾ ਸੀ ਦਸਮ ਗੁਰ ਨੂੰ,
ਸਿੰਘ ਕਰਨ ਸਾਰਾ ਉਹੋ ਚਾਲ ਸੰਤੋ ।
ਮੇਰਾ ਜਾਣਾ ਪ੍ਰਦੇਸ਼ ਦੇ ਵਿਚ ਹੋਵੇ,
ਸਤਿਗੁਰ ਆਪ ਆਖਣ ਗੁਜਰਵਾਲ ਸੰਤੋ ।
ਮੇਰੇ ਪਿਤਾ ਸੋ ਸੁਣ ਕੇ ਘਰੀਂ ਆਏ,
ਭਜਨ ਪੁਛਿਆ ਨਾ ਕਰੀ ਭਾਲ ਸੰਤੋ ।
ਭਾਣਾ ਵਰਤਿਆ ਫੇਰ ਤਮਾਮ ਸਾਰਾ,
ਮੇਰੇ ਬਾਪ ਨੂੰ ਰਿਹਾ ਖਿਆਲ ਸੰਤੋ ।
ਸੰਮਤ ਉਨੀ ਸੇ ਵਿਚ ਬਤਾਲੀਏ ਦੇ,
ਸਿੰਘ ਢੇਰ ਬਣਿਆ ਮੇਰੇ ਨਾਲ ਸੰਤੋ ।
ਗਿਆ ਵਿਚ ਬੈਕੁੰਠ ਚੁਤਾਲੀਏ ਦੇ,
ਓਸ ਦਸਿਆ ਸੀ ਮੈਨੂੰ ਹਾਲ ਸੰਤੋ ।



Sri Satguru Jagjit Singh Ji eLibrary NamdhariElibrary@gmail.com

ਕਾਲਾ ਸਿੰਘ ਮੈਂ ਲਿਖੇ ਪ੍ਰਸੰਗ ਸੋਈ,
ਕੁਝ ਸੁਣੇ ਵੇਖੇ ਅੱਖਾਂ ਨਾਲ ਸੰਤੋ ।

ਪੰਨਾਂ ੫੭—੫੮

(ਜਦ ਪ੍ਰਚਾਰ ਤੇ ਰੋਕ ਕਰਦੀ ਹੈ ਸਰਕਾਰ ਤੇ ਉਸਦੇ ਪੱਖੀ ਪੁਜਾਰੀ)

( ਵਾਕ ਕਵੀ )

''ਬੈਠੇ ਵਿਚ ਦੀਵਾਨ ਦੇ ਹੁਕਮ ਦੇਂਦੇ,
ਪੂਰੇ ਸਤਿਗੁਰੂ ਆਪ ਫੁਰਮਾਨ ਵਾਰੀ ।
ਮੈਂ ਹਾਂ ਇਕ ਬਹੁਤੇ ਰਾਮ ਸਿੰਘ ਕਰਸਾਂ,
ਸੂਬੇ ਸਾਜ ਕੇ ਵਿਚ ਜਹਾਨ ਵਾਰੀ ।
ਦਿਨੋਂ ਦਿਨ ਹੋਵੇ ਜ਼ੋਰ ਖਾਲਸੇ ਦਾ,
ਮਨ ਮਤ ਦਾ ਦੂਰ ਨਿਸ਼ਾਨ ਵਾਰੀ ।
ਕੜਾ ਕਛ ਦਸਤਾਰ ਨਰ ਨਾਰ ਰਖੇ,
ਸਾਰਾ ਦੇਸ ਹੋਵੇ ਸਿੰਘ ਆਨ ਵਾਰੀ ।
ਪਿੰਡ ਪਿੰਡ ਦੀਵਾਨ ਲਗਾ ਦੇਵਾਂ,
ਕਰਾਂ ਖਾਲਸੇ ਤਾਈ ਜਵਾਨ ਵਾਰੀ ।
ਸੋਧਣ ਸਿੰਘ ਪੁਜਾਰੀਆਂ ਬਾਹਮਣਾਂ ਨੂੰ,
ਕਰਨ ਭੇਖੀਆਂ ਤਾਂਈਂ ਬਰਾਨ ਵਾਰੀ ।
ਹਿੰਦੂ ਤੁਰਕ ਆਵੇ ਵਿਚ ਖਾਲਸੇ ਦੇ,
ਦੇਵਾਂ ਜਾਤ ਦੇ ਚੁਕ ਨਿਸ਼ਾਨ ਵਾਰੀ ।
ਖਾਨ ਪਾਨ ਹੋਵੇ ਸਾਰਾ ਕਠਿਆਂ ਦਾ,
ਕਰੇ ਛੂਤ ਨਾ ਕਿਸੇ ਦੀ ਮਾਨ ਵਾਰੀ ।
ਸੰਤ ਖਾਲਸਾ ਮੇਰੀ ਜੋ ਰਹਿਤ ਰਖੇ,



Sri Satguru Jagjit Singh Ji eLibrary NamdhariElibrary@gmail.com

ਦੂਜਾ ਪੰਥ ਮਲੇਛ ਤੂੰ ਮਾਨ ਵਾਰੀ ।
ਪੰਥ ਇਕ ਦੋ ਧੜ ਜ਼ਰੂਰ ਹੋਵੇ,
ਦਸਮ ਗੁਰਾਂ ਦਾ ਇਹ ਫੁਰਮਾਨ ਵਾਰੀ ।
ਕਾਲਾ ਸਿੰਘ ਇਹ ਹੁਕਮ ਸ਼ੀ ਸਤਿਗੁਰਾਂ ਦਾ,
ਦੇਂਦੇ ਆਪ ਹੋਕੇ ਮੇਹਰਵਾਨ ਵਾਰੀ ।"

ਪੰਨਾਂ ੫੯—੬੦

ਗੁਰੂ ਨਾਨਕ ਦੇਵ ਜੀ ਦੇ "ਆਵਨਿ ਅਠਤਰੈ ਜਾਨਿ ਸਤਾਨਵੈ" ਵਾਕ ਦੀ ਜੁਗਤ ਦੇ ਦਸਮ ਜੀ ਦੇ ਅਨੇਕ ਵਾਕ ਸੌ ਸਾਖੀ ਗੁਰਿੰਡ ਨਾਮਾ ਅਤੇ ਪ੍ਰੇਮ ਸੁਮਾਰਗ ਆਦਿ ਗ੍ਰੰਥਾਂ ਵਿਚੋਂ ਮਿਲਦੇ ਹਨ । ਭਾਵੇਂ ਇਹ ਵਿਗਾੜੇ ਵੀ ਗਏ ਹਨ, ਤਾਂ ਭੀ ਭਾਈ ਵੀਰ ਸਿੰਘ ਸੂਰਜ ਪ੍ਰਕਾਸ਼ ਦੀ ਭੂਮਕਾ ਦੇ ੧੮ ਪੰਨੇ ਤੇ ਲਿਖਦੇ ਹਨ :—

"ਹਾਲੇ ਭੀ ਇਸ ਪੋਥੀ ਦੀ ਮੁਤਾਲਿਆ ਦਸਦੀ ਹੈ ਕਿ ਇਸ ਵਿਚ ਅਨੇਕ ਸਾਖੀਆਂ ਦੇ ਅਸਲ ਹੋਣ ਦੀ ਝਲਕ ਹੈ ।"

ਸਤਿਗੁਰੂ ਰਾਮ ਸਿੰਘ ਜੀ ਭੀ ਜੋ ਇਕ ਹੁਕਮਨਾਮੇ ਵਿਚ ਦਸਮ ਜੀ ਦਾ ਵਾਕ ਦਿਤਾ ਹੈ "ਮਹਾਂ ਦੁਰ ਭਿਖ ਹੋਏ ਨ੍ਰਿਪ ਨਾਸ ਭੂਲੇ ਫਰੰਗੀ ਦੂਰ ।" ਇਹ ਭੀ ਵਾਕ ੬੧ਵੀਂ ਸਾਖੀ ਵਿਚ ਮਿਲਦਾ ਹੈ ਤੇ ਹੋਰ ਵਿਚ ਕਈ ਮੁਖ ਵਾਕ ਮਿਲਦੇ ਨੇ । ਇਹ ਵੇਰਵਾ ਮੈਂ ਸਮਾਂ ਮਿਲਿਆ ਤਾਂ ਅੱਗੇ ਜਾਕੇ ਕਰਾਂਗਾ । ਹੁਣ ਪਹਿਲੇ ਪਰਕਰਣ ਗੁਰੂ ਜੀ ਦੇ ਬਚਨ ਧਉਲ ਦੀ ਸੰਗਤ ਵਲ ਲਿਖੇ ਵਲ ਹੀ ਆਉ ।

ਜੇ ਗੁਰੂ ਜੀ ਦੇ ਧਉਲ ਦੀ ਸੰਗਤ ਵਲ ਲਿਖੇ ਵਚਨ ਵਿਚੇ ਹੀ ਰਹੇ ਤੇ ਝੂਠ ਹੀ ਹੋਏ ਮੰਨੀਏ ਤਾਂ ਦਸਮ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਸਕਤ ਜੋਤ ਵਾਲੇ ਨਹੀਂ ਰਹਿੰਦੇ ਤੇ ਸਗੋਂ ਜੋ ਟੈਗੋਰ ਨੇ ਲਿਖਿਆ ਹੈ :—



Sri Satguru Jagjit Singh Ji eLibrary NamdhariElibrary@gmail.com

"ਬਾਬਾ ਨਾਨਕ ਨੇ ਜੇਹੜਾ ਰਾਹ ਖਰਚ ਦੇ ਕੇ ਉਹਨਾਂ ਨੂੰ ਇਸ ਉਦਾਰ ਰਸਤੇ ਤੇ ਤੋਰਿਆ ਸੀ ਉਹ ਇਹਨਾਂ ਨੇ ਰਾਹ ਖਰਚ ਉਥੇ ਹੀ ਮੁਕਾ ਲਿਆ..... ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦਾ ਨਿਸ਼ਾਨਾ ਸਥਿਰ ਨਹੀਂ ਰਖ ਸਕੇ......ਜੇਹੜੀ ਨਦੀ ਸਮੁੰਦਰ ਵਿਚ ਮਿਲਣ ਲਈ ਗਗਨ ਚੁੰਬੀ ਪਰਬਤ ਦੀ ਪਵਿੱਤਰ ਬਰਫਾਨੀ ਚੋਟੀ ਚੋਂ ਨਿਕਲੀ ਸੀ ਉਹ ਰਸਤੇ ਵਿਚਲੇ ਰੇਗਸਤਾਨ ਦੇ ਰੇਤੀਲੇ ਅੰਬਾਰ ਵਿਚ ਪੁਜਣ ਤੇ ਆਪਣੀ ਸ਼੍ਰੇਸ਼ਟ ਧਾਅ ਗਵਾ ਬੈਠੀ।"
ਅਮਰ ਭਾਰਤੀ ਦਾ ਲਿਖਿਆ 'ਸਿਖ ਇਤਿਹਾਸ ਤੇ ਕੂਕ'

ਪੰਨਾਂ ੧੩—੧੫

ਇਹ ਸੱਚ ਮੰਨਣਾ ਪਵੇਗਾ ਤੇ ਮੰਨਣਾ ਪਵੇਗਾ "ਹਉ ਬਲਿਹਾਰੀ ਸਤਿਗੁਰ ਪੂਰੇ। ਸਰਣ ਕੇ ਦਾਤੇ ਬਚਨ ਕੇ ਸੂਰੇ।" ਅਤੇ "ਸੱਚਾ ਤਖਤੁ ਸਚੀ ਪਾਤਸ਼ਾਹੀ, ਸਚ ਖਜੀਨਾ ਸਾਚਾ ਸਾਹੀ। ਆਪੇ ਸਚੁ ਧਾਰਿਓ ਸਭ ਸਾਚਾ, ਸਚੇ ਸਚ ਵਰਤੀਜਾ ਹੇ।"

(ਮਾਰੂ ਸੋਲਹੇ ਪੰਨਾਂ ੧੦੭੩

ਆਦਿ ਗੁਰ ਵਾਕਾਂ ਦੇ ਠੀਕ ਹੀ ਗੁਰੂ ਜੀ ਧਾਰਨੀ ਨਹੀਂ ਰਹੇ ਸੀ।

ਦਸਮ ਗੁਰੂ ਜੀ ਬਾਰੇ ਸਿੰਘ ਸਭੀਏ ਤੇ ਭਾਵੇਂ ਇਹ ਗਲ ਮੰਨ ਲੈਣ ਕਿ ਗੁਰੂ ਜੀ ਨਦੇੜ ਵਿਚ ਜੋਤੀ ਜੋਤ ਸਮਾ ਗਏ ਸੀ ਤੇ ਧੌਲ ਦੀ ਸੰਗਤ ਵਲ ਲਿਖਿਆ ਉਹਨਾਂ ਦਾ ਬਚਨ "ਅਸੀਂ ਭੀ ਥੋੜੇ ਹੀ ਦਿਨਾਂ ਨੂੰ ਆਵਤੇਂ ਹੈ ਤੇ ਜਦਿ ਅਸੀਂ ਕਹਿਲੂਰ ਆਵਤੇ ਤਦ ਸੂਬਤ ਖਾਲਸੇ ਹਥੀਯਾਰ ਬੰਨਿ ਕੈ ਹਜੂਰ ਆਵਣਾ" ਝੂਠਾ ਹੋ ਗਿਆ। ਪਰ ਅਸੀਂ ਨਾਮਧਾਰੀ ਕਦੀ ਨਹੀਂ ਮੰਨ ਸਕਦੇ ਕਿ ਦਸਮ ਜੀ "ਸਰਨ ਦੇ ਦਾਤੇ ਬਚਨ ਕੇ ਸੂਰੇ" ਨਹੀਂ ਰਹੇ ਸੀ।



Sri Satguru Jagjit Singh Ji eLibrary NamdhariElibrary@gmail.com

ਜਦ ਗੁਰੂ ਜੀ ਦਾ ਨਦੇੜੋਂ ਪਹਿਲਾ ਅਤੇ ਬਾਦ ਦਾ ਜੀਵਨ ਦਸਦਾ ਹੈ ਕਿ ਉਹ ਸਮਰਥ ਸਤਿਗੁਰੂ ਬਚਨ ਦੇ ਪੂਰੇ ਸੀ ਤੇ ਸਰਨ ਕੇ ਦਾਤੇ ਸੂਰੇ ਸੀ। ਦਸਮੇਸ਼ ਗੁਰੂ ਜੀ ਬਾਬਤ ਸਾਡੀ ਇਹ ਧਾਰਨਾ ਹੈ ਤੇ ਰਹੇਗੀ ਕਿ "ਪੂਰੇ ਕਾ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਛੁ ਨਾਹੀ।" (ਸਲੋਕ ਮ: ੧) ਵਾਕ ਗੁਰੂ ਜੀ ਜੋਗ ਸਚਾ ਤੇ ਪੂਰਾ ਉਤਰਦਾ ਹੈ। ਤੇ ਟਰੇ ਟੈਗੋਰ ਜਹੇ ਖਰੇ ਝੂਠੇ ਹਨ। ਤੇ ਗੁਰੂ ਜੀ ਨਦੇੜ ਜੋਤੀ ਜੋਤ ਸਮਾ ਗਏ" ਲਿਖਣ ਵਾਲੇ ਤੇ ਮੰਨਣ ਵਾਲੇ ਭੀ ਝੂਠੇ ਹਨ।

॥ ਕਬਿਤ ॥

ਕੋਲੋਂ ਕੁਝ ਲਿਖਣਾ ਨਹੀਂ ਝੱਕਣਾ ਨਹੀਂ ਸਚੁ ਕਹਿਣੋ,
ਭਾਈ ਸਿੰਘ ਸਭੀਆਂ ਦਾ ਲਿਖਿਆ ਵਖਾਣਾ ਏ।
ਕੌਤਕ ਨਦੇੜੋਂ ਬਾਦ ਦਰਸਨ ਤੇ ਅਮਦਾਦ,
ਦਸਮ ਜੀ ਦਿਤੇ ਜਿਥੇ ਦਸਨਾ ਟਿਕਾਣਾ ਏ।
ਜ਼ੁਲਮ ਦੀ ਜੜ੍ਹ ਪੁੱਟੀ ਵੇਖਣੀ ਹੈ ਆਪ ਗੁਰਾਂ,
ਰਣਜੀਤ ਖਾਲਸੇ ਨੂੰ ਰਾਜ ਭੀ ਕਰਾਣਾ ਏ।
ਖੋਜ ਇਤਿਹਾਸ ਕਰ ਲਿਖਣਾ "ਤਰਨ ਸਿੰਘ",
ਕਰਨ ਲਈ ਪੱਖ ਪੂਰਾ ਭੁਲਾਂ ਨਾ ਰਲਾਣਾ ਏ।

ਅਤੇ "ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਹਿ ਸਮਾਈ।" ਵਾਲੀ ਸ਼ਰਧਾ ਦ੍ਰਿੜ੍ਹ ਰਖਾਂਗੇ।

ਹੁਣ ਮੈਂ (ਦਸਮ ਗੁਰ ਦਰਸਨ) ਜੋਗ ਸਬੂਤ ਹੋਰ ਏਸੇ ਪਖ ਤੇ ਕਿ "ਗੁਰੂ ਜੀ ਨੇ ਨਦੇੜ ਦੇ ਕੌਤਕ ਤੋਂ ਬਾਦ ਕਿਥੇ ਕਿਥੇ ਦਰਸਨ ਦਿਤੇ" ਦੀ ਹੋਰ ਸੂਝ ਲਿਖਦਾ ਹਾਂ।



Sri Satguru Jagjit Singh Ji eLibrary NamdhariElibrary@gmail.com

ਭਾਈ ਮਨੀ ਸਿੰਘ ਜੀ ਦੀ ਅੰਮ੍ਰਿਤਸਰੋਂ ਭੇਜੀ ਚਿਠੀ ਮਾਤਾ ਸੁੰਦਰੀ ਜੀ ਵਲ ਦਿਲੀ, ਜੋ ਪੰਜਾਬੀ ਵਿਭਾਗ ਪਟਿਆਲਾ ਨੇ ਭਾਈ ਜੀ ਦੇ ਜੀਵਨ ਵਿਚ ਦਿਤੀ ਹੈ ਤੇ ਉਹੋ ਚਿਠੀ "ਪ੍ਰੇਮਸੁਮਾਰਗ" ਦੀ ਭੂਮਿਕਾ ਵਿਚ ਭਾਈ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਸ਼੍ਰੋਮਣੀ ਕਮੇਟੀ ਵਲੋਂ ਦਿਤੀ ਹੈ। ਸੋ ਮੈਂ ਉਹੋ ਚਿਠੀ ਜਿਉਂ ਦੀ ਤਿਉਂ ਦੇ ਕੇ ਉਸ ਵਿਚੋਂ ਦਸਮ ਜੀ ਦਾ ਖੰਡੂਰ ਸਾਹਿਬ ਤੇ ਭਾਈ ਮਨੀ ਸਿੰਘ ਜੀ ਨੂੰ ਭੇਤ ਹੋਣਾ ਦਸਦਾ ਹਾਂ। ਚਿਠੀ :—

ੴ ਅਕਾਲ ਸ਼ਹਾਏ।

ਪੂਜ ਮਾਤਾ ਜੀ ਦੇ ਚਰਨਾ ਪਰ ਮਨੀ ਸਿੰਘ ਕੀ ਡੰਡੌਤ ਬੰਦਨਾ। ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਣ ਪਰ ਸਾਡਾ ਸਰੀਰ ਵਾਯੂ ਕਾ ਅਧਿਕ ਵਿਕਾਰੀ ਹੋ ਗਿਆ ਹੈ। ਸੁਅਸਤ ਨਹੀਂ ਰਹਿਆ। ਤਾਪ ਕੀ ਕਥਾ ਦੋ ਬਾਰ ਸੁਣੀ। ਪਰ ਮੰਦਰ ਕੀ ਸੇਵਾ ਮੈਂ ਕੋਈ ਆਲਕ ਨਹੀਂ ਦੇਸ਼ ਵਿਚ ਖਾਲਸੇ ਕਾ ਬਲ ਛੁਟ ਗਿਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਏ ਬਸੇ ਹੈਨ। ਗੁਰ ਦਰੋਹੀ ਬੀ ਉਨ੍ਹਾ ਦੇ ਸੰਗੁ ਮਿਲ ਗਏ ਹੈਨ। ਹੰਦਾਲੀਏ ਮਿਲ ਕਰ ਮੁਕਬਰੀ ਕਰਦੇ ਹੈਨ। ਸਬੀ ਚਕ ਛੋਡ ਗਏ ਹੈਨ। ਮਤ ਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ। ਕਲ ਕੀ ਖਬਰ ਨਾਹੀ। ਸਾਹਿਬਾਂ ਦੇ ਹੁਕਮ ਅਟਲ ਹੈਨ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਥਿ ਭੇਜੀਂ ਥੀ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਵਿਚ ਸਾਹਿਬਾਂ ਦੇ ੩੦੩ ਚਰਿਤ੍ਰ ਉਪ ਖਿਆਨ ਦੀ ਪੋਥੀ ਹੈ ਜੋ, ਸੋ ਸ਼ੀਹਾ ਸਿੰਘ ਨੂੰ ਮਹਲ ਵਿਚਿ ਦੇਨਾ ਜੀ। ਨਾਮ ਮਾਲਾ ਕੀ ਪੋਥੀ ਕੀ ਖਬਰ ਅਬੀ ਮਿਲੀ ਨਾਹੀ। ਕਰਿਸਨਾਂਵਤਾਰ ਪੂਰਬਾਰਧ ਤੋ ਮਿਲਾ। ਉਤਰਾਰਧ ਨਾਹੀਂ। ਜੋ ਮਿਲਾ ਅਸਾਂ ਭੇਜ ਦੇਵਾਂਗੇ। ਦੇਸ ਵਿਚ ਗੋਗਾ ਹੈ ਕਿ ਬੰਦਾ ਬੰਧਨੁ ਮੁਕਤਿ ਹੁਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ। ਤੋਲਾ ਪ੍ਰ ਸੋਨਾ ਸਾਹਿਬਜਾਦੇ[੧] ਕੀ ਘਰਨੀ ਕੇ ਅਭੂਖਨ ਲਈ ਗੁਰੂ ਕਿਆਂ ਖੰਡੂਰ ਸੇ ਭੇਜਾ ਹੈ। ੧੭ ਰਜਤਪਨ

---

(੧) (ੳ) ਉਪਰ ਲਿਖੇ ਸਾਹਿਬਜ਼ਾਦੇ ਬਾਬਤ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :—

ਦੋ: "ਅਬ ਅਜੀਤ ਸਿੰਘ ਕੀ ਕਥਾ ਸੁਨਿ ਸ੍ਰੋਤਾ ਸਾਵਧਾਨ।
ਪਾਲਕ ਮਾਤਾ ਸੁੰਦਰੀ ਭਾ ਬਾਲਕ ਸੋ ਜਵਾਨ।"

ਚੌ: ਦਰਬ ਕੋਸ਼ ਮੈ ਜਰੇ ਬਸਾਲੇ।
ਖਰਚ ਅਜੀਤ ਸਿੰਘ ਕੋ ਚਾਲੈ।

(ਅ) "ਬਾਦਸ਼ਾਹ ਬਹਾਦਰ ਸਾਹ ਨੇ ਲਹੌਰ ਲਾਗੇ ਆਹਲੂਵਾਲ ਪਿੰਡ ਦੀ ਜੂਹੇ ਪੜਾਉ ਵਿਚ ਆਪਣਾ ਜਨਮ ਉਤਸਵ ਮਨਾਯਾ। ਉਸ ਮੌਕੇ (ਸੰਮਤ ੧੭੬੮ ਮਾਘੀ =੩੦ ਦਸੰਬਰ 1711 ਈ:) ਸ੍ਰੀ ਮਾਤਾ ਸੁੰਦਰ ਸਰੂਪ ਜੀ ਦੇ ਪਾਲਕ ਪੁਤ੍ਰ ਬਾਬਾ ਅਜੀਤ ਸਿੰਘ ਦੇ ਨਾਮ "ਚਕ ਗੁਰੂ" ਅੰਮ੍ਰਿਤਸਰ ਦੀ ਜਹਾਂਗੀਰ ਦੇ ਸਮੇਂ ਤੋਂ ਜਬਤ ਕੀਤੀ ਹੋਈ ਜਾਇਦਾਦ ਵਾ ਗੁਜ਼ਾਰ ਕਰ ਦਿਤੀ। ਦਸਵੇਂ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ ਪੰਨਾਂ ੪੩ ਕਰਤਾ ਰਣਧੀਰ ਸਿੰਘ ਰੀਸਰਚ ਸਕਾਲਰ।



Sri Satguru Jagjit Singh Ji eLibrary NamdhariElibrary@gmail.com

ਬੀ ਝੰਡਾ ਸਿੰਘ ਸੇ ਭਰ ਪਾਨੇ। ਪੰਜ ਰਜਤਪਨ ਇਸੇ ਤੋਸਾ ਦੀਆ। ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠ ਜਾਵੇਗਾ। ਮਸਤੱਦੀਉਂ ਨੇ ਹਿਸਾਬ ਨਾਹੀਂ ਦੀਆ। ਜੋ ਦੇਂਦੇ ਤਾਂ ਬੜ ਸ਼ਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਹਿਗੇ। ਮਿਤੀ ਵੈਸਾਖ ੨੨ ਦਸਖਤ ਮਨੀ ਸਿੰਘ। ਗੁਰੂ ਚਕੁ ਬੁੰਗਾ। ਜੁਆਬ ਪੋਰੀ ਮੇਂ।

ਸੰਮਤ ੧੭੭੪ ਬਿ:'' ਅਪ੍ਰੈਲ 1771 ਈ: ਪੰਨਾਂ ੯੭–੯੮

ਇਸ ਭਾਈ ਮਨੀ ਸਿੰਘ ਜੀ ਦੀ ਚਿੱਠੀ ਵਿਚ "ਤੋਲਾਂ ਪ੍ਰਸੋਨਾ ਸਾਹਿਬਜ਼ਾਦੇ ਕੀ ਘਰਨੀ ਕੇ ਅਭੂਖਨ ਲਈ ਗੁਰੂ ਕਿਆਂ ਖੰਡੂਰ ਸੇ ਭੇਜਾ" ਜਾਹਰ ਕਰਦਾ ਹੈ ਕਿ ਗੁਰੂ ਜੀ ਖੰਡੂਰ ਰਹਿੰਦੇ ਸੀ ਤੇ ਭਾਈ ਮਨੀ ਸਿੰਘ ਜੀ ਨੂੰ ਪਤਾ ਸੀ ਤੇ ਮਾਤਾ ਜੀ ਨੂੰ ਭੀ ਸਾਰ ਸੀ। ਤੇ ਚਿਠੀ ਵਿਚ ਕਈ ਸ਼ਬਦ ਸੰਕੇਤਕ ਹਨ, ਜੈਸਾ ਕਿ "ਸਾਹਿਬਾਂ ਦੇ ਹੁਕਮ ਅਟੱਲ ਹਨ" "ਸਾਹਿਬ ਬਾਹੁੜੀ ਕਰਨਗੇ" "ਜੁਆਬ ਪੋਰੀ ਮੇਂ" ਅਤੇ ਇਸ ਨੂੰ ਬਦਰਕਾ ਭੀ ਹੈ" ਬਦਰਕਾ ਦਾ ਅਰਥ ਬੇਰੀ ਦਾ ਫਲ, ਤੇ ਬਦਰਾ, ਥੈਲੀਤੋੜਾ ਤੇ ਰਹਿਬਰ ਭੀ। ਅਰਥਾਤ ਰਸਤਾ ਦਿਖੌਣ ਵਾਲਾ ਭੀ ਹੈ। ਪਾਠਕ ਵਿਚਾਰ ਸਕਦੇ ਹਨ ਕਿ ਇਹ ਸ਼ਬਦ ਭੀ ਗੁਰੂ ਜੀ ਦਾ ਖੰਡੂਰ ਹੋਣ ਦਾ ਇਸ਼ਾਰਾ ਕਰਦੇ ਹਨ।

ਜੇ "ਗੁਰੂ ਕਿਆਂ ਖੰਡੂਰ ਸੇ ਭੇਜਾ" ਦਾ ਅਰਥ ਇਹ ਜਾਣੀਏ ਕਿ ਗੁਰੂ ਅੰਗਦ ਦੇਵ ਜੀ ਦੀ ਅੰਸ ਨੇ ਭੇਜਿਆ ਜਾਂ ਹੋਰ ਗੁਰੂ ਕੇ ਗੁਮਾਸਤੇ ਮਸੰਦਾਂ ਭੇਜਿਆ, ਇਹ ਭੀ ਨਹੀਂ ਜਚਦਾ। ਕਿਉਂਕਿ ਜੋ ਗੁਰੂ ਅਮਰ ਦਾਸ ਜੀ ਨੂੰ ਰੁਖਾ ਬੋਲ ਕੇ ਲੱਤਾਂ ਮਾਰਨ ਤੱਕ ਗਏ ਸੀ ਉਨ੍ਹਾਂ ਦੀ ਅੰਸ ਮਾਤਾ ਸੁੰਦਰੀ ਜੀ ਦੇ ਪਾਲਕ ਪੁਤਰ



Sri Satguru Jagjit Singh Ji eLibrary NamdhariElibrary@gmail.com

ਲਈ ਸੋਨਾ ਕਿਉਂ ਭੇਜਦੇ ਸੀ ? ਤੋ ਗੁਮਾਸਤੇ ਤੇ ਮਸੰਦਾਂ ਵਾਲੀ ਪੱਧਤੀ ਦਸਮ ਜੀ ਬੰਦ ਹੀ ਕਰ ਦਿਤੀ ਸੀ ਮੰਦੇ ਹੋ ਗਏ ਜਾਣ । ਇਸ ਲਈ ਏਹੋ ਸਿੱਧ ਹੁੰਦਾ ਹੈ ਕਿ ਗੁਰੂ ਜੀ ਦੇ ਗਪਤ ਰਹਿਣ ਦਾ ਮਨੀ ਸਿੰਘ ਜੀ ਨੇ ਇਸ਼ਾਰਾ ਕੀਤਾ ਹੈ । ਜਿਵੇਂ ਦਸਮ ਜੀ ਦੇ ਭੇਤੀ ਸਿੰਘਾਂ ਨੇ ਗੁਰੂ ਜੀ ਦਾ ਨਾਮ ਬਾਬਾ ਅਜਾਪਾਲ ਸਿੰਘ ਜੀ ਸੰਕੇਤ ਕੀਤਾ ਹੋਇਆ ਸੀ ਭਾਵੇਂ ਗੁਰੂ ਜੀ ਆਪਣਾ ਨਾਮ "ਗੁਰੂ ਸਿੰਘ" ਹੀ ਕਹਿੰਦੇ ਸੀ ਇਹ ਵੇਰਵਾ ਅੱਗੇ ਆਵੇਗਾ । "ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਪੁਸਤਕ ਵਿਚ ਵੈਦ ਇੰਦਰ ਸਿੰਘ ਜੀ ਭੀ ਇਸੇ ਦਲੀਲ ਦੀ ਪੁਸ਼ਟੀ ਕਰਦੇ ਲਿਖਦੇ ਹਨ ਕਿ "ਦਇਆ ਸਿੰਘ ਧਰਮ ਸਿੰਘ ਆਦਿਕ ਆਗੂ ਸਿਖਾਂ ਨੇ ਬਾਕੀ ਸਿਖਾਂ ਨੂੰ ਭੁਲੇਖੇ ਵਿਚ ਪਾਈ ਰਖਿਆ ਨਹੀਂ ਤਾਂ ਸਿਖ ਜ਼ਰੂਰ ਗੁਰੂ ਜੀ ਦੀ ਢੂੰਡ ਕਰਦੇ ਅਤੇ ਭੁਲੇਖ ਵਿਚ ਇਸ ਲਈ ਪਾਇਆ ਇਹ ਜੋ ਕੌਤਕ ਨਦੇੜ (ਨਰ ਨਾਟਕ) ਗੁਰੂ ਜੀ ਨੇ ਕੀਤਾ ਸੀ ਉਹਨਾਂ ਦੀ ਸਲਾਹ ਨਾਲ ਹੀ ਕੀਤਾ ਸੀ ।" ਪੰਨਾਂ ੧੬੯ ਕਾਂਡ ੨੪

॥ ਕਬਿਤ ॥

ਧਉਲ ਦੀ ਸੰਗਤ ਜੋਗ ਦਸੇ ਜਿਉ ਹੁਕਮ ਨਾਮਾ,
ਛੇਤੀਂ ਹੀ ਪੰਜਾਬ ਔਣਾ ਸ੍ਰੀ ਦਸਮੇਸ਼ ਦਾ ।
ਤਿਵੇਂ ਦਾ ਹੀ ਸਾਰ ਸ੍ਰੀ ਗੁਰੂ ਜੀ ਖੰਡੂਰ ਕਹਿੰਦੇ,
ਕਹਿੰਦੇ ਮਨੀ ਸਿੰਘ ਜੀ ਨੇ ਭਾਵ ਚਿਠੀ ਏਸ ਦਾ ।
ਸ੍ਰੀ ਗੁਰੂ ਗੁਪਤ ਨਦੇੜੋਂ ਹੋ ਕੇ ਕਰ ਰਹੇ ਸੀ ।
ਕੰਮ ਮਾਨੋ ਆਪਣੇ ਆਦ੍ਰਸ਼ੀ ਆਦੇਸ਼ ਦਾ ।
ਖਾਲਸੇ ਨੂੰ ਬਲ ਦੇਂਦੇ ਵੇਂਹਦੇ ਕੰਮ ਕਰ ਰਹੇ ਨੂੰ,
'ਤਰਨ ਸਿੰਘ' ਸਾਰ ਦਸੇ ਲਿਖਤਾਂ ਵਿਸ਼ੇਸ਼ ਦਾ ।



Sri Satguru Jagjit Singh Ji eLibrary NamdhariElibrary@gmail.com

ਦੋ: ਮੈਂ ਜਿਥੋਂ ਹਾਂ ਲਿਖਦਾ ਦੇਵਾਂ ਲਿਖਤ ਸੋ ਨਾਲ।
(ਦਸਮ ਗੁਰ ਦਰਸਨ) ਜੋਗ ਸੋ ਦੇਵਾਂ ਸੰਮਤ ਸਾਲ।
੧੯੧੯ ਬਿਕਰਮੀ ਤੱਕ ਦਾ ਗੁਪਤਾ ਕਾਲ।
ਜੋ ਵਿਦਵਾਨਾਂ ਲਿਖਿਆ ਦਰਸ਼ਨ ਦੀਨ ਦਿਆਲ।
ਪੜ੍ਹਿਆਂ ਪਤਾ ਹੈ ਲਗਦਾ ਹੋਰ ਸੀ ਐਸਾ ਕੌਣ।
ਸ਼ਰਧਾਵਾਨਾਂ ਦਰਸਦੇ ਤੁਰਦੇ ਜਾਵਣ ਔਣ।
ਸੈਨਤ ਸੋਝੀਵਾਨ ਨੂੰ ਮੂਰਖ ਨੂੰ ਹੁਜ ਮਾਰ।
ਜੋ ਵਿਦਵਾਨਾਂ ਲਿਖਿਆ ਉਸ ਤੇ ਕਰੋ ਵਿਚਾਰ।
ਜਦ ਤਕ ਜ਼ੁਲਮ ਨਹੀਂ ਮੁਕਿਆ ਨਹੀਂ ਗਏ ਸ੍ਰੀ ਦਸਮੇਸ਼।
ਦੱਖਣ, ਪੰਜਾਬ, ਪਿਸ਼ੌਰ ਵਲ ਘੁੰਮਦੇ ਰਹੇ ਹਮੇਸ਼।
ਪਿਛੇ ਲਿਖਿਆ ਕੁਛ ਲਿਖਾਂ ਅੱਗੇ ਏਸੇ ਗ੍ਰੰਥ।
'ਤਰਨ ਸਿੰਘ' ਮੇਹਨਤ ਕਰੇ ਕਾਰਨ ਹਿਤ ਗੁਰ ਪੰਥ।
ਸੌਣ ਅਠਾਈ ਮੰਗਲਵਾਰ ਬਿਕਰਮ ਬੀਸ ਛੱਬੀਸ।
ਸੁਧ ਕਰ ਰਿਹਾ (ਦਸਮ ਗੁਰ, ਦਰਸਨ) ਦੀ ਹਦੀਸ।

ਚੌ: ਦਰਸਨ ਦਸਵੇਂ ਗੁਰ ਦੇ ਹੋਰ।
ਸੁਣੋ ਸੱਜਨ ਇਤਿਹਾਸਕ ਟੋਰ।
ਭੀ ਜਾਵੇ ਸਚ ਨਿਰਨਾ ਹੋ।
ਸ੍ਰੀ ਗੁਰ ਮਰ ਗਏ ਕਿ ਜਿਉਂਦੇ ਸੋ।
ਪੜ੍ਹੋ ਲਿਖਣ ਭਾਈ ਸਿੰਘ ਸਭੀਏ।
ਜੋਗ ਅਸਾਂ ਦੇ ਸਾਰ ਸੋ ਲਭੀਏ।
ਜਿਸ ਕਾਰਨ ਗੁਰ ਦਸਮ ਲਿਖਾਯਾ।
ਕਿਉਂ ਜਿਊਂਦੇ ਮਰ ਗਏ ਬਨਾਯਾ।
ਸਤਿਗੁਰ ਰਾਮ ਸਿੰਘ ਭੀ ਸਾਖ।
ਭਰੀ ਏਹੋ ਹੈ ਸ਼ਭਨਾ ਆਖ।



Sri Satguru Jagjit Singh Ji eLibrary NamdhariElibrary@gmail.com

ਇਹ ਸਭ ਕਾਰ ਹੈ ਦਸਮੇਂ ਗੁਰ ਦੀ ।
ਸਕਤ ਬਿਨਾਂ ਗੁਰਮਤ ਨਹੀਂ ਟੁਰਦੀ ।

'ਪ੍ਰੇਮ ਸੁਮਾਰਗ' ਦੀ ਭੂਮਿਕਾ ਲਿਖਦੇ ਹੋਏ ਭਾਈ ਰਣਧੀਰ ਸਿੰਘ ਜੀ ਰੀਸ਼ਰਚ ਸਕਾਲਰ ਲਿਖਦੇ ਹਨ "ਭਾਈ ਸੰਤ ਦਾਸ ਛਿਬਰ ਨੇ ਸਤਿਗੁਰ ਨਾਨਕ ਜੀ ਦਾ ਜੀਵਨ ਕਵਿਤਾ ਵਿਚ ਭਾਈ ਬਾਲੇ ਵਾਲੀ ਸਾਖੀ ਦੇ ਪੂਰਨਿਆਂ ਪਰ ਪੈਰ ਧਰਦਿਆਂ ਸੰਮਤ ਅਠਾਰਾਂ ਸੌ ਚੌਂਤੀ ਵਿਖੇ ਲਿਖਿਆ ਹੈ।"

ਦੋ: ਸੁਭ ਧਰਤੀ ਪੰਜਾਬ ਦੇਸ ਲਹੌਰ ਨਿਕਟ ਇਕ ਗਾਉ ।
ਤਹਾਂ ਏਕ ਸਾਧੂ ਬਸੇ 'ਸੰਤ ਸਿੰਘ' ਉਸ਼ ਨਾਉ ।
ਵਰਨ ਅਰੋੜਾ ਆਖੀਐ ਜਾਤ ਚਾਵਲਾ ਮੀਤ ।
ਸੋਲਹਿ ਬਰਖ ਕਾ ਬਾਲ ਉਹ ਹਰ ਸਿਉਂ ਲਾਗੀ ਪ੍ਰੀਤ ।

ਪੰਨਾਂ ੯੫—੯੬

(ਸੰਤ ਸਿੰਘ ਦੀ ਲਗਨ ਤੇ ਮੰਗ)

ਚੌ: ਸੰਤ ਸਿੰਘ ਕਉ ਪ੍ਰੀਤ ਲਗਾਨੀ ।
ਰਸਨਾ ਬੋਲੇ ਅੰਮ੍ਰਿਤ ਬਾਨੀ ।
ਕਬਹੂ ਬਾਹਰ ਨਿਕਸ ਸਿਧਾਵੈ ।
ਬਨ ਮੈ ਜਾਏ ਬਹੈ ਗੁਣ ਗਾਵੈ ।......
ਇਹ ਸਰਧਾ ਉਪਜੀ ਪ੍ਰਭ ਸੇਵੋਂ ।
ਗੋਬਿੰਦ ਮੁਝ ਕਉ ਦਰਸਨ ਦੇਵੋ ।
ਕਬ ਦੇਖਉ ਸੁਖਦਾਤਾ ਸੁਆਮੀ ।
ਗੋਬਿੰਦ ਸਿਘ ਪ੍ਰਭ ਅੰਤਰ ਜਾਮੀ ।
ਕਲਗੀ ਵਾਲਾ ਪੁਰਖ ਸੁਜਾਨ ।
ਗੋਬਿੰਦ ਸਿੰਘ ਸੋਢੀ ਸੁਲਤਾਨ ।



Sri Satguru Jagjit Singh Ji eLibrary NamdhariElibrary@gmail.com

ਚਾਲਤ ਵੈਸਤ ਸੋਵਤ ਮੀਤ ।
ਆਠ ਪਹਿਰ ਦਰਸਨ ਕੀ ਪ੍ਰੀਤ ।......
ਸਿਰ ਪਰ ਕਲਗੀ ਕੇਸਾ ਧਾਰੀ ।
ਚਾਰੋ ਸਸਤ੍ਰ ਪਹਿਰ ਮੁਰਾਰੀ ।
ਐਸਾ ਰੂਪ ਦਿਖਾਵਹੁ ਮੋਹਿ ।
ਮੈਂ ਬਲਿਹਾਰੀ ਵੰਞਾਂ ਤੋਹਿ ।
ਤਬੀ ਸਤਿਗੁਰ ਪ੍ਰਭ ਭਏ ਦਿਆਲ ।
ਐਸਾ ਰੂਪ ਕੀਓ ਤਤ ਕਾਲ ।
ਕੇਸ਼ਾ ਧਾਰੀ ਗੋਬਿੰਦ ਰਾਏ ।
ਪੰਚੋਂ ਸਸਤ੍ਰ ਅੰਕ ਬਨਾਏ ।......
ਘੋੜੇ ਊਪਰ ਕਰੀ ਸਵਾਰੀ ।
ਨੇਜਾ ਹਾਥ ਲੀਓ ਬਨਵਾਰੀ ।                ੧੦੧ ਪੰਨਾਂ

ਦੋ: ਸੰਤ ਸਿੰਘ ਕੀ ਭਾਵਨਾ ਗੋਬਿੰਦ ਪ੍ਰਗਟੇ ਆਏ ।
ਦਰਸਨ ਦੀਨੋ ਦਾਸ ਕੋ ਲੀਨੋ ਅੰਕ ਮਿਲਾਏ ।

ਚੌ: ਸੰਤ ਸਿੰਘ ਤਬ ਦਰਸਨ ਪਾਯਾ ।
ਚਰਨਾਂ ਉਪਰ ਸੀ ਟਿਕਾਯਾ ।
ਬਹੁਤ ਖੁਸ਼ੀ ਪ੍ਰਭ ਭਏ ਦਿਆਲ ।
ਸੰਤ ਸਿੰਘ ਕਉ ਕੀਓ ਨਿਹਾਲ ।
ਫੁਨ ਪ੍ਰਭ ਨੀਕੇ ਬਚਨ ਉਚਾਰੇ ।
ਜੋ ਇਛੇ ਸੋ ਮਾਂਗ ਪਿਆਰੇ ।......
ਸੰਤ ਸਿੰਘ ਕੀਨੀ ਅਰਦਾਸ ।
ਗੁਰ ਗੋਬਿੰਦ ਸਤਿਗੁਰ ਕੇ ਪਾਸ ।
ਕਹਾਂ ਤੁਮਾਰਾ ਵਾਸਾ ਸੁਆਮੀ ।
ਮੁਝੈ ਬਤਾਵਹੁ ਅੰਤਰ ਜਾਮੀ ।



Sri Satguru Jagjit Singh Ji eLibrary NamdhariElibrary@gmail.com

ਤਬ ਸਤਿਗੁਰ ਪ੍ਰਭ ਬਚਨ ਉਚਾਰੇ ।
ਸੁਨਹੁ ਸੰਤ ਸਿੰਘ ਪੂਤ ਪਿਆਰੇ ।......
ਗੁਪਤ ਰਹੋਂ ਨਹਿ ਆਪ ਲਖਾਵਹੁੰ ।
ਪ੍ਰੇਮੀ ਕਉ ਦਰਸਨ ਦਿਖਲਾਵਹੁੰ ।......
ਫੁਨ ਪ੍ਰਭ ਘੋੜੇ ਥੀਏ ਸਵਾਰ ।
ਸਤਿਗੁਰ ਗੋਬਿੰਦ ਪੁਰਖ ਅਵਤਾਰ ।......
ਅਬ ਇਹ ਕਥਾ ਸੰਪੂਰਨ ਭਈ ।
ਜੈਸੀ ਸੁਨੀ ਤੈਸੀ ਸਭ ਕਹੀ ।
ਸੰਮਤ ਅਠਾਰਾਂ[1] ਸੈ ਅਰ ਚਾਰ ।
ਨਾਨਕ ਗੋਬਿੰਦ ਮਿਲੇ ਕ੍ਰਿਪਾਲ ।" ਪੰਨਾਂ ੧੦੬

ਇਸੇ ਤਰ੍ਹਾਂ ਘੋੜੇ ਸਵਾਰ ਤੇ ਨੇਜਾ (ਬਰਛਾ) ਕਰ ਕਮਲਾਂ ਵਿਚ ਧਾਰ ਪਿੰਡ 'ਨਿਆਜ ਬੇਗ' ਦੀ ਵਸਨੀਕ ਵਿਧਵਾ ਮਾਈ ਨੂੰ ਮੀਰ ਮੰਨੂੰ ਦੇ ਸਮੇਂ ਗੁਰੂ ਜੀ ਨੇ ਦਰਸਨ ਦਿਤੇ ।" ਪੰਨਾਂ ੧੦੧

੧੦੪ ਬਿ: ਵਿਚ ਦਿਤਾ (ਦਸਮ ਗੁਰ ਦਰਸਨ) ਜਿਵੇਂ ਪਾਠਕ ਪੜ੍ਹ ਆਏ ਹਨ ਤਿਵੇਂ ਹੀ ਭਾਈ ਰਣਧੀਰ ਸਿੰਘ ਜੀ ਦੀ ਲਿਖੀ "ਪ੍ਰੇਮ ਸੁਮਾਰਗ" ਦੀ ਭੂਮਿਕਾ ਵਿਚ ਭਾਈ ਸਾਹਿਬ ਜੀ ਇਕ ਹੋਰ (ਦਸਮ ਗੁਰ ਦਰਸਨ) ਦੀ ਸਾਖੀ ਲਿਖਦੇ ਹਨ ਜੋ ਇਸ ਤਰ੍ਹਾਂ ਹੈ :—

"ਇਸੇ ਨੇੜ ਤੇੜ ਵਿਚ ਵਾਪਰੀ ਤੀਜੀ ਚਮਤਕਾਰੀ ਘਟਨਾ ਹੋਰ ਸੁਣੋ :—

ਮੁਨਸ਼ੀ ਖੁਸ਼ਵਕਤ ਰਾਏ ਨੇ ਸੰਨ ੧੮੧੧ ਈ: (੧੮੬੮ ਬਿ:) ਵਿਖੇ ਤਿਆਰ ਕੀਤੀ ਆਪਣੀ ਕਿਤਾਬ "ਤਾਰੀਖ ਸਿਖਾਂ" (ਫਾਰਸੀ) ਵਿਚ ਨਵਾਬ ਮੀਰ ਮੰਨੂੰ ਦੇ ਸਮੇਂ (੧੮੦੮—੧੦ ਬਿ:) ਦੀ

---

(੧) ੧੮੦੪ ਬਿਕਰਮੀ ੧੭੪੭ ਈ: ਪੰਨਾਂ ੧੦੬



Sri Satguru Jagjit Singh Ji eLibrary NamdhariElibrary@gmail.com

ਸਾਖੀ ਸੁਣਾਈ ਹੈ ਕਿ ਨਵਾਬ ਮੀਰ ਮੰਨੂੰ ਦੀ ਅਮਲਦਾਰੀ (ਸੰਮਤ ੧੮੦੬ ਤੋਂ ੧੮੧੦ ਬਿ: ਤਕ) ਵਿਚ ਭੀ ਸਿੰਘ ਲੁਕੇ ਛਿਪੇ ਰਹਿੰਦੇ ਸਨ। ਕਦੀ ਕਦੀ ਮੌਕਾ ਤਾੜ ਕੇ ਅੰਮ੍ਰਿਤਸਰ ਇਸ਼ਨਾਨ ਭੀ ਕਰ ਜਾਂਦੇ ਸਨ। ਅਰ ਨਵਾਬ ਦੇ ਬੰਦੇ ਪਿੰਡ ਪਿੰਡ ਉਨ੍ਹਾਂ ਦੇ ਖੁਰੇ ਸੁੰਘਦੇ ਫਿਰਦੇ ਰਹਿੰਦੇ ਅਤੇ ਜਿਥੇ ਕਿਤੇ ਕਿਸੇ ਨੂੰ ਸਿਖ-ਸੂਰਤ ਵਿਚ ਵੇਂਹਦੇ, ਫੜਕੇ ਹਜ਼ੂਰ ਪੇਸ਼ ਕਰਦੇ। ਉਸ ਦਾ ਧਨ, ਧਾਮ ਜਬਤ ਕਰਕੇ ਕੇਸ ਕਟਾ ਦਿੰਦੇ ਸਨ। ਰਵਾਇਤ ਹੈ :—

ਇਕ ਦਿਨ ਮੀਰ ਮੰਨੂੰ ਨੂੰ ਖਬਰ ਮਿਲੀ ਕਿ 'ਨਿਆਜਬੇਗ' ਪਿੰਡ ਵਿਚ ਕੁਝ ਸਿੰਘ ਲੁਕੇ ਹੋਏ ਨੇ। ਉਨ੍ਹਾਂ ਦੀ ਅਲਖ ਮੁਕਾਣ ਲਈ ਆਪਣੇ ਦੋ ਕੁ ਸੌ ਸਵਾਰ ਭੇਜਿਓ ਸੂ। ਉਨ੍ਹਾਂ ਉਸ ਪਿੰਡ ਜਾਕੇ ਘਰ ਘਰ ਛਾਣ ਮਾਰਿਆ ਪਰਜਾ ਦੀ ਹਰ ਸ਼ੈ ਆਪਣੇ ਵਾਸਤੇ ਜਾਇਜ਼ ਮੰਨਕੇ ਖੋਹ ਖਿੰਝ ਲਈ। ਇਕ ਗਰੀਬ ਬਿਧਵਾ (ਸਿੰਘਣੀ) ਨੇ ਦੁਖੇ ਦਿਲ ਨਾਲ ਠੰਢੇ ਹਉਕੇ ਭਰਦਿਆਂ ਅਰਦਾਸ ਕੀਤੀ "ਹੇ ਦਸਵੇਂ ਪਾਤਸ਼ਾਹ! ਜੇ ਤੂੰ ਸਾਨੂੰ ਛਡ ਜਾਣਾ ਸੀ ਤਾਂ ਇਨ੍ਹਾਂ ਲੋਕਾਂ ਨੂੰ ਆਪਣੇ ਸਿਖ ਬਣਾਕੇ ਕਿਉਂ ਖਰਾਬ ਕਰਨਾ ਸੀ? ਜੇ ਤੂੰ ਸਾਡਾ ਸੱਚਾ ਸਤਿਗੁਰੂ ਹੈ ਤਾਂ ਇਨ੍ਹਾਂ ਅਜਾਬਾਂ ਤੋਂ ਸਾਨੂੰ ਛੁਡਾਉ।"

ਕਹਿੰਦੇ ਨੇ ਤਤ ਕਾਲ ਇਕ ਨੀਲੇ ਬਾਣੇ ਵਾਲਾ ਹਥ ਵਿਚ ਬਰਛਾ ਫੜਿਆ ਹੋਇਆ ਇਨ ਬਿਨ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਫੁਰਤੀ ਤੇ ਚੌਕਸੀ ਨਾਲ ਅਜਗੈਬੋ ਪ੍ਰਗਟ ਹੋਇਆ ਅਤੇ ਉਸੇ ਸਿੰਘਣੀ ਪਾਸੋਂ ਪੁਛਿਓ ਸੁ—ਤੂੰ ਕੀ ਚਾਹੁੰਦੀ ਏਂ? ਬੋਲੀ— "ਗੁਰੂ ਗੋਬਿੰਦ ਸਿੰਘ, ਜਿਸ ਨੇ ਅਸਾਂ ਲੋਕਾਂ ਨੂੰ ਖਰਾਬ ਕੀਤਾ



Sri Satguru Jagjit Singh Ji eLibrary NamdhariElibrary@gmail.com

ਠੀਕ ਹੀ ਮਰ ਗਿਆ। ਜੇ ਜੀਊਂਦਾ[1] ਹੁੰਦਾ ਤਾਂ ਇਸ ਵੇਲੇ ਅਤਿਆਚਾਰ ਸਾਡੇ ਤੇ ਨਾ ਹੁੰਦੇ। ਅਸੀਂ ਉਸ ਦੇ ਸਿਖ ਜੁ ਸਾਂ।" ਉਸ ਅਨੋਖੇ ਸਵਾਰ ਨੇ ਫੁਰਮਾਇਆ—"ਜੇ ਉਹ ਜੀਊਂਦਾ ਏ ਤਾਂ ਜ਼ਰੂਰ ਬਹੁੜੇਗਾ। ਖਾਤਰ ਜਮਾਂ ਰਖੁ।" ਉਸ ਸਵਾਰ ਦੀ ਖਬਰ ਸੁਣਦਿਆਂ ਸਾਰ ਨਵਾਬ ਦੇ ਆਦਮੀ ਉਸਨੂੰ ਫੜਨ ਦੇ ਇਰਾਦੇ ਨਾਲ ਇਕੱਠੇ ਹੋ ਕੇ ਆਏ। ਭਾਵੇਂ ਉਹ ਸਵਾਰ ਇਕੱਲਾ ਹੀ ਸੀ, ਲੇਕਿਨ ਦੁਸ਼ਮਨਾਂ ਦੀਆਂ ਅੱਖੀਆਂ ਨੇ ਉਸ ਦੇ ਨਾਲ

---

(੧) (ੳ) ਐਸਾ ਹੀ ਪ੍ਰਸ਼ਨ ੧੭੯੭ ਸੰਮਤ ਵਿਚ ਦਮਦਮੇਂ ਦਸਮ ਗ੍ਰੰਥ ਦੀ ਬੀੜ ਬਾਰੇ ਪਿਆ ਸੀ। ਜੈਸ਼ਾ ਉਸ ਅਸਵਾਰ ਨੇ ਕਿਹਾ "ਜੇ ਗੁਰੂ ਜੀਊਂਦਾ ਏ ਤਾਂ ਜ਼ਰੂਰ ਬਹੁੜੇਗਾ ਖਾਤਰ ਜਮਾਂ ਰਖੁ।" ਤ:

(ਅ) ਮਹਿਤਾਬ ਸਿੰਘ ਜੀ ਨੇ ਕਿਹਾ ਸੀ "ਜੇ ਮੈਂ ਮੱਸੇ ਨੂੰ ਮਾਰ ਕੇ ਮੁੜ ਦਮਦਮੇ ਸਾਹਿਬ ਆਇਆ ਤਾਂ ਬੀੜ ਭਾਈ ਮਨੀ ਸਿੰਘ ਜੀ ਦੀ ਕਾਇਮ ਰਹੇ ਅਤੇ ਜੇ ਮੈਂ ਅੰਮ੍ਰਿਤਸਰ ਜੀ ਸ਼ਹੀਦ ਹੋ ਗਿਆ ਤਾਂ ਜਿਲਦ ਖੋਲ੍ਹ ਕੇ ਜੁਦੀਆਂ ਜੁਦੀਆਂ ਪੋਥੀਆਂ ਬਣਾਈਆਂ ਜਾਣ" ਭਾਈ ਮਹਿਤਾਬ ਸਿੰਘ ਜੀ ਬਹਾਦਰੀ ਨਾਲ ਪਾਮਰ ਮਸੇ ਅਨਿਆਈ ਨੂੰ ਮਾਰ ਕੇ ਜੈਕਾਰੇ ਗਜਾਉਂਦੇ ਦਮਦਮੇ ਸਾਹਿਬ ਆਏ। ਪੰਥ ਨੇ ਭਾਈ ਮਹਿਤਾਬ ਸਿੰਘ ਜੀ ਦਾ ਭਾਰੀ ਸਨਮਾਨ ਕੀਤਾ। ਅਰ ਉਨ੍ਹਾਂ ਦੇ ਬਚਨ ਅਨੁਸਾਰ ਦਸਮ ਗ੍ਰੰਥ ਦੀ ਬੀੜ ਭਾਈ ਮਨੀ ਸਿੰਘ ਜੀ ਦੇ ਲਿਖੇ ਹੁਕਮ ਅਨੁਸਾਰ ਹੀ ਕਾਇਮ ਰਖੀ।" ਇਹ ਬੀੜ ਹੁਣ ਹਜ਼ੂਰ ਸਾਹਿਬ (ਅਬਚਲ ਨਗਰ) ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚੌਥੀ ਬੀੜ ਨਾਲ ਸ਼ਾਮਲ ਕਰਕੇ ਇਕੋ ਜਿਲਦ ਬੰਨ੍ਹੀ ਗਈ ਹੈ। ਵੇਖੋ ਮਹਾਨ ਕੋਸ਼ ਵਿਚ ਦਸਮ ਗ੍ਰੰਥ ਤਲੇ ਅਤੇ ਨਵੇਂ ਵਾਧੇ ਚਿ ਦਸਤਾਰ ਤਲੇ।



Sri Satguru Jagjit Singh Ji eLibrary NamdhariElibrary@gmail.com

ਹਜ਼ਾਰਾਂ ਸਵਾਰਾਂ ਦੀ ਜਮੀਅਤ ਦੇਖੀ। ਥੋੜਾ ਚਿਰ ਲੜਦੇ ਤੇ ਮਰਦੇ, ਨਵਾਬ ਦੇ ਸਵਾਰ ਹਾਰ ਕੇ ਉਠ ਨਸੇ ਅਰ ਉਹ ਨੀਲੇ ਦਾ ਸਵਾਰ ਉਸ ਦੇ ਸਾਥੀ ਘੋੜੇ ਚੜ੍ਹੇ ਤੁਰਤ ਹੀ ਅਲੋਪ ਹੋ ਗਏ ਕਿਸੇ ਨੂੰ ਕੁਝ ਪਤਾ ਨਾ ਲੱਗਾ ਕਿ ਕਿਧਰੋਂ ਆਏ ਅਤੇ ਕਿਧਰ ਚਲੇ ਗਏ ਹਨ। ਸਿਖਾਂ ਦਾ ਖਿਆਲ ਹੈ ਕਿ ਉਹ ਖੁਦ ਗੁਰੂ ਗੋਬਿੰਦ ਸਿੰਘ (ਮਹਾਰਾਜ) ਸਨ ਤੇ ਜ਼ਾਲਮਾਂ ਦਾ ਵਿਨਾਸ ਕਰਨ ਆਏ ਸਨ।" "ਲਿਖਤੀ ਪੋਥੀ ਪਤਰਾ ਪ੧" ਪ੍ਰੇਮ ਸੁਮਾਰਗ ਦੀ ਭੂਮਿਕਾ ੧੦੬ ਪੰਨੇ ਤੋਂ ੮ ਤੱਕ।

### ॥ ਕਬਿਤ ॥

ਗੁਣ ਕੀਤਾ ਮਨੀ ਸਿੰਘ ਚੁਣ ਬਾਣੀ ਬੀੜ ਬਧੀ,
ਭਾਰੀ ਭੀ ਪ੍ਰੀਛਾ ਪਾਇਆ ਸੂਰਮੇ ਮਹਿਤਾਬ ਸਿੰਘ।
ਪੰਥ ਵਡਿਆਈ ਦਿਤੀ ਬੀੜ ਸੋ ਬੰਧਾਈ ਆਦਿ,
ਚੌਥੀ ਬੀੜ ਨਾਲ ਕਰਨ ਅਦਬ ਬੇ-ਹਿਸਾਬ ਸਿੰਘ।
ਜਾਤਾ ਅੰਗਰੇਜ਼ ਬਾਣੀ ਦਸਮ ਦੀ ਹੈ ਜੋਸ਼ ਭਰੇ,
ਮਤੇ ਮੈਨੂੰ ਮਾਰਨ ਨਾ ਇਸ ਤੋਂ ਲੈ ਤਾਬ ਸਿੰਘ।
ਆਦਿ ਦੇ ਸਮਾਨ ਬਾਣੀ ਦਸਮ ਦੀ ਮਤ ਜਾਣੋ,
ਮਾਰ ਮਤ ਕਰ ਦਿਤੇ ਇਤਨੇ ਖਰਾਬ ਸਿੰਘ।

(ਚੁਟਕੀ) ਘਾਲ ਸ਼ਹੀਦਾਂ ਦੀ ਫੈਸਲਾ ਪੰਥ।
ਰੋਲ ਰੋਲ ਕੇ ਦਸਮ ਗ੍ਰੰਥ।
ਮਤ ਅੰਗਰੇਜ਼ ਅਹੀ ਗਿਆ ਮਾਰ।
ਹਰ ਹੀਲੇ ਚੋਂ ਹੁੰਦੀ ਹਾਰ।
ਦਸਮੇਂ ਗੁਰੂ ਦੇ ਸਿੰਘ ਸਦੋਂਦੇ।
ਤਿਸ ਦੀ ਬਾਣੀ ਪੜੋ ਨਾ ਗੋਂਦੇ।



Sri Satguru Jagjit Singh Ji eLibrary NamdhariElibrary@gmail.com

ਹਿੰਮਤ ਸਲੂਕ ਦਾ ਗੁਣ ਨਹੀਂ ਲੈਂਦੇ।
ਕੋਈ ਕੁਝ ਕੋਈ ਕੁਝ ਕਹਿੰਦੇ। ਤ:

ਭਾਈ ਰਣਧੀਰ ਸਿੰਘ ਜੀ ਦੇ ਲਿਖੇ ਇਹ ਦੋਵੇਂ (ਦਸਮ ਗੁਰ ਦਰਸਨ) ਇਕ ਸੰਤ ਸਿੰਘ ਜੀ ਨੂੰ ਤੇ ਦੂਜਾ 'ਨਿਆਜ ਬੇਗ' ਦੀ ਵਿਧਵਾ ਮਾਈ ਤੇ ਮੀਰ ਮੰਨੂੰ ਦੀ ਫੌਜ ਨੂੰ ਹੋਏ। ੧੮੦੪ ਬਿ: ਤੋਂ ੧੦ ਦੇ ਵਿਚਾਲੇ ਦੇ ਹਨ।

॥ ਕਬਿਤ ॥

ਸ੍ਰੀ ਦਸਮੇਸ਼ ਜੀ ਦੇ ਦਰਸ਼ਨ ਪ੍ਰਤੱਖ ਦੋ ਇਹ,
ਲਿਖੇ ਇਤਿਹਾਸ਼ਕਾਰਾਂ ਹੋਰ ਖੋਜੀ ਸੱਜਣਾਂ।
ਲੁਕਦਾ ਨਹੀਂ ਸਚ ਸੈ ਪੜਦਿਆਂ 'ਚ ਕਹਿਣ ਜਿਵੇਂ,
ਪ੍ਰਗਟੇ ਤਿਉਂ ਸਚ ਚਾਹੁੰਣ ਸਿੰਘ ਸਭੀ ਕਜਨਾ।
ਪਲੇ ਈ ਜੇ ਸਚ ਨਚ ਪਰੇ ਵਿਚ ਆਖਦੇ ਜਿਉ,
ਤਿਵੇਂ ਸਚੀ ਸਾਖ ਕਹਿਣੋਂ ਨਾਹੀਂ ਕਦੇ ਝੱਕਣਾ।
ਤਾਂ ਭੀ ਤੇਰੀ 'ਤਰਨ ਸਿੰਘ' ਸੂਝਵਾਨ ਸੋਭਾ ਕਰਨ,
ਭਾਵੇਂ ਤੇਰਾ ਲਿਖਣ ਢੰਗ ਹੈ ਭੀ ਚੰਗੇ ਚਜ ਨਾਂ।

ਸੰਤ ਸਿੰਘ ਨੂੰ (ਦਸਮ ਗੁਰ ਦਰਸਨ) ਹੋਏ ਬਾਬਤ ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਕਿ "ਪਹਿਲਾ ਪ੍ਰਤੱਖ ਦਰਸ਼ਨ ਲਿਖਾਰੀ ਭਾਈ ਕੇਸਰ ਸਿੰਘ ਛਿਬਰ ਦਾ ਅੱਖੀਂ ਡਿੱਠਾ ਵਾਕਿਆ ਸੀ। ਇਹ ਦੂਸਰਾ ਉਸੇ ਗੁਰ ਸਿਖ ਘਰਾਣੇ ਛਿਬਰ (ਬ੍ਰਾਹਮਣ ਵੰਸ) ਦੇ ਚੰਨ ਚਰਾਗ ਭਾਈ ਸੰਤ ਦਾਸ ਛਿਬਰ ਨੇ ਵਰਤੇ ਵਰਤਾਰੇ ਤੋਂ ਤੀਹ ਸਾਲ ਬਾਦ (ਆਪਣੀ ਸੋਝੀ ਵਿਚ) ਸੁਣ ਸੁਧਾਰ ਕੇ ਲਿਖਿਆ ਹੈ। ਇਸ ਲਈ ਇਨ੍ਹਾਂ ਦੀ ਸਚਾਈ ਤੇ ਸਿਦਕ ਪਰ ਕਿਸੇ ਸ਼ੱਕ ਸ਼ੁਭਾ ਦੀ ਗੁੰਜਾਇਸ ਪ੍ਰਤੀਤ ਨਹੀਂ ਹੁੰਦੀ।"

ਪ੍ਰੇਮ ਸੁਮਾਰਗ ਦੀ ਭੂਮਕਾ ਪੰਨਾਂ ੧੦੬



Sri Satguru Jagjit Singh Ji eLibrary NamdhariElibrary@gmail.com

ਇਹ (ਦਸਮ ਗੁਰ ਦਰਸਨ) ੧੯੦੪ ਦਾ ਸੰਤ ਸਿੰਘ ਜੀ ਦਾ ਲਿਖਿਆ ਜਿਨ੍ਹਾਂ ਤੇ ਸ਼ੱਕ ਸ਼ੁਭਾ ਦੀ ਗੁੰਜਾਇਸ਼ ਨਹੀਂ। ਭਾਈ ਰਣਧੀਰ ਸਿੰਘ ਜੀ ਲਿਖਦੇ ਹਨ ਅਤੇ ਖੁਸ਼ਵਕਤ ਰਾਏ ਜੀ ਲਿਖਦੇ ਹਨ "ਮੈਂ ਨਿਆਜ ਬੇਗ ਪਿੰਡ ਪੁਜਕੇ ਉਥੋਂ ਦੇ ਲੋਕਾਂ ਤੋਂ ਪੁਛ ਕੇ (ਦਸਮ ਗੁਰ ਦਰਸਨ) ਦੀ ਵਾਰਤਾ ਲਿਖੀ ਹੈ।" ਜਿਸ ਦੀ ਤਸਦੀਕ ਕਰਦਿਆਂ ਭਾਈ ਰਣਧੀਰ ਸਿੰਘ ਜੀ ਨੇ ਬਿਧਵਾ ਸਿੰਘਣੀ ਦਾ ਯਾਦ ਕਰਨਾ ਤੇ ਦਸਮੇਸ਼ ਜੀ ਦਾ ਬਹੁੜਨਾ ਲਿਖਿਆ ਹੈ।

ਇਹਨਾਂ ਭਾਈ ਰਣਧੀਰ ਸਿੰਘ ਜੀ ਦਾ ਲਿਖਿਆ ਹੋਰ ਭੀ ਮੈਂ ਸਮਾਂ ਮਿਲਿਆ ਤਾਂ ਲਿਖਾਂਗਾ ਜੋ ਨਾਮਧਾਰੀ ਧਰਮ ਦੇ ਬਹੁਤ ਹੀ ਅਨੁਸਾਰੀ ਹੈ। ਤ:

ਹੁਣ ਮੈਂ ਇਕ ਹੋਰ (ਦਸਮ ਗੁਰ ਦਰਸਨ) ਦੇਣ ਦੀ ਵਾਰਤਾ, ਜੋ ਭਾਈ ਵੀਰ ਸਿੰਘ ਜੀ ਦੀ (੧੯੧੮ ਬਿ:) ਤਕ ਦੀ ਲਿਖੀ ਹੋਈ ਹੈ, ਦਸਦਾ ਹਾਂ ਭਾਈ ਜੀ ਨੇ ਸੋ ਪ੍ਰਸੰਗ "ਭਾਈ ਰਾਮ ਕੌਰ ਜੀ" ਛੋਟੇ ਪੁਸਤਕੀ ਅਕਾਰ ਵਿਚ (੧੯੯੧ ਬਿ:) ਪੋਹ ਸੁਦੀ ਸਪਤਮੀ ਤੇ ਛਾਪਿਆ ਸੀ ਤੇ ਫੇਰ "ਸ੍ਰੀ ਕਲਗੀਧਰ ਚਮਤਕਾਰ" ਦੇ ਦੂਜੇ ਹਿੱਸੇ ਵਿਚ ਭੀ ਦਿਤਾ ਹੈ :—

"ਨਦੇੜੋਂ ਰਾਮ ਕੌਰ ਜੀ ਨੂੰ ਦਸਮ ਜੀ ਉਸਦੀ ਮਾਤਾ (ਸਭਰਾਈ) ਨਾਲ ਟੋਰਨ ਸਮੇਂ ਕਹਿੰਦੇ ਹਨ—ਤੂੰ ਜਾਹ ਆਪਣੀ ਮਾਤਾ ਨਾਲ। ਬਾਕੀ ਰਿਹਾ ਦਰਸਨ ਉਹ ਤੂੰ ਹੁਣ ਨਹੀਂ ਨਿਭਾਹੁਣਾ। ਤੂੰ ਨਿਭਾ ਚੁਕਾ ਹੈਂ। ਹੁਣ ਅਸੀਂ ਨਿਭਾਹਾਂਗੇ। ਤੂੰ ਜਿਸ ਵੇਲੇ ਸਸਤ੍ਰ ਲਾਕੇ ਘੋੜੇ ਤੇ ਚੜ੍ਹ ਬਨ ਨੂੰ ਜਾਵੇਂਗਾ। ਉਥੇ ਤੈਨੂੰ ਸਾਡੇ ਦਰਸਨ ਹੋ ਜਾਯਾ ਕਰਨਗੇ। ਜਦੋਂ ਦਰਸਨ ਚਾਹੇਂ ਸਸਤ੍ਰ ਲਾਕੇ ਚੜ੍ਹ ਪਿਆ ਕਰ ਤੂੰ ਦਰਸਨੋਂ ਹੀਨ ਨਹੀਂ ਮੁੜੇਂਗਾ।"



Sri Satguru Jagjit Singh Ji eLibrary NamdhariElibrary@gmail.com

(ਭਾਈ ਰਾਮ ਕੌਰ ਜੀ ਨੇ ਝੰਡੇ ਰਾਮ ਦਾਸ ਆ ਵਸਦੇ ਸਮੇਂ)

"ਇਕ ਸਾਖੀਆਂ ਦੀ ਪੋਥੀ ਤਿਆਰ ਕੀਤੀ ਜਿਸ ਵਿਚ ਮਸ਼ਹੂਰ ਹੈ, ਕਿ ੫੦੦ ਸਾਖੀਆਂ ਸਨ। ਇਹ ਸਾਖੀਆਂ ਇਕ ਲਿਖਾਰੀ ਸਾਹਿਬ ਸਿੰਘ ਨਾਮੇਂ ਤੋਂ ਸੁੰਦਰ ਲਿਖਵਾਈਆਂ ਜੋ ਉਸ ਸਰੂਪ ਵਿਚ ਹੁਣ ਤਕ ਨਹੀਂ ਲਭੀਆਂ। ਇਹ ਹਨ ਮਸਤਾਨੇ ਗੁਰੂ ਘਰ ਦੇ......ਜੇ ਅੰਤਰ ਮੁਖ ਮਹਾਨ ਹੋਣਾ ਤਾਂ ਕਈ ਕਈ ਦਿਨ ਰੰਗ ਵਿਚ ਜੁੜੇ ਰਹਿਣਾ।"

"ਬਾਬਾ ਜੀ ਫੇਰ ਚਿਰ ਜੀਵੇ ਹਨ, ਬਾਬੇ ਬੰਦੇ ਦਾ ਸਮਾਂ, ਪੰਥ ਦੀ ਔਖੀ ਹਾਲਤ, ਸਮੁੰਦ ਅਬਦੁਲ ਖਾਂ ਤੇ ਜ਼ਕਰੀਆ ਖਾਂ ਦੀਆਂ ਵਹਿਸ਼ਿਆਨਾ ਜ਼ੁਲਮੀਆਂ ਤਕੀਆਂ ਹਨ। ਨਾਦਰ ਦੀ ਲੁੱਟ ਭੀ ਡਿਠੀ, ਘੇਚਲ ਭੀ ਝਲੀ ਅਤੇ ਬਾਬਾ ਦੀਪ ਸਿੰਘ ਦਾ ਸਮਾਂ ਭੀ ਡਿੱਠਾ ਹੈ। ਸ਼ਹੀਦਾਂ ਦਾ ਸਮਾਂ ਤੇ ਮੀਰ ਮੰਨੂੰ ਦੀਆਂ ਕਤਲਾਮਾਂ ਭੀ ਵੇਖੀਆਂ ਹਨ। ਫੇਰ ਪੰਥ ਦਾ ਉਚਾ ਪਲੜਾ ਹੁੰਦਾ ਭੀ ਡਿੱਠਾ ਹੈ। ਨਵਾਬ ਕਪੂਰ ਸਿੰਘ ਜੀ ਦਾ ਸਮਾਂ ਡਿੱਠਾ ਹੈ, ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ ਦੀ ਜਥੇਦਾਰੀ ਵਿਚ ਪੰਥ ਦੀ ਉਚਿਆਈ ਹੁੰਦੀ ਭੀ ਨਜ਼ਰੇ ਪਈ, ਆਪ ਕਿਹਾ ਕਰਦੇ ਸੀ ਕਿ ਅੰਤ ਖਾਲਸਾ ਬਲੀ ਹੋਏ ਪਏਗਾ। ਜਦ ਸਰੀਰ ਚੰਗਾ ਬਿਰਧ ਹੋ ਗਿਆ ਤਾਂ ਸਰਦਾਰੀ ਤੇ ਚੌਧਰ ਪੁਤਰ ਮੋਹਰ ਸਿੰਘ ਦੇ ਸਪੁਰਦ ਕੀਤੀ ਅਤੇ ਆਪ ਕਸ਼ਮੀਰ ਦੀ ਸੈਰ ਕਰਦੇ ਨੈਣੇ ਦੇ ਕੋਟ ਆ ਗਏ। ਇਥੇ ਆਪ ਜੀ ੨੧ ਸਾਵਣ ਸੰਮਤ ੧੮੧੮ ਤਕ ਟਿਕੇ ਰਹੇ। ਜਿਸ ਦਿਨ ਕਿ ਆਪ ਗੁਰ ਸਿਖੀ ਦੇ ਝੰਡੇ ਝੁਲਾਉਂਦੇ ਨੈਣਾਂ ਵਾਲੇ ਦੇ ਦੇਸ਼ ਅਪੜ ਗਏ।" ਪੰਨੇ ੩੧੬ ਤੋਂ ੩੪ ਤੱਕ ਵਿਚੋਂ

੩੩੧ ਪੰਨੇ ਤੇ ਲਿਖਿਆ ਹੈ ਕਿ "ਭਾਈ ਰਾਮ ਕੌਰ ਜੀ ਸਸਤ੍ਰ ਲਉਂਦੇ ਹਨ, ਘੋੜੇ ਚੜ੍ਹਦੇ ਹਨ, ਬਨਾਂ ਨੂੰ ਚਲੇ ਜਾਂਦੇ ਹਨ,



Sri Satguru Jagjit Singh Ji eLibrary NamdhariElibrary@gmail.com

ਜਿਸ ਵੇਲੇ ਪ੍ਰਤੱਖ ਦਰਸਨ ਹੋ ਜਾਂਦੇ ਹਨ, ਸੀਸ ਧਰਤੀ ਤੇ ਰਖਕੇ 'ਧੰਨ ਕਲਗੀਆਂ ਵਾਲਾ ਮੇਰਾ ਪਾਤਸ਼ਾਹ' ਦੇ ਭਾਵ ਨਾਲ ਪੂਰਤ ਹੋਏ ਧੰਨ ਧੰਨ ਕਰਦੇ ਉਠਦੇ ਹਨ ਅਤੇ ਡੇਰੇ ਆ ਜਾਂਦੇ ਹਨ।"

॥ ਕਬਿਤ ॥

੧੯ ਸੈ ੧੯ ਤਕ ਕੌਤਕ ਇਹ ਵਰਤਦਾ ਭੀ,
ਮੰਨਿਆ ਹੈ ਮਾਨ ਜੋਗ ਭਾਈ ਵੀਰ ਸਿੰਘ ਨੇ।
ਕੌਤਕ ਨਦੇੜੋਂ ਬਾਦ ਤਿੰਨ ਤੇ ਪੰਜਾਹ ਸਾਲ,
ਮੰਨਿਆ ਭੀ ਭਾਈ ਸਿੰਘ ਸਭੀਆ ਪਾ ਡਿੰਗ ਨੇ।
ਸ੍ਰੀ ਦਸਮੇਸ਼ ਏਸ ਦੇਸ਼ ਵਿਚ ਅਉਂਦੇ ਰਹੇ,
ਆਖੀਏ ਜੇ ਅਸੀਂ ਕਿਉਂ ਹੁੰਦੇ ਇਹ ਤੜਿੰਗ ਨੇ।
ਲਗ ਅੰਗਰੇਜ਼ ਆਖੇ ਬਗੇ ਉਤੇ ਕਾਲੇ ਕਾਲੇ,
ਲਿਖ ਲਿਖ ਕੀਤੇ ਸਿੰਘ ਸਭੀਆਂ ਕਈ ਧਿੰਗ[1] ਨੇ।
ਸੱਚ ਦੀ ਅਵਾਜ਼ ਪਚ ਸਕਦੀ ਨਹੀਂ ਪੇਟਾਂ ਵਿਚ,
ਭੇਤਾਂ ਵਾਲੇ ਪੇਚਾਂ ਵਿਚੋਂ ਫੁਟਦੀ ਜ਼ਰੂਰ ਏ।
ਲਿਖਿਆ ਜੋ ਹੋਰ ਭਾਈ ਵੀਰ ਸਿੰਘ ਹੋਰਾਂ ਵੇਖੋ,
'ਜੋ ਜੀਅ ਹੋਇ ਸੋ ਉਗਵੈ'[2] ਜੇ ਵਾਕ ਮਨਜ਼ੂਰ ਏ।
ਨਿਕਲ ਗਏ ਨਦੇੜੋਂ ਸੀ ਸੋ ਲਾ ਪਤਾ ਦਸਮ ਗੁਰ,
ਦਿਸਦਾ ਜੋ ਇਤਿਹਾਸਾਂ ਵਿਚ ਦਸਤੂਰ ਏ।
ਗ੍ਰੰਥ ਗੁਰੂ ਮੰਨਣ ਵਾਲੇ ਪੰਥੋਂ ਦਿਲ ਬੋਲਦੇ ਨੇ,
ਪਾਠਕਾਂ ਨੂੰ ਲੋੜੀ ਦਾ ਵੀ ਸੋਝੀ ਦਾ ਸ਼ਊਰ ਏ। ਤ:

ਕੰਬਦੀ ਕਲਾਈ ਪੁਸਤਕ ਵਿਚ ਭਾਈ ਵੀਰ ਸਿੰਘ ਜੀ ਭੀ ਮੰਨਦੇ ਹਨ ਕਿ "ਦਸਮੇਂ ਗੁਰੂ ਜੀ ਤੁਸੀਂ ਬਿਨਾਂ ਸਾਰ ਦਿਤੀ ਹੀ ਚਲੇ

---

(੧) ਧਕੇ (੨) ਆਸਾ ਦੀ ਵਾਰ।



Sri Satguru Jagjit Singh Ji eLibrary NamdhariElibrary@gmail.com

ਗਏ ਹੋ ਤੇ ਜੋ ਆਪ ਪਿਆਰ ਕਰ ਗਏ ਉਹ ਕਿਤੇ ਨਹੀਂ ਅਤੇ ਫੇਰ ਔਣ ਦਾ ਇਕਰਾਰ ਭੀ ਕਰ ਗਏ ਹੋ।"

ਭਾਈ ਵੀਰ ਸਿੰਘ ਜੀ ਪ੍ਰਚਾਰ ਤਾਂ ਭਾਵੇਂ ਗ੍ਰੰਥ ਗੁਰੂ ਦਾ ਹੀ ਕਰਦੇ ਸਨ ਪਰ ਅੰਦਰ ਆਪ ਦਾ ਨਰ ਤਨ ਰੂਪ ਨੂੰ ਅਤੀ ਲੋੜਦਾ ਸੀ। ਆਪ ੭੭ਵੇਂ ਗੀਤ "ਗੋਬਿੰਦ ਰੂਪ ਤੇ ਨਰ ਰੂਪ" ਦੇ ਗੀਤ ਵਿਚ ਲਿਖਦੇ ਹਨ "ਚੋਜੀ ਸਤਿਗੁਰ ਅਤੀ ਅਨੂਪ। ਨਾਲੇ ਸੋਹਣੇ ਗੋਬਿੰਦ ਰੂਪ। ਨਾਲੇ ਨਰ ਤਨ ਰੂਪ ਦਿਖਾਵੇ। ਸਤਿਗੁਰ ਹੋਏ ਕੇ ਰਸਤੇ ਪਾਵੇ।" ੧੪੨ ਪੰਨਾਂ

ਮੇਰਾ ਇਥੇ ਇਹ ਵਿਸ਼ਾ ਨਹੀਂ ਹੋ ਸਕਿਆ ਤਾਂ ਅੱਗੇ ਜਾ ਕੇ ਨਿਰਨਾਂ ਕਰਾਂਗਾ ਕਿ ਭਾਈ ਵੀਰ ਸਿੰਘ ਜੀ ਦੇਹਧਾਰੀ ਗੁਰੂ ਦੇ ਸ਼ਰਧਾਲੂ ਸਨ। ਏਥੇ ਇਹ ਦਸਣਾ ਕਿ ਭਾਈ ਜੀ ਭਾਈ ਰਾਮ ਕੌਰ ਸਾਹਿਬ ਜੀ ਨੂੰ ੧੯੧੯ ਬਿ: ਤਕ ਦਸਮ ਜੀ ਦਾ ਦਰਸ਼ਨ ਦੇਹ ਕਰਕੇ ਅਤੇ ਸਾਖਿਆਤ ਇਹਨਾਂ ਜਾਗਤ ਜਗਤ ਅੱਖਾਂ ਨਾਲ ਦਸਿਆ ਹੈ। ਆਪ ਦੇ ਅੰਦਰ ਨਿਸਚਾ ਸੀ ਕਿ ਦਸਮ ਜੀ ਨਦੇੜੋਂ ਬਿਨਾਂ ਸਿਖਾਂ ਨੂੰ ਸਾਰ ਦਿਤਿਆਂ ਹੀ ਚਲੇ ਗਏ ਸੀ ਤੇ ਫੇਰ ਅਉਣ ਦਾ ਇਕਰਾਰ ਭੀ ਕਰ ਗਏ ਹੋਏ ਹਨ। ਜੋ ਦੇਹ ਦੇ ਮਿਲਾਪ ਤੇ ਦੀਦਾਰ ਵਿਚ ਪਿਆਰ ਦੀ ਪ੍ਰਸੰਨਤਾ ਹੁੰਦੀ ਹੈ ਉਹ "ਗ੍ਰੰਥ ਗੁਰੂ" ਦੇ ਪਿਆਰ ਵਿਚ ਨਹੀਂ ਹੁੰਦੀ।

ਆਪ ਜੀ "ਗੀਤ ੭ ਦੇਹੁ ਦਾਰੂ ਦੀਦਾਰ" ਟੇਕ ਦੇ ਤਲੇ ਲਿਖਦੇ ਹਨ :—

"ਪ੍ਰੀਤ ਲਗਾਕੇ, ਤੇ ਅਪਨਾ ਕੇ, ਭੌਰਾ ਚਰਨ ਬਨਾਏ,
ਬਿਨਾਂ ਦੇ ਸਾਰ ਗਏ ਹੋ। ੩।



Sri Satguru Jagjit Singh Ji eLibrary NamdhariElibrary@gmail.com

ਫੁੱਲ ਫੁੱਲ ਭਾਲਾਂ, ਕਰ ਸੰਭਾਲਾਂ ਕਿਤੇ ਨਹੀਂ ਉਹ ਪਿਆਰ,
ਜੋ ਖ਼ੁਦ ਕਰ ਪਿਯਾਰ ਗਏ ਹੋ।" ੪।

"ਮੈਂ ਦੁਖੀਆ ਦਾ ਦਾਰੂ ਦਰਸਨ ਅੱਜ,
ਦਿਉ ਦੀਦਾਰ ਕਿ ਕਰ ਇਕਰਾਰ ਗਏ ਹੋ।"......੯

ਇਸ ਗੀਤ ਦੀ ਟੇਕ "ਕਰ ਕਲਗੀ ਪ੍ਰਕਾਸ਼ ਕਿ ਅਣੀਆਂ ਮਾਰੇ ਗਏ ਹੋ" ਏ।

ਪਾਠਕ ਉਪਰਲੀਆਂ ਪੰਕਤੀਆਂ ਵਿਚੋਂ ਵਿਚਾਰ ਸਕਦੇ ਹਨ। ਕਿ ਭਾਈ ਸਾਹਿਬ ਦਸਮੇਸ਼ ਜੀ ਦੇ ਦਰਸ਼ਨਾਂ ਦੇ ਹੀ ਅਭਲਾਖੀ ਹਨ। ਗ੍ਰੰਥ ਗੁਰੂ ਤੇ ਮਨ ਪਤੀਜਿਆ ਨਹੀਂ। ਤੇ ਨਦੇੜੋਂ ਬਿਨਾਂ ਸਾਰ ਦਿਤੀ ਦਾ ਅਲੋਪ ਹੋਣਾ ਭੀ ਦਸਮ ਜੀ ਦਾ ਭਾਈ ਸਾਹਿਬ ਮੰਨਿਆ ਹੈ। ਤੀਜੀ ਗਲ ਕਰ ਇਕਰਾਰ ਗਏ ਹੋ। ਇਸ ਬਾਬਤ ਆਪ ਨੇ ਸੌ ਸਾਖੀ ਤੇ ਸੂਰਜ ਪ੍ਰਕਾਸ਼ ਵਿਚ ਪੜ੍ਹਿਆ ਹੋਇਆ ਸੀ। "ਬੇਰ ਗਿਆਰੁਵੀਂ ਜਬ ਹਮ ਆਵੈ। ਤਬ ਤੇ ਹਮੈ ਕੁ ਇਕ ਲਖ ਪਾਵੈ"। ਤੇ ਬਾਦ "ਪੰਥ ਖਾਲਸਾ ਖਤੀ ਮੇਰੀ। ਕਰੋ ਸੰਭਾਲਨ ਮੈਂ ਤਿਸ ਬੇਰੀ"।

ਦੂਜੀ ਵਾਰ ਮੈਂ ਪੰਜ ਇਤਿਹਾਸਕਾਰਾਂ ਦੇ ਹਵਾਲੇ ਨਾਲ ਨਦੇੜ ਕੌਤਕੋਂ ਬਾਦ (ਦਸ਼ਮ ਗੁਰ ਦਰਸਨ) ਹੁੰਦਾ ਤੇ ਜੰਗ ਕਰਕੇ ਸਹਾਇਤਾ ਕਰਨੀ ਸਿਧ ਕੀਤਾ ਹੈ। ਜਿਵੇਂ ਪਹਿਲੀ ਵਾਰ ਸੈਨਾ ਸਿੰਘ ਜੀ "ਸ੍ਰੀ ਗੁਰ ਸੋਭਾ" ਦੇ ਕਰਤੇ, ਸੁਖਾ ਸਿੰਘ ਜੀ "ਗੁਰ ਬਿਲਾਸ ਪਾਤਸ਼ਾਹੀ ਦਸਵੀਂ" ਸੰਤੋਖ ਸਿੰਘ ਜੀ "ਸੂਰਜ ਪ੍ਰਕਾਸ਼" ਗਿਆਨੀ ਗਿਆਨ ਸਿੰਘ ਜੀ "ਪੰਥ ਪ੍ਰਕਾਸ਼" ਮਹੰਤ ਸੁਮੇਰ ਸਿੰਘ ਜੀ "ਪੋਥੀ ਗੁਰ ਬਿਲਾਸ ਪਾਤਸ਼ਾਹੀ ਦਸਵੀਂ" ਤੋਂ ਸਿਧ ਕੀਤਾ ਸੀ। ਤਿਵੇਂ ਦੂਜੀ ਵਾਰ ਡਾਕਟਰ ਗੁਪਾਲ ਸਿੰਘ ਜੀ "ਗੁਰੂ ਗੋਬਿੰਦ ਸਿੰਘ" ਪੁਸਤਕ ਵਿਚੋਂ ਧਉਲ ਦੀ ਸੰਗਤ ਦੇ



Sri Satguru Jagjit Singh Ji eLibrary NamdhariElibrary@gmail.com

ਨਾਮ ਹੁਕਮਨਾਮੇ ਤੋਂ ਤੇ ਅੰਤਿਕਾ ਚੋਂ,ਕਰਮ ਸਿੰਘ ਜੀ ਹਿਸਟੋਰੀਅਨ ਦੇ ਲਿਖੇ "ਬੰਦਾ ਬਹਾਦਰ ਕੌਣ ਸੀ" ਤੇ "ਬੰਦਾ ਬਹਾਦਰ" ਵਿਚੋਂ ਵੈਦ ਇੰਦਰ ਸਿੰਘ ਜੀ ਦੇ ਲਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਵਿਚੋਂ ਤੇ ਭਾਈ ਮਨੀ ਸਿੰਘ ਜੀ ਦੀ ਮਾਤਾ ਸੁੰਦਰੀ ਜੀ ਵਲ ਲਿਖੀ ਚਿਠੀ ਵਿਚੋਂ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ "ਪ੍ਰੇਮ ਸੁਮਾਰਗ" ਦੀ ਭੂਮਕਾ ਵਿਚੋਂ ਤੇ ਭਾਈ ਵੀਰ ਸਿੰਘ ਜੀ ਦੇ "ਕਲਗੀਧਰ ਚਮਤਕਾਰ ਤੇ ਕੰਬਦੀ ਕਲਾਈ ਵਿਚੋਂ। ਮੈਂ ਕਰਮ ਸਿੰਘ ਜੀ ਦੀ ਲਿਖਤ ਵਿਚੋਂ ਸਿਰਫ ਇਹ ਦਸਿਆ ਹੈ ਕਿ ਸਿਖਾਂ ਨੂੰ ਦਸਮ ਜੀ ਦੇ ਨਦੇੜੋਂ ਅਲੋਪ ਹੋ ਜਾਣ ਕਾਰਨ ਬੰਦਾ ਬਹਾਦਰ ਤੇ ਗੁਰੂ ਜੀ ਵਿਚ ਭਰਮ ਪੈਂਦਾ ਸੀ ਕਿਉਂਕਿ ਨਿਸਚੇ ਨਦੇੜ ਦਸਮ ਜੀ ਚੜੇ ਸਾਬਤ ਨਹੀਂ ਹੋਏ ਸੀ ਤੇ ਬਾਦ ਉਹਨਾਂ ਦੇ ਦਰਸ਼ਨ ਭੀ ਕਈ ਵਾਰ ਹੋਏ।

ਹੁਣ ਮੈਂ ਹੋਰ ਇਤਿਹਾਸਕਾਰਾਂ ਪੰਜਾਂ ਦੀਆਂ ਲਿਖਤਾਂ (ਦਸਮ ਗੁਰ ਦਰਸ਼ਨ) ਜੋਗ ਲਿਖਾਂਗਾ ਅਰਥਾਤ ਅਲੋਪ ਦਸਮ ਜੀ ਹੋਏ, ਬਿਨ ਸੰਸੇ ਮੰਨਦਾ ਸਭ ਕੋਏ।

ਦਰਸ਼ਨ ਬਾਦ ਵੀ ਦੇਂਦੇ ਰਹੇ, ਮੇਰਾ ਭਾਵ ਹੈ ਸਭ ਹੀ ਕਹੇ।
ਇਸ ਲਈ ਜੋ ਵਿਦਵਾਨਾਂ ਲਿਖਿਆ, ਸਭ ਸਿਖੀ ਨੂੰ ਦੇਵੇ ਸਿਖਿਆ।
ਸਭ ਨੂੰ ਰਹੇ ਜ਼ਰੂਰੀ ਯਾਦ, ਗੁਰ ਦਰਸ਼ਨ ਨਦੇੜੋਂ ਬਾਦ।
ਇਸ ਲਈ ਮੈਂ ਇਹ ਮਿਹਨਤ ਭਾਰੀ, ਕੀਤੀ ਗੁਰ ਇਤਿਹਾਸ ਮੰਝਾਰੀ।
ਜੋ ਹੈ ਕਮੀ ਸੋ ਪੂਰੀ ਹੋਵੈ, ਸਭ ਪੜੇ, ਬਾਦ ਬੀਤਿਆ ਜੋਵੇ। ਤ:

ਹੁਣ ਪੈਂ ਹੋਰ "ਪੰਚ ਪਰਵਾਨ ਪੰਚ ਪਰਧਾਨੁ"। ਜਪੁ ਮ: ੧

ਇਤਿਹਾਸਕਾਰਾਂ ਦੀਆਂ ਲਿਖਤਾਂ ਨਾਲ (ਦਸਮ ਗੁਰ ਦਰਸਨ) ਦਾ ਇਤਿਹਾਸ ਨਦੇੜੋਂ ਬਾਦ ਦਾ ਲਿਖਦਾ ਹਾਂ।



Sri Satguru Jagjit Singh Ji eLibrary NamdhariElibrary@gmail.com

ਜਿਵੇਂ ਸੈਨਾਂ ਸਿੰਘ ਤੋਂ ਲੈ ਕੇ ਮਹੰਤ ਸੁਮੇਰ ਸਿੰਘ ਜੀ ਤਕ ਦੇ ਇਤਿਹਾਸਾਂ ਵਿਚੋਂ ਨਦੇੜੋਂ ਅਲੋਪ ਹੋ ਹੋਰ ਥਾਂ ਦਰਸ਼ਨ ਦੇਣਾ ਦਸਮ ਜੀ ਦਾ ਪਸ਼ੌਰ ਕਾਬਲ ਵਲ ਜਾਣਾ ਪਹਿਲੇ ਭਾਗ ਵਿਚ ਦਸਿਆ ਹੈ। ਤਿਵੇਂ ਤੀਜੇ ਭਾਗ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਹਜਰੋ ਤੇ ਪਸ਼ੌਰ ਜਾਣਾ ਤੇ ਦੱਖਣ ਵਲ ਵਿਚਰਦੇ ਰਹਿਣਾ ਦਸਕੇ ਦੂਜੇ ਭਾਗ (ਦਸਮ ਗੁਰ ਦਰਸ਼ਨ) ਦੀਆਂ ਸਾਖੀਆਂ ਵਾਂਗੂੰ ਕੰਮ ਜੋ ਗੁਰੂ ਨਾਨਕ ਦੇਵ ਜੀ ਵਾਲੀ ਮਰਯਾਦਾ "ਨਾਨਕ ਅੰਗਦ ਕੋ ਬਪੁ ਧਰਾ। ਪੰਥ ਪ੍ਰਚੁਰ ਇਹੁ ਜਗ ਮੋ ਕਰਾ"। ਦਸਮ ਗ੍ਰੰਥ ਦਾ ਵਾਕ ਪੂਰਾ ਕਰਨ ਲਈ ਹਜਰੋ ਜਾ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ। ਗਿਆਨੀ ਗਿਆਨ ਸਿੰਘ ਜੀ ਦੇ ਕਥਨ "ਐ ਪੈ" ਗੁਰ ਦਸਮ ਦਰਸ ਦੈ ਜੋ ਕਹਿਉ ਤਾਹਿ, ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।" ਯਾਹਿ ਹਿਤ ਤਾਹਿ ਨਾਹਿ ਔਰ ਕਾਹਿ ਮਾਹਿ, ਨਿਜ ਸਕਤ ਰਖਾਈ ਗੁਰ ਵਾਕ ਦ੍ਰਿਢ ਥੇ ਧਰੇ"। ਦਾ ਸਾਰਾ ਖੁਲਾਸਾ ਤੇ ਦਸਮ ਗੁਰੂ ਜੀ ਦਾ ਜੋਤੀ ਜੋਤਿ ਸਮਾਣਾ ਤੇ ਸੋ ਅਸਥਾਨ ਤੇ ਦਿਨ ਹੈ। ਪ੍ਰਸਿਧ ਵਿਦਵਾਨਾਂ "ਪੰਚ ਪਰਵਾਨ ਪੰਚ ਪਰਧਾਨੁ" ਇਤਿਹਾਸਕਾਰਾਂ ਦੀਆਂ ਲਿਖਤਾਂ ਨਾਲ ਪਾਠਕ੍ਰਾਂ ਦੀਸੂਝ ਜੋਗ ਲਿਖ ਦੱਸਣ ਦਾ ਜਤਨ ਕਰਾਂਗਾ।

ਸਭ ਤੋਂ ਪਹਿਲਾਂ ਮੈਂ "ਪੰਜਾਬੀ ਭੈਣ" ਰਸਾਲੇ ਮਹਾਂਵਾਰ ਫੀਰੋਜ਼ਪੁਰੋਂ ਨਿਕਲਦੇ ਐਡੀਟਰ ਸਾਹਿਬ ਮਾ: ਬੀਰ ਸਿੰਘ ਜੀ ਦੀ ਰਾਏ ਵਾਲੇ ਅੱਖਰਾਂ ਨਾਲ ਹੀ ਅਰੰਭ ਕਰਦਾ ਹਾਂ। ਜੋ ਉਹਨਾਂ ਇਤਿਹਾਸ਼ ਦੇ ਅਣ ਲਿਖੇ ਪੱਤਰੇ" ਨਾਮੀ ਸਿਰਲੇਖ ਤਲੇ ਪ੍ਰਸੰਗ ਤੇ ਲੰਮੇ ਲੇਖ ਦੇ ਬਾਦ ਆਪਣੀ ਰਾਏ ਦੇ ਲਿਖਿਆ ਸੀ। ਉਹ ਇਹ ਅੱਖਰ ਹਨ।

"ਇਹ ਪ੍ਰਸੰਗ ਸੱਚਾ ਹੋਣ ਬਾਬਤ ਇਤਨਾ ਹੀ ਦਸ ਦੇਣਾ



Sri Satguru Jagjit Singh Ji eLibrary NamdhariElibrary@gmail.com

ਕਾਫ਼ੀ ਹੋਵੇਗਾ ਕਿ ਇਹਦੇ ਨੋਟ ਪ੍ਰਾਪਤ ਕਰਕੇ ਪੰਥ ਦੇ ਇਕ ਮੁਕਟ ਮਣੀ ਮੰਨੇ ਪ੍ਰਮੰਨੇ ਤੇ ਗੁਰਮਤ ਤੇ ਗੁਰ ਇਤਿਹਾਸ ਦੇ ਪੂਰਨ ਗਿਆਤਾ ਵੀਰ ਜੀ ਨੂੰ ਦਿਖਾਏ ਗਏ ਹਨ।"......ਤੇ ਅੱਗੇ ਜਾ ਕੇ ਲਿਖਦੇ ਹਨ।

"ਜੋ ਵੀਰ ਭੈਣਾਂ ਇਸ ਲੇਖ ਨੂੰ ਅੱਖਰਾਂ ਤੋਂ ਪਰੇ ਨੀਝ ਲਾ ਕੇ ਡੂੰਘੀ ਦ੍ਰਿਸ਼ਟੀ ਦੁਆਰਾ ਵਿਚਾਰਨਗੇ, ਉਹਨਾਂ ਨੂੰ ਸੱਚੇ ਪਾਤਸ਼ਾਹ ਕਲਗੀਧਰ ਜੀ ਦੇ ਸ੍ਰੀ ਅਬਚਲ ਨਗਰ ਵਿਚ ਭਾਣਾਂ ਵਰਤਾਣ ਨਾਲ ਲਗਦੇ ਹੀ ਸਮੇਂ ਦੀ ਝਾਕੀ ਦਿਸੇਗੀ। ਇਸ ਪ੍ਰਸੰਗ ਦੇ ਨਾਇਕ ਬਾਬਾ ਅਜਾਪਾਲ ਸਿੰਘ ਜੀ ਵਿਚ ਪਿਤਾ ਕਲਗੀਧਰ ਜੀ ਦੀ ਅਕਾਲੀ ਜੋਤਿ ਦਾ ਪ੍ਰਕਾਸ਼ ਭਾਸੇਗਾ। ਬਸ ਕਿਸੇ ਹੋਰ ਸੈਨਤ ਯਾ ਸੁਨਾਵੇ ਦੀ ਲੋੜ ਨਹੀਂ ਹੈ। ਮਈ ੧੯੧੬ "ਪੰਜਾਬੀ ਭੈਣ"

ਵਲੋਂ :—ਮਾਸਟਰ ਬੀਰ ਸਿੰਘ ਜੀ
ਐਡੀਟਰ "ਪੰਜਾਬੀ ਭੈਣ"

ਉਪਰ ਲਿਖੇ "ਪੰਜਾਬੀ ਭੈਣ" ਰਸਾਲੇ ਵਿਚ "ਇਤਿਹਾਸ ਦੇ ਅਣਲਿਖੇ ਪੱਤਰੇ।" ਲੇਖ ਦੇ ਲੇਖਕ ਨੂੰ ਗੁਪਤ ਰਖਿਆ ਗਿਆ ਸੀ। ਜਿਸ ਬਾਬਤ ਸੰਤ ਨਿਧਾਨ ਸਿੰਘ ਜੀ (ਆਲਿਮ) "ਗੁਰੂ ਪਦ ਪ੍ਰਕਾਸ਼ ਹਿੱਸਾ ਪਹਿਲਾ" ਵਿਚ ਲਿਖਦੇ ਹਨ। "ਭਾਈ ਕਾਨ੍ਹ ਸਿੰਘ ਜੀ (ਨਾਭਾ)......

ਆਪ ਬਜਾਤੇ ਖ਼ੁਦ ਇਸ ਦੇ ਪ੍ਰਕਾਸ਼ ਦਾ ਸੋਮਾ ਸਨ"।

ਮਹਾਵਾਰ ਫੁਲਵਾੜੀ ਰਸਾਲਾ ਜੋ ਸ੍ਰ: ਹੀਰਾ ਸਿੰਘ ਜੀ (ਦਰਦ) ਵਲੋਂ ਲਹੌਰੋਂ ਪ੍ਰਕਾਸ਼ਤ ਹੁੰਦਾ ਸੀ। ਉਸ ਵਿਚ "ਇਤਿਹਾਸ ਦੇ ਅਣਲਿਖੇ ਪੱਤਰੇ" ਭਾਈ ਕਾਨ੍ਹ ਸਿੰਘ ਜੀ ਵਲੋਂ ਦੋ ਅੰਕਾਂ ਵਿਚ ਲੇਖ ਛਪਿਆ।



Sri Satguru Jagjit Singh Ji eLibrary NamdhariElibrary@gmail.com

ਜਿਸ ਦਾ ਸਾਰ ਮੈਂ ਪਾਠਕਾਂ ਦੇ ਲਾਭ ਲਈ ਉਨ੍ਹਾਂ ਹੀ ਅੱਖਰਾਂ ਵਿਚ ਏਥੇ ਲਿਖਦਾ ਹਾਂ।

## ❋ "ਇਤਿਹਾਸ ਦੇ ਅਣਲਿਖੇ ਪੱਤਰੇ" ❋

ਲੇਖ ਲਿਖ ਵਿਖਾਣ ਤੋਂ ਪਹਿਲਾਂ ਮੈਂ ਮੁਨਾਸਵ ਸਮਝਦਾ ਹਾਂ ਕਿ ਪਾਠਕਾਂ ਦੇ ਸੌਖ ਲਈ ਉਸ ਬਾਬਤ ਉਸੇ ਵਿਚ ਲਿਖੇ ਕੁਝ ਅੱਖਰ ਪਹਿਲਾਂ ਵਖਾਏ ਜਾਣ ਜਿਸ ਕਰਕੇ ਉਹਨਾਂ ਨੂੰ ਗੁਰੂ ਜੀ ਦੇ ਜੀਵਨ ਨਦੇੜੋਂ ਬਾਦ ਦੇ ਸਮਝਣ ਵਿਚ ਕੋਈ ਔਖ ਨ ਭਾਸੇਗਾ।

"ਮਹਾਂ ਪੁਰਖ ਬਾਬਾ ਅਜਾਪਾਲ ਸਿੰਘ ਜੀ, ਵਲੋਂ ਸ੍ਰੀਮਾਨ ਪੰਥ ਰਤਨ ਸ੍ਰ: ਕਾਹਨ ਸਿੰਘ ਜੀ ਨਾਭਾ" "ਬਾਬਾ ਅਜਾਪਾਲ ਸਿੰਘ ਜੀ ਆਪਣੀ ਕਥਾ ਕਦੇ ਕਿਸੇ ਨੂੰ ਕੁਝ ਨਹੀਂ ਸੀ ਸੁਨਾਈ। ਪਰ ਉਨ੍ਹਾਂ ਦੇ ਨਿਕਟ ਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਕਲਗੀਧਰ ਜੀ ਦੱਖਣ ਵਿਚ ਜੋਤੀ ਜੋਤਿ ਨਹੀਂ ਸਮਾਏ, ਕਿਉਂਕਿ ਦਸ਼ਮੇਸ਼ ਜੀ ਦੇ ਅੰਗ ਲਗੇ ਸ਼ਸਤਰ ਅਤੇ ਸਰੀਰ ਦੀਆਂ ਅਸਥੀਆਂ ਅੰਗੀਠੇ ਵਿਚੋਂ ਨਹੀਂ ਮਿਲੀਆਂ ਅਤੇ ਤਬੇਲੇ ਵਿਚੋਂ ਖਾਸ ਸਵਾਰੀ ਦਾ ਘੋੜਾ ਭੀ ਗਾਇਬ ਹੋ ਗਿਆ ਸੀ, ਗੁਰੂ ਸਾਹਿਬ ਗੁਪਤ ਰੀਤ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਦੇ ਨਾਮ ਤੋਂ ਰਹੇ ਹਨ।

ਇਸ ਖਿਆਲ ਦੀ ਪੁਸ਼ਟੀ ਉਹ ਇਸ ਬਾਤ ਤੋਂ ਕਰਦੇ, ਕਿ ਬਾਬਾ ਸਾਹਿਬ ਦੀ ਵੱਖੀ ਵਿਚ ਸ਼ਸਤ੍ਰ ਦਾ ਪੁਰਾਣਾ ਘਾਉ ਅੰਤ ਸਮੇਂ ਵੇਖਿਆ ਗਿਆ ਸੀ। ਅਤ ਉਹਨਾਂ ਦੇ ਰਹੁ ਰੀਤ ਅਤੇ ਤੇਜ ਪ੍ਰਤਾਪ ਆ-ਮਨੁਖੀ ਸੀ ਅਰ ਦੇਸ ਦੀ ਨੀਤੀ ਨਾਲ ਬਾਬਾ ਸਾਹਿਬ ਜੀ ਦਾ ਜ਼ਰੂਰ ਕੋਈ ਸੰਬੰਧ ਸੀ, ਉਨ੍ਹਾਂ ਪਾਸ ਵੇਲੇ



Sri Satguru Jagjit Singh Ji eLibrary NamdhariElibrary@gmail.com

ਕਬੇਲੇ ਅਨੇਕ ਲਿਬਾਸ ਵਿਚ ਕਈ ਸਿੰਘ ਆਉਂਦੇ ਰਹਿੰਦੇ ਸਨ। ਅਰ ਕਈ ਵਾਰ ਪੰਜ ਸਿੰਘਾਂ ਵਿਚੋਂ ਘੋੜੇ ਸਮੇਤ ਕਦੀ ਇਕ ਕਦੀ ਦੋ ਅਸਥਾਨ ਤੋਂ ਗੈਰ ਹਾਜ਼ਰ ਬਿਨਾਂ ਕਿਸੇ ਨੂੰ ਖਬਰ ਦਿਤੇ ਰਹਿੰਦੇ ਸਨ, ਅਰ ਅਨੇਕ ਸਿੰਘ ਸ਼ਸਤ੍ਰ ਲੈ ਜਾਇਆ ਕਰਦੇ ਸਨ ਮੈਂ ਇਸ ਮਾਮਲੇ ਤੇ ਆਪਣੀ ਪੱਕੀ ਰਾਇ ਕਾਇਮ ਨਹੀਂ ਕੀਤੀ।

ਪਰ ਜੇ ਬਾਬਾ ਜੀ ਦੇ ਸੇਵਕਾਂ ਦਾ ਖਿਆਲ ਸਹੀ ਮੰਨ ਲਿਆ ਜਾਵੇ ਤਾਂ ਬਾਬਾ ਅਜਾਪਾਲ ਸਿੰਘ ਜੀ ਦੀ ਸਾਰੀ ਉਮਰ ੧੪੬ ਵਰ੍ਹੇ ਦੀ ਜੁੜਦੀ ਹੈ। ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸੰਮਤ ੧੭੨੩ ਦਾ ਹੈ ਅਬਚਲ ਨਗਰ ਦਾ ਕੌਤਕ ਸੰਮਤ ੧੭੬੫ ਵਿਚ ਵਰਤਿਆ ਹੈ, ਅਰ ਬਾਬਾ ਅਜਾਪਾਲ ਸਿੰਘ ਜੀ ਦਾ ਦਿਹਾਂਤ ਜੇਠ ਸੁਦੀ ੫ ਸੰਮਤ ੧੯੬੯ ਨੂੰ ਹੋਇਆ ਹੈ।

"ਉਪਰ ਲਿਖੇ ਪ੍ਰਸੰਗ ਦੇ ਖੰਡਨ ਮੰਡਨ ਨੂੰ ਛੱਡ ਕੇ ਬਾਬਾ ਸਾਹਿਬ ਜੀ ਦੀ ਵਿਸਥਾਰ ਨਾਲ ਕਥਾ ਜੋ ਪਿਤਾ ਜੀ ਨੇ ਨੋਟ ਕਰਵਾਈ ਹੈ, ਉਸ ਵਿਚੋਂ ਸੰਖੇਪ ਨਾਲ ਕੁਛ ਉਹ ਪ੍ਰਸੰਗ ਅਗੇ ਲਿਖਦਾ ਹਾਂ ਜਿਨ੍ਹਾਂ ਤੋਂ ਪੰਥ ਨੂੰ ਕੁਛ ਲਾਭ ਪਹੁੰਚੇ।"

॥ ਕਬਿਤ ॥

ਇਤਿਹਾਸ ਦੇ ਅਣਲਿਖੇ ਪੱਤਰੇ" ਵਿਰਜੇਸ[1] ਜੀਨੇ,
ਲਿਖ ਸਿਖ ਪੰਥ ਜੋਗ ਕੀਤਾ ਮਹਾਕਾਜ ਏ।
ਜਾਪਦਾ ਏ ਇੰਜ ਜਿਵੇਂ ਆਪ ਉਤਸ਼ਾਹ ਦੇ ਕੇ,
ਭੀ ਲਖਾਯਾ ਬਾਜਾਂ ਵਾਲੇ ਪਾਤਸ਼ਾਹ ਮਹਾਰਾਜ ਏ।
ਏਦੂੰ ਪਹਿਲਾਂ ਲਿਖੇ ਇਤਿਹਾਸ ਲੜੀ ਵਾਰ ਪੜ੍ਹ,
ਜੁੜਿਆਂ ਇਹ ਆਉਂਦੀ ਆਪੋ ਅੰਦਰੋਂ ਅਵਾਜ਼ ਏ।

(੧) ਕਾਂਨ੍ਹ ਸਿੰਘ।



Sri Satguru Jagjit Singh Ji eLibrary NamdhariElibrary@gmail.com

ਬੀਤੇ ਕਾਲ ਜਿਵੇਂ ਨੀਤੀ ਵਰਤ ਬੇ-ਮਿਸਾਲ ਗੁਰ,
ਕੌਤਕ ਕਰ ਮਦਦ ਸਿੰਘਾਂ ਡਿੱਠਾ ਸਿੰਘੀ ਰਾਜ ਏ।

ਦੋ: ਨਿਹ ਕਾਮ ਨੂੰ ਲੋੜ ਕੀ ਨਾਮ ਵਖਾਲਾ ਪਾਣ।
ਸੋ ਤਾਂ ਹੁੰਦਾ ਸੁਖੀ ਹੈ ਸਿਖਰ ਪੁਗੀ ਲਿਵ ਜਾਣ। ਤ:

ਪਾਠਕਾਂ ਨੂੰ ਭਾਈ ਸਾਹਿਬ ਕਾਂਨ੍ਹ ਸਿੰਘ ਜੀ ਦੇ ਉਪਰ ਲਿਖੇ ਅੱਖਰਾਂ ਵਿਚੋਂ ਪਦਰਾਂ ਸੋਲਾਂ ਪੁਸ਼ਟੀ ਪ੍ਰਮਾਣ ਗੁਰ (ਕੌਤਕ ਨਦੇੜੋਂ ਬਾਦ) ਦਸ਼ਮ ਗੁਰ ਦਰਸ਼ਨ ਜੋਗ ਮਿਲਦੇ ਹਨ ਜੋ ਗੁਰੂ ਜੀ ਦੇ ਸਿੰਘਾਂ ਨੂੰ ਮਦਦ ਦੇਣ ਤੇ ਹਜਰੋ ਪਸ਼ੌਰ ਕਾਬਲ ਵਲ ਤੇ ਜੋਤੀ ਜੋਤਿ ਸਮਾਣ ਤਕ ਦਾ ਇਤਿਹਾਸ ਦਸਦੇ ਹਨ। ਸੋ ਇਹ ਹਨ :—

੧. "ਇਤਿਹਾਸ ਦੇ ਅਣਲਿਖੇ ਪੱਤਰੇ"।

੨. "ਕਲਗੀਧਰ ਜੀ ਦੱਖਣ ਵਿਚ ਜੋਤੀ ਜੋਤਿ ਨਹੀਂ ਸਮਾਏ"।

੩. "ਅੰਗ ਲਗੇ ਸ਼ਸਤਰ ਅਰ ਸਰੀਰ ਦੀਆਂ ਅਸਥੀਆਂ ਅੰਗੀਠੇ ਵਿਚੋਂ ਨਹੀਂ ਮਿਲੀਆਂ"।

੪. "ਤਬੇਲੇ ਵਿਚੋਂ ਖਾਸ ਸਵਾਰੀ ਵਾਲਾ ਘੋੜਾ ਹੀ ਗਾਇਬ ਹੋ ਗਿਆ ਸੀ"।

੫. "ਗੁਰੂ ਜੀ ਗੁਪਤ ਰੀਤ ਨਾਲ ਪੰਜਾਬ ਵਿਚ ਰਹੇ।"

੬. "ਵੱਖੀ ਵਿਚ ਸ਼ਸਤਰ ਦਾ ਪੁਰਾਣਾ ਘਾਉ ਅੰਤ ਸਮੇਂ ਵੇਖਿਆ ਗਿਆ ਸੀ"।

੭. "ਉਹਨਾਂ ਦੇ ਰਹੁ ਰੀਤ ਅਤੇ ਤੇਜ ਪ੍ਰਤਾਪ ਆ-ਮਨੁਖੀ ਸੀ"।

੮. "ਦੇਸ਼ ਦੀ ਨੀਤਿ ਨਾਲ ਜ਼ਰੂਰ ਕੋਈ ਸੰਬੰਧ ਸੀ"।



Sri Satguru Jagjit Singh Ji eLibrary NamdhariElibrary@gmail.com

੯. "ਉਹਨਾਂ ਪਾਸ ਬੇਲੇ ਕਵੇਲੇ ਅਨੇਕ ਲਿਬਾਸ ਵਿਚ ਕਈ ਸਿੰਘ ਆਉਂਦੇ ਰਹਿੰਦੇ ਸਨ"।

੧੦. ਕਈ ਵਾਰ ਪੰਜ ਸਿੰਘਾਂ ਵਿਚੋਂ ਘੋੜੇ ਸਮੇਤ ਕਦੀ ਇਕ ਦੋ ਗੈਰ-ਹਾਜ਼ਰ ਬਿਨਾਂ ਕਿਸੇ ਨੂੰ ਖਬਰ ਦਿਤੇ ਰਹਿੰਦੇ ਸਨ"।

੧੧. "ਅਰ ਅਨੇਕ ਸਿੰਘ ਸ਼ਸਤ੍ਰ ਲੈ ਜਾਇਆ ਕਰਦੇ ਸਨ"।

੧੨. "ਸਾਰੀ ਉਮਰ ੧੪੬ ਵਰ੍ਹੇ ਦੀ ਜੁੜਦੀ ਹੈ"।

੧੩. "ਗੁਰੂ ਗ਼ੋਬਿੰਦ ਸਿੰਘ ਜੀ ਦਾ ਜਨਮ ੧੭੨੩ ਦਾ ਹੈ"।

੧੪. "ਅਬਚਲ ਨਗਰ ਦਾ ਕੌਤਕ ਸੰਮਤ ੧੭੬੫ ਵਿਚ ਵਰਤਿਆ ਹੈ"।

੧੫. "ਦਿਹਾਂਤ ਜੇਠ ਸੁਦੀ ੫ ਸੰ: ੧੯੬੯ ਨੂੰ ਹੋਇਆ ਹੈ"।

੧੬. "ਉਹ ਪ੍ਰਸੰਗ ਅੱਗੇ ਲਿਖਦਾ ਹਾਂ ਜਿਸ ਤੋਂ ਪੰਥ ਨੂੰ ਕੁਝ ਲਾਭ ਪਹੁੰਚੇ"।

(ਖਾਸ ਕਰਕੇ ਉਪਰਲੇ ਅੱਖਰ)

(੧) "ਇਤਿਹਾਸ ਦੇ ਅਣਲਿਖੇ ਪੱਤਰੇ"

ਦੋ ਵਾਰੀ ਰਸਾਲੇ ਤੇ ਫੁਲਵਾੜੀ ਵਿਚ ਮੋਟੇ ਅੱਖਰਾਂ ਵਿਚ ਦੇਣ ਦਾ ਏਹੋ ਅਰਥ ਹੈ ਕਿ ਗੁਰ ਇਤਿਹਾਸ ਦੇ ਪੱਤਰੇ ਹਨ। ਨਹੀਂ ਤੇ ਹੋਰ ਕਈ ਪ੍ਰਤਾਪੀ ਵਿਅਕਤੀਆਂ ਹੋਣ ਉਹਨਾਂ ਦਾ ਗੁਰ ਇਤਿਹਾਸ ਨਾਲ ਕੀ ਜੋੜ ਤੇ ਉਚੇਚੀ ਲੋੜ ?

(੧੬) "ਉਹ ਪ੍ਰਸੰਗ ਅੱਗੇ ਲਿਖਦਾ ਹਾਂ ਜਿਸ ਤੋਂ ਪੰਥ ਨੂੰ ਲਾਭ ਪਹੁੰਚੇ" ਪੰਥ ਨੂੰ ਲਾਭ ਪਹੁੰਚੇ ਦਾ ਸਬੰਧ ਗੁਰੂ ਜੀ ਦੇ ਇਤਿਹਾਸ ਨਾਲ ਹੀ ਹੈ ਜੇ ਹੋਰ ਕੋਈ ਪ੍ਰਸੰਗ ਹੋਵੇ ਤਾਂ ਪੰਥ ਨੂੰ ਕੀ ਉਸਦੀ ਲੋੜ ਤੇ ਕੀ ਲਾਭ ?



Sri Satguru Jagjit Singh Ji eLibrary NamdhariElibrary@gmail.com

ਮੈਂ ਪਾਠਕਾਂ ਨੂੰ ਸੁਚੇਤ ਕਰਦਾ ਹਾਂ ਕਿ ਗੁਰੂ ਜੀ ਦਾ ਅਜਾਪਾਲ ਸਿੰਘ ਨਾਮ ਨਿਕਟ ਵਰਤੀਆਂ ਤੇ ਭੇਤੀ ਹੇਤੀ ਸ਼ਰਧਾਲੂਆਂ ਦਾ ਸੰਕੇਤਕ ਮਨੋ ਕਲਪਿਆ ਹੋਇਆ ਹੈ। ਆਪ ਗੁਰੂ ਸਾਹਿਬ ਆਪਣਾ ਨਾਮ 'ਗੁਰੂ ਸਿੰਘ' ਹੀ ਕਹਿੰਦੇ, ਜਿਸਦਾ ਭਾਵ "ਸੋ ਗੁਰੂ ਜੋ ਸਿੰਘ ਹੈ" ਦੇਵ, ਦਾਸ, ਬਹਾਦਰ, ਰਾਏ ਆਦਿ ਨਾਮ ਵਾਲਾ ਨਹੀਂ ਸਿੰਘ ਨਾਮ ਵਾਲਾ ਗੁਰੂ ਹੈ ਕਿਉਂਕਿ ਹਰ ਗੁਰੂਆਂ ਦੇ ਨਾਮ ਨਾਲ 'ਸਿੰਘ' ਪਦ ਨਹੀਂ ਸੀ ਜੈਸਾ ਨਾਨਕ ਦੇਵ, ਅਮਰ ਦਾਸ, ਹਰ ਰਾਇ, ਤੇਗ ਬਹਾਦਰ ਹੈ। ਗੁਰੂ ਸਿੰਘ ਦੇ ਵਿਚਾਲੇ ਕਟਾਹ ਕੁੰਡਲ ਨਿਆਇ ਅਨੁਸਾਰ ਜਿਵੇਂ ਕੜਾਹੇ ਦੇ ਕੁੰਡੇ ਦੋਵੇਂ ਫੜਿਆਂ ਬਾਕੀ ਕੜਾਹਾ ਸੁਤੇ ਸਿਧ ਹੀ ਵਿਚਾਲੇ ਆ ਜਾਂਦਾ ਹੈ ਤਿਵੇਂ 'ਗੁਰੂ ਸਿੰਘ' ਦੇ ਉਚਾਰਨ ਨਾਲ 'ਗੁਰੂ ਗੋਬਿੰਦ ਸਿੰਘ' ਸੁਤੇ ਹੀ ਸਿੱਧ ਹੋ ਜਾਂਦਾ ਹੈ।

## ਇਤਿਹਾਸ ਦੇ ਅਣਲਿਖੇ ਪੱਤਰੇ

"ਫੱਗਣ ਚੇਤਰ ਸੰਮਤ ਬਿਕਰਮੀ ੧੯੮੩—ਨਾ: ੪੫੮ ਮਾਰਚ ੧੯੨੭ ਫੁਲਵਾੜੀ ਜਿਲਦ ਤੀਜੀ" "ਅੰਕ ਪੰਜਵਾਂ" "ਅੰਗ ੩੩੭" "ਲੇਖਕ ਸ੍ਰੀਮਾਨ ਵਿਦਿਆ ਭੂਸ਼ਨ ਸ: ਕਾਨ੍ਹ ਸਿੰਘ ਜੀ ਨਾਭਾ" "ਮਹਾਂ ਪੁਰਖ ਬਾਬਾ ●ਅਜਾਪਾਲ ਸਿੰਘ ਸਾਹਿਬ ਜੀ"

"ਇਤਿਹਾਸ ਦੇ ਅਣਲਿਖੇ ਪੱਤਰੇ"

---

●"ਬਾਬਾ ਸਰੂਪ ਸਿੰਘ ਜੀ ਇਸ ਨਾਉਂ ਦਾ (ਭਾਵ) ਅਰਥ ਇਹ ਕਰਦੇ ਹੁੰਦੇ ਸੀ ਕਿ ਅਜਾ (ਦੀਨਾਂ) ਦੀ ਪਾਲਨਾ ਕਰਨ ਵਾਲੇ।"



Sri Satguru Jagjit Singh Ji eLibrary NamdhariElibrary@gmail.com

(ਅੰਗ ੧)

"ਮਹਾਂ ਪ੍ਰਤਾਪੀ ਤੇਜ ਪੁੰਜ ਬਾਬਾ ਅਜਾਪਾਲ ਸਿੰਘ ਜੀ ਸਾਹਿਬ ਕੌਣ ਸਨ। ਕਿਸ ਵੰਸ ਅਤੇ ਨਗਰ ਵਿਚ ਜਨਮੇਂ ਇਸ ਦਾ ਕੁਝ ਪਤਾ ਨਹੀਂ। ਉਹਨਾਂ ਦੀ ਜੋ ਕਥਾ ਮੈਨੂੰ ਮਾਨਜੋਗ ਪਿਤਾ[1] ਜੀ ਨੇ ਕੁਝ ਵਰ੍ਹੇ ਹੋਏ ਨੋਟ ਕਰਾਈ ਸੀ, ਉਹ ਗਿਆਨੀ ਹੀਰਾ ਸਿੰਘ ਜੀ (ਦਰਦ) ਦੀ ਦਰਖਾਸਤ ਪਰ ਪਾਠਕਾਂ ਦੀ ਭੇਟਾ ਕਰਦਾ ਹਾਂ"।

**ਸਿਰਲੇਖ :—** ੧. 'ਸਰੀਰ ਦੀ ਬਨਾਵਟ' ੨. 'ਲਿਬਾਸ' ੩. 'ਸ਼ੁਗਲ' ੪. 'ਪੰਜ ਗੁਰਮੁਖ ਸੇਵਕ' ੫. 'ਨਿਰਵਾਹ' ੬. 'ਸੇਵਕ' ੭. 'ਮਕਾਨ' ੮. 'ਨਿਤ ਦੀ ਰੀਤ' ੯. ਅੰਮ੍ਰਿਤ ਸੰਸਕਾਰ' ੧੦. 'ਵਿਦਿਆ' ੧੧. 'ਗੁਰਪੁਰਬ' ੧੨. 'ਉਪਦੇਸ਼'।

ਸਾਰਾ ਲੇਖ ਪੜ੍ਹਨ ਲਈ ਵੇਖੋ ਮੇਰਾ ਲਿਖਿਆ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ) ਇਥੇ ਮੈਂ ਪੁਸਤਕ ਦੇ ਅਕਾਰ ਵਧ ਜਾਣ ਦੇ ਭੈ ਤੋਂ ਸਿਰਲੇਖ ਦਾ ਥੋੜੇ ਅੱਖਰਾਂ ਵਿਚ ਅੰਗ ਦੇ ਕੇ ਉਸ ਵਿਚਲੇ ਸਾਰ ਹੀ ਦਿਆਂਗਾ।

(੨) ਵਿਚ "ਇਕ ਚਿੱਟਾ ਰੁਮਾਲ ਆਪ ਦੇ ਹਰ ਵੇਲੇ ਮੁਖ ਉਪਰ ਢਿਲੇ ਠਾਠੇ ਦੀ ਤਰ੍ਹਾਂ ਬੱਧਾ ਰਹਿੰਦਾ ਸੀ। ਜਿਸ ਤੋਂ ਮੁਛਹਿਰਆਂ ਅਤੇ ਮੁਖ ਅਰ ਅੱਧਾ ਦਾੜ੍ਹਾ ਢਕਿਆ ਰਹਿੰਦਾ ਸੀ।"

ਨੀਤੀ ਨਿਪੁੰਨ ਗੁਰੂ ਜੀ ਇਸ ਉਪਰ ਲਿਖੀ ਮਰਿਯਾਦਾ ਅਨੁਸਾਰ ਆਪ ਗੁਪਤ ਰਹਿਨ, ਸਿਞਾਣੇ ਜਾਣ ਦੀ ਜੁਗਤ ਬਣਾਈ ਹੋਈ ਸੀ। ਤਾਂ ਕਿ ਕੋਈ ਨੀਝ ਲਾਕੇ ਭੀ ਪੂਰਾ ਪਛਾਣ ਨਾ ਸਕੇ। ਤ:

(੩) ਇਕਾਂਤ ਵਾਸ ਕਰਕੇ ਨਾਮ ਸਿਮਰਨ ਵਿਚ ਲਿਵਲੀਨ ਰਹਿੰਦੇ ਸਨ, ਘੋੜੇ ਅਰ ਸ਼ਸਤ੍ਰਾਂ ਨਾਲ ਖਾਸ ਪਿਆਰ ਸੀ......

---

(੧) ਬਾਬਾ ਨਰਾਇਣ ਸਿੰਘ ਜੀ ਸਾਹਿਬ।



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਮਨ ਮਤੀਆਂ ਨੂੰ ਸੋਧਣਗੇ। ਜੋ ਗੁਰੂ ਸਿੰਘ ਜੀ ਦੀ ਰਹਿਤ ਧਾਰੇਗਾ, ਉਹ ਲੋਕ ਸੁਖੀ ਪਲੋਕ ਸੁਹੇਲਾ ਹੋਊਗਾ' ਆਦ ਬਾਬਾ ਜੀ ਦੇ ਸੰਕੇਤ ਕੀਤੇ ਕੁਝ ਬੋਲੇ ਭੀ ਸਨ।"

ਇਕਾਂਤ ਵਾਸ ਘੋੜੇ ਸ਼ਸਤ੍ਰਾਂ ਨਾਲ ਖਾਸ ਪਿਆਰ ਤੇ ਸੰਕੇਤ ਕੀਤੇ ਬੋਲੇ ਗੁਰੂ ਜੀ ਦਾ ਹੀ ਗੁਪਤ ਰਹਿਣਾ ਸਾਬਤ ਕਰਦੇ ਹਨ ਅਤੇ "ਗੁਰੂ ਜੀ ਮਨ ਮਤੀਆਂ ਨੂੰ ਸੋਧਣਗੇ" ਬਚਨ ਤੋਂ ਜ਼ਾਹਰ ਹੁੰਦਾ ਹੈ ਕਿ ਗੁਰੂ ਜੀ ਦਾ ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸੋਧਣ ਦਾ ਸੰਕੇਤ ਬੋਲਾ ਸੀ ਤੇ ਇਰਾਦਾ ਪ੍ਰਗਟ ਹੁੰਦਾ ਹੈ ਤੇ ਗੁਰੂ ਸਿੰਘ ਜੀ ਦੀ ਰਹਿਤ ਦਾ ਸਾਫ ਅਰਥ ਗੁਰਮਤ ਧਾਰੀਆਂ ਜੋਗ ਜਿਵੇਂ ਆਦ ਗ੍ਰੰਥ ਵਿਚ ਗੁਰ ਵਾਕ ਹੈ "ਲੋਕ ਸੁਖੀਏ ਪ੍ਰਲੋਕ ਸੁਹੇਲੇ"। ਤ:

(੪) "ਨਿਕਟ ਵਰਤੀ ਪੰਜ ਸਿੰਘ, ਜਿਨ੍ਹਾਂ ਦਾ ਅਸਲ ਨਾਉਂ ਥਾਉਂ ਸਾਨੂੰ ਮਾਲੂਮ ਨਹੀਂ। ਅਰ ਜੋ ਸੰਕੇਤ ਕੀਤੇ ਨਾਵਾਂ ਤੋਂ ਬੁਲਾਏ ਜਾਂਦੇ ਸਨ। ਹਰ ਵੇਲੇ ਮਕਾਨ ਅਗੇ ਵਾਰੇ ਵਾਰੀ ਹਾਜਰ ਰਹਿੰਦੇ ਸਨ।......ਸ਼ਸਤ੍ਰ ਵਿਦਿਆ ਦਾ ਅਭਿਆਸ ਕਰਨਾ ਅਤੇ ਹੋਰਨਾਂ ਨੂੰ ਸਿਖਾਉਣੀ ਇਹਨਾਂ ਦਾ ਕੰਮ ਸੀ।......ਪੰਜਾਂ ਸਿੰਘਾਂ ਬਿਨਾਂ......ਅੰਦਰ ਦਾਖਲ ਹੋਣ ਦੀ ਆਗਿਆ ਬਾਬਾ ਜੀ ਦੇ ਖਾਸ ਹੁਕਮ ਬਿਨਾਂ ਨਹੀਂ ਸੀ ਸੇਢਾਂ ਮਰਦਾਵੇਂ ਲਿਬਾਸ ਵਿਚ ਸ੍ਰੀ ਸਾਹਿਬ ਪਹਿਨੇ ਡਿਊੜੀ ਅੱਗੇ ਦਰਵਾਨ ਦੀ ਥਾਂ ਰਹਿਆ ਕਰਦੀ ਸੀ"।

ਉਪਰ ਲਿਖੇ ਸਭ ਬਚਨਾਂ ਤੋਂ ਗੁਰੂ ਜੀ ਦਾ ਗੁਪਤ ਰਹਿਣਾ ਹੀ ਆਪਣੀ ਨੀਤੀ ਤੇ ਖਬਰਦਾਰੀ ਪਹਿਰੇ ਤੇ ਸੰਕੇਤਕ ਬੋਲਿਆਂ ਤੋਂ ਪ੍ਰਤੀਤ ਹੁੰਦਾ ਹੈ। ਜਿਸਦਾ ਹੋਰ ਨੂੰ ਭੇਦ ਨ ਸੀ।

---

(੫) 'ਨਿਰਵਾਹ' ਜੋ ਰਸਦ, ਸ਼ਭ ਦੇ ਵਸਤਰ, ਘੋੜਿਆਂ ਲਈ ਰਾਤਬ ਦਾਣਾ, ਸਿਕਲੀਗਰਾਂ ਦੀ ਨੌਕਰੀ ਦਾ ਬਾਘਰਾ ਸਿੰਘ ਹੀ



Sri Satguru Jagjit Singh Ji eLibrary NamdhariElibrary@gmail.com

ਖਰਚ ਕਰਦਾ ਸੀ "ਉਸਨੂੰ ਮਾਇਆ ਕਿਥੋਂ ਮਿਲਦੀ ਸੀ ਇਸ ਦਾ ਕਿਸੇ ਨੂੰ ਕੁਛ ਪਤਾ ਨਹੀਂ"।

ਭਾਈ ਸਾਹਿਬ ਜੀ ਦਾ ਇਹ ਲਿਖਿਆ ਭੀ ਏਹੋ ਸਾਬਤ ਕਰਦਾ ਹੈ ਕਿ ਉਹ ਸਮਰੱਥ ਸਰਬ ਸ਼ਕਤੀਆਂ ਖਜ਼ਾਨਿਆਂ ਦੇ ਮਾਲਕ ਨੀਤੀ ਨਿਪੁੰਨ ਦਸ਼ਮ ਗੁਰਦੇਵ ਜੀ ਹੀ ਸੀ ਜੋ ਆਪੇ ਨੂੰ ਆਪ ਹੀ ਜ਼ਾਣਦੇ ਸਨ। ਤ:

(੬) "ਝਿੜੀ ਸੰਘਣੇ ਰੁਖਾਂ ਦਾ ਝੁੰਡ" ਵਿਚ ਵੀ ਸੇਵਕਾਂ ਨੂੰ ਵਖਰੀ ਕੁਟੀਆ ਪਾ ਕੇ ਰਹਿਣ ਦੀ ਨੀਤੀ ਤੋਂ ਭੀ ਦਸਮ ਜੀ ਦਾ ਗੁਪਤ ਰਹਿਣਾ ਹੀ ਸਿਧ ਹੁੰਦਾ ਹੈ।

(੭) "ਮਕਾਨ ਸੰਘਣੇ ਰੁਖਾਂ ਵਿਚਾਲੇ ਦੇ ਵਿਚ ਗੋਲੀ ਚਲੌਣੇ ਵਾਲੇ ਜਿਕਰ ਦਸਦੇ ਹਨ ਕਿ ਲੋੜ ਵੇਲੇ ਚਮਕੌਰ ਵਾਂਗੂ ਵੈਰੀ ਨੂੰ ਨਿਸ਼ਾਨਾ ਬਣਾ ਸਕਣ ਵਾਲੇ ਗੁਰੂ ਜੀ ਹੀ ਸੀ ਪੰਜਾਂ ਸਿੰਘਾਂ ਬਿਨਾਂ ਜਿਥੇ ਹੋਰ ਨਹੀਂ ਜਾ ਸਕਦਾ ਸ਼ੀ। ਪੰਜ ਘੋੜੇ ਹਮੇਸ਼ਾ ਤੇ ਹੋਰ ਟੱਟੂ ਤਿਆਰ ਰਹਿੰਦੇ ਤੇ ਚੌਬਾਰੇ ਤੋਂ ਖੜੇ ਹੀ ਗੁਰੂ ਜੀ ਦਰਸ਼ਨ ਦੇਂਦੇ" ਤੋਂ ਸਿਧ ਹੁੰਦਾ ਹੈ ਕਿ ਗੁਰੂ ਜੀ ਗੁਪਤ ਰਹਿਣਾ ਆਪਣੀ ਨੀਤੀ ਅਨੁਸਾਰ ਚਾਹੁੰਦੇ ਸੀ ਅਤੇ ਬਸੰਤੀ ਫਰਰੇ ਵਾਲਾ ਨਿਸ਼ਾਨ ਝੂਲਦਾ ਖਾਲਸੇ ਦੇ ਖਸਮ ਦੀ ਸੂਝ ਦੇਂਦਾ ਸੀ ਸੂਝਵਾਨਾਂ ਨੂੰ।

(੮) "ਖਾਨ ਪਾਨ ਇਸ਼ਨਾਨ ਆਦਿ" ਕਿਰਿਆ ਬਹੁਤ ਗੁਪਤ ਜੋ ਏਤਲੀ ਸੀ ਕਿ ਖਾਸ ਸੇਵਕ ਬਾਬਾ ਸਰੂਪ ਸਿੰਘ ਜੀ ਭੀ ਵੇਖ ਨਾ ਸਕੇ ਸੀ ਤੇ ਅਰਦਾਸੇ ਵਿਚ ਸਿੰਘਾਂ ਦਾ ਕਹਿਣਾ "ਕਲਾ ਗੁਰੂ ਸਿੰਘ ਜੀ ਦੀ ਵਰਤੇ" ਤੇ ਬਹੁਤ ਸੁਚ ਸੰਜਮ ਦਾ ਲੰਗਰ ਦੇ ਤਿਆਰ ਤੇ ਵਰਤਣ ਦੇ ਵਰਤਾਉ ਤੋਂ ਦਸਮੇਂ ਗੁਰੂ ਜੀ ਦੇ ਸੰਕੇਤਕ ਸ਼ਬਦਾਂ ਵਰਤਨਾਂ ਨਾਲ ਲਿਖਤਾਂ ਦਾ ਸਬੂਤ ਹੈ।



Sri Satguru Jagjit Singh Ji eLibrary NamdhariElibrary@gmail.com

(੯) "ਅੰਮ੍ਰਿਤ ਭੀ ਚੁਬਾਰੇ ਤੋਂ ਖੜਦੇ, ਵਿਚ ਹੀ ਬਣਦਾ ਤੇ ਨਿਰਮਲ ਬਸਤਰ ਪਹਿਨਾ ਅੰਮ੍ਰਿਤ ਛਕਾਉਂਦੇ ਤੇ ਪੰਜਾਂ ਪਤਾਸਿਆਂ ਤੋਂ ਵੱਧ ਅੰਮ੍ਰਿਤ ਵਿਚ ਨਾ ਪੌਣੇ" ਆਦ ਮਰਯਾਦਾ ਦੇ ਮਾਲਕ ਗੁਰੂ ਜੀ ਦੇ ਗੁਪਤ ਰੂਪ ਹੋਣ ਦਾ ਸੰਕੇਤ ਦੇਂਦੇ ਹਨ। ਅਰਥਾਤ ਮੇਰੇ ਵਲੋਂ ਪੰਜ ਹੀ ਪ੍ਰਵਾਨ ਹਨ ਤੇ ਮੈਂ ਸਭ ਤੋਂ ਨਿਆਰਾ ਗੁਪਤ ਰੂਪ ਵਿਚ ਹਾਂ।

(੧੦) "ਆਪ ਕਈ ਕਰਤੱਵ ਗੁਲੇਲ ਗੋਲੀ ਨਾਲ ਕਰਨੇ ਤੇ ਸੇਵਕਾਂ ਦੇ ਭੀ ਐਸੇ ਹੀ ਕਰਤੱਵ ਦੇਖਣੇ ਤੇ ਭੁਲ ਦੱਸਣੀ ਤੇ ਸਭ ਜਾਚਾਂ ਬਸਤਰ ਪੌਣ, ਸ਼ਸਤਰ ਚਲੌਣ ਕਾਠੀ ਦਾ ਕੰਮ ਸਸ਼ਤਰ ਤੇਜ਼ ਕਰਨ ਵਾਲਾ ਗੁਰੂ ਸਿੰਘ ਜੀ ਦੇ ਜਥੇ ਵਿਚ ਸ਼ਾਮਲ ਹੋਣ ਦੇ ਲਾਇਕ ਹੋ ਸਕਦਾ ਹੈ।" ਤੋਂ ਭੀ ਦਸਮ ਜੀ ਦਾ ਹੋਣਾ ਹੀ ਸਾਬਤ ਹੁੰਦਾ ਹੈ।

(੧੧) "ਅੱਸੂ ਸੁਦੀ ੧੦ ਦਾ ਗੁਰਪੁਰਬ ਗੁਰੂ ਨਾਨਕ ਜੀ ਵਲੋਂ ਅੰਗਦ ਜੀ ਨੂੰ ਸਕਤ ਗੁਰਤਾ ਦੇਣ ਦਾ ਸਭ ਤੋਂ ਵੱਡਾ ਮੰਨਣਾ ਭੀ ਦਸਦਾ ਹੈ ਕਿ ਦਸਮ ਗੁਰੂ ਜੀ ਇਸ ਗੁਰ ਪ੍ਰੰਪਰਾ ਨੂੰ ਪਰਮ ਉਤਮ ਮੰਨਦੇ ਸੀ ਤੇ ਅੱਗੋਂ ਗੁਰੂ ਬਾਲਕ ਸਿੰਘ ਜੀ ਨੂੰ ਦੇਣ ਤੱਕ ਆਪ ਉਸੇ ਦੇਹ ਵਿਚ ਰਹੇ ਹਨ। ਜੇਹਾ ਕਿ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਲਿਖਿਆ ਹੈ "ਗੁਰ ਦਸਮ ਦਰਸਦੇ ਜੋ ਕਹਿਉ ਤਾਹਿ ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।"

(੧੨) ਸ਼ਸਤਰਾਂ ਦਾ ਅਭਿਆਸ ਕਰੋ, ਘੋੜੇ ਅਤੇ ਬੈਲ ਦੀ ਨਸਲ ਵਧਾਉ, ਏਸ ਦੀ ਸੇਵਾ ਕਰੋ, ਨਿਰਭੈ ਅਤੇ ਨਿਰਵੈਰ ਰਹੋ, ਸਵਾਰਥ ਤਿਆਗੋ।" ਉਪਦੇਸ਼ ਦੇਣਾ ਤੇ ਕਹਿਣਾ ਕਿ "ਤੁਹਾਡੇ ਲਈ ਗੁਰੂ ਸਿੰਘ ਦਾ ਦਰਬਾਰ ਖੁਲ੍ਹਾ ਹੈ" ਭੀ ਦਸਮ ਗੁਰੂ ਜੀ ਦੀ ਸੋਝ ਦੇਂਦਾ ਹੈ।



Sri Satguru Jagjit Singh Ji eLibrary NamdhariElibrary@gmail.com

"ਚੇਤਰ ਵਿਸਾਖ ੧੯੮੩—੮੪ ਬਾਬਾ ਅਜਾਪਾਲ ਸਿੰਘ ਜੀ ਅੰਗ ੪੬੧ "ਮਹਾਂਪੁਰਖ ਬਾਬਾ ਅਜਾਪਾਲ ਸਿੰਘ ਜੀ" ਵਲੋਂ ਸ੍ਰੀਮਾਨ ਪੰਥ ਰਤਨ ਸ੍ਰ: ਕਾਨ੍ਹ ਸਿੰਘ ਜੀ ਨਾਭਾ" "ਅੰਕ ੨"

"ਮਹਾਂ ਪੁਰਖ ਬਾਬਾ ਅਜਾਪਾਲ ਸਿੰਘ ਜੀ ਆਪਣੀ ਕਥਾ ਕਦੇ ਕਿਸੇ ਨੂੰ ਕੁਝ ਨਹੀਂ ਸੁਣਾਈ। ਉਹਨਾਂ ਦੇ ਨਿਕਟ ਵਰਤੀ ਸੇਵਕਾਂ ਦਾ ਨਿਸਚਾ ਸੀ ਕਿ ਕਲਗੀਧਰ ਜੀ ਦੱਖਣ ਵਿਚ ਜੋਤੀ ਜੋਤ ਨਹੀਂ ਸਮਾਏ ਕਿਉਂਕਿ ਸ਼ਸਤਰ ਅਤੇ ਸਰੀਰ ਦੀਆਂ ਅਸਥੀਆਂ ਅੰਗੀਠੇ ਵਿਚੋਂ ਨਹੀਂ ਨਿਕਲੀਆਂ ਅਤੇ ਤਬੇਲੇ ਵਿਚੋਂ ਖਾਸ ਸਵਾਰੀ ਦਾ ਘੋੜਾ ਭੀ ਗਾਇਬ ਹੋ ਗਿਆ ਸੀ। ਗੁਰੂ ਸਾਹਿਬ ਗੁਪਤ ਰੂਪ ਨਾਲ ਪੰਜਾਬ ਵਿਚ ਬਾਬਾ ਅਜਾਪਾਲ ਸਿੰਘ ਜੀ ਦੇ ਨਾਮ ਨਾਲ ਰਹੇ ਹਨ।

ਇਸ ਖਿਆਲ ਦੀ ਪੁਸ਼ਟੀ ਉਹ ਇਸ ਬਾਤ ਤੋਂ ਕਰਦੇ ਕਿ ਬਾਬਾ ਸਾਹਿਬ ਦੀ ਵੱਖੀ ਵਿਚ ਸ਼ਸਤਰ ਦਾ ਪੁਰਾਣਾ ਘਾਉ ਅੰਤ ਸਮੇਂ ਵੇਖਿਆ ਗਿਆ ਸੀ। ਅਰ ਉਨ੍ਹਾਂ ਦੇ ਰਹੁ ਰੀਤ ਅਤੇ ਤੇਜ ਪ੍ਰਤਾਪ ਅ-ਮਨੁਖੀ ਸੀ ਅਰ ਦੇਸ਼ ਦੀ ਨੀਤੀ ਨਾਲ ਬਾਬਾ ਜੀ ਦਾ ਜ਼ਰੂਰ ਕੋਈ ਸ਼ਬੰਧ ਸੀ ਉਨ੍ਹਾਂ ਪਾਸ ਵੇਲੇ ਕੁਵੇਲੇ ਅਨੇਕ ਲਿਬਾਸ ਵਿਚ ਕਈ ਸਿੰਘ ਆਉਂਦੇ ਤੇ ਰਹਿੰਦੇ ਸਨ ਅਰ ਕਈ ਵਾਰ ਪੰਜਾਂ ਸਿੰਘਾਂ ਵਿਚੋਂ ਘੋੜੇ ਸਮੇਤ ਕਦੀ ਇਕ ਕਦੀ ਦੋ ਅਸਥਾਨਾਂ ਤੋਂ ਗੈਰ ਹਾਜ਼ਰ ਬਿਨਾਂ ਕਿਸੇ ਨੂੰ ਖਬਰ ਦਿਤੇ ਰਹਿੰਦੇ ਸਨ। ਅਰ ਅਨੇਕ ਸਿੰਘ ਸ਼ਸਤਰ ਲੈ ਜਾਇਆ ਕਰਦੇ ਸਨ ਮੈਂ ਇਸ ਮਾਮਲੇ ਤੇ ਆਪਣੀ ਪੱਕੀ ਰਾਏ ਕਾਇਮ ਨਹੀਂ ਕੀਤੀ।

ਪਰ ਜੇ ਬਾਬਾ ਜੀ ਦੇ ਸੇਵਕਾਂ ਦਾ ਖਿਆਲ ਸਹੀ ਮੰਨ ਲਿਆ ਜਾਵੇ ਤਾਂ ਬਾਬਾ ਅਜਾਪਾਲ ਸਿੰਘ ਜੀ ਦੀ ਸਾਰੀ ਉਮਰ ੧੪੬ ਵਰ੍ਹੇ ਦੀ ਜੁੜਦੀ ਹੈ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ



Sri Satguru Jagjit Singh Ji eLibrary NamdhariElibrary@gmail.com

ਜਨਮ ਸੰਮਤ ੧੭੨੩ ਦਾ ਹੈ, ਅਬਚਲ ਨਗਰ ਦਾ ਕੌਤਕ ਸੰਮਤ ੧੭੬੫ ਵਿਚ ਵਰਤਿਆ ਹੈ ਅਰ ਬਾਬਾ ਅਜਾਪਾਲ ਸਿੰਘ ਜੀ ਦਾ ਦੇਹਾਂਤ ਜੇਠ ਸੁਦੀ ੫ ਸੰਮਤ ੧੯੬੯ ਨੂੰ ਹੋਇਆ ਹੈ।

ਉਪਰ ਲਿਖੇ ਪ੍ਰਸੰਗ ਦੇ ਖੰਡਨ ਮੰਡਨ ਨੂੰ ਛੱਡ ਕੇ ਬਾਬਾ ਸਾਹਿਬ ਦੀ ਵਿਸਥਾਰ ਨਾਲ ਕਥਾ ਜੋ ਪਿਤਾ ਜੀ ਨੇ ਨੋਟ ਕਰਵਾਈ ਹੈ ਉਸ ਵਿਚੋਂ ਸੰਖੇਪ ਨਾਲ ਕੁਛ ਉਹ ਪ੍ਰਸੰਗ ਅੱਗੇ ਲਿਖਦਾ ਹਾਂ ਜਿਨ੍ਹਾਂ ਤੋਂ ਪੰਥ ਨੂੰ ਕੁਝ ਲਾਭ ਪਹੁੰਚੇ।"

ਪਾਠਕ ਚੇਤੇ ਰੱਖਣ ਕਿ ਮੈਂ ਇਸ ਉਪਰ ਲਿਖੇ ਦੂਜੇ ਅੰਕ ਦੇ ਪਹਿਲੇ ਹਿੱਸੇ ਤੇ ੧੬ ਪੁਸ਼ਟੀ ਪ੍ਰਮਾਣ ਦਸ ਆਇਆ ਹਾਂ। ਜੋ ਸਿਧ ਕਰਦੇ ਹਨ ਕਿ ਠੀਕ ਨਾਭੇ ਰਹਿਣ ਵਾਲੇ "ਗੁਰੂ ਸਿੰਘ" ਜੀ ਦਸਮ ਗੁਰੂ ਜੀ ਸਨ। ਹੁਣ ਪਾਠਕ ਇਸ ਦੇ ਨਾਲ ਲਗਦਾ ਲੇਖ "ਇਤਿਹਾਸ ਦੇ ਅਣਲਿਖੇ ਪੱਤਰੇ" ਵੀ ਪੜ੍ਹਨ ਤੇ ਵਿਚਾਰਨ ਲਈ ਮੇਰੇ ਲਿਖੇ "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ" ਵਿਚੋਂ ਪੜ੍ਹਨ ਏਥੇ ਮੈਂ ਸਿਰਫ ਅੰਗ ਤੇ ਸਿਰਲੇਖ ਨਾਮੇ ਦੇ ਕੇ ਉਸ ਵਿਚਲਾ ਤੱਤ ਹੀ ਦਸਾਂਗਾ। ਤ:

(੧) ਪ੍ਰਸੰਗ ਭਾਦਰੇ ਦੇ ਰਾਜਪੂਤ ਦੀ ਸਹੈਤਾ, ਤੇ ਜੀਂਦ ਨਿਵਾਸ, ਪਟਿਆਲੇ ਪਾਸ ਝਿੜੀ ਅੰਦਰ ਨਿਵਾਸ, ਨਾਭੇ ਆਕੇ ਵਿਰਾਜੇ.....ਜਿਥੇ ਗੁਰਦੁਆਰਾ ਹੈ। (੨) "ਮਾਤਾ ਪਿਤਾ ਦੀ ਸੇਵਾ" (੩) "ਦੁਖੀਆਂ ਦਾ ਦੁਖ ਦੂਰ ਕਰਨਾ" (੪) "ਅਨੰਦ ਸੰਸਕਾਰ" (੫) "ਕੰਨਿਆਂ ਦੇ ਧਨ ਦਾ ਨਿਖੇਧ" (੬) "ਕੀਰਤਨ" (੭) "ਸੁਖਣਾ ਮੰਨਤ" (੮) "ਨਿਰਮਲਤਾ"।

'ਫੁਲਵਾੜੀ' ੪੬੧ ਤੋਂ ੪੬੫ ਪੰਨੇ ਤੱਕ

ਸੰਮਤ ੧੯੧੧ ਤੋਂ ਪਹਿਲੇ ਦਾ ਕੋਈ ਪ੍ਰਸੰਗ ਮੇਰੀ ਨੋਟ ਬੁਕ ਵਿਚ ਨਹੀਂ। ੧੯੧੨ ਵਿਚ ਰਾਜਪੂਤਾਨੇ ਦੇ ਭਾਦਰਾ ਨਗਰ



Sri Satguru Jagjit Singh Ji eLibrary NamdhariElibrary@gmail.com

ਵਿਚ ਇਕ ਦੁਖੀ ਵਿਪਦਾ ਗ੍ਰਸੇ ਰਾਜਪੂਤ ਦੀ ਸਹਾਇਤਾ ਦਾ ਪ੍ਰਸੰਗ ਹੈ ਕਿ ਬਾਬਾ ਜੀ ਨੇ ਜੰਗ ਵਿਚ ਉਸਦੀ ਸਹਾਇਤਾ ਕਰਕੇ ਜਗੀਰ ਅਤੇ ਗੜ੍ਹੀ ਉਪਰ ਕਬਜ਼ਾ ਕਰਵਾਇਆ।

ਭਾਈ ਸਾਹਿਬ ਸ੍ਰ: ਕਾਂਹਨ ਸਿਘ ਜੀ ਨਾਭਾ ਦੀਆਂ ਤਿੰਨ ਹੋਰ ਲਿਖਤਾਂ (ਭਾਦਰਾ) (ਜਨਵਾਰਾ) (ਅਜਾਪਾਲ ਸਿੰਘ) ਅਰਥਾਤ ਤਿੰਨ ਅਰਥਾਂ ਕੀਤਿਆਂ ਦੇ ਹਵਾਲੇ "ਮਹਾਨ ਕੋਸ਼" ਵਿਚੋਂ ਪਾਠਕਾਂ ਦੀ ਭੇਟਾ ਕਰਦਾ ਹਾਂ ਜਿਨ੍ਹਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ ਹੀ ਦਿਸੇਗਾ ਅਤੇ ਨਦੇੜ ਕੌਤਕ ਬਾਦ (ਦਸਮ ਗੁਰ ਦਰਸ਼ਨ) ਹੀ ਸਿੱਧ ਹੋਵੇਗਾ।

---

(ਭਾਦਰਾ) "ਬੀਕਾਨੇਰ ਦੇ ਰਾਜ ਵਿਚ ਰਾਜ ਗੜਨਜਾਮਤ ਦੀ ਇਕ ਤਹਿਸੀਲ ਦਾ ਪ੍ਰਧਾਨ ਨਗਰ ਹੈ। ਇਹ ਸਰਸੇ ਤੋਂ ੧੨ ਮੀਲ ਦੂਰ ਦੱਖਣ ਪੂਰਬ, ਬੀਕਾਨੇਰ ਤੋਂ ੧੨੬ ਮੀਲ ਉਤਰ ਪੂਰਬ ਅਤੇ ਹਿਸਾਰ ਤੋਂ ੨੫ ਮੀਲ ਪੱਛਮ ਵੱਲ ਹੈ।" 'ਜਨਵਾਰਾ' ਹੈਦਰਾਬਾਦ ਦੱਖਣ ਦੇ ਰਾਜ ਵਿਚ ਬਿਦਰ ਦੇ ਪਾਸ ਇਕ ਨਗਰ ਜਿਸ ਦੇ ਰਾਈਸ ਰੁਸਤਮ ਰਾਏ ਤੇ ਬਾਲਾ ਰਾਏ ਨੂੰ ਦਸਮੇਸ਼ ਜੀ ਨੇ ਕੈਦ ਚੋਂ ਛੁਡਾਇਆ ਸੀ।" "ਅਜਾਪਾਲ ਸਿੰਘ ਜੀ ਬਾਬਾ" "ਮਹਾਂ ਪੁਰਖ ਬਾਬਾ ਅਜਾਪਾਲ ਸਿੰਘ ਜੀ ਕੌਣ ਸਨ। ਕਿਸ ਨਗਰ ਕਿਸ ਵੰਸ ਵਿਚ ਪ੍ਰਗਟੇ ਇਸਦਾ ਕਿਸੇ ਨੂੰ ਪਤਾ ਨਹੀਂ। ਇਹ ਮਹਾਂ ਪ੍ਰਤਾਪੀ, ਸ਼ਸ਼ਤਰ ਵਿਦਿਆ ਦੇ ਅਚਾਰੀਯ, ਨਾਮ ਦੇ ਰਸੀਏ, ਤਪ ਦੀ ਮੂਰਤ ਹੋਏ ਹਨ। ਸੰਮਤ ੧੮੧੨ ਬਿ: ਵਿਚ ਰਾਜਪੂਤਾਨੇ ਰਾਈਸ ਦੀ ਸਹਾਇਤਾ ਕਰਨੀ ਅਤੇ ਜੀਂਦ ਪਟਿਆਲੇ ਪਾਸ ਜੰਗਲ ਵਿਚ ਨਿਵਾਸ ਕਰਨਾ ਸੁਣਿਆ ਗਿਆ ਹੈ। ਪਰ ਪੂਰੀ ਕਥਾ ਨਹੀਂ ਮਿਲਦੀ। ਬਾਬਾ ਜੀ ਨੇ ਸੰਮਤ ੧੮੩੦ ਵਿਚ ਨਾਭੇ



Sri Satguru Jagjit Singh Ji eLibrary NamdhariElibrary@gmail.com

ਕੋਲ ਇਕ ਝਿੜੀ ਵਿਚ ਨਿਵਾਸ ਕੀਤਾ ਜਿਥੇ ਉਹ ਪ੍ਰਲੋਕ[1] ਗਮਨ ਭੀ ਕਰ ਗਏ। ਏਥੇ ਰਹਿ ਕੇ ਆਪ ਨੇ ਸਿਖ ਧਰਮ ਅਤੇ ਸ਼ਸਤਰਾਂ ਦਾ ਪੂਰਾ ਪ੍ਰਚਾਰ ਕੀਤਾ। ਬਾਬਾ ਜੀ ਦੇ ਅਦਭੁਤ ਸ਼ਸਤਰਾਂ ਦਾ ਹੁਣ ਭੀ ਗੁਰਦੁਆਰੇ ਦਰਸ਼ਨ ਹੁੰਦਾ ਹੈ"। (ਮਹਾਨ ਕੋਸ਼)

ਜਨਵਾਰਾ ਵਾਲੇ ਰਾਜਪੂਤਾਂ ਦਾ ਪ੍ਰਸੰਗ ਗੁਰੂ ਜੀ ਦੇ ਨਦੇੜ ਕੌਤਕ ਕੀਤੇ ਤੋਂ ਬਾਦ ਦਾ ਏ ਜੋ ਇਤਿਹਾਸ਼ਕਾਰਾਂ ਦੇ ਹਵਾਲੇ ਨਾਲ ਮੇਰੀ ਵਲੋਂ ਪਾਠਕ ਪੜ੍ਹ ਆਏ ਹਨ ਅਤੇ ਸਭ ਸਿਖ ਪੰਥ ਮੰਨਦਾ ਹੈ। ਭਾਦਰਾ ਦੇ ਰਾਜਪੂਤ ਦੀ ਸਹਾਇਤਾ ਦਾ ਪ੍ਰਸੰਗ ਭਾਈ ਸਾਹਿਬ ਨੇ "ਇਤਿਹਾਸ ਦੇ ਅਣਲਿਖੇ ਪੱਤਰੇ" ਵਿਚ ਭੀ ਲਿਖਿਆ ਹੈ। ਜਿਸ ਤੋਂ ਸਿਧ ਹੁੰਦਾ ਹੈ ਕਿ ਦਸਮੇਂ ਗੁਰੂ ਜੀ ਹੀ ਭਾਦਰੇ ਦੇ ਰਾਜਪੂਤ ਦੀ ਸਹਾਇਤਾ ਕਰਨ ਵਾਲੇ ਤੇ ਬਾਦ ਜੀਂਦ ਪਟਿਆਲੇ ਤੇ ਨਾਭੇ ਆ ਵਿਰਾਜਨ ਵਾਲੇ ਸਨ। ਗੁਰਦੁਆਰਾ ਭੀ ਗੁਰੂ ਦਾ ਹੀ ਹੋ ਸਕਦਾ ਹੈ। ਹੋਰ ਧਰਮ ਜਗਾ ਧਰਮਸਾਲਾ ਹੀ ਕਹਾਂਦੀਆਂ ਹਨ।

ਹੁਣ ਮੈਂ ਹੋਰ ਇਤਿਹਾਸ (ਦਸਮ ਗੁਰ ਦਰਸ਼ਨ) ਪਸ਼ੌਰ ਵੱਲ ਦਾ ਲਿਖਦਾ ਹਾਂ। ਇਹ ਪ੍ਰਸੰਗ ਕਵੀ ਅਨੂਪ ਸਿੰਘ ਵਲੋਂ ਬੀਬੀ ਦਇਆ ਕੌਰ ਤੇ ਬੇਅੰਤ ਸਿੰਘ ਦੇ ਸਿਦਕ ਦਾ ਤੇ ਦਸਮੇਸ਼ ਜੀ ਦਾ ਉਨ੍ਹਾਂ ਦੀ ਸਹਾਇਤਾ ਕਰਨ ਦਾ ਏ। ਇਹ ਜੋੜੀ ਪਿਸ਼ੌਰ ਦੀ ਹੀ ਸੀ। ਪ੍ਰਸੰਗ ਦਾ ਅਰੰਭ ਇਸ ਤਰ੍ਹਾਂ ਦੋਹਰੇ ਤੋਂ ਹੁੰਦਾ ਹੈ।

ਦੋ: ਸਤਿਗੁਰ ਸੱਚੇ ਪਾਤਸ਼ਾਹ ਪੂਰੀ ਕਰੋ ਉਮੰਗ।
ਲਿਖ ਕੇ ਕਹੇ ਅਨੂਪ ਸਿੰਘ ਦਇਆ ਕੌਰ ਪ੍ਰਸੰਗ।

---

(੧) ਬਾਬਾ ਜੀ ਜੇਠ ਸੁਦੀ ਪੰਜ ਸੰਮਤ ੧੮੬੯ ਨੂੰ ਗੁਰਪੁਰ ਪਧਾਰੇ ਹਨ।



Sri Satguru Jagjit Singh Ji eLibrary NamdhariElibrary@gmail.com

ਤੇ ਕਵੀ ਜੀ ਲਿਖਦੇ ਹਨ :—

(ਕੋਰੜਾ ਛੰਦ) ਬੀਬੀ ਦਇਆ ਕੌਰ ਵਸਦੀ ਪਿਸ਼ੌਰ ਜੀ ।
ਸੁਣੋ ਬੁਧੀਵਾਨ ਜ਼ਰਾ ਕਰ ਗੌਰ ਜੀ ।
ਗੁਰੂ ਘਰ ਨਾਲ ਰਖਦੀ ਪ੍ਰੇਮ ਜੀ ।
ਪੜ੍ਹੇ ਗੁਰਬਾਣੀ ਮੁਖੋਂ ਨਿਤਨੇਮ ਜੀ ।
ਕਰਦੀ ਸੀ ਸੇਵਾ ਸਿਖ ਸਾਧ ਸੰਤ ਦੀ ।
ਰਖਦੀ 'ਅਨੂਪ' ਓਟ ਭਗਵੰਤ ਦੀ ।
ਸੇਵਕ ਸੀ ਪੂਰੀ ਗੁਰੂ ਦਸਮੇਸ਼ ਦੀ ।
ਲਿਖਾਂ ਗੱਲ ਸਾਰੀ ਏਸ ਦੇ ਕਲੇਸ਼ ਦੀ ।

ਦੋ: ਪਤੀ ਬਿਅੰਤ ਸਿੰਘ ਏਸਦਾ ਸਤਿਗੁਰ ਦਾ ਸੀ ਸਿਖ ।
ਸਾਰਾ ਹਾਲ ਅਨੂਪ ਸਿੰਘ ਕਵੀ ਸੁਣਾਵੇ ਲਿਖ ।

(ਬੈਂਤ) ਤੇਰੇ ਵੀਰ ਦਾ ਹੋਣ ਵਿਆਹ ਲੱਗਾ,
ਲਿਖ ਘਲਿਆ ਉਸ ਦੀ ਮਾਈ ਉਸ ਨੂੰ ।
ਖਤ ਸੁਣਦਿਆਂ ਸਾਰ ਹੀ ਆਵਣਾ ਜੇ,
ਘੱਲੀ ਚਿੱਠੀ ਤੇ ਲਿਖ ਵਧਾਈ ਉਸਨੂੰ ।......

ਪਠਾਣ ਦਾ ਘੋੜਾ ਭਾੜੇ ਕਰਨ ਵੇਲੇ ਬਿਅੰਤ ਸਿੰਘ ਕਹਿੰਦਾ ਹੈ ਕਿ ਤੂੰ ਕੋਈ ਜਾਮਨ ਦੇਹ ਮਤ ਸਾਡੇ ਨਾਲ ਤੂੰ ਧੋਖਾ ਕਰੇਂ । ਤਾਂ ਪਠਾਣ ਕਹਿੰਦਾ ਹੈ :—

"ਕਹਿੰਦਾ ਬੋਲ ਪਠਾਣ ਬੇਅੰਤ ਸਿੰਘ ਨੂੰ,
ਸਾਡਾ ਜਾਮਨ ਹੈ ਗੁਰੂ ਦਸਮੇਸ਼ ਸ਼ਿਖਾ ।
ਕਰਾਂ ਬੇਈਮਾਨੀ ਦੋਜਕ ਵਿਚ ਜਾਵਾਂ,
ਜ ਕਰ ਦਿਆਂ ਕੋਈ ਦੁਖ ਕਲੇਸ਼ ਸਿਖਾ ।......
ਕੋਈ ਕਰੋ ਨਾ ਤੁਸੀਂ ਵਿਚਾਰ ਦਿਲ ਵਿਚ,
ਜਿਥੇ ਕਹੋਗੇ ਉਥ ਪਹੁੰਚਾ ਦਿਆਂਗਾ ।



Sri Satguru Jagjit Singh Ji eLibrary NamdhariElibrary@gmail.com

ਖਾਵਾਂ ਕਸਮ ਕੁਰਾਨ ਦੀ ਸੱਚ ਜਾਣੋ,
ਰਸਤੇ ਵਿਚ ਨਾਹੀ ਮੂਲੋਂ ਦਗਾ ਦਿਆਂਗਾ।......

ਬੇਅੰਤ ਸਿੰਘ ਨੂੰ ਦਇਆ ਕੌਰ ਨੇ ਕਿਹਾ ਕਿ ਘੋੜਾ ਤੁਰਕ ਦਾ ਨਹੀਂ ਕਰਨਾ ਸੀ। ਕਿਉਂਕਿ

"ਕਿਹਾ ਕਲਗੀਆਂ ਵਾਲੜੇ ਗੁਰਾਂ ਸਾਨੂੰ,
ਤੁਰਕਾਂ ਨਾਲ ਨਾਂ ਕਦੀ ਵਿਹਾਰ ਕਰੀਏ।
ਮਤਾ ਦਗਾ ਕਮਾਵੇ ਇਹ ਨਾਲ ਸਾਡੇ,
ਕਿਦੇ ਪਾਸ ਜਾ ਕੇ ਫਿਰ ਪੁਕਾਰ ਕਰੀਏ।......

ਦੋ: ਬਿਅੰਤ ਸਿੰਘ ਕਹੇ ਨਾਰ ਨੂੰ ਕਸਮਾਂ ਕਰੇ ਪਠਾਣ।
ਜਾਮਨ ਕਲਗੀ ਵਾਲੜਾ ਕਿਹਾ ਉਸ ਨੇ ਜਾਣ।
ਰਖੋ ਓਟ ਅਕਾਲ ਦੀ ਹੋਵੋ ਝਟ ਤਿਆਰ।
ਦਿਲੋਂ ਗਵਾਉ ਭਰਮ ਸਭ ਜੋ ਕਰਨੀ ਕਰਤਾਰ।......

ਜੰਗਲ ਵਿਚ ਜਾ ਕੇ ਦੁਪਹਿਰੇ ਆਰਾਮ ਕਰਨ ਲਈ ਦੋਵੇਂ ਸੌਂਦੇ ਹਨ।ਪਠਾਣ ਨੇ ਗਹਿਣੇ, ਕਪੜੇ ਤੇ ਦਇਆ ਕੌਰ ਤੇ ਬੇਈਮਾਨ ਹੋ ਕੇ ਸੁਤੇ ਸਿੰਘ ਨੂੰ ਛੁਰਾ ਮਾਰ ਕੇ ਮਾਰ ਦਿਤਾ ਤੇ ਦਇਆ ਕੌਰ ਨੂੰ ਕਿਹਾ :—

ਵੇਖ ਉਠ ਕੇ ਮਰ ਗਿਆ ਖੌਂਦ ਤੇਰਾ,
ਹੋ ਜਾ ਘੋੜੇ ਦੇ ਉਤੇ ਅਸਵਾਰ ਛੇਤੀਂ।
ਤੈਨੂੰ ਬੇਗਮ ਬਣਾਵਾਂਗਾ ਆਪਣੀ ਮੈਂ,
ਕੋਈ ਖੌਫ ਨਾ ਦਿਲ ਵਿਚ ਧਾਰ ਛੇਤੀਂ।
ਨਹੀਂ ਤਾਂ ਤੈਨੂੰ ਵੀ ਮਾਰ ਮੁਕਾ ਦਿਆਂਗਾ।
ਹੁਕਮ ਮੰਨ ਕੇ ਹੋ ਜਾ ਤਿਆਰ ਛੇਤੀਂ।
ਦਇਆ ਕੌਰ ਨੇ ਆਖਿਆ ਬੇਈਮਾਨਾਂ।
ਛੁਰਾ ਮੇਰੇ ਵੀ ਢਿਡ ਵਿਚ ਮਾਰ ਛੇਤੀਂ।



Sri Satguru Jagjit Singh Ji eLibrary NamdhariElibrary@gmail.com

(ਕਵੀ ਅਨੂਪ ਸਿੰਘ ਵਲੋਂ ਲੰਮਾ ਪ੍ਰਸੰਗ ਲਿਖਿਆ ਹੋਣ ਕਰਕੇ ਉਸ ਦੇ ਭਾਵ ਮੈਂ ਲਿਖਦਾ ਹਾਂ।)

(ਪ੍ਰਸਨੋਤਰੀ ਕਬਿਤ)

ਵੇਖ ਪਤੀ ਮੋਇਆ ਅਤੀ ਦੁਖੀ ਹੋਈ ਦਇਆ ਕੌਰ,
ਰੋਈ ਭੁਬਾਂ ਮਾਰ ਲਿਖੀ ਵਰਤ ਗਈ ਹੈ ਲੇਖ ਦੀ।
ਪੁਛਦਾ ਪਠਾਣ ਦਸ ਚੁੱਕ ਚੁੱਕ ਅੱਡੀਆਂ ਤੂੰ,
ਦਿਸਦਾ ਨਹੀਂ ਕੋਈ ਦਸ ਕਿਸ ਨੂੰ ਤੂੰ ਵੇਖਦੀ।
ਤੇਰਾ ਤੁਰਕ ਅਸਲਾ ਤੇ ਸਾਡਾ ਸਿਖੀ ਸਿਦਕ ਹੈ ਜੋ,
ਕਸਰ ਨਹੀਂ ਕਿਸੇ ਵਿਚ ਰਹੀ ਮੀਨ ਮੇਖ ਦੀ।
ਜਾਮਨ ਜੋ ਸਾਡਾ ਹੁਣ ਆਣ ਗੁਰੂ ਦਸਮਾਂ ਜੋ,
ਬਹੁੜਦਾ ਵੀ ਹੈ ਪਾਲ ਲਾਜ ਨਾਮ ਭੇਖ ਦੀ।

ਦੋ: ਉਥੇ ਸਤਿਗੁਰ ਬੇਲੀ ਹੋਵੇ ਗੁਰੂ ਵਾਕ ਅਨੁਸਾਰ।
ਬਹੁੜੇ ਦਸਮੇਂ ਸਤਿਗੁਰੂ ਬੀਬੀ ਕਰੇ ਦੀਦਾਰ। ਤ:

( ਬੈਂਤ )

"ਦਇਆ ਕੌਰ ਨੇ ਵੇਖਿਆ ਔਂਦਿਆਂ ਨੂੰ,
ਡਿਗੀ ਚਰਨੀ ਕਹੇ ਪੁਕਾਰ ਜਲਦੀ।
ਕਿਹਾ ਗੁਰਾਂ ਨੇ ਦਸ ਓਏ ਬੇਈਮਾਨਾ,
ਖਾ ਕੇ ਕਸਮ ਕਿਉਂ ਗਿਆ ਏ ਹਾਰ ਜਲਦੀ।
ਖੰਡਾ ਖਿਚ ਪਠਾਣ ਦਾ ਸਿਰ ਲਾਹਿਆ,
ਬਿਅੰਤ ਸਿੰਘ ਨੂੰ ਤੁਰਤ ਜੀਵਾਇਆ ਏ।
ਫੇਰ ਗੁਰੂ ਦਸਮੇਸ਼ ਅਲੋਪ ਹੋ ਗਏ,
ਆ ਕੇ ਬੀਬੀ ਨੇ ਹਾਲ ਸੁਣਾਇਆ ਏ।
ਜਾ ਕੇ ਵੇਖਿਆ ਵਿਆਹ ਭਰਾ ਵਾਲਾ,
ਸਚੇ ਰੱਬ ਦਾ ਸ਼ੁਕਰ ਮਨਾਇਆ ਏ।



Sri Satguru Jagjit Singh Ji eLibrary NamdhariElibrary@gmail.com

ਖੁਸ਼ੀ ਵੇਖ ਕੇ ਹੋਇਆ ਪ੍ਰਵਾਰ ਸਾਰਾ,
ਭੋਗ ਕਵੀ ਪ੍ਰਸੰਗ ਦਾ ਪਾਇਆ ਏ ।

ਅਨੂਪ ਸਿੰਘ ਰੇਡੀਓ ਸਿੰਗਰ
ਕੋਟ ਹਰਨਾਮ ਦਾਸ,
ਜ਼ਿਲਾ ਅੰਮ੍ਰਿਤਸਰ ।

ਭਾਵੇਂ ਉਪਰ ਲਿਖੇ ਪ੍ਰਸੰਗ ਵਿਚ ਸੰਮਤ ਦਾ ਨਾ ਹੋਣ ਕਰਕੇ ਤੇ ਕਵਿਤਾ ਦੇ ਪਖੋਂ ਕੁਝ ਕਮੀਆਂ ਹਨ ਪਰ ਤਾਂ ਭੀ ਇਹ ਪ੍ਰਸੰਗ ਆਪਣੇ ਆਪ ਵਿਚ ਸੱਚਾ ਹੋਣ ਵਿਚ ਆਮ ਪ੍ਰਸਿਧ ਹੈ । ਕਿਉਂਕਿ ਦਸਮ ਜੀ ਦਾ ਪਸ਼ੌਰ ਕਾਬਲ ਹਜਰੋ ਵਲ ਜਾਣਾ ਆਮ ਮਸ਼ਹੂਰ ਹੈ ਅਤੇ ਇਤਿਹਾਸਾਂ ਵਿਚ ਗਿਆਨੀ ਗਿਆਨ ਸਿੰਘ ਜੀ ਅਤੇ ਸੰਤ ਸੁਮੇਰ ਸਿੰਘ ਜੀ ਦੀ ਲਿਖਤ ਜੋ ਪਾਠਕ ਪਿਛੇ ਇਸੇ ਪੁਸਤਕ ਵਿਚ ਪੜ੍ਹ ਆਏ ਹਨ ਐਸੇ ਪ੍ਰਸਿਧ ਹਨ ।

ਝੂਠ ਬੋਲਣਾ ਜੂਠ ਖਾਣ ਤੋਂ ਮੰਦਾ ਹੁੰਦਾ ਕਈ ਹਿੱਸੇ ।
ਨਹੀਂ ਸਚਾਈ ਛਿਪੇ ਛਪਾਈ ਸਰ ਪਰ ਆਪੇ ਦਿਸੇ ।
'ਤਰਨ ਸਿੰਘ' ਹੈ ਸਰਣ ਗੁਰਾਂ ਦੀ ਸਭ ਸੱਚ ਵਸਤਾਂ ਦੇਂਦੀ ।
ਝੂਠੇ ਜੂਠਾਂ ਤੋਂ ਝੂਠੋਂ ਬਚਿਆਂ, ਸਚਿਆਂ ਦੁਨੀਆਂ ਵੇਂਹਦੀ ।

ਏਸੇ ਹੀ (ਦਸਮ ਗੁਰ ਦਰਸ਼ਨ) ਵਾਰਤਾ ਦੇ ਨਾਲ ਮਿਲਦੀ ਅਣਛਪੀ ਪੁਸਤਕ ਜੋ ਹਰਦਿਆਲ ਸਿੰਘ "ਰਸੀਲਾ" ਢਾਡੀ ਦੀ ਲਿਖੀ ਹੋਈ ਅਤੇ ਛੇਤੀ ਹੀ ਛਪਣ ਵਾਲੀ ਹੈ ਵਿਚੋਂ ਏਹੋ ਸਾਖੀ ਦੇਂਦਾ ਹਾਂ ਜੋ ਹੁਸ਼ਿਆਰਪੁਰ ਦੇ ਪਰਗਣੇ ਵਿਚ ਪੜ੍ਹੀ ਜਾਂਦੀ ਹੈ ਤੇ ਬੜੀ ਪ੍ਰਸਿਧ ਹੈ ਉਸ ਵਿਚੋਂ ਕੁਝ ਪੰਗਤੀਆਂ ਇਹ ਹਨ ।

ਬੀਬੀ ਦਇਆ ਕੌਰ ਗੁਰੂ ਜੀ ਨੂੰ ਉਡੀਕਦੀ ਵੇਖ ਕੇ ਪਠਾਣ ਆਖਦਾ ਹੈ—



Sri Satguru Jagjit Singh Ji eLibrary NamdhariElibrary@gmail.com

"ਜੇਹੜੇ ਗੁਰੂ ਨੂੰ ਤੂੰ ਪਈ ਯਾਦ ਕਰਦੀ,
ਓਸ ਔਣਾ ਨਹੀਂ ਉਹਨੂੰ ਵਿਸਾਰ ਜਲਦੀ।
ਜੇ ਉਹ ਜੀਊਂਦਾ ਏ ਏਸ ਜਹਾਨ ਉਤੇ,
ਕਿਉਂ ਨਹੀਂ ਆਣ ਲੈਂਦਾ ਤੇਰੀ ਸਾਰ ਜਲਦੀ।......

(ਦਸਮ ਗੁਰੂ ਜੀ ਨੇ ਆ ਕੇ ਪਠਾਣ ਨੂੰ ਮਾਰਨਾ ਅਤੇ ਸ: ਬਿਅੰਤ ਸਿਘ ਨੂੰ ਜੀਊਂਦਾ ਕਰਨਾ।)

ਓਸੇ ਘੜੀ ਹੀ ਆਣ ਕੇ ਦਸਮ ਗੁਰ ਜੀ,
ਅੱਖਾਂ ਭਖਦੀਆਂ ਡਾਹਢੇ ਕਰੋਪ ਹੋਏ।
ਜ਼ਾਲਮ ਮਾਰ ਬਿਅੰਤ ਸਿੰਘ ਕਰ ਜੀਂਦਾ,
ਦਸਮ ਗੁਰੂ 'ਰਸੀਲਾ' ਅਲੋਪ ਹੋਏ।

ਪੰਨਾਂ ੪੬ ਅਣਛਪੀ ਪੁਸਤਕ
"ਰਸੀਲੇ ਜਜ਼ਬੇ" ਵਿਚੋਂ

ਹੁਣ ਮੈਂ ਪਾਠਕਾਂ ਨੂੰ (ਦਸਮ ਗੁਰ ਦਰਸ਼ਨ) ਜੋਗ ਇਤਿਹਾਸਕਾਰ ਸ੍ਰੀਮਾਨ ਸੰਤ ਨਿਧਾਨ ਸਿੰਘ ਜੀ (ਆਲਿਮ) ਦੀ ਲਿਖਤ ਵਿਚੋਂ ਉਹਨਾਂ ਦੇ ਹੀ ਅੱਖਰਾਂ ਵਿਚ ਲਿਖ ਕੇ ਦਸਦਾ ਹਾਂ। ਜਿਸਦੇ ਪੜ੍ਹਨ ਨਾਲ ਹਜਰੋ ਪਸ਼ੌਰ ਵੱਲ ਦਸਮ ਗੁਰੂ ਜੀ ਜਾਣ ਦੇ ਇਤਿਹਾਸਕ ਸਬੂਤਾਂ ਜੋ ਪਾਠਕ ਪਿਛੇ ਗਿਆਨੀ ਗਿਆਨ ਸਿਘ ਜੀ ਦੇ "ਪੰਥ ਪ੍ਰਕਾਸ਼" ਦੇ ਹਵਾਲੇ ਤੇ ਮਹੰਤ ਸੁਮੇਰ ਸਿੰਘ ਜੀ "ਪੋਥੀ ਗੁਰ ਬਿਲਾਸ ਪਾਤਸ਼ਾਹੀ ਦਸਵੀਂ" ਦੇ ਹਵਾਲੇ ਅਤ ਕਵੀ ਅਨੂਪ ਸਿੰਘ ਜੀ ਦਾ "ਦਇਆ ਕੌਰ ਦਾ ਪ੍ਰਸੰਗ" ਪੜ੍ਹ ਆਏ ਹੋ। ਇਸੇ ਤਰ੍ਹਾਂ ਹੋਰ ਅੱਖੀਂ ਡਿੱਠੇ ਸਬੂਤ ਹਨ ਤੇ ਸ੍ਰੀ 'ਆਲਮ' ਜੀ ਵਲੋਂ "ਪੰਜਾਬੀ ਭੈਣ" ਰਸਾਲੇ ਦੇ ਐਡੀਟਰ ਤੇ ਸ੍ਰ: ਕਾਂਨ੍ਹ ਸਿੰਘ



Sri Satguru Jagjit Singh Ji eLibrary NamdhariElibrary@gmail.com

ਜੀ ਨਾਭਾ ਦੀ ਲਿਖਤ ਦਾ ਸਾਰ ਜੋ ਪਾਠਕ ਪੜ੍ਹ ਆਏ ਹਨ ਦੁਬਾਰਾ ਕੁਝ ਚੇਤੇ ਆਵੇਗਾ ।

"ਹਜ਼ੂਰ ਸਾਹਿਬ ਵਿਖੇ ਉਸ ਸਮੇਂ ਤੋਂ ਹੀ ਗੁਰੂ ਜੀ ਦੇ ਨਮਿਤ ਕੋਤਲ ਘੋੜੇ ਰਖੇ ਜਾਣ ਦਾ ਰਿਵਾਜ਼ ਵਰਤਮਾਨ ਕਾਲ ਤੱਕ ਪ੍ਰਚੱਲਤ ਹੈ । ਹੋਲੇ ਮਹੱਲੇ ਵਾਲੇ ਦਿਨ ਉਹ ਕੋਤਲ ਘੋੜੇ ਚੰਗੀ ਤਰ੍ਹਾਂ ਕੀਮਤੀ ਸਮਾਨ ਨਾਲ ਸ਼ਿੰਗਾਰ ਕੇ ਜਲੂਸ ਨਾਲ ਸ਼ਾਮਲ ਕੀਤੇ ਜਾਂਦੇ ਹਨ । ਜਿਨ੍ਹਾਂ ਦੇ ਉਪਰ ਸਵਾਰੀ ਕਰਨ ਦੀ ਕਿਸੇ ਨੂੰ ਵੀ ਆਗਿਆ ਨਹੀਂ ਹੁੰਦੀ । ਹੋਰ ਕਿਸੇ ਗੁਰੂ ਸਾਹਿਬ ਦੇ ਸਰੀਰ ਤਿਆਗਣ ਤੋਂ ਪਿਛੋਂ ਉਹਨਾਂ ਦੇ ਨਮਿਤ ਘੋੜੇ ਨਹੀਂ ਰਖੇ ਗਏ" ।

ਮਈ ੧੯੧੬ ਨੂੰ ਮਾਸਕ ਪੱਤਰ "ਪੰਜਾਬੀ ਭੈਣ" ਫੀਰੋਜ਼ਪੁਰ ਵਿਚ ਇਕ ਲੇਖ ਪ੍ਰਕਾਸ਼ਤ ਹੋਇਆ ਸੀ । ਜੋ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਗੁਰੂ ਜੀ ਹਜ਼ੂਰ ਸਾਹਿਬ ਵਿਚ ਜੋਤੀ ਜੋਤ ਨਹੀਂ ਸਮਾਏ ਸਨ ।

(੧) ਉਸ ਵਿਚ ਇਹ ਲਿਖਿਆ ਹੈ ਕਿ ਗੁਰੂ ਜੀ ਬਾਬਾ ਅਜਾਪਾਲ ਸਿੰਘ ਜੀ ਦੇ ਰੂਪ ਵਿਚ ਨਾਭੇ ਦੀ ਝਿੜੀ[੧] ਵਿਚ ਰਹੇ । "ਪੰਜਾਬੀ ਭੈਣ" ਦੇ ਐਡੀਟਰ ਸਾਹਿਬ ਇਸ ਸਬੰਧੀ ਆਪਣੀ ਰਾਏ ਕਾਇਮ ਕਰਦੇ ਹੋਏ ਲਿਖਦੇ ਹਨ, ਇਹ ਪ੍ਰਸੰਗ ਸੱਚਾ ਹੋਣ ਬਾਬਤ ਏਨਾਂ ਹੀ ਕਾਫੀ ਹੋਵੇਗਾ ਕਿ ਇਹ ਨੋਟ ਪ੍ਰਾਪਤ ਕਰਕੇ ਪੰਥ ਦੇ ਇਕ ਵਿਦਿਆ ਮੁਕਟਮਣੀ, ਮੰਨੇ ਪ੍ਰਮੰਨੇ ਤੇ ਗੁਰਮਤ ਤੇ ਗੁਰ ਇਤਿਹਾਸ ਦੇ ਪੂਰਨ ਗਿਆਤਾ ਵੀਰ ਜੀ ਨੂੰ ਦਿਖਾਏ ਗਏ ਹਨ ।......ਜੋ ਵੀਰ ਭੈਣਾਂ ਇਸ ਨੂੰ ਅੱਖਰਾਂ ਤੋਂ ਪਰੇ ਨੀਝ ਲਾਕੇ, ਡੂੰਘੀ ਦ੍ਰਿਸ਼ਟੀ ਨਾਲ ਵਿਚਾਰਨਗੇ ਉਹਨਾਂ ਨੂੰ ਸੱਚੇ ਪਾਤਸ਼ਾਹ

---

(੧) ਸੰਘਣੇ ਰੁਖਾਂ ਦਾ ਜੰਗਲ ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਕਲਗੀਧਰ ਜੀ ਦੇ ਸ੍ਰੀ ਅਬਚਲ ਨਗਰ ਵਿਚ ਭਾਣਾ ਵਰਤਾ ਦੇਣ ਦੇ ਨਾਲ ਲਗਦੇ ਹੀ ਪਿਛਲੇ ਸਮੇਂ ਦੀ ਅਲੌਕਿਕ ਝਾਕੀ ਦਿਸੇਗੀ ਤੇ ਇਸ਼ ਪ੍ਰਸੰਗ ਦੇ ਨਾਇਕ (ਬਾਬਾ ਅਜਾਪਾਲ ਸਿੰਘ ਜੀ) ਵਿਚ ਦਸਮ ਪਿਤਾ ਜੀ ਦੀ ਅਕਾਲੀ ਜੋਤ ਦਾ ਪ੍ਰਕਾਸ਼ ਭਾਸੇਗਾ। ਬਸ ਕਿਸੇ ਹੋਰ ਸੈਨਤ ਜਾਂ ਸੁਨਾਵੇ ਦੀ ਲੋੜ ਨਹੀਂ ਹੈ। ਸੰਪਾਦਕ "ਪੰਜਾਬੀ ਭੈਣ" ਵਾਲਾ ਪੂਰਵੋਕਤ ਲੇਖ ਦੂਜੀ ਵਾਰ ਪੰਜਾਬੀ ਦੇ ਪ੍ਰਸਿਧ ਮਾਸਕ ਪੱਤਰ "ਫੁਲਵਾੜੀ" ਵਿਖੇ ਫੱਗਣ ਚੇਤਰ ਤੇ ਚੇਤਰ ਵਿਸਾਖ ਸੰਮਤ ੧੯੯੩—੯੪ ਦੇ ਪਰਚਿਆਂ ਵਿਚ ਸ੍ਰ: ਬ: ਸ੍ਰ: ਕਾਂਹਨ ਸਿੰਘ ਜੀ ਨਾਭਾ ਦੇ ਨਾਮ ਹੇਠ ਪ੍ਰਕਾਸ਼ਤ ਹੋਇਆ। ਜਿਸ ਵਿਚ ਅੰਕਿਤ ਹੋਏ ਆਸ਼ੇ ਤੋਂ ਇਸ ਗੱਲ ਦੀ ਸਾਖੀ ਮਿਲਦੀ ਹੈ ਕਿ ਸ੍ਰੀ ਕਲਗੀਧਰ ਜੀ ਬਾਬਾ ਅਜਾਪਾਲ ਸਿੰਘ ਜੀ ਦੇ ਰੂਪ ਵਿਚ ਰਹੇ ਹਨ।

ਸ੍ਰ: ਬਹਾਦਰ ਜੀ ਲਿਖਦੇ ਹਨ, ਬਾਬਾ ਅਜਾਪਾਲ ਸਿੰਘ ਜੀ ਦੇ ਨਿਕਟ ਵਰਤੀ ਸਿਖਾਂ ਦਾ ਇਹ ਨਿਸਚਾ ਸੀ ਕਿ ਬਾਬਾ ਅਜਾਪਾਲ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਹੀ ਸਨ। ਕਿਉਂਕਿ ਪ੍ਰਤੱਖ ਵਿਚ ਸਾਹਿਬ ਸ੍ਰੀ ਕਲਗੀਧਰ ਜੀ ਹਜ਼ੂਰ ਸਾਹਿਬ ਜੋਤੀ ਜੋਤ ਨਹੀਂ ਸਮਾਏ ਸਨ।

ਗਿਆਨੀ ਗਿਆਨ ਸਿੰਘ ਜੀ ਆਪਣੇ ਪੰਥ ਪ੍ਰਕਾਸ਼ ਵਿਚ ਗੁਰੂ ਗੋਬਿਦ ਸਿੰਘ ਜੀ ਦਾ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ ਹੋਇਆ ਲਿਖਦੇ ਹਨ :—

ਬਾਲਕ ਮ੍ਰਿਗੇਸ਼ ਤੇ ਵਸ਼ੇਸ਼ ਉਪਦੇਸ਼ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੇ ਡਰੇ।
ਔਰ ਅਲਹਾਮ ਕਈ ਵਾਰ ਕਰਤਾਰ ਦਇਉ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।



Sri Satguru Jagjit Singh Ji eLibrary NamdhariElibrary@gmail.com

ਐਪੈ ਗੁਰ ਦਸਮ ਦਰਸ ਦੈ ਜੋ ਕਹਿਉ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹੂੈ ਭਰੇ ।
ਯਾਹਿ ਹਿਤ ਤਾਹਿ ਨਾਹਿ ਔਰ ਕਾਹਿ ਮਾਹਿ,
ਨਿਜ ਸਕਤ ਰਖਾਈ ਗੁਰ ਵਾਕ ਦਿਢ ਥੇ ਧਰੇ ।

ਏਸ ਪ੍ਰਮਾਣ ਤੋਂ ਭੀ ਸਿਧ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੇ ਸਮੇਂ ਤੱਕ ਦੇਹ ਕਰਕੇ ਮੌਜੂਦ ਸਨ ਅਤੇ ਉਹਨਾਂ ਨੇ ਉਨ੍ਹਾਂ ਨੂੰ ਦਰਸ਼ਨ ਦੇ ਕੇ ਆਪਣੀ ਗੁਰਤਾ-ਕਾਰ ਸੌਂਪੀ ।

ਫਰੰਟੀਅਰ ਦੇ ਹਜ਼ਾਰਾਂ ਸਿਖ ਇਸ ਗੱਲ ਦੇ ਕਾਇਲ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰੋ ਨਦੀ ਦੇ ਕਿਨਾਰੇ ਅਟਕ ਦੇ ਪਾਸ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਕੇ ਗੁਰਿਆਈ ਅਰਪਨ ਕੀਤੀ ।

ਕੈਮਲ ਪੁਰ ਦੇ ਪਰਮ ਪ੍ਰਸਿਧ ਰਾਈਸ ਸ੍ਰੀਮਾਨ ਸਰਦਾਰ ਤੁਲਾ ਰਾਮ ਸਿੰਘ● ਜੀ ਨੇ ਜੋ ਕਿ ਚੀਫ ਖਾਲਸਾ ਦੀਵਾਨ ਦੇ ਮੈਂਬਰ ਵੀ ਰਹਿ ਚੁਕੇ ਹਨ । ਕਈ ਸਿਖਾਂ ਦੇ ਸਾਹਮਣੇ ਆਪਣੀ ਜ਼ਬਾਨੀ ਉਹਨਾਂ ਮੈਨੂੰ ਦਸਿਆ ਸੀ ਕਿ ਆਪ ਨੇ ਸਰਦਾਰ ਮੁਹੰਮਦ ਖਾਨ ਖੱਟੜ ਇਲਾਕੇ ਦੇ ਤੇ ਜੈਲਦਾਰ ਦੀ ਜ਼ਬਾਨੀ ਸੁਣਿਆ ਸੀ ਕਿ ਸਿਖ ਰਾਜ[1] ਦੇ ਸਮੇਂ ਇਕ ਮਹਾਂਪੁਰਖ ਨੂੰ ਛੋਈ ਦੀ ਪਹਾੜੀ ਤੋਂ ਹੇਠਾਂ ਉਤਰ ਕੇ ਅਟਕ ਵਿਚ ਗੁਸਲ ਕਰਦਿਆਂ

---

● ਆਪ ਅਸੀਂ (੮੦) ਸਾਲਾ ਦੀ ਉਮਰ ਭੋਗ ਕੇ ੨੫ ਅਪ੍ਰੈਲ ੧੯੪੨ ਨੂੰ ਪਰਲੋਕ ਗਮਨ ਕਰ ਗਏ ਹਨ ।

(੧) ੧੮੫੬ ਤੋਂ ਅਰੰਭ ਹੋ ਗਿਆ ਹੋਇਆ ਸੀ ਵੇਖੋ "ਮਹਾਰਾਜਾ ਰਣਜੀਤ ਸਿੰਘ ਜੀ" ਬਾਬਾ ਪ੍ਰੇਮ ਸਿੰਘ ਜੀ ਹੋਤੀ ।



Sri Satguru Jagjit Singh Ji eLibrary NamdhariElibrary@gmail.com

ਵੇਖਿਆ ਉਹਨਾਂ ਦਾ ਤੇਜ ਬੇ-ਮਿਸਾਲ ਸੀ ਉਹਨਾਂ ਦੇ ਨਾਲ ਪੰਜ ਸਿੰਘ ਸਨ। ਪਹਾੜੀ ਤੇ ਰਹਿਣ ਵਾਲੇ ਉਸ ਮਹਾਂਪੁਰਖ ਨੂੰ ਉਸ ਇਲਾਕੇ ਦੇ ਇਕ ਪ੍ਰਸਿਧ ਫਕੀਰ ਸ਼ਾਹ ਸਫੈਦ ਨੇ ਭੀ ਦੇਖਿਆ ਸੀ ਕੱਕੂ ਮੁਹਾਣੇ ਨੇ ਭੀ ਉਹਨਾਂ ਦੇ ਦਰਸ਼ਨ ਕੀਤੇ ਸਨ। ਉਹਨਾਂ ਨੇ ਹੀ ਗੁਰੂ ਬਾਲਕ ਸਿੰਘ ਨੂੰ ਮਿਲ ਕੇ ਗੁਰਤਾ ਅਰਪਨ ਕੀਤੀ ਸੀ। ਪੂਰਬਕਤ ਵਾਕਿਆ ਦੀ ਪੁਸ਼ਟੀ ਕਰਨ ਵਾਲੇ ਫਰੰਟੀਅਰ ਵਿਖੇ ਰਹਿਣ ਵਾਲੇ ਹਜ਼ਾਰਾਂ ਸਿਖ ਹਨ। ਜੋ ਗੁਰੂ ਬਾਲਕ ਸਿੰਘ ਜੀ ਨੂੰ ਯਾਰਵਾਂ ਗੁਰੂ ਤੇ ਗੁਰੂ ਮੰਨਦੇ ਹਨ।" ਗੁਰ ਪਦ ਪ੍ਰਕਾਸ਼ ਹਿੱਸਾ ਤੀਜਾ ਰਚਿਤ ਸੰਤ ਨਿਧਾਨ ਸਿੰਘ ਜੀ (ਆਲਿਮ) ਅੰਗ ੧੪ ਤੇ ੧੭ ਤੱਕ ਹਨ।

॥ ਕਬਿਤ ॥

ਪਾਠਕ "ਪੰਜਾਬੀ ਭੈਣ," "ਫੁਲਵਾੜੀ," "ਆਲਿਮ ਜੀ",
ਲਿਖਿਆ ਜੋ ਉਪਰ ਉਹਦਾ ਮੂਲ ਅਗੇ ਪੜ੍ਹਨਗੇ।
ਸ੍ਰੀ ਦਸਮੇਸ਼ ਕੀਤਾ ਕੌਤਕ ਨਦੇੜ ਕਿਉਂ ਸੀ,
ਲਿਖਾਂਗਾ ਭੀ ਸਾਰ ਜਾਂ ਦੀਦਾਰ ਸਿਰੇ ਚੜ੍ਹਨਗੇ।
ਬਣੀ ਰਹੀ ਜੇ ਦੇਹ ਘਣੀ ਭਾਲ ਨਾਲ ਲਿਖਿਆ ਮੈਂ,
ਪਾਠਕ ਸੋ ਪੜ੍ਹਨ ਜਾਂ "ਵਿਚਾਰ"੧ ਵਿਚ ਵੜ੍ਹਨਗੇ।
ਕੂਕਾ ਇਤਿਹਾਸ ਨਾਲ ਕੀਤਾ ਜੋ ਉਚੇਚ ਗਿਆ,
ਸੂਝਵਾਨਾਂ ਸੁਝੇ ਸਭ 'ਸਿੰਘ ਸਭੀ' ਸੜਨਗੇ।

ਤ: ਸ੍ਰੀ ਰਾਮ ਪੁਰ

---

(੧) "ਵੀਚਾਰ" ਦੂਜੇ ਹਿੱਸੇ ਦੀ ਪੁਸਤਕ ਦਾ ਨਾਮ ਹੋਵੇਗਾ ਦਸਮ ਗੁਰ ਦਰਸਨ ਤੋਂ ਬਾਦ ਜੋ ਇਸ ਨਾਲੋਂ ਪਿਛੋਂ ਹੋਵੇਗੀ।



Sri Satguru Jagjit Singh Ji eLibrary NamdhariElibrary@gmail.com

ਸ੍ਰ: ਸਾ: ਭਾਈ ਕਾਂਨ੍ਹ ਸਿੰਘ ਜੀ ਦੇ ਫੁਲਵਾੜੀ ਵਿਚ "ਇਤਿਹਾਸ ਦੇ ਅਣਲਿਖੇ ਪੱਤਰੇ" ਤੇ "ਬਾਬਾ ਸਾਹਿਬ ਦੀ ਵੱਖੀ ਵਿਚ ਸ਼ਸਤ੍ਰ ਦਾ ਪੁਰਾਣਾ ਘਾਉ ਅੰਤ ਸਮੇਂ ਤੇ ਵੇਖਿਆ ਗਿਆ ਸੀ।" ਉਸੇ ਸੋਮੇ ਅਰਥਾਤ ਬਾਬਾ ਸਰੂਪ ਸਿੰਘ ਜੀ ਦੀ ਜ਼ਬਾਨੀ ਲਿਖੀ ਹੋਈ ਵਾਰਤਾ ਵਿਚੋਂ ਜੋ ਬਾਬਾ ਨਰਾਇਣ ਸਿੰਘ ਜੀ ਨੇ ਆਪਣੇ ਸਪੁੱਤਰ ਬਿਸ਼ਨ ਸਿੰਘ ਨੂੰ ਲਿਖਾਈ ਸੀ, ਉਸ ਦੇ ਵਿਚੋਂ ਦੋ ਖਾਸ ਪ੍ਰਸੰਗ ਜੋ ਸੰਤ ਨਿਧਾਨ ਸਿੰਘ ਜੀ (ਆਲਿਮ) ਹੁਰਾਂ ਨੇ "ਗੁਰੂ ਪਦ ਪ੍ਰਕਾਸ਼ ਹਿੱਸਾ ੩" ਵਿਚ ਦਿਤੇ ਹਨ। "ਦਸਮ ਗੁਰ ਦਰਸ਼ਨ" ਦੇ ਪਾਠਕਾਂ ਦੀ ਭੇਟਾ ਕਰਦਾ ਹਾਂ। ਸਿਰਫ ਫਰਕ ਇਤਨਾ ਹੈ ਕਿ ਭਾਈ ਕਾਂਨ੍ਹ ਸਿੰਘ ਜੀ ਲਿਖਦੇ ਹਨ ਮੈਨੂੰ "ਪਿਤਾ ਜੀ ਨੇ ਨੋਟ ਕਰਵਾਈ" ਤੇ ਭਾਈ ਸਾਹਿਬ ਜੀ ਦੇ ਸਪੁੱਤ੍ਰ ਭਗਵੰਤ ਸਿੰਘ ਜੀ (ਹਰੀ) ਲਿਖਦੇ ਹਨ, ਕਿ ਸ੍ਰੀ ਬਾਬਾ ਸਰੂਪ ਸਿੰਘ ਜੀ ਤੋਂ ਸੁਣਕੇ ਬਾਬਾ ਨਰਾਇਨ ਸਿੰਘ ਜੀ ਦਾਦਾ ਜੀ ਨੇ (ਬਾਬਾ ਬਿਸ਼ਨ ਸਿੰਘ ਜੀ) ਤੋਂ ਲਿਖਵਾਇਆ ਸੀ।" ਕੁਝ ਵੀ ਹੋਵੇ ਹਰ ਪੱਖੋਂ ਬਾਬਾ ਸਰੂਪ ਸਿੰਘ ਜੀ ਦੀ ਜ਼ਬਾਨੀ ਅੱਖੀਂ ਵੇਖਿਆ (ਗੁਰੂ ਗੋਬਿੰਦ ਸਿੰਘ ਜੀ ਦੀਆਂ ਕਥਾਂ ਤੇ (ਦਸਮ ਗੁਰ ਦਰਸ਼ਨ) ਦੇ ਪ੍ਰਸੰਗ ਹਨ, ਜੋ ਇਸ ਤਰ੍ਹਾਂ ਹਨ :—

(ਬਾਬਾ ਜੀ ਨੂੰ ਸੰਕਲਪ ਤੇ ਪੂਰਨ ਨਿਸਚਾ ਹੋਣਾ)

"ਬਾਬਾ ਸਰੂਪ ਸਿੰਘ ਜੀ ਡੇਰੇ ਦੀ ਬੜੀ ਪ੍ਰੇਮ ਨਾਲ ਸੇਵਾ ਕਰਦੇ ਵਾ ਪਹਿਰ ਦੇ ਅੰਮ੍ਰਿਤ ਵੇਲੇ ਉਠ ਕੇ ਸਾਰੇ ਝਾੜੂ ਦੇਣਾ, ਘੋੜਿਆਂ ਦੀ ਮਾਲਸ਼ ਕਰਨੀ, ਟਿਬਿਆਂ ਤੇ ਰੋਜ਼ ਰੇਤੇ ਦੀ ਪੰਡ ਰਾਕੀਆਂ ਦੇ ਹੇਠ ਬਛਾਉਣ ਵਾਸਤੇ—ਬੀੜ ਤੇ ਰਾਕੀਆਂ ਵਾਸਤੇ ਤਕੜੀ ਪੰਡ ਖੱਬਲ ਦੀ ਲਿਆਉਂਦੇ ਹੋਰ ਜੋ ਸੇਵਾ ਹੁੰਦੀ ਪ੍ਰੇਮ ਨਾਲ ਕਰਦੇ। ਇਕ ਦਿਨ ਬਾਬਾ ਸਰੂਪ ਸਿੰਘ ਜੀ ਦੇ ਚਿਤ ਵਿਚ



Sri Satguru Jagjit Singh Ji eLibrary NamdhariElibrary@gmail.com

ਫੁਰਨਾ ਫੁਰਿਆ ਕਿ ਬਾਬਾ ਸਾਹਿਬ ਜੀ ਦਸਮ ਗੁਰੂ ਜੀ ਹਨ ਜਾਂ ਸਾਹਿਬਜ਼ਾਦੇ ਹਨ ਅਰਜ਼ ਕਰੀਏ ਪਰ ਸੰਗਦੇ ਪੁਛ ਨਾ ਸਕਣ। ਇਸ ਤਰ੍ਹਾਂ ਦਾ ਫੁਰਨਾ ਕਈ ਵਾਰ ਫੁਰਿਆ ਸੀ ਪਰ ਉਸ ਦਿਨ ਬੜਾ ਤੀਬਰ ਫੁਰਿਆ। ਉਤੋਂ ਬਾਬਾ ਜੀ ਨੇ ਚਵਾਰੇ ਸੇ ਹਾਕ ਮਾਰੀ, ਰੀ ਸੇਢਾਂ ਸਰੂਪ ਸਿੰਘ ਜੀ ਨੂੰ ਉਤੇ ਸਾਡੇ ਪਾਸ ਭੇਜ ਦਿਉ। ਮਾਈ ਸੇਢਾਂ ਜੀ ਨੇ ਜਾ ਕੇ ਬਾਬਾ ਸਰੂਪ ਸਿੰਘ ਜੀ ਨੂੰ ਕਹਿਆ, ਮਹਾਰਾਜ ਆਪ ਨੂੰ ਉਤੇ ਚਵਾਰੇ ਪਰ ਬੁਲਾਉਂਦੇ ਹਨ। ਬਾਬਾ ਸਰੂਪ ਸਿੰਘ ਜੀ ਉਪਰ ਗਏ ਜਾ ਕੇ ਬਾਬਾ ਸਾਹਿਬ ਜੀ ਦੇ ਚਰਨਾਂ ਮੇਂ ਮੱਥਾ ਟੇਕਿਆ (ਉਸ ਵਕਤ ਬਾਬਾ ਸਾਹਿਬ ਜੀ ਪਲੰਗ ਪਰ ਬਿਰਾਜ ਰਹੇ ਸੇ) ਬਾਬਾ ਸਰੂਪ ਸਿੰਘ ਜੀ ਮੱਥਾ ਟੇਕ ਕੇ ਦੋਨੋਂ ਹੱਥ ਜੋੜ ਕਰ ਖੜੇ ਹੋ ਗਏ ਅਤੇ ਅਰਜ਼ ਕੀਤੀ ਮਹਾਰਾਜ ਕੀ ਹੁਕਮ ਹੈ। ਬਾਬਾ ਸਾਹਿਬ ਜੀ ਨੇ ਫੁਰਮਾਇਆ ਸਾਡੇ ਖੁਰਕ ਹੁੰਦੀ ਹੈ ਆਪ ਦੇਖੋ ਕੋਈ ਜੀ ਨਾ ਹੋਵੇ ਬਾਬਾ ਸ਼ਰੂਪ ਸਿੰਘ ਜੀ ਪਲੰਘ ਦੇ ਕੋਲ ਬੈਠ ਕੇ ਦੇਖਣ ਲਗੇ (ਬੜੇ ਬਾਬਾ ਜੀ ਦੇ ਸਰੀਰ ਪਰ ਬੜੇ ਬੜੇ ਕੇਸ ਸਨ) ਜੀ ਤਾਂ ਕੋਈ ਮਿਲਿਆ ਨਾਹੀਂ ਪਰ ਬੱਖੀ ਪਰ ਬੜਾ ਭਾਰੀ ਘਾਉ ਦੇਖਿਆ ਬੜੇ ਸ਼ਸਤਰ ਦਾ ਘਾਉ ਲਗਿਆ ਵਾ ਜਖਮ ਮਿਲਿਆ ਵਾ ਘਾਉ ਨੂੰ ਦੇਖ ਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ਼ ਕੀਤੀ ਕਿ ਮਹਾਰਾਜ ਜੀ ਇਹ ਘਾਉ ਕਿਥੇ ਲਗਿਆ ਹੈ। ਸੁਣ ਕੇ ਬਾਬਾ ਜੀ ਨੇ ਫੁਰਮਾਇਆ ਇਹ ਉਹੀ ਘਾਉ ਹੈ ਜੋ ਦੱਖਣ ਮੇਂ ਪਠਾਣ ਨੇ ਮਾਰਿਆ ਸੀ ਇਹ ਸੁਣ ਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸਚਾ ਹੋ ਗਿਆ ਕਿ ਕਲਗੀਧਰ ਪੰਥ ਦੇ ਵਾਲੀ ਹਨ ਫਿਰ ਕਦੇ ਮਨ ਨਹੀਂ ਡੋਲਿਆ ਚਰਨਾਂ ਮੈਂ ਨਮਸਕਾਰ ਕਰਕੇ ਹੇਠਾਂ ਉਤਰ ਆਏ। ਬਲਾਕ ਪੰਨਾਂ ੩੩ ਪੁਸਤਕ ਬਾਬਾ ਅਜਾਪਾਲ ਸਿੰਘ ਜੀ ਜੋ ਬਾਬਾ



Sri Satguru Jagjit Singh Ji eLibrary NamdhariElibrary@gmail.com

ਸਰੂਪ ਸਿੰਘ ਜੀ ਨੇ ਆਪਣੀ ਰਸਨਾ ਦੁਆਰਾ ਸ੍ਰੀ ਬਾਬਾ ਨਰੈਣ ਸਿੰਘ ਜੀ ਨੂੰ ਕਹੀ ਅਤੇ ਉਹਨਾਂ ਨੇ ਸ੍ਰੀ ਬਾਬਾ ਬਿਸ਼ਨ ਸਿੰਘ ਜੀ ਨੂੰ ਲਿਖਾਈ।" ਗੁਰ ਪਦ ਪ੍ਰਕਾਸ਼ ਹਿੱਸਾ ੩ ਪੰਨੇ ੧੫੯--੬੦।

ਸੰਤ ਨਿਧਾਨ ਸਿੰਘ ਜੀ "ਆਲਿਮ"

(ਮਹਾਰਾਜ ਜੀ ਦੀ ਸਵਾਰੀ ਲੁਧਿਆਣੇ ਗਈ)

"ਇਕ ਦਿਨ ਭਾਈ ਕਾ ਬਾਘ ਸਿੰਘ ਖੜਾ ਕੰਘਾ ਕਰ ਰਿਹਾ ਸੀ (ਜਿਥੇ ਹੁਣ ਦੇਗ ਦੇ ਖੂੰਜੇ ਨਿੰਮ ਹੈ ਇਹ ਟੀਕਮ ਦਾਸ ਦੀ ਬੱਟ ਸੀ) ਏਥੇ ਖੜਾ ਕੰਘਾ ਕਰਦਾ ਸੀ ਕੂਈ ਦੀ ਤਰਫੋਂ ਦੋ ਕੋਤਲ ਜਿਨ੍ਹਾਂ ਪਰ ਸੋਨੇ ਦਾ ਬਹੁਤ ਬੜੀਆ ਸਾਜ ਪਾਇਆ ਵਾ ਪੂਰੇ ਰਾਈਸਾਂ ਦੇ ਹੱਥ ਫੜੇ ਵੇ ਛਮ ਛਮ ਕਰਦੇ ਅੰਦਰ ਨੂੰ ਚਲੇ ਗਏ ਔਰ ਪੰਜ ਨਗੌਰੀ ਬੈਲ ਜਿਨ੍ਹਾਂ ਪਰ ਸੁਨੈਹਰੀ ਝੂਲ ਸਿੰਗਾਂ ਪਰ ਸੁਨਹਿਰੀ ਚੜੇਵੇਂ ਜਗ ਮਗ ਜਗ ਮਗ ਕਰਦੇ ਅੰਦਰ ਚਲੇ ਗਏ ਔਰ ਪੰਜ ਛੀ ਸਿੰਘ ਅੜਦਲ ਦੇ ਸਵਾਰ ਸਭ ਦੇ ਬਹੁਤ ਉਮਦਾ ਸਾਜ ਪਾਇਆ ਵਾ ਅੰਦਰ ਨੂੰ ਚਲੇ ਗਏ ਸੂਰਜ ਜੈਸੀ ਚਮਕ ਇਹਨਾਂ ਸਭ ਤੋਂ ਬਾਦ ਇਕ ਹੋਰ ਸਿੰਘ ਆਇਆ ਉਸਨੇ ਆ ਕੇ ਕਹਿਆ ਭਾਈ ਸਿੰਘਾ "ਗੁਰੂ ਸਿੰਘ" ਜੀ ਦੀ ਸਵਾਰੀ ਅੰਦਰ ਨੂੰ ਗਈ ਹੈ ਤੈ ਨੇ ਦੇਖੀ ਹੈ ਬਾਘ ਸਿੰਘ ਜੀ ਨੇ ਹੈਰਾਨ ਹੋ ਕੇ ਕਹਿਆ ਖਾਲਸਾ ਜੀ "ਗੁਰੂ ਸਿੰਘ" ਜੀ ਕੀ ਸਵਾਰੀ ਕਹਾਂ ਕੋ ਚਲੀ ਹੈ ਉਸ ਸਿੰਘ ਨੇ ਕਹਿਆ ਦੋ ਘੜੀ ਅੰਦਰ ਠਹਿਰ ਕੇ "ਗੁਰੂ ਸਿਘ ਜੀ ਦੀ ਸਵਾਰੀ ਲੁਧਿਆਣੇ ਕੋ ਜਾਊਗੀ ਅੰਗਰੇਜ਼ਾਂ ਨੂੰ ਕਹਿਣ ਵਾਸਤੇ ਕਿ ਤੁਮ ਲੁਧਿਆਣੇ ਹੀ ਠਹਿਰੋ ਅਗੇ ਹਾਲ ਨਹੀਂ ਜਾਣਾ ਇਹ ਕਹਿ ਕੇ ਉਹ ਸਿੰਘ ਭੀ ਅੰਦਰ ਹੀ ਚਲਾ ਗਿਆ। ਯੇਹ ਬਾਤ ਸੁਣਕੇ ਬਾਘ ਸਿੰਘ ਹੈਰਾਨ ਹੋ ਗਿਆ। ਕੰਘਾ ਕਰਨਾ ਭੀ ਭੁਲ ਗਿਆ ਔਰ ਯੇਹ ਵਿਚਾਰਦਾ ਹੈ ਜਬ "ਗੁਰੂ ਸਿੰਘ"



Sri Satguru Jagjit Singh Ji eLibrary NamdhariElibrary@gmail.com

ਜੀ ਦੀ ਸਵਾਰੀ ਬਾਹਰ ਨੂੰ ਜਾਵੇਗੀ ਤਬ ਦੇਖੂੰਗਾ ਦੋ ਘੜੀ ਬਾਦ ਬਾਬਾ ਸਾਹਿਬ ਜੀ ਊਪਰ ਸੇ ਉਤਰ ਕੇ ਬਾਹਰ ਨੂੰ ਆਏ ਉਸ ਵਕਤ ਮਹਾਰਾਜ ਜੀ ਦਾ ਤੇਜ ਸੂਰਜ ਜੈਸਾ ਬਾਘ ਸਿੰਘ ਸਾਹਮਣੇ ਦੇਖ ਨਹੀਂ ਸਕਿਆ ਬਾਬਾ ਸਾਹਿਬ ਜੀ ਬਾਘ ਸਿੰਘ ਸੇ ਪਿਛੋਂ ਦੀ ਹੋ ਕੇ ਦੂਈ ਤਰਫ ਨੂੰ ਤਸ਼ਰੀਫ ਲੈ ਗਏ ਜਾਂਦੀ ਵਾਰ ਫੁਰਮਾਇਆ ਬਾਘ ਸਿੰਘ ਸੋਚ ਨਹੀਂ ਕਰੀਦੀ ਇਹ ਕਹਿਕੇ ਗਾਹਾਂ ਨੂੰ ਤਸ਼ਰੀਫ ਲੈ ਗਏ ਦੋ ਘੜੀ ਬਾਦ ਜਬ ਵਾਪਸ ਆਏ ਤਾਂ ਵੈਸਾ ਦਰਸ਼ਨ ਹੁਆ ਜੈਸਾ ਦਰਸ਼ਨ ਅੱਗੇ ਹੁੰਦਾ ਸੀ ਮਹਾਰਾਜ ਅੰਦਰ ਨੂੰ ਤਸ਼ਰੀਫ ਲੇ ਗਏ।"

ਸ੍ਰੀ ਬਾਬਾ ਸਰੂਪ ਸਿੰਘ ਜੀ ਦੀ ਜ਼ਬਾਨੀ ਲਖਾਈ ਹੋਈ ਪੁਸਤਕ ਪੰਨਾਂ ੧੪ ਵਿਚੋਂ (ਜੋ ਹੁਣ ਬਾਬਾ ਅਜਾਪਾਲ ਸਿੰਘ ਜੀ ਦੇ ਡੇਰੇ ਨਾਭਾ ਵਿਖੇ ਸ੍ਰੀਮਾਨ ਮਹੰਤ ਭਗਵਾਨ ਸਿੰਘ ਜੀ ਪਾਸ ਮੌਜੂਦ ਹੈ।

"ਜਾਂਦੀ ਵਾਰ ਫੁਰਮਾਇਆ ਬਾਘ ਸਿੰਘ ਸੋਚ ਨਹੀਂ ਕਰੀਦੀ ਇਹ ਕਹਿ ਕੇ ਗਾਹਾਂ ਨੂੰ ਤਸ਼ਰੀਫ ਲੈ ਗਏ" ਇਹ ਗੱਲ ਭੀ ਸਿਧ ਹੋ ਗਈ ਕਿ ਜਦ ਭੀ ਬਾਬਾ ਅਜਾਪਾਲ ਸਿੰਘ ਜੀ ਅਥਵਾ ਉਨ੍ਹਾਂ ਦੇ ਸੇਵਕ "ਗੁਰੂ ਸਿੰਘ" ਸ਼ਬਦ ਦੀ ਵਰਤੋਂ ਕਰਦੇ ਸਨ ਤਾਂ ਉਸਦਾ ਮਤਲਬ ਬਾਬਾ ਸਾਹਿਬ ਜੀ ਹੀ ਹੁੰਦਾ ਸੀ। ਇਸ ਪੰਨੇ ਦੀ ਲਿਖਤ ਤੋਂ ਭੀ ਬਾਬਾ ਅਜਾਪਾਲ ਸਿੰਘ ਜੀ ਸ੍ਰੀ ਕਲਗੀਧਰ ਹੀ ਸਿਧ ਹੁੰਦੇ ਹਨ। ਇਸ ਦੇ ਨਾਲ ਹੀ ਇਸ ਪੰਨੇ ਦਾ ਬਲਾਕ ਭੀ ਦਿਤਾ ਜਾਂਦਾ ਹੈ।

ਗੁਰੂ ਪਦ ਪ੍ਰਕਾਸ਼ ਹਿੱਸਾ ੩ ਪੰਨੇ ੨੬੨ ਤੋਂ ੬੩ ਤੱਕ

ਸੰਤ ਨਿਧਾਨ ਸਿੰਘ ਜੀ 'ਆਲਿਮ'



Sri Satguru Jagjit Singh Ji eLibrary NamdhariElibrary@gmail.com

## ॥ ਕਬਿਤ ॥

ਗੁਰ ਪਦ ਪ੍ਰਕਾਸ਼ ਹਿੱਸੇ ਤੀਜੇ ਵਿਚ ਆਲਿਮ ਜੀ,
ਲਿਖੇ ਮੂਲ ਕਾਪੀ ਤੋਂ ਦੋ ਦਸਮ ਗੁਰ ਦਰਸਨ।
ਭਾਈ ਸਿੰਘ ਸਭੀਆਂ ਨੂੰ ਭਾਵੇਂ ਦੁਖਦਾਈ ਲੱਗੇ,
ਕਿਉਂਕਿ ਅੰਗਰੇਜ਼ ਕਹੇ ਲੈ ਉਨ੍ਹਾਂ ਕਰ ਹਰ ਮਨ।
ਗ੍ਰੰਥ ਗੁਰੂ ਵਾਲੀ ਸੰਥਾ ਪੜ੍ਹ ਕੇ ਚਲਾਇਆ ਪੰਥ।
ਆਦ ਗੁਰ ਪਰੰਪਰਾ ਚਲਾਈ ਤੋਂ ਗਏ ਚੋਰ ਬਨ।
ਤਰਨ ਸਿੰਘ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤਰਸ ਕਰ,
ਸਰਸ ਮਤ ਦਿਤੀ ਖੋਜ ਕਰਨੀ ਅਮਿਤਾ ਧਨ।

ਦੋ: ਧਨ ਵਿਦਿਆ ਤੇ ਖੋਜ ਦਾ ਵਧੇ ਰੋਜ਼ ਕਰ ਖੋਜ।
ਦੋਏ ਰੋਜੀਨੇ ਪ੍ਰਭੂ ਦੇ ਜੋ ਜਨ ਖੋਜੇ ਰੋਜ਼।

ਹੁਣ ਮੈਂ ਪਾਠਕਾਂ ਨੂੰ ਉਹ ਮੂਲ ਲਿਖਤ ਦਾ ਸਾਰ ਦਰਸਾਂਦਾ ਹਾਂ, ਜਿਦਾ ਜਿਕਰ ਭਾਈ ਕਾਂਨ੍ਹ ਸਿੰਘ ਜੀ ਨੇ "ਇਤਿਹਾਸ ਦੇ ਅਣਲਿਖੇ ਪੱਤਰੇ" ਫੁਲਵਾੜੀ ਦੇ ਲੇਖ ਵਿਚ ਕੀਤਾ ਹੈ "ਪਿਤਾ ਜੀ ਨੇ ਨੋਟ ਕਰਵਾਈ ਹੈ" ਤੇ ਜਿਸ ਬਾਬਤ ਭਗਵੰਤ ਸਿੰਘ ਜੀ (ਹਰੀ) (ਭਾਈ ਸਾਹਿਬ ਕਾਂਹਨ ਸਿੰਘ ਜੀ ਦੇ ਸਪੁਤਰ) ਲਿਖਦੇ ਹਨ ਬਾਬਾ[੧] ਸਰੂਪ ਸਿੰਘ ਜੀ ਤੋਂ ਸੁਣਕੇ ਬਾਬਾ ਨਰੈਣ ਸਿੰਘ ਜੀ ਨੇ ਦਾਦਾ ਜੀ (ਬਾਬਾ ਬਿਸ਼ਨ ਸਿੰਘ ਜੀ) ਤੋਂ ਲਿਖਵਾਇਆ ਸੀ। ਉਸ ਲਿਖਤੀ ਪੁਸਤਕ ਵਿਚੋਂ ਮੈਂ ਮੁਖ ਅੰਸ ਤੇ ਕਿਤੇ ਸਿਰਲੇਖ ਹੀ ਵਿਸਥਾਰ ਦੇ ਬਚਾ ਕਰਨ ਦੇ ਹਿਤੋਂ ਆਦ ਤੋਂ ਲੈ ਅੰਤ ਤਕ

---

(੧) ਇਸ ਪੋਥੀ ਦੇ ਭੈਣੀ ਸਾਹਿਬ ਪੁਜਣ ਤੇ ਵਾਪਸ ਨਾਭੇ ਆਉਣ ਤੇ ਹਰੀ ਜੀ ਦੇ ਦਸਖਤਾਂ ਦਾ ਬਲਾਕ ਜੋ ਸਤਿਗੁਰ ਪ੍ਰਤਾਪ ਸਿੰਘ ਜੀ ਤਦੋਂ ਹੀ ਬਨਵਾ ਲਿਆ ਸੀ ਸਭ ਦਾ ਸਬੂਤ ਮੈਂ ਇਸ ਕਾਪੀ ਦੇ ਲੇਖ ਦੇ ਅੰਤ ਤੇ ਦਿਆਂਗਾ।



Sri Satguru Jagjit Singh Ji eLibrary NamdhariElibrary@gmail.com

ਲਿਖਾਂਗਾ। ਜਿਵੇਂ ਮੈਂ ਫੁਲਵਾੜੀ ਦਾ ਲੇਖ ਅਗੇ ਸਾਰੇ ਦਾ ਸਾਰਾ (ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ) ਲਿਖਣ ਵਿਚ ਦਿਤਾ ਹੈ ਤਿਵੇਂ ਇਸ ਕਾਪੀ ਵਿਚੋਂ ਭੀ ਕੁਝ ਅੰਸ ਉਸ ਪੁਸਤਕ ਵਿਚ ਦਿਤੇ ਹਨ। ਉਸ ਪੁਸਤਕ ਦਾ ਅਰੰਭ ਇਸ ਤਰ੍ਹਾਂ ਹੁੰਦਾ ਹੈ।

ੴ ਸਤਿਗੁਰ ਪ੍ਰਸਾਦਿ।

"ਸ੍ਰੀ ੧੧੦੫ ਮਾਨ ਬਾਬਾ ਅਜਾਪਾਲ ਸਿੰਘ ਸਾਹਿਬ ਦਾ ਕੁਛ ਜੀਵਨ ਚਰਿਤਰ ੧ ਭਾਦਰੇ ਦਾ ਪ੍ਰਸੰਗ।"

ਦੋ: ਸ੍ਰੀ ਗੁਰੂ ਨਾਨਕ ਦੇਵ ਜੀ ਔ ਦਸਮੇਂ ਮਹਾਰਾਜ।
ਹੋਹੁ ਸਹਾਇਕ ਦਾਸ ਕੇ ਸਦਾ ਕਰੋ ਸ਼ੁਭ ਕਾਜ।

"ਸ੍ਰੀਮਾਨ ਕ੍ਰਿਪਾ ਸਾਗਰ ਬਾਬਾ ਅਜਾਪਾਲ ਸਿੰਘ ਜੀ ਸ਼ਾਹਿਬ ਦੱਖਣ ਸੇ ਸੁਆਰ ਹੋ ਕੇ ਭਾਦਰੇ ਸ਼ਹਿਰ ਮੇਂ ਆਨ ਕਰ ਬਿਰਾਜੇ ਇਹ ਸ਼ਹਿਰ ਥਲੀ ਮੇਂ ਹੈ। ਜਦ ਰਹਿੰਦਿਆਂ ਨੂੰ ਕੁਝ ਸਮਾਂ ਹੋਇਆ ਤਾਂ ਬਰਾਗੀਆਂ ਦੀ ਜਮਾਤ ਆ ਕੇ ਉਤਰੀ (ਭਾਦਰੇ ਸ਼ਹਿਰ ਮੇਂ ਬਰਾਗੀ ਆ ਕੇ ਉਤਰੇ) ਪਹਿਲੇ ਬਰਾਗੀ ਸ਼ਸਤਰ ਰਖਿਆ ਕਰਦੇ ਸੀ। ਭਾਦਰੇ ਦੇ ਜੋ ਰਾਣੇ ਦਾ ਭਾਈ ਇਹਨਾਂ ਸਾਧੂਆਂ ਦੀ ਸੇਵਾ ਕਰਨ ਲਗ ਪਿਆ।

ਅੱਗੇ ਲੰਮੀ ਕਾਪੀ ਦੇ ਦੋ ਪੰਨਿਆਂ ਤੇ ਪ੍ਰਸੰਗ ਏ ਜਿਸ ਵਿਚ ਦੋ ਤਿੰਨ ਵਾਰੀ ਗੁਰੂ ਜੀ ਦੀ ਜ਼ਬਾਨੀ ਆਪਣਾ ਨਾਮ "ਗੁਰੂ ਸਿੰਘ" ਹੀ ਆਉਂਦਾ ਹੈ। ਮੈਂ ਵਿਸਥਾਰ ਦੇ ਭੈ ਤੋਂ ਥੋੜਾ ਸਾਰ ਹੀ ਚੁਣ ਕੇ ਗੁਣੀ ਜਨਾਂ ਜੋਗ ਲਿਖਦਾ ਹਾਂ। ਆਸ ਹੈ ਜਿਵੇਂ ਗੁਰੂ ਜੀ ਜਨਵਾਰੇ ਦੇ ਰਾਜਪੂਤਾਂ ਦੀ ਸਹਾਇਤਾ ਕਿਲੇ ਵਿਚੋਂ ਕੱਢਣ ਦੀ



Sri Satguru Jagjit Singh Ji eLibrary NamdhariElibrary@gmail.com

ਕੀਤੀ ਪਾਠਕ ਉਸੇ ਤਰ੍ਹਾਂ ਦਾ ਗੁਰੂ ਜੀ ਦਾ ਪ੍ਰਸੰਗ ਤੇ (ਦਸਮ ਗੁਰ ਦਰਸ਼ਨ) ਸਮਝਣਗੇ ।

ਰਾਣਾ ਗੁਰੂ ਜੀ ਦਾ ਸੇਵਕ ਸੀ ਉਸ ਦੇ ਕੁਝ ਦਿਨ ਕਿਤੇ ਸੈਰ ਕਰਨ ਗਿਆਂ ਸਮੇਂ ਰਾਣੇ ਦੇ ਭਾਈ ਨੇ ਬਰਾਗੀਆਂ ਨੂੰ ਲਾਲਚ ਪਾ ਆਪਣੇ ਨਾਲ ਮੇਲ ਲਿਆ ਤੇ ਬਰਾਗੀਆਂ ਸਣੇ ਧਾਵਾ ਕਰਕੇ ਕਿਲੇ ਤੇ ਕਬਜ਼ਾ ਕਰ ਲਿਆ ਤੇ ਰਾਣੇ ਦੀ ਮਾਈ ਤੇ ਟੱਬਰ ਤੇ ਨੌਕਰਾਂ ਨੂੰ ਕੁੱਟ ਮਾਰ ਕੇ ਕੱਢ ਦਿਤਾ। ਰਾਣਾ ਗੁਰੂ ਜੀ ਪਾਸ ਆਕੇ ਰੋਇਆ ਤਾਂ ਅੱਠਾਂ ਦਿਨਾਂ ਨੂੰ ਜਿੰਨਾਂ ਸਾਂਬਾ ਹ ਸਕੇ ਕਰਕੇ ਧਾਵਾ ਕਰਨ ਦਾ ਗੁਰੂ ਜੀ ਹੁਕਮ ਦਿਤਾ ਤੇ ਬਚਨ ਕੀਤਾ "ਤੇਰੀ ਗੁਰੂ ਸਿੰਘ ਆਪ ਸਹਾਇਤਾ ਕਰਨਗੇ" ਰਾਣੇ ਗੁਰੂ ਕੇ ਹੁਕਮ ਅਨੁਸਾਰ ਕੁਝ ਸਾਥੀਆਂ ਸਣੇ ਧਾਵਾ ਕੀਤਾ ਉਸ ਦੇ ਭਾਈ ਦੀ ਹਾਰ ਦੀ ਵਜ੍ਹਾ ਬਣੀ। ਕਿਲੇ ਦੇ ਅੰਦਰਲੇ ਬਰੂਦ ਨੂੰ ਅੱਗ ਲਗ ਗਈ ਤੇ ਬਹੁਤ ਹੀ ਨੁਕਸਾਨ ਹੋਇਆ । ਗੁਰੂ ਜੀ ਬਰਾਗੀਆਂ ਦੇ ਮਹੰਤ ਦੇ ਮਥੇ ਵਿਚ ਗੋਪੀਏ ਦਾ ਗੋਲਾ ਮਾਰਿਆ । ਮਹੰਤ ਦਾ ਸਿਰ ਪਾਟ ਗਿਆ । ਤਾਂ ਬਾਕੀ ਦੇ ਸਭ ਸਾਥੀ ਤੇ ਬਰਾਗੀ ਭਜ ਗਏ । ਗੁਰੂ ਸਾਹਿਬ ਜ਼ੀ ਦੀ ਮਦਦ ਤੇ ਕਿਰਪਾ ਨਾਲ ਰਾਣੇ ਦਾ ਖੁਸਿਆ ਹੋਇਆ ਰਾਜ ਉਸਨੂੰ ਫੇਰ ਮਿਲ ਗਿਆ ਤੇ ਰਾਣਾ ਸਰਧਾ ਨਾਲ ਸੇਵਾ ਕਰਦਾ ਰਿਹਾ।

ਇਹ ਰਾਣਾ ਸੁਹੇਵੇ ਸਾਹਿਬ ਦਾ ਬਾਲਾ ਰਾਉ ਸੀ ਜਿਸ ਨੂੰ ਗੁਰੂ ਜੀ ਸਿੰਘ ਸਜਾ ਕੇ ਔਖੇ ਵੇਲੇ ਮਦਦ ਦੇਣ ਦਾ ਬਚਨ ਕੀਤਾ ਹੋਇਆ ਸੀ ਇਸ ਦਾ ਥੋੜਾ ਜਿਹਾ ਹਾਲ ਤਾਂ 'ਅੱਗੇ ਦਸਮ ਜੀ ਦੇ ਨਦੇੜੇਂ ਬਾਦ ਦੇ ਜੀਵਨ ਵਿਚ ਦਿਤਾ ਤੇ ਕੁਝ ਵਿਸ਼ਥਾਰ ਨਾਲ "ਸੁਹੇਵਾ ਸਾਹਿਬ[੧]" ਪੁਸਤਕ ਵਿਚ

---

(੧) "ਸੁਹੇਵੇ ਸਾਹਿਬ" ਪੁਸਤਕ ਜਿਸ ਵਿਚ ਸਭ ਗੁਰੂ ਸਾਹਿਬ ਜੀ ਦਾ ਸੁਹੇਵੇ ਸਾਹਿਬ ਜਾਣਾ ਤੇ ਪਾਠ ਕਰਨੇ ਤੇ ਹੁਣ ਤਕ ਦਾ ਹਾਲ ਹੈ। ਪਰ ਲਿਖਤੀ ਖਰੜਾ ਹੀ ਤਿਆਰ ਕੀਤਾ ਸਾਂਭਿਆ ਹੈ। ਜੇ ਦੇਹ ਰਹੀ ਤੇ.........



Sri Satguru Jagjit Singh Ji eLibrary NamdhariElibrary@gmail.com

ਵਿਤਾ ਹੈ ਪਾਠਕ ਉਥੋਂ ਪੜ੍ਹਨ। ਤੇ ਲੋਕ ਇਸ਼ ਨੂੰ ਗੁਰੂ ਜੀ ਦੇ ਮਿਲਣ ਤੋਂ ਪਹਿਲਾਂ ਬੋਲਾ ਰਾਹੀ ਜਾਂ ਲਾਲੂ ਹੀ ਆਖਦੇ ਤੇ ਗੁਰੂ ਜੀ ਬਾਲਾਰਾਈ ਕਿਹਾ ਤੇ ਸਿੰਘ ਸਜਾ ਕੇ ਬਹਾਦਰ ਲਾਲ ਸਿੰਘ ਦਾ ਬਚਨ ਕੀਤਾ ਸੀ।

ਗੁਰੂ ਜੀ ੧੯੧੨ ਸੰਮਤ ਬਿ: ਤੱਕ ਭਾਦਰੇ[1] ਰਹੇ ਤੇ ਰਾਣੇ ਤੋਂ ਭਾਰਬਰਦਾਰੀ ਜੋਗ ਊਠ ਆਦਿਕ ਲੈ ਨੌਬਤ ਸ਼ਾਹਿਬ ਤੇ ਸ਼ਸਤਰ ਤੰਬੂ ਲਦਵਾਏ। ਅਰਦਾਸ ਕਰ ਘੋੜੇ ਤੇ ਅਸਵਾਰ ਹੋਏ ਤੇ ਕਿਹਾ ਹੁਣ "ਗੁਰੂ ਸਿੰਘ" ਜੀ ਭਾਈ ਰਾਮ ਸਿੰਘ ਤੇ ਤਰਲੋਕ ਸਿੰਘ ਜੀ ਦੇ ਬਾਰ ਮੂਹਰੇ ਠਾਣੇ ਪਉਣਗੇ ਤੇ ਜੀਂਦ ਆ ਬਿਰਾਜੇ।

॥ ਕਬਿਤ ॥

ਕੌਤਕ ਨਦੇੜੋਂ ਬਾਦ ਕੈਦ ਵਿਚੋਂ ਕਢੇ ਜਿਵੇਂ,
ਬਾਲਾ ਰਾਏ ਰੁਸਤਮ ਸ੍ਰੀ ਦਸਮੇਸ਼ ਨੇ।
ਭਾਦਰੇ ਦੇ ਰਾਣੇ ਨੂੰ ਨਿਮਾਣਾ ਹੋਇਆ ਜਾਣ ਜਿਵੇਂ,
ਦਖਣੋਂ ਆ ਬਹੁੜੇ ਦਸਮੇਸ਼ ਸਮੇਂ ਏਸ ਨੇ।
"ਗੁਰੂ ਸਿੰਘ" ਸੁਧ ਬੋਲਾ ਆਪਣੇ ਲਈ ਉਹਨਾਂ ਦਾ ਸੀ,
ਅਜਾਪਾਲ ਆਖਦੇ ਸੰਕੇਤਕ[2] ਵਿਸ਼ੇਸ਼ ਨੇ।
ਦਸਮ ਗੁਰ ਦਰਸ਼ਨ ਜਾਣੀਏ ਸੁਜਾਨ ਜਨ,
ਮੰਨ ਪਾਇਆ ਸਰਣ ਗੁਰੋਂ ਤਰਨ ਮਿਰਗੇਸ਼ ਨੇ।

---

(੧) ਸੰਮਤ ੧੯੧੨ ਵਿਚ ਰਾਜਪੂਤਾਨੇ ਦੇ ਭਾਦਰਾ ਨਗਰ ਵਿਚ ਕਿਸੇ ਰਾਜਪੂਤ ਰਾਈਸ ਦੀ ਸਹਾਇਤਾ ਕਰਨੀ ਅਤੇ ਜੀਂਦ ਪਟਿਆਲੇ ਪਾਸ ਜੰਗਲ ਵਿਚ ਨਿਵਾਸ ਕਰਨਾ ਹੀ ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਲਿਖਿਆ ਹੈ। ਵੇਖੋ "ਅਜਾਪਾਲ ਸਿੰਘ ਬਾਬਾ"।

(੨) ਸ੍ਰੇਸ਼ਟ ਸ਼ਰਧਾਲੂ ਤੇ ਸਨੇਹੀ ਭੇਤੀ ਭਾਵ ਪੂਰਤ ਲੱਖਣਾ ਨਾਮ "ਅਜਾਪਾਲ ਸਿੰਘ" ਜੀ ਲੈਂਦੇ ਸੀ।



Sri Satguru Jagjit Singh Ji eLibrary NamdhariElibrary@gmail.com

(ਦੋ) ਨੰਬਰ ਸਾਖੀ ਦੇ ਮੁੱਢ ਲਿਖਿਆ ਹੈ "ਬਾਬਾ ਸਾਹਿਬ ਜੀਂਦ ਆਏ" ਤੇ ਅੰਤ ਤੇ ੧੯੧੨ ਸਾਲ ਵਿਚ ਜੀਂਦ ਆ ਬਿਰਾਜੇ ਛੇ ਸਾਲ ਰਹੇ ਤੇ ਵਿਚਾਲੇ ਰਾਣੇ ਨੂੰ ਭਾਰਬਰਦਾਰੀ ਜੋਗ ਕਹਿਣਾ ਤੇ ਲੈਣਾ ਤੇ ਚਲ ਪੈਣਾ ਹੀ ਹੈ। ਮੈਂ ਉਪਰ ਲਿਖੇ ਕਬਿਤ ਵਿਚ ਦਸਮ ਗੁਰ ਦਰਸਨ ਵਾਲੀ ਸਤਰ ਵਿਚ ਜੋ ਲਿਖਿਆ ਹੈ ਉਸ਼ ਵਿਚ ਇਹ ਸਾਰ ਹੈ ਕਿ ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਮੰਡੀ ਬਿਆਸ ਕੰਢੇ ਇਕ ਸਮੇਂ ਅਰਜ਼ ਕੀਤੀ ਸੀ ਕਿ ਇਕ ਸਿਖ ਕਹਿਆ ਹੈ "ਬਾਬਾ ਅਜਾਪਾਲ ਸਿੰਘ ਜੀ ਨੂੰ ਦਸਮੇਸ਼ ਜੀ ਸਾਬਤ ਕਰਨਾ ਨਾਮਧਾਰੀਆਂ ਨੇ ਸਿੰਘ ਸਭੀਆਂ ਨੂੰ ਉਨ੍ਹਾਂ ਦੇ ਹੀ ਸਾਥੀਆਂ ਦਾ ਲਿਖਿਆ ਵਖਾ ਜੇਹੇ ਨੂੰ ਤੇਰਾ ਡਕਾ ਡਾਹਿਆ ਹੈ। ਕੀ ਜਾਣੀਏ ਸੱਚ ਕੀ ਹੋਵੇ ? ਤੇ ਨਾਲੇ ਉਸ ਸਿਖ ਕਹਿਆ ਹੈ ਜਿਵੇਂ ਗੁਰੂ ਨਾਨਕ ਜਨਮ ਤੋਂ ਗੁਰ ਅਵਤਾਰ ਤੇ ਸੁਤੇ ਸਮਰੱਥ ਸੀ ਤਿਵੇਂ ਗੁਰੂ ਰਾਮ ਸਿੰਘ ਜੀ ਭੀ ਗੁਰ ਅਵਤਾਰ ਤੇ ਸੁਤੇ ਸਮਰਥ ਸੀ ਜ਼ਰੂਰੀ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਬਾਲਕ ਸਿੰਘ ਜੀ ਦੁਆਰਾ ਨਾਮ ਦੀ ਦਾਤ ਮਿਲਣ ਤੇ ਹੀ ਸੋ ਸਮਰੱਥ ਸਤਿਗੁਰੂ ਜੀ ਮੰਨੇ ਜਾਣ। ਜਿਵੇਂ ਸਭ ਮਜ਼ੂਬਾਂ, ਪੰਥਾਂ ਦੇ ਬਾਨੀ ਸੁਤੇ ਸਕਤ ਵਾਨ ਹੁੰਦੇ ਆਏ ਹਨ ਤਿਵੇਂ ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਭੀ ਮੰਨੇ ਜਾ ਸਕਦੇ ਹਨ।"

ਤਾਂ ਸਤਿਗੁਰੂ ਜੀ ਨੇ ਤੇਜ਼ੀ ਵਿਚ ਹੋ ਕੇ ਤੁਰਤ ਉਤਰ ਦਿਤਾ :—

"ਉਸ ਸਿਖ ਸੌਹਰੀ ਦੇ ਪੁਤ ਦੀ ਗੱਲ ਵਾਧੂ ਹੈ ਅਸੀਂ ਐਵੇਂ ਮਨ ਘੜਤ ਹੀ ਬਗੇ ਤੇ ਕਾਲੇ ਨਹੀਂ ਲਿਖ ਰਹੇ। ਸਤਿਗੁਰੂ ਜੀ ਦੀ ਕਿਰਪਾ ਨਾਲ ਸਾਡੇ ਪਾਸ ਸਬੂਤ ਹਨ। ਮੈਂ ਗਿਆਨੀ ਗਿਆਨ ਸਿੰਘ ਜੀ ਦਾ "ਪੰਥ ਪ੍ਰਕਾਸ਼" (ਪਹਿਲੀ ਐਡੀਸ਼ਨ) ਪੜ੍ਹਿਆ ਹੈ ਤੇ ਮਹੰਤ ਸੁਮੇਰ ਸਿੰਘ ਜੀ ਦਾ "ਗੁਰ ਬਿਲਾਸ ਪਾ:



Sri Satguru Jagjit Singh Ji eLibrary NamdhariElibrary@gmail.com

ਦਸਵੀਂ'' ਪੜ੍ਹਿਆ ਹੋਇਆ ਏ। ਜਿਨ੍ਹਾਂ ਵਿਚ ਦਸਮ ਗੁਰ ਜੀ ਦਾ ਕਾਬਲ ਪਸ਼ੌਰ ਵੱਲ ਜਾਣਾ ਤੇ ਗੁਰੂ ਬਾਲਕ ਸਿੰਘ ਜੀ ਨੂੰ ਮਿਲਣਾ ਲਿਖਿਆ ਹੈ। ਸਿਆਣਾ ਤਾਂ ਮੋਚੀ ਚਮਾਰ ਵੀ ਬਗੇ ਤੇ ਕਾਲਾ ਲਿਖ ਕੇ ਝੂਠ ਨਹੀਂ ਬੋਲ ਸਕਦਾ। ਮੈਂ ਤੇ ਸਿੰਘ ਸਭੀਆਂ ਦੀਆਂ ਕਰਤੂਤਾਂ ਨੂੰ ਸੋਚ ਕੇ ਹੀ ਸੁਮੇਰ ਸਿੰਘ ਜੀ ਦੇ ਕਾਗਤਾਂ ਦਾ ਪਹਿਲਾ ਖਰੜਾ[੧] ਖਰੀਦ ਕੇ ਸਾਂਭਿਆ ਹੋਇਆ ਹੈ। ਸਿੰਘ ਸਭੀਆਂ ਨੇ ਬਰਾਟ ਨਗਰ ਤੇ ਲੰਡੇ ਦਰਿਆ ਦੇ ਕੰਢੇ ਤੇ ਬਣੇ ਦਸਮ ਗੁਰੂ ਜੀ ਦੇ ਦੋਵੇਂ ਗੁਰਦੁਆਰੇ ਗਵਾ ਦਿਤੇ ਹਨ। ਪੋਥੀ ਗੁਰ ਬਿਲਾਸ ਭੀ ਹੁਣ ਨਹੀਂ ਛਾਪਦੇ। ਹੋਰ ਤਾਂ ਹੋਰ ਸਤਿਗੁਰੂ ਰਾਮ ਸਿੰਘ ਜੀ ਭੀ ਪੁਜਾਰੀਆਂ ਵਾਲੇ ਹੁਕਮਨਾਮੇ ਤੇ ਇਕਦੂ ਹੋਰਨਾਂ ਵਿਚ ਲਿਖਿਆ ਹੈ "ਇਹ ਰਚਨਾ ਸਭ ਦਸਮੇਂ ਪਾਤਸ਼ਾਹ ਦੀ ਹੈ ਤੇ ਇਹ ਲੋਕ ਗੁਰੂ ਜੀ ਦੇ ਸਾਂਗ ਨੂੰ ਨਹੀਂ ਲਖ ਸਕੇ" ਸੋ ਸਾਂਗ ਏਹੋ ਗੁਰੂ ਜੀ ਕੀਤਾ ਸੀ ਜੋ ਨਦੇੜੋਂ ਅਲੋਪ ਹੋਣ ਬਾਦ ਖਾਲਸੇ ਨੂੰ ਜੰਗਾਂ ਜੋਗ ਸਹਾਇਤਾ ਤੇ ਸ਼ਰਧਾਲੂਆਂ ਦੀ ਸਹੈਤਾ ਆਦਿ ਕੰਮ ਕਰਦੇ ਰਹੇ। ਤੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਦੇ ਕੇ ਕਿਹਾ ਇਹ ਰਾਮ ਸਿੰਘ ਜੋਗ ਤੇਰੇ ਵਿਚ ਸਕਤ ਰਖੀ ਹੈ। ਤੇ ਜੋ ਉਸ ਸਿਖ ਤੈਨੂੰ ਕਿਹਾ ਹੈ "ਗੁਰੂ ਨਾਨਕ ਜਿਵੇਂ ਸੁਤੇ ਅਵਤਾਰ ਸੀ ਤਿਵੇਂ ਗੁਰੂ ਰਾਮ ਸਿੰਘ ਜੀ ਭੀ ਸੁਤੇ ਅਵਤਾਰ ਮੰਨੇ ਜਾ ਸ਼ਕਦੇ ਹਨ ਜ਼ਰੂਰੀ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੀ ਗੁਰੂ ਬਾਲਕ ਸਿੰਘ ਜੀ ਨੂੰ ਹੁਕਮ ਹੋਇਆ।"

ਜੇ ਐਸੇ ਹੀ ਅਸੀਂ ਨਾਮਧਾਰੀ ਮੰਨ ਲਈਏ ਤੇ ਕਹੀਏ ਜਿਵੇਂ ਗੁਰੂ ਨਾਨਕ ਸੁਤੇ ਅਵਤਾਰ ਹੋਏ ਸਨ ਤਿਵੇਂ ਗੁਰੂ ਰਾਮ ਸਿੰਘ ਜੀ ਭੀ ਸੁਤੇ ਅਵਤਾਰ ਹੋਏ ਹਨ ਤਾਂ ਅਸੀਂ ਗੁਰੂ ਰਾਮ ਸਿੰਘ ਜੀ ਨੂੰ

---

(੧) ਇਹ ਖਰੜਾ ਮੈਂ ਜੀਵਨ ਨਗਰ ਗੁਰੂ ਸਾਂਭੇ ਕਾਗਤਾਂ ਵਿਚ ਵੇਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਬਾਰ੍ਵੇਂ ਗੁਰੂ ਨਹੀਂ ਕਹਿ ਸਕਦੇ। ਹਾਂ ਰਾਧੇ ਸੁਆਮੀਆਂ, ਨਿਰੰਕਾਰੀਆਂ ਵਾਂਗੂੰ ਗੁਰ ਨਾਨਕ ਮਾਰਗੋਂ ਵਖਰੀ ਸ਼ਾਖ ਤਾਂ ਹੋ ਸਕਦੇ ਹਾਂ ਪਰ ਨਹੀਂ "ਨਾਨਕ ਗੁਰ ਤੇ ਗੁਰ ਹੋਇਆ" ਗੂਜਰੀ ਮ: ੩ ਪੰਨਾਂ ੪੯੦ ਵਾਕ ਅਨੁਸਾਰ ਗੁਰੂ ਰਾਮ ਸਿੰਘ ਜੀ ਗੁਰੂ ਨਾਨਕ ਜੀ ਦੇ ਤਖਤ ਤੇ ਬਾਰ੍ਵੀਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਅਨੁਸਾਰ ਸਹੀ ਹਨ। ਤੇ ਜਿਹੜੇ ਸਿੰਘ ਐਸੀਆਂ ਹੋਰ ਮਨ ਕਲਪਤ ਦਲੀਲਾਂ ਦਸਦੇ ਹਨ। ਉਹੋ ਸਰਕਾਰ ਵਲੋਂ ਜਾਂ ਹੋਰ ਭੇਖਾਂ, ਸਿੰਘ ਸਭੀਆਂ, ਅਕਾਲੀ ਆਦਿ ਵਲੋਂ ਉਚੇਚੇ ਨਾਮਧਾਰੀਆਂ ਵਿਚ ਆਏ ਹੀ ਏਸੇ ਕੰਮ ਲਈ ਹੁੰਦੇ ਹਨ। ਤੇ ਗਲਤ ਗੱਲਾਂ ਦੱਸ ਦੂਜੇ ਬੰਨੇ ਮਨਾਂ ਨੂੰ ਜੋੜਨ ਵਾਲੀਆਂ ਤੇ ਤੇਰੇ ਕੰਨਾਂ ਵਿਚ ਤਾਂ ਮੈਨੂੰ ਜਾਪਦਾ ਏ ਇਹੋ ਜੇਹੀਆਂ ਉਚੇਚੀਆਂ ਇਸ ਲਈ ਪਾਂਦੇ ਹਨ ਕਿ ਤੂੰ ਕੁਝ ਨੋਟ ਵਰਤਦੇ ਸਮੇਂ ਦੇ ਨਾਲੋ ਨਾਲ ਲਿਖਦਾ ਰਹਿੰਦਾ ਹੈ। ਕਲ੍ਹ ਨੂੰ ਤੇਰੀ ਲਿਖਤ ਵਿਚੋਂ ਲੱਭੇ ਪਿਆ ਕਿ ਮੈਂ ਆਹ ਗੱਲ ਸੁਣੀ ਸੀ। ਤਰਨ ਸਿੰਘਾ ਤੂੰ ਗੁਰਬਾਣੀ ਦੇ ਤੱਤ "ਲਲਿਤਾ ਲੇਖਣ ਸੱਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ। ਧੰਨੁ ਲਿਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਧਾਰਿ।" ਸੋਰਠ ਮ: ੧ "ਸਚ ਸਚ ਹੀ ਲਿਖਣਾ।" ਮੈਂ ਸਤਿਗੁਰੂ ਜੀ ਦੀ ਸੁਮੱਤ ਦਿਤੀ ਚੇਤੇ ਰਖ "ਹਉ ਕੁਰਬਾਨ ਜਾਈ ਤੇਰੇ ਨਾਵੈ। ਜਿਸ ਨੂੰ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ। ਸੋਰਠ ਮ: ੫" ਗੁਰ ਵਾਕ ਨੂੰ ਚੇਤੇ ਰਖਦਾ ਹੀ ਗੁਰੂ ਜਸ ਲਿਖਦਾ ਤੇ ਗੁਰੂ ਪਾਸੋਂ ਮੰਗਦਾ ਹਾਂ ਤੂੰ ਮੈਨੂੰ ਕੂੜ ਕਪਟ ਤੋਂ ਆਪਣੀ ਬਖਸ਼ਸ਼ ਕਰਕੇ ਬਚਾਈ ਰਖ ਤੇ ਮੰਗਦਾ ਹਾਂ :—

"ਹੇ ਗੁਰ ਅਪਣੀ ਚਰਨੀ ਲਾਏ, ਬਖਸ਼ ਕਰ ਬੁਰਿਉਂ ਰਖ ਬਚਾਏ।
ਝੂਠ ਜੂਠ ਤੋਂ ਰਹਾਂ ਮੈਂ ਦੂਰ, ਸੱਚ ਅਨਝਕ ਹੋ ਲਿਖਾਂ ਜ਼ਰੂਰ।



Sri Satguru Jagjit Singh Ji eLibrary NamdhariElibrary@gmail.com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ
ਵਡੇ ਪਰਤਾਪ ਵਾਲੇ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

(੨ ਨੰ: ਸਾਖੀ ਜੀਂਦ[੧] ਰਹਿਣ ਵਾਲੀ ਗੁਰੂ ਜੀ ਦੀ ਦਰਸ਼ਾ ਪਾਠਕਾਂ ਲਈ ਲਿਖਦਾ ਹਾਂ।)

॥ ਕਬਿਤ ॥

ਮਹਾਂ ਪ੍ਰਤਾਪੀ ਤੇਜ ਪੁੰਜ ਅਸਵਾਰ ਹੋ ਕੇ,
ਦਖਣੋਂ ਦਸਮੇਸ ਹੀ ਸੀ ਭਾਦਰੇ ਸੋ ਆਉਣ ਵਾਲੇ।
ਆਜ਼ਜ ਨਿਵਾਜ ਜੋ ਮੁਅਜਮ[੨] ਦੀ ਅਰਜ ਮੰਨ,
ਤੀਰ ਤਾਰੋ ਆਜ਼ਮ ਨੂੰ ਮਾਰ ਕੇ ਮਕੌਣ ਵਾਲੇ।
ਕੌਣ ਹੋਰ ਸਕਦਾ ਹੋ ਸ੍ਰੀ ਦਸਮੇਸ਼ ਬਿਨਾਂ,
ਖੁਸੇ ਰਾਜ ਰਾਣੇ ਦੇ ਨੂੰ ਵਾਪਸ ਦਿਵੌਣ ਵਾਲੇ।
ਉਸ ਸਮੇਂ ਸ੍ਰੀ ਦਸਮੇਸ਼ ਹੀ ਸੀ ਅ-ਮਾਨੁਖੀ,
ਬਲੋਂ ਦੁਖ ਕੱਟ ਸੁਖ ਦਾਸਾਂ ਦੇ ਬਿਨੌਣ ਵਾਲੇ।
ਰਾਣੇ ਦੀ ਸਹਾਇਤਾ ਕਰ ਭਾਣੇ ਕਰਤਾਰ ਵਿਚ,
ਮਤਾਂ ਕੋਈ ਲਖੇ ਕੂਚ ਅੱਗੇ ਨੂੰ ਬਲੌਣ ਵਾਲੇ।
ਬਣੇ[੩] ਸਾਲ ਬਾਰਾਂ ਤੋਂ ਅਠਾਰਾਂ ਤੱਕ ਜੀਂਦ ਰਹੇ,
ਸ਼ਸਤ੍ਰ ਸਿੰਘ ਘੋੜੇ ਸਦਾ ਸਾਥ ਹੀ ਰਖੌਣ ਵਾਲੇ।
ਜਾਪਦੇ ਹੀ ਮਹਾਂ ਪ੍ਰਤਾਪੀ ਤੇਜ ਪੁੰਜ ਪਰ,
ਉਤੋਂ ਉਂਜੇ ਠਾਟ ਠਟੇ ਘਟ ਹੀ ਜਨੌਣ ਵਾਲੇ।

---

(੧) ਬਾਬੇ ਫੂਲ ਦੇ ਵੱਡੇ ਪੁਤਰ ਚੌਧਰੀ ਤ੍ਰਿਲੋਕ ਸਿੰਘ ਦੀ ਵਸੋਂ ਦੀ ਜਗਾ।

(੨) ਜਿਸਦਾ ਨਾਮ ਸ਼ਾਹ ਆਲਮ ਤੇ ਬਹਾਦਰ ਸ਼ਾਹ ਭੀ ਹੋਇਆ। ਗੁਰੂ ਜੀ ਇਸ ਨੂੰ ਮਦਦ ਦੇ ਕੇ ਜਿਤਾਯਾ ਸੀ।

(੩) ਗੁਰੂ ਜੀ ਜਿਥੇ ਜਾਂਦੇ ਬਨ ਜੰਗਲ ਸੰਗਣੇ ਵਿਚ ਤੇ ਨਗਰੋਂ ਕੁਝ ਦੂਰ ਹੀ ਤੰਬੂ ਡੇਰੇ ਲਾਂਦੇ ਤੇ ਪਹਿਰੇ ਭੀ ਰਖਦੇ।



Sri Satguru Jagjit Singh Ji eLibrary NamdhariElibrary@gmail.com

ਟਿਕੇ ਪਟਿਆਲੇ[1] ਆਏ ਫੌਜਾਂ ਵਾਲੇ ਦਸਮ ਗੁਰ,
ਤਰਨ ਸਿੰਘ ਸਰਨ ਆਏ ਸੇਵਾਂ ਦੇ ਕਮੌਣ ਵਾਲੇ।

ਚੌ: ਰਖਦੇ ਗੁਰ ਸਭ ਕਾਰ ਸੰਕੇਤ,
ਆਪੇ ਜਾਨਣ ਅਪਨਾ ਭੇਤ।
ਰਾਮ ਸਿੰਘ ਤ੍ਰਿਲੋਕ ਸਿੰਘ ਬਾਰ,
ਜੀਂਦ ਪਟਿਆਲਾ ਜਿਸ ਦਾ ਸਾਰ।
ਮੇਰੀ ਸਮਝ ਵਿਚ ਹੈ ਆਇਆ,
ਆ ਜਿਥੇ ਗੁਰ ਦਰਸ ਵਿਖਾਇਆ।
ਖਾਸ ਸਿਖ ਕੁਝ ਸਾਥ ਸੀ ਰਹੀਦੇ,
ਬੁਝਨ[2] ਸੰਕੇਤਕ ਜੋ ਗੁਰ ਕਹੀਦੇ।
ਜ਼ਿਵੇਂ ਸੀ ਸਾਥ ਨਦੇੜੋਂ ਲਏ,
ਜਿਨ ਸਣੇ ਜੰਗਲ[3] 'ਚ ਦਰਸਨ ਦਏ।
ਭਾਰ ਬਰਦਾਰੀ ਸ਼ਸ਼ਤ੍ਰ ਘੋੜੇ,
ਸਮੇਂ ਸੰਕੇਤਕ ਜੋ ਹਰ ਲੋੜੇ।
ਹੇਤ ਭੇਤ ਵਿਚ ਫਰਕ ਨ ਪਾਂਦੇ,
ਕਰਦੇ ਜਿਵੇਂ ਗੁਰੂ ਫੁਰਮਾਂਦੇ।
ਜੋ ਆਖੇ ਇਹ ਝੂਠੀ ਗੱਲ,
ਤਿਸੇ ਮੁਬਾਰਕ ਤਿਸ ਦਾ ਝਲ।

---

(੧) ਬਾਬੇ ਫੂਲ ਦੇ ਛੋਟੇ ਪੁਤਰ ਰਾਮ ਸਿੰਘ ਦੇ ਪੁਤਰ ਆਲਾ ਸਿੰਘ ਦੀ ਵਸੋਂ ਵਾਲੀ ਜਗਾ। ਬਾਬਾ ਫੂਲ ਗੁਰੂ ਹਰਿਗੋਬਿੰਦ ਜੀ ਤੇ ਗੁਰੂ ਹਰਿ ਰਾਏ ਜੀ ਦੀ ਕਿਰਪਾ ਦਾ ਪਾਤਰ ਤੇ ਸਿਖ ਸੀ।

(੨) ਚਿੰਨ੍ਹ ਇਸ਼ਾਰਾ ਸਮਝਣ ਵਾਲੇ।

(੩) ਯੁਤ ਸੁਆਨ ਬਗਲੇ ਦਜਕੁ ਸਿੰਘਨ ਪਿਖੇ ਬ੍ਰਿਤ ਆਛਿਪਤ ਖੀ ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

## ॥ ਕਬਿਤ ॥

ਰੱਖ ਦੇ ਸੰਕੇਤਕਾਰ ਸਭ ਦਸਮੇਸ਼ ਗੁਰ,
ਸਿੰਘ ਭੀ ਸੁਭੇਤੀ ਕੁਝ ਗੁਰਾਂ ਸੰਗ ਲਏ ਸੀ ।
ਜਿਵੇਂ ਰੋਜ਼ ਅਗਲੇ ਹੀ ਦਸ ਕੁ ਸਿੰਘਨ ਸਾਥ,
ਖੇਡ ਦੇ ਸ਼ਿਕਾਰ ਮਿਲ ਸਾਧਾਂ ਨੂੰ ਸੋ ਪਏ ਸੀ ।
ਕਰੋ ਕੋਈ ਚਿੰਤਾ ਨਾ ਘੋੜਾ ਹਾਂ ਲੈ ਗਏ ਆਪ,
ਅਚਿੰਤ ਜਾਪ ਕਰੋ ਗੁਰਾਂ ਹੌਂਸਲੇ ਭੀ ਦਏ ਸੀ ।
ਦੱਖਣੋਂ ਆ ਭਾਦਰੇ ਬਰਾਜੇ ਜੀਂਦ ਪਟਿਆਲੇ,
ਪਹੁੰਚ ਭੀ ਪੰਜਾਬ ਮਦਦ ਖਾਲਸੇ ਦੀ ਭਏ ਸੀ ।

ਦੋ: ਗੁਪਤ ਗੁਰੂ ਕਾ ਬੀਤਿਆ ਸਮਾਂ ਦਸੇ ਇਤਿਹਾਸ ।
ਪੜ੍ਹਿਆਂ ਨਾਲ ਵਿਚਾਰ ਦੇ ਸੋਝੀ ਆਵੇ ਖਾਸ ।

(ਤਿੰਨ ਚਾਰ ਨੰਬਰ ਸਾਖੀ ਦਾ ਸਾਰ ਤਲੇ ਲਿਖਦਾ ਹਾਂ)

ਅਰਥਾਤ ਗੁਰੂ ਜੀ ਬਿ: ੧੯੧੦ ਤੋਂ ਪਹਿਲੋਂ ਦੇ ਭਾਦਰੇ ਆਏ ੧੯੧੨ ਤੱਕ ਰਹੇ । ਛੇ ਬਰਸ ਜੀਂਦ ਲਾਗੇ ਸੰਘਣੇ ਜੰਗਲ ਵਿਚ ਰਹੇ ਬਾਦ ੧੯੧੮ ਬਿ: ਵਿਚ "ਮੰਜ਼ਲ ਦਰ ਮੰਜ਼ਲ ਪਟਿਆਲੇ ਆਏ ਬਰਾਜੇ ਜਿਸ਼ ਜਗਾ ਹੁਣ ਮਾਈ ਆਸ਼ ਕੌਰ ਦੀ ਸਰਾਏ ਹੈ ਏਥੇ ਰੋਹੀ ਹੁੰਦੀ, ਏਥੇ ਤੰਬੂ ਲਾਕੇ ਡੇਰਾ ਕਰ ਲਿਆ । ਮਹਾਰਾਜ ਸਾਹਿਬ ਸਿੰਘ[1] ਤੇ ਮਾਈ ਆਸ ਕੌਰ[2] ਜੀ ਬਾਬਾ ਸਾਹਿਬ ਦੀ ਸੇਵਾ ਕਰਨ ਲਗੇ ਹੁਕਮ ਮੂਜਬ ਮਕਾਨ ਤਿਆਰ ਕਰਵਾ ਦਿਤਾ ਬਾਬਾ ਸਾਹਿਬ ਇਸੇ ਮਕਾਨ ਵਿਚ ਬਰਾਜਦੇ ।......ਮਾਈ ਆਸ ਕੌਰ ੫੦੦ ਭੇਟਾ ਭੇਜੀ ਤਾਂ ਕਹਿਓ ਨੇ ਸਾਨੂੰ ਸ਼ਸਤਰ ਦਾ ਪ੍ਰੇਮ ਹੈ

(੧) ਮਹਾਰਾਜੇ ਆਲਾ ਸਿੰਘ ਜੀ ਦੇ ਪੋਤਰੇ ਅਮਰ ਸਿੰਘ ਦਾ ਪੁਤਰ ।
੨) ਮਹਾਰਾਜੇ ਸਾਹਿਬ ਸਿੰਘ ਦੀ ਸੁਪਤਨੀ ਤੇ ਕਰਮ ਸਿੰਘ ਜੀ ਦੀ ਮਾਤਾ ।



Sri Satguru Jagjit Singh Ji eLibrary NamdhariElibrary@gmail.com

ਇਸ ਮਾਇਆ ਦੀ ਬੰਦੂਕ ਬਣਵਾ ਦਿਉ ਕਾਰੀਗਰਾਂ ਸੋਨਾ, ਚਾਂਦੀ, ਤਾਂਬਾ, ਪਿੱਤਲ, ਲੋਹਾ, ਕਾਂਸੀ ਆਦਿ ਧਾਤਾਂ ਦੀ ਬੰਦੂਕ ਕਈ ਮਹੀਨਿਆਂ ਵਿਚ ਤਿਆਰ ਕੀਤੀ ਦੇਖ ਪ੍ਰਸੰਨ ਹੋਏ। ਇਸ ਦੇ ਕੁੰਦੇ ਉਪਰ ਦੰਦ ਦਾ ਕੰਮ ਹੈ ਅਰ ਤੋੜੇਦਾਰ ਹੈ ਤੇ ਹੁਣ ਇਹ ਨਾਭੇ ਡੇਰੇ ਬਾਬਾ ਸਾਹਿਬ ਦੇ ਸ਼ਸ਼ਤਰਾਂ ਵਿਚ ਮੌਜੂਦ ਹੈ।"

(੫ ਨੰਬਰ ਸਾਖੀ ਹੈ ਮਾਈ ਸੇਢਾਂ[੧] ਦਾ ਪ੍ਰਸੰਗ)

ਇਸ ਦੇ ਲੰਮੇ ਪ੍ਰਸੰਗ ਦਾ ਸਾਰ ਇਸ਼ ਤਰ੍ਹਾਂ ਹੈ :—

ਇਸ ਮਾਈ ਬੁਲਾਢੇ ਦੀ ਨੂੰ ਕੋੜ੍ਹ ਹੋ ਗਿਆ ਸੀ ਤੇ ਰਤਨ ਸਿੰਘ ਇਸ ਦਾ ਪੁਤਰ ਪਿੰਡੋਂ ਬਾਹਰ ਪਾਈ ਕੁਟੀਆ ਵਿਚ ਜਲ ਪ੍ਰਸਾਦ ਦੇਂਦਾ ਸੀ ਇਸ ਦੀ ਕੁਟੀਆ ਲਾਗੇ ਇਕ ਗੁਰਮਖ ਬਿਹੰਗਮ ਫੂਲਾ ਸਿੰਘ ਜੀ ਆ ਟਿਕੇ। ਮਾਈ ਉਨ੍ਹਾਂ ਤੋਂ ਬਾਣੀ ਵੀ ਸੁਣੇ ਤੇ ਓਹਨਾਂ ਦੇ ਡੇਰੇ ਦੁਆਲੇ ਝਾੜੂ ਵੀ ਦੇਵੇ ਫੂਲਾ ਸਿੰਘ ਜੀ ਨੇ ਮਾਈ ਤੋਂ ਵੇਦਨ ਪੁਛੀ ਤੇ ਕਿਹਾ ਮਾਈ ਤੂੰ ਪਟਿਆਲੇ ਜਾਹ ਉਥੇ ਇਕ ਮਹਾਂਪੁਰਖ ਬਾਬਾ ਅਜਾਪਾਲ ਸਿੰਘ ਜੀ ਨਾਉਂ ਤੋਂ ਪ੍ਰਸਿਧ ਹਨ ਉਨ੍ਹਾਂ ਦੇ ਮਕਾਨ ਦੇ ਇਰਦ ਗਿਰਦ ਨੇਮ ਨਾਲ ਝਾੜੂ ਦੇਣਾ ਜ਼ਰੂਰ ਤੇਰਾ ਕਸ਼ਟ ਦੂਰ ਹੋ ਜਾਊਗਾ। ਮਾਈ ਸੇਢਾਂ ਪੁਜਣ ਦਾ ਉਜਰ ਕਰਦੀ ਹੈ ਤਾਂ ਫੂਲਾ ਸਿੰਘ ਜੀ ਉਸ ਨੂੰ ਕਹਿੰਦੇ ਹਨ ਗੁਰੂ ਤੇ ਭਰੋਸਾ ਰਖਕੇ ਟੁਰ ਪਵੋ ਸਤਿਗੁਰੂ ਆਪ ਹੀ ਪਹੁੰਚਾ ਦੇਣਗੇ। ਪਹੁੰਚਣ ਸਾਰ ਤੁਹਾਡੇ ਤੇ ਕਿਰਪਾ ਕਰਨਗੇ।

ਮਾਈ ਪਟਿਆਲੇ ਪੁਜ ਨਗਰ ਵਿਚੋਂ ਮੰਗ ਕੇ ਗੁਜ਼ਾਰਾ ਕਰਦੀ ਹੈ ਅੰਤ ਗੁਰੂ ਜੀ ਪੁਛਦੇ ਹਨ ਤੂੰ ਕਿਸ ਅਰਥ ਲਈ ਸਾਡੇ ਮਕਾਨ ਦੁਆਲੇ ਝਾੜੂ ਦੇਂਦੀ ਹੈਂ। ਮਾਈ ਅਰਜ਼ ਕੀਤੀ ਦੀਨ ਦਿਆਲ

---

(੧) ਫੁਲਵਾੜੀ ਦੇ ਦੂਜੇ ਅੰਕ ਵਿਚ ਭਾਈ ਕਾਨ੍ਹ ਸਿੰਘ ਜੀ ਇਸ ਦਾ ਅਸਲ ਨਾਮ ਨਿਹਾਲ ਕੌਰ ਲਿਖਿਆ ਹੈ।



Sri Satguru Jagjit Singh Ji eLibrary NamdhariElibrary@gmail.com

ਜੀ ਮੈਨੂੰ ਕੋੜ੍ਹ ਦੀ ਬੀਮਾਰੀ ਹੈ ਆਪ ਦੀ ਸ਼ਰਨ ਆਈ ਹਾਂ ਆਪ ਕਿਰਪਾਲੂ ਹੋ ਮੈਨੂੰ ਅਰੋਗਤਾ ਬਖਸ਼ੋ ਤੇ ਮਾਈ ਨੇ ਹੱਥ ਜੋੜ ਬੇਨਤੀ ਕੀਤੀ ਮਹਾਰਾਜ ਭਾਈ ਫੂਲਾ ਸਿੰਘ ਜੀ ਬਿਹੰਗਮ ਮੇਰੇ ਪਿੰਡ ਆ ਉਤਰੇ ਮੇਰੇ ਸਰੀਰ ਦੀ ਹਾਲਤ ਵੇਖ ਕੇ ਕਿਹਾ ਮਾਈ ਪਟਿਆਲੇ ਮਹਾਰਾਜ ਅਜਾਪਾਲ ਸਿੰਘ ਜੀ ਰਹਿੰਦੇ ਹਨ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਨੀ ਉਹੋ ਤੇਰਾ ਕਸ਼ਟ ਦੂਰ ਕਰਨਗੇ। ਗੁਰੂ ਜੀ ਮਾਈ ਨੂੰ ਹੁਕਮ ਦੇ ਗੰਦੇ ਕੂੜੇ ਦੇ ਢੇਰ ਨੂੰ ਅੱਗ ਲਵਾ ਲੋਕਾਂ ਦੇ ਬੋਲ ਕਬੋਲ ਸਹਿਣ ਦੀ ਪਰਖ ਪਾਂਦੇ ਹਨ ਮਨਸ਼ਾ ਦੇਵੀ ਦੇ ਯਾਤਰੂਆਂ ਵਿਚੋਂ ਇਕ ਸੰਤ ਦੇਖ ਕੇ ਹੱਸ ਬੋਲਿਆ ਮਾਈ ਤੂੰ ਤਾਂ ਨਿਹਾਲ ਹੋ ਗਈ ਅਰ ਤੇਰਾ ਰੋਗ ਸਭ ਦੂਰ ਕਰ ਦਿਤਾ ਸਾਹਿਬਾਂ ਨੇ ਗੁਰੂ ਜੀ ਮਾਈ ਤੋਂ ਇਹ ਬਚਨ ਸੁਣਕੇ ਅਰੋਗਤਾ ਦਾ ਬਚਨ ਕੀਤਾ ਤੇ ਥੋੜੇ ਚਿਰ ਬਾਦ ਹੀ ਉਹੋ ਅਰੋਗ ਹੋ ਕੇ ਗੁਰੂ ਕੇ ਦੁਆਰੇ ਦੀ ਸੇਵਾ ਕਰਨ ਲੱਗੀ ਗੁਰੂ ਕੇ ਲੰਗਰੋਂ ਹੀ ਪ੍ਰਸਾਦਿ ਛਕਣ ਲੱਗੀ ਤੇ ਗੁਰੂ ਜੀ ਉਸ ਦਾ "ਸੇਢਾਂ" (ਸਿਰੜ ਸਿਦਕ ਵਾਲੀ) ਨਾਮ ਰਖਿਆ ਤੇ ਦਰ ਤੇ ਪਹਿਰਾ ਦੇਣ ਦਾ ਹੁਕਮ ਕੀਤਾ।

ਭਾਈ ਸਾਹਿਬ ਕਾਂਨ੍ਹ ਸਿੰਘ ਜੀ ਫੁਲਵਾੜੀ ਵਿਚ "ਦੁਖੀਆਂ ਦਾ ਦੁਖ ਦੂਰ ਕਰਨਾ" ਸਿਰਲੇਖ ਤਲੇ ਲਿਖਦੇ ਹਨ "ਜਿਸ ਮਾਈ ਦਾ ਨਾਮ ਉਪਰ ਸੇਢਾਂ ਆਇਆ ਹੈ ਇਹ ਬੁਲਾਢੇ ਦੀ ਵਸਨੀਕ ਸੀ ਇਸ ਨੂੰ ਕੁਸ਼ਟ ਰੋਗ ਹੋ ਗਿਆ ਪਿੰਡ ਤੋਂ ਬਾਰ ਝੁਗੀ ਵਿਚ ਰਹਿਆ ਕਰਦੀ ਸੀ ਇਕ ਵਾਰ ਸੰਤ ਫੂਲਾ ਸਿੰਘ ਜੀ ਝੁਗੀ ਪਾਸ ਟੋਭੇ ਕਿਨਾਰੇ ਆ ਬਿਰਾਜੇ। ਉਹਨਾਂ ਦੀ ਸੇਵਾ ਵਿਚ ਮਾਈ ਨੇ ਬੇਨਤੀ ਕੀਤੀ ਕਿ ਮੇਰਾ ਦੁਖ ਕਿਰਪਾ ਕਰਕੇ ਦੂਰ ਕਰੋ। ਫੂਲਾ ਸਿੰਘ ਜੀ ਨੇ ਆਖਿਆ ਕਿ ਮਹਾਪੁਰਖ ਬਾਬਾ ਅਜਾ ਪਾਲ ਸਿੰਘ ਜੀ ਦੀ ਸਰਨ ਜਾਹ। ਉਹ ਤੈਨੂੰ ਅਰੋਗ ਕਰਨਗੇ। ਸੇਢਾਂ



Sri Satguru Jagjit Singh Ji eLibrary NamdhariElibrary@gmail.com

ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਹੋਈ ਅਰ ਉਨ੍ਹਾਂ ਦੀ ਦਇਆ ਨਾਲ ਪੂਰਨ ਅਰੋਗ ਹੋ ਗਈ। ਮਾਈ ਨੇ ਬਾਕੀ ਉਮਰ ਬਾਬਾ ਸਾਹਿਬ ਦੀ ਸੇਵਾ ਕਰਦੇ ਬਿਤਾਈ। ਇਹ ਸਿੰਘ ਭੇਸ ਪਹਿਨ ਕੇ ਡਿਉੜੀ ਅਗੇ ਦਰਵਾਨ ਹੋ ਕੇ ਰਹਿਆ ਕਰਦੀ ਅਰ ਸੇਵਾ, ਪ੍ਰੇਮ, ਭਗਤੀ, ਭਜਨ ਆਦਿਕ ਦੈਵੀ ਗੁਣਾ ਦੀ ਪੁੰਜ ਸੀ। ਬਾਬਾ ਜੀ ਦਾ ਦੁਆਈਆਂ ਨਾਲ ਭਰਿਆ ਇਕ ਝੋਲਾ (ਥੈਲਾ ਜਿਸ ਨੂੰ ਸਦਾ ਝੋਲਾ ਫੁਰਮਾਇਆ ਕਰਦੇ) ਮਾਈ ਦੇ ਸਪੁਰਦ ਰਹਿੰਦਾ। ਜਦ ਕੋਈ ਰੋਗੀ ਆਉਂਦਾ ਤਾਂ ਉਸ਼ ਵਿਚੋਂ ਜੇਤੀ ਜੋਗ ਹੁੰਦੀ ਬਾਬਾ ਜੀ ਦੇ ਹੁਕਮ ਨਾਲ ਮਾਈ ਸੇਢਾਂ ਔਖਦ ਦੇਂਦੀ। ਇਸ ਤਰ੍ਹਾਂ ਅਨੇਕਾਂ ਦੇ ਅਸਾਧ ਰੋਗ ਦੂਰ ਹੋਏ"

ਸਿਰਫ ਮੇਰੇ ਤੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਦੇ ਲਿਖਣ ਵਿਚ ਫਰਕ ਇਹ ਹੈ ਕਿ "ਗੁਰੂ ਸਿੰਘ" ਬੋਲੇ ਤੋਂ ਮੈਂ ਉਹਨ੍ਹਾਂ ਨੂੰ ਦਸਮੇਸ਼ ਗੁਰੂ ਗੋਬਿੰਦ ਸਿੰਘ" ਹੀ ਜਾਣਦਾ ਹਾਂ। ਭਾਈ ਸਾਹਿਬ ਬਾਬਾ ਅਜਾ ਪਾਲ ਸਿੰਘ ਜੀ ਲਿਖਦੇ ਹਨ ਮੈਂ ਅਗੇ ਗੁਰੂ ਜੀ ਦੇ "ਨਦੇੜੋਂ ਬਾਦ ਦੇ ਜਵੀਨ" ਵਿਚ ਕੁਝ ਕਾਹਲ ਕੀਤੀ ਸੀ ਕਿਉਂਕਿ ਤਦੋਂ ਮੈਂ ਬੀਮਾਰ ਸਾਂ ਤੇ ਚਾਹੁੰਦਾ ਸਾਂ ਜੋ ਹੋ ਜਾਵੇ ਸੋ ਅਛਾ। ਹੁਣ ਮੈਨੂੰ ਹੋਰ ਵੀ ਕੁਝ ਗੁਰੂ ਜੀ ਦੇ ਗੁਪਤ ਸਮੇਂ ਦਾ ਇਤਿਹਾਸ "ਜੋ ਖੋਜੇ ਸੋ ਪਾਵੈ" ਅਨੁਸ਼ਾਰ ਮਿਲਿਆ ਹੈ। ਤੇ ਮੈਨੂੰ ਏਹੋ ਜਾਪਦਾ ਹੈ ਜਿਵੇਂ ਗੁਰੂ ਜੀ ਪੰਜਾਬ ਵਲੋਂ ਜਾ ਬਹਾਦਰ ਸ਼ਾਹ ਦੀ ਮਦਦ ਕਰ ਤਾਰਾ ਆਜ਼ਮ ਨੂੰ ਤੀਰ ਮਾਰ ਪਾਰ ਬੁਲਾਇਆ ਤੇ ਫੇਰ ਬੰਦੇ ਬਹਾਦਰ ਨੂੰ ਪੰਜਾਬ ਵਲ ਭੇਜਿਆ ਤੇ ਫੇਰ ਜ਼ੁਲਮੀਂ ਲੋਕਾਂ ਨੂੰ ਬੰਦੇ ਤੇ ਖਾਲਸੇ ਹੱਥੀਂ ਸੋਧਿਆ ਤਿਵੇਂ ਹੀ ਇਸ ਗੁਪਤ ਸਮੇਂ ਦਖਨੋਂ ਆ ਭਾਦਰੇ ਦੇ ਰਾਣੇ ਦੀ ਮਦਦ ਕਰਕੇ ਬਰਾਗੀਆਂ ਦੇ ਮਹੰਤ ਦੇ ਮਥੇ ਵਿਚ ਗੋਪੀਆ ਮਾਰ ਰਾਣੇ ਨੂੰ ਰਾਜ ਦਾ ਕਬਜਾ



Sri Satguru Jagjit Singh Ji eLibrary NamdhariElibrary@gmail.com

ਦੁਆਇਆ ਤੇ ਫੇਰ ਮਹਾਰਾਜ ਸਾਹਿਬ ਸਿੰਘ ਤੋਂ ਕਈ ਧਾਤਾਂ ਦੀ ਬੰਦੂਕ ਬਣਵਾਈ ਤੇ ਫੇਰ ਮਾਈ ਨਿਹਾਲ ਕੌਰ ਦਾ ਕੋੜ੍ਹ ਹਟਾ ਉਸਦਾ "ਸੋਢਾਂ" ਨਾਮ ਰਖ ਆਪਣੇ ਡੇਰੇ ਦੀ ਦਰਬਾਨੀ ਦਿਤੀ। ਸਭ ਦਸਮ ਗੁਰੂ ਜੀ ਦੇ ਹੀ ਚੋਜ ਬਲ ਜਾਪਦੇ ਨੇ।

(ਕਬਿਤ)

ਆਜਮ ਜਿਉਂ ਬਰਾਗੀ ਬੰਦੇ ਜੋਧੇ ਜਿਉਂ ਬੰਦੂਕ ਅਤੇ,
ਜੁਲਮ ਜਿਉਂ ਕੋੜ੍ਹ ਜੋਧੇ ਖਾਲਸੇ ਹਟਾਇਆ ਜੋ।
ਜਿਵੇਂ ਜਾਂਦੇ ਦਖਣ ਨੂੰ ਦਰਸ ਦਿਖਾਂਦੇ ਤਿਵੇਂ,
ਦਖਣੋਂ ਹੋ ਅਸਵਾਰ ਦਸ਼ਮ ਹੀ ਆਇਆ ਸੋ।
ਜੀਂਦ ਰਹੇ ਗੁਪਤ ਜਿਵੇਂ ਬੰਦੇ ਨੂੰ ਮਦਦ ਦੇਂਦੇ[1]।
ਧਾਤਾਂ ਦੀ ਬੰਦੂਕ ਕਈ ਭਾਂਤ ਬਨ ਪਾਇਆ ਹੋ।
ਜ਼ੁਲਮ ਮਿਟਾਣਾਂ ਕੋੜ੍ਹ ਕੋਹੜ ਦਾ ਹਟਾਣਾਂ ਜਾਣਾਂ,
ਤਰਨ ਸਿੰਘ ਮਨ ਭਾਣਾਂ ਕੌਤਕ ਬਨਾਇਆ ਕੋ।

॥ ਕਬਿਤ ॥

ਜਿਵੇਂ ਚਮਕੌਰ ਵਿਚੋਂ ਸਿਖ ਨੂੰ ਸਜਾ ਜਿਗਾ,
ਨਿਕਲੇ ਸੀ ਕਲੇ ਸੋ ਜਗਾ ਕਈ ਜਵਾਨਾਂ ਚੋਂ।

---

(੧) ਇਸ ਕਾਪੀ ਦੇ ਪੜ ਪੰਨੇ ਤੇ ਵੈਦ ਇੰਦਰ ਸਿੰਘ ਜੀ ਦਾ ਲਿਖਿਆ ੨੫ ਕਾਂਡ ੧੭੬ ਪੰਨੇ ਵਾਲਾ ਲਖ ਪੜ੍ਹੋ ਜੋ ਸੂਹਿਆ ਬਹਾਦਰ ਸ਼ਾਹ ਨੂੰ ਖਬਰ ਦਿਤੀ ਤੋਂ ਜਿੰਨੀਆਂ ਵੀ ਫਤਹਾਂ ਸਿਖਾਂ ਨੂੰ ਹਾਸਲ ਹੋਈਆਂ ਹਨ ਇਸ ਵਿਚ ਗੁਰੂ ਜੀ ਦਾ ਹੱਥ ਹੀ ਸੀ ਤਕ।



Sri Satguru Jagjit Singh Ji eLibrary NamdhariElibrary@gmail.com

ਸਜ ਪੀਰ ਉਚ ਦੇ ਸਮੁਚੇ ਤੁਰਕਾਨਾਂ ਵਿਚੋਂ,
ਨਿਕਲੇ ਸਫਾਈ ਭੀ ਦਵਾਈ ਤੁਰਕਾਨਾਂ ਤੋਂ ।
ਰਾਤ ਤਨਵਾ ਕੇ ਕਨਾਤ ਤੇ ਕਰਾ ਕੰਡ,
ਕੋਤਕ ਨਦੇੜ ਕੀਤਾ ਸੇਵਕ ਸੁਜਾਨਾਂ[1] ਦੋਂ ।
ਲਿਖੇ ਜਿਵੇਂ ਕੌਤਕ ਸੋ ਤਿਵੇ 'ਤਰਨ ਸਿੰਘ' ਲਿਖੇ,
ਦਸਮ ਗੁਰ ਦਰਸ਼ਨ ਖੋਜ ਪਰਮਾਣਾਂ ਸੋਂ ।

੬ ਨੰਬਰ ਸਾਖੀ ਦਾ ਸਿਰਲੇਖ[2] ਹੈ "ਭਾਈ ਸੁਖਾ ਸਿੰਘ ਭਾਟੜਾ ਦਰਸ਼ਨ ਕਰਕੇ ਨਿਹਾਲ ਹੋਇਆ ।"

ਇਹ ਸੁਖਾ ਸਿੰਘ (ਭਾਟੜਾ) ਜ਼ਿਲੇ ਸਿਆਲਕੋਟ ਦੇ (ਗੋਤੇ) ਨਗਰ ਦਾ ਪ੍ਰਮੇਸਰ ਦੀ ਪ੍ਰਾਪਤੀ ਦਾ ਖੋਜੀ ਇਕ ਮਹਾਤਮਾ ਸੰਤ ਸਿੰਘ ਜੀ ਤੋਂ ਜੋ ਗੋਤੇ ਹੀ ਆਏ ਟਿਕੇ ਸੀ ਪੂਰਨ ਪੁਰਖ ਦੀ ਪਟਿਆਲੇ ਦਸ ਪਈ ਸੁਣਕੇ ਸਮੇਤ ਆਪਣੇ ਪੁਤਰਾਂ ਟਹਿਲ ਸਿੰਘ ਬੂਟਾ ਸਿੰਘ ਦੇ ਪਟਿਆਲੇ ਪੁਜਾ ਤਾਂ ਅਗੋਂ ਗੁਰੂ ਜੀ ਉਸ ਤੋਂ ਸੰਤ ਸਿੰਘ ਦਾ ਪਤਾ ਪੁਛਦੇ ਹਨ ਤਾਂ ਸੁਖਾ ਸਿੰਘ ਅੰਤਰਜਾਮੀ ਜਾਣ ਕੇ ਸਰਧਾਬੰਨ ਚਰਨੀ ਲਗ ਦਰਸ਼ਨ ਕਰਕੇ ਸਣੇ ਪੁਤਰਾਂ ਪ੍ਰਸਾਦ ਲੈ ਕੇ ਨਿਹਾਲ ਤੇ ਪ੍ਰਸੰਨ ਹੁੰਦਾ ਹੈ ਤੇ ਕੁਝ ਦਿਨ ਬਾਦ 'ਗੋਤੇ' ਆ ਕੇ ਸੰਤ ਸਿੰਘ ਜੀ ਦਾ ਬਹੁਤ ਧੰਨਵਾਦ ਕਰਦੇ ਹਨ ਕਿ ਅਸੀਂ ਆਪ ਦੀ ਕਿਰਪਾ ਨਾਲ ਕਿਰਤਾਰਥ ਹੋਏ ਹਾਂ ।

---

(੧) ਗਿਆਨੀ ਗਿਆਨ ਸਿੰਘ ਜੀ ਤੇ ਮਹੰਤ ਸੁਮੇਰ ਸਿੰਘ ਜੀ ਪਟਨਾ ਇਤਿਹਾਸ ਲੇਖਕ । ਤੇ ਦੂਜੇ ਮੂਲ ਕਾਪੀ ਲਿਖਣ ਵਾਲੇ ਬਾਬਾ ਸਰੂਪ ਸਿੰਘ ਜੀ ਤੇ ਉਸ ਤੋਂ ਫੁਲਵਾੜੀ "ਇਤਿਹਾਸ ਦੇ ਅਣਲਿਖੇ ਪੱਤਰੇ" ਛਾਪਣ ਵਾਲੇ ਭਾਈ ਸਾਹਿਬ ਕਾਹਨ ਸਿੰਘ ਜੀ ਨਾਭਾ ।

(੨) ੧ ਨੰ: ਭਾਦਰੋ ਦਾ ਪ੍ਰਸੰਗ, ੨ ਨੰ: ਜੀਂਦ ਆਏ, ੩. ਪਟਿਆਲੇ ਆਏ, ੪. ਵੱਡੀ ਬੰਦੂਕ ਬਣਵਾਈ, ੫. ਮਾਈ ਸੇਢਾਂ ਦਾ ਪ੍ਰਸੰਗ, ੬. ਭਾਈ ਸੁਖਾ ਸਿੰਘ ਭਾਟੜਾ ਨਿਹਾਲ ਹੋਇਆ, ੭. ਬਾਬਾ ਸਾਹਿਬ ਨਾਭੇ ਆਏ ।



Sri Satguru Jagjit Singh Ji eLibrary NamdhariElibrary@gmail.com

ਜਿਵੇਂ ਬੁਲਾਢੇ ਦੀ ਮਾਈ ਕੌੜ ਹੋਏ ਵਾਲੀ ਨੂੰ ਸੰਤ ਫੂਲਾ ਸਿੰਘ ਜੀ ਦਸ ਪਾਈ ਸੀ। ਗੋਤੇ ਸੰਤ ਸਿੰਘ ਜੀ ਮਹਾਤਮਾ ਨੇ ਸੁਖਾ ਸਿੰਘ ਜੀ ਨੂੰ ਦਸ ਪਾਈ ਤੇ ਗੁਰੂ ਜੀ ਦੀ ਆਪਣੇ ਹੇਤੀ ਭੇਤੀ ਸੰਤਾਂ ਮਹਾਤਮਾਂ ਦੀ ਦਸੀ ਦਸ ਤੇ ਆਇਆਂ ਦੀ ਸ਼ਰਧਾ ਪੂਰੀ ਕਰਨ ਤੋਂ ਭੀ ਜਾਪਦਾ ਏ ਜਿਵੇ ਦਇਆ ਸਿੰਘ, ਮਾਨ ਸਿੰਘ, ਮਨੀ ਸਿੰਘ ਜੀ ਆਦ ਨੂੰ ਗੁਰੂ ਜੀ ਦੇ ਗੁਪਤ ਰੂਪ ਵਿਚਰਨ ਦਾ ਪਤਾ ਸੀ ਤਿਵੇਂ ਇਨ੍ਹਾਂ ਮਹਾਤਮਾਂ ਨੂੰ ਭੀ ਗੁਰੂ ਜੀ ਦਾ ਪਤਾ ਸੀ ਤੇ ਅਜਾਪਾਲ ਸਿਘ ਨਾਮ ਭੀ ਐਸੇ ਦ੍ਰਿੜ ਪਿਆਰੀ ਅਤਬਾਰੀ ਪੁਰਸ਼ਾਂ ਸੰਤਾਂ ਸਿੰਘਾਂ ਨੇ ਹੀ ਗੁਰੂ ਜੀ ਦਾ ਸੰਕੇਤ ਕੀਤੇ ਬੋਲਾਂ ਅਨੁਸਾਰ ਥਾਪਿਆ ਹੋਇਆ ਸੀ ਗੁਰੂ ਜੀ ਤਾਂ ਆਪ ਨੂੰ "ਗੁਰੂ ਸਿੰਘ" ਹੀ ਦਸਦੇ ਸੀ ਤੇ ਸਾਂਗੀ ਸਰੂਪ ਧਾਰ ਚੋਜੀ ਬਿਰਤੀ ਵਿਚ ਵਿਚਰਦੇ ਸੀ ਤੇ ਖਾਲਸੇ ਦੇ ਕਰਤਵਾਂ ਪ੍ਰਬੰਧ ਪ੍ਰਤਾਪ ਵੱਲ ਭੀ ਦੇਖਦੇ ਸੀ।

੭ ਨੰਬਰ ਸਾਖੀ ਦਾ ਸਿਰਲੇਖ ਹੈ "ਬਾਬਾ ਸਾਹਿਬ ਨਾਭੇ ਆਏ"।

੧੯੧੯ ਤੋਂ ਪਟਿਆਲੇ ੧੨ ਸਾਲ ਰਹੇ ੧੯੩੦ ਬਿ: ਨੂੰ ਨਾਭੇ ਆਏ ਮਹਾਰਾਜੇ ਸਾਹਿਬ ਸਿੰਘ ਤੋਂ ਊਠ ਗੱਡੇ ਭਾਰਬਰਦਾਰੀ ਜੋਗ ਹੁਕਮ ਕਰ ਲੈ ਕੇ ਨੌਬਤ ਸ਼ਸਤਰ ਤੰਬੂ ਲਦਵਾ ਗੁਰੂ ਜੀ ਘੋੜੇ ਤੇ ਅਸਵਾਰ ਹੋ ਨਾਭੇ ਆਏ। ਜੰਗਲ ਦੀ ਸੰਘਣੀ ਝੰਗੀ (ਝਿੜੀ) ਵਿਚ ਹੇਰੂ ਹੇਠ ਤੰਬੂ ਲਾਕੇ ਸਭ ਸਮਾਨ ਰਖ ਦਿਤਾ। ਭਾਈ ਸਾਹਿਬ ਕਾਂਨ੍ਹ ਸਿੰਘ ਜੀ ਫੁਲਵਾੜੀ ਦੇ ਲੇਖ ਵਿਚ ਲਿਖਦੇ ਹਨ (ਜਿਸ ਥਾਂ ਹੁਣ ਬਾਬਾ ਜੀ ਦਾ ਗੁਰਦੁਆਰਾ ਹੈ ਇਥੇ ਸੰਘਣਾ ਜੰਗਲ ਸੀ ਪਰ ਇਸ ਤੋਂ ਸ਼ਹਿਰ ਦੀ ਵਿਥ ਢਾਈ ਫਰਲਾਂਗ ਦੇ ਕਰੀਬ ਸੀ।)



Sri Satguru Jagjit Singh Ji eLibrary NamdhariElibrary@gmail.com

੯ ਨੰਬਰ ਸਾਖੀ ਦਾ ਸਿਰਲੇਖ ਹੈ "ਮਹਾਰਾਜਾ ਹਮੀਰ ਸਿੰਘ ਜੀ ਦਰਸ਼ਨ ਕਰਨ ਆਏ ਮਕਾਨ ਬਣਵਾਇਆ" ਅਗੇ ਲੰਮਾ ਪ੍ਰਸੰਗ ਹੈ ਜਿਸ ਦਾ ਸਾਰ ਇਹ ਹੈ।

ਕੁਝ ਦਿਨਾਂ ਬਾਦ ਰਾਤ ਗੁਰੂ ਜੀ ਰਹਿਰਾਸ ਦਾ ਪਾਠ ਕਰਕੇ ਨੌਬਤ ਰਸੀਲੀ ਸੁਰ ਦੀ ਇਕ ਰਸ ਵਜਾਈ ਤੇ ਮਹਾਰਾਜੇ ਹਮੀਰ ਸਿੰਘ ਨੇ ਅਹਿਲਕਾਰਾਂ ਨੂੰ ਪੁਛਿਆ ਤੇ ਉਨ੍ਹਾਂ ਦਸਿਆ ਜੋ ਮਹਾਂਪੁਰਖ ਪਟਿਆਲੇ ਬਿਰਾਜੇ ਸੀ ਉਹ ਇਥੇ ਆ ਟਿਕੇ ਹਨ। ਰਾਜਾ ਜੀ ਸਵੇਰੇ ਦਰਸ਼ਨ ਨੂੰ ਆਏ ਸੇਢਾਂ ਤੰਬੂ ਅੱਗੇ ਪਹਿਰੇ ਬੈਠੀ ਕਿਹਾ ਸੋ ਸਾਹਿਬਾਂ ਅੱਗੇ ਅਰਜ਼ ਕਰੇਗੀ ਸੇਢਾਂ ਅਰਜ਼ ਕੀਤੀ ਤੇ ਚੋਬਦਾਰ ਨੂੰ ਦਸਿਆ ਗੁਰੂ ਜੀ ਰਾਜਾ ਜੀ ਨੂੰ ਦਰਸ਼ਨ ਦੇਣਗੇ ਅਗਲੇ ਰੋਜ਼ ਰਾਜਾ ਹਮੀਰ ਸਿੰਘ ਜੀ ਆਏ ਗੁਰੂ ਜੀ ਤੰਬੂ ਤੋਂ ਬਾਹਰ ਆ ਦਰਸਨ[੧] ਦਿਤਾ ਰਾਜਾ ਚਰਨੀ ਲਗਾ ਤੇ ਅਰਜ਼ ਕੀਤੀ ਸੇਵਾ ਬਖਸ਼ੋ ਗੁਰੂ ਜੀ ਕਿਹਾ ਹੁਣ ਗੁਰੂ ਸਿੰਘ ਜੀ ਨੇ ਏਥੇ ਫੂਲਕਿਆਂ ਦੇ ਹੀ ਰਹਿਣਾ ਹੈ ਮਕਾਨ ਕਿਲੇ ਦੀ ਸ਼ਕਲ ਦਾ ਤੇ ਸ਼ਸਤਰਾਂ ਨੌਬਤ ਘੋੜਿਆਂ ਲਈ ਵੀ ਮਕਾਨ ਬਣਵਾ ਦਿਉ। ਰਾਜੇ ਛੇਤੀ ਹੀ ਖੂਹੀ ਲਵਾ ਮਕਾਨ ਤਿਆਰ ਕਰਵਾ ਦਿਤੇ। ਤਾਂ ਗੁਰੂ ਜੀ ਉਸ ਵਿਚ ਆ ਉਤਰੇ।

---

(੧) ਫੁਲਵਾੜੀ ਵਿਚ ਭਾਈ ਕਾਹਨ ਸਿੰਘ ਜੀ "ਲਿਬਾਸ" ਸਿਰਲੇਖ ਤਲੇ ਲਿਖਦੇ ਹਨ ਸੀਸ ਉਤੇ ਸਫੈਦ ਗੁਰਮੁਖੀ ਦਸਤਾਰਾ ਗਾਤਰੇ ਸ੍ਰੀ ਸਾਹਿਬ ਅਤੇ ਹਥ ਸਰਬ ਲੋਹ ਦਾ ਤੀਰ ਕਦੇ ਗੁਲੇਲ ਰਖਦੇ ਸਨ। ਇਕ ਚਿੱਟਾ ਰੁਮਾਲ ਆਪ ਦੇ ਹਰ ਵੇਲੇ ਮੁਖ ਉਪਰ ਢਿਲੇ ਢਾਠੇ ਦੀ ਤਰ੍ਹਾਂ ਬੱਧਾ ਰਹਿੰਦਾ ਸੀ। ਜਿਸ ਤੋਂ ਮੁਛਹਿਰਿਆਂ ਸਮੇਤ ਮੁਖ ਅਰ ਅਧਾ ਦਾੜ੍ਹਾ ਢਕਿਆ ਰਹਿੰਦਾ ਸੀ।

ਭਾਈ ਸਾਹਿਬ ਜੀ ਦੇ ਲਿਖੇ ਤੋਂ ਭੀ ਗੁਰੂ ਜੀ ਦਾ ਗੁਪਤ ਰਹਿਣਾ ਜੰਗਲਾਂ ਵਿਚ ਤੇ ਮੁਖ ਢਕ ਕੇ ਰਹਿਣਾ ਸਾਬਤ ਕਰਦਾ ਹੈ ਗੁਰੂ ਜੀ ਆਪ ਨੂੰ ਪਰਗਟ ਕਰਨਾ ਨਹੀਂ ਚਾਹੁੰਦੇ ਸੀ ਵੈਦ ਇੰਦਰ ਸਿੰਘ ਗਗੋ ਮਹਿਲ ਜ਼ਿਲਾ ਅੰਮ੍ਰਿਤਸਰ

ਬਾਕੀ ਸਫੇ ੧੩੯ ਤੇ



Sri Satguru Jagjit Singh Ji eLibrary NamdhariElibrary@gmail.com

ਮੂਹਰੇ ਡਿਊੜੀ ਉਸ ਤੇ ਚੁਬਾਰਾ ਹੇਠ ਤਿੰਨ ਕੋਠੜੀਆਂ ਦੁਆਲੇ ਭਰਤ ਤੇ ਫਿਰਨੀਆਂ (ਜਿਥੇ ਹੁਣ ਸਮਾਧ ਹੈ ਇਥੇ ਦੋ ਚੁਬਾਰੇ ਸੀ ਜੋ ਗੁਰੂ ਕੇ ਅੰਤ ਸਮੇਂ ਹੁਕਮ ਅਨੁਸਾਰ ਢਾਹ ਕੇ ਸਸਕਾਰ ਕੀਤਾ ਸੀ) ਦੋਹਾਂ ਦਾ ਇਕ ਚੁਬਾਰਾ ਕੀਤਾ। ਸੇਢਾਂ ਡਿਊੜੀ ਵਿਚ ਰਹਿੰਦੀ ਸੀ ਸਦਾ ਮਰਦਾਵੇਂ ਬਾਣੇ ਪਹਿਰੇਦਾਰ ਬਣਕੇ ਤੇ ਦਰਵਾਜ਼ਾ ਬੰਦ ਰਹਿੰਦਾ ਸੀ। ਗੁਰੂ ਜੀ ਨਿੰਮ ਬੋਹੜ ਪਿਪਲ ਲਵਾਏ ਜੋ ਉਨ੍ਹਾਂ ਦੀ ਸੇਵਾ ਕਰਦਾ ਉਸ ਤੇ ਖੁਸ਼ੀ ਹੁੰਦੇ।

(੯ ਨੰਬਰ ਨਿਤਕਰਮ ਹੈ)

ਪਿਛਾ ਰਾਤ ਅੰਮ੍ਰਿਤ ਵੇਲੇ ਦਾਤਨ ਇਸਨਾਨ ਭਜਨ ਬਾਣੀ ਕਰਨ ਤੇ ਥੋੜਾ ਹੀ ਪ੍ਰਸਾਦ ਜੋ ਸੇਢਾਂ ਮੋਨ ਪਾ ਪਕਾ ਦੇਂਦੀ ਛਕਦੇ ਕਦੀ ਕਦੀ ਨੌਬਤ ਵੀ ਸਾਰੀ ਰਾਤ ਵਜਾਉਂਦੇ। ਭਾਈ ਸਾ: ਕਾਨ੍ਹ ਸਿੰਘ ਜੀ ਫੁਲਵਾੜੀ ਦੇ ਲੇਖ ਪਹਿਲੇ ਅੰਕ ਵਿਚ

---

੧੩੯ ਸਫੇ ਦੀ ਬਾਕੀ

ਵਾਲੇ ਗੁਰੂ ਜੀ ਦੇ ਜੀਵਨ ਵਿਚ ਲਿਖਦੇ ਹਨ ਜੇ ਕੋਈ ਕਹੇ ਗੁਰੂ ਜੀ ਦੇ ਗੁਪਤ ਕੰਮਾਂ ਤੇ ਰੌਸ਼ਨੀ ਪਾਈ ਜਾਵੇ ਤਾਂ ਇਹ ਗੱਲ ਬੜੀ ਅਸੰਭਵ ਹੈ ਮਨੁਖ ਦੀ ਕੀ ਹਸਤੀ ਹੈ ਉਹਨਾਂ ਦੀ ਲੀਲਾ ਲਖ ਸਕੇ ਜਦ ਕਿ ਉਨ੍ਹਾਂ ਇਰਾਦਾ ਕੀਤਾ ਸੀ ਕਿ ਅਸਾਂ ਗੁਪਤ ਰਹਿਕੇ ਜਗਤ ਤਮਾਸ਼ਾ ਵੇਖਣਾ ਹੈ।" ਕਾਂਡ ੨੫ ਪੰਨਾਂ ੧੯੩

ਮੈਂ ਵਹਿਮੀ ਜਿਹਾ ਭੀ ਪਾਠਕਾਂ ਅੱਗੇ ਅਰਜ਼ ਕਰਦਾ ਹਾਂ ਜੋ ਗੁਰੂ ਜੀ ਚਮਕੌਰ ਦੇ ਘੇਰੇ ਵਿਚ ਫੌਜ ਦੇ ਕਾਬੂ ਨਾ ਆਏ ਤੇ ਉਚ ਦੇ ਪੀਰ ਬਣਨ ਸਮੇਂ ਤੁਰਕਾਂ ਦੇ ਹੀ ਕੰਧੇ ਤੇ ਸਵਾਰ ਹੋਏ ਤੇ ਤੁਰਕਾਂ ਤੋਂ ਹੀ ਗਵਾਹੀਆਂ ਦੁਆਈਆਂ ਕਿ "ਠੀਕ ਇਹ ਉਚ ਦੇ ਪੀਰ ਹਨ" ਗੁਰੂ ਗੋਬਿੰਦ ਸਿੰਘ ਜੀ ਨਹੀਂ ਹਨ। ਉਹਨਾਂ ਨੂੰ ਬਿਨਾਂ ਉਹਨਾਂ ਦੀ ਰਜਾ ਦੇ ਕੌਣ ਲਖ ਸਕਦਾ ਸੀ ਜਿਵੇਂ ਪਾਠਕ ਪਿਛੇ ਪੜ੍ਹ ਆਏ ਹਨ ਬਾਘ ਸਿੰਘ ਦਰਸ਼ਨ ਕਰਕੇ ਕੰਘਾ ਕਰਨਾ ਭੀ ਭੁਲ ਗਿਆ ਤੇ ਐਸਾ ਦਰਸ਼ਨ ਹੋਇਆ ਜੈਸਾ ਅੱਗੇ ਕਦੇ ਨਾ ਹੋਇਆ ਸੀ ਤੇ ਵਾਪਸ ਆਇਆਂ ਦਾ ਦਰਸ਼ਨ ਐਸਾ ਹੋਇਆ ਜੈਸਾ ਸਦਾ ਹੁੰਦਾ ਸੀ।

"ਜਿਨਹਿ ਜਨਾਵਹੁ ਤਿਨ ਤੁਮ ਜਾਤੇ।" ਤੇ

"ਜਿਸ ਨੋ ਤੂੰ ਜਣਾਇਹਿ, ਸੋਈ ਜਨ ਜਾਣੈ" ਹੀ ਮੰਨਣਾ ਠੀਕ ਹੈ। ਤ:



Sri Satguru Jagjit Singh Ji eLibrary NamdhariElibrary@gmail.com

"ਨਿਰਬਾਹ" ਸਿਰਲੇਖ ਤਲੇ ਲਿਖਦੇ ਹਨ "ਲੰਗਰ ਦੀ ਰਸਦ ਸੇਵਕਾਂ ਲਈ ਵਸਤਰ, ਘੋੜਿਆਂ ਵਾਸਤੇ ਰਾਤਬ ਅਤੇ ਦਾਣਾ, ਸਿਕਲੀਗਰਾਂ ਦੀ ਨੌਕਰੀ ਆਦ ਦਾ ਖਰਚ ਇਕ ਸਿਖ (ਜਿਸ ਨੂੰ ਬਾਘਰਾ ਸਿੰਘ ਨਾਉਂ ਤੋਂ ਸਦਿਆ ਜਾਂਦਾ ਸੀ) ਕਰਦਾ ਸੀ ਉਸਨੂੰ ਮਾਇਆ ਕਿਥੋਂ ਮਿਲਦੀ ਇਸ ਦਾ ਕਿਸੇ ਨੂੰ ਕੁਝ ਪਤਾ ਨਹੀਂ" ਤੇ "ਨਿਤ ਦੀ ਰੀਤ" ਸਿਰਲੇਖ ਤਲੇ ਲਿਖਦੇ ਹਨ "ਬਾਬਾ ਸਾਹਿਬ ਦਾ ਖਾਨ ਪਾਨ ਇਸ਼ਨਾਨ ਆਦ ਕਿਰਿਆ ਬਹੁਤ ਗੁਪਤ ਸੀ ਏਥੋਂ ਤੀਕ ਕਿ ਬਾਬਾ ਸਰੂਪ ਸਿੰਘ ਜੀ ਨੂੰ ਕਦੀਂ ਨੇਤਰੀ ਦੇਖਣ ਦਾ ਸਮਾਂ ਨਹੀਂ ਮਿਲਿਆ ਸੀ" ਅਰਥਾਤ ਦਸਮ ਜੀ ਜਿਵੇਂ ਰਾਤ ਦੇ ਸਮੇਂ ਕਨਾਤ ਤਨਵਾ ਉਸ ਵੱਲ ਸਿਖਾਂ ਦੀਆਂ ਕੰਡਾਂ ਕਰਵਾ ਅੰਗੀਠਾ ਨਾ ਫੋਲਣ ਦਾ ਹੁਕਮ ਦੇ ਨਦੇੜੋਂ ਅਲੋਪ ਹੋਏ ਸੀ ਸਦਾ ਤਿਵੇਂ ਸਭ ਤੋਂ ਗੁਪਤ ਹੀ ਰਹਿੰਦੇ ਸੀ ਤੇ ਹੁਕਮ ਨਾਲ ਸਭ ਨੂੰ ਆਪਣੇ ਤੋਂ ਲਾਂਭੇ ਤੇ ਦੂਰ ਹੀ ਰਖਦੇ ਸੀ ਪੜ੍ਹਕੇ ਮੰਨਣਾ ਪੈਂਦਾ ਹੈ ਜੋ ਵੈਦ ਇੰਦਰ ਸਿੰਘ ਜੀ ਨੇ ਲਿਖਿਆ ਹੈ "ਮਨੁਖ ਦੀ ਕੀ ਹਸਤੀ ਹੈ ਕਿ ਉਹਨਾਂ ਦੀ ਲੀਲਾ ਲਖ ਸਕੇ ਜਦ ਕਿ ਉਹਨਾਂ ਇਰਾਦਾ ਕੀਤਾ ਸੀ ਕਿ ਅਸਾਂ ਗੁਪਤ ਰਹਿ ਕੇ ਜਗਤ ਤਮਾਸ਼ਾ ਵੇਖਣਾ ਹੈ" ਤੇ ਮੁਖ ਤੇ ਢਾਠਾ ਬੰਨ੍ਹ ਕੇ ਰਖਣਾ ਭੀ ਗੁਪਤ ਰਹਿਣ ਦਾ ਪੂਰਾ ਸਾਧਨ ਹੈ ਸੋਚ ਕਹਿਣਾ ਪੈਂਦਾ ਹੈ ਸੋ ਦਸਵੇਂ ਪਾਤਸ਼ਾਹ ਹੀ ਬਚਿਤ੍ਰ ਨਾਟਕ ਦੇ ਕਰਤਾ ਬਚਿਤ੍ਰ ਕੌਤਕੀ ਸਨ।

"ਜਿਸ ਨੋ ਤੂੰ ਜਾਣਾਇਹਿ ਜੋਈ ਜਨ ਜਾਣਹਿ"

ਆਸਾ ਮ: ੪।

"ਗੁਪਤ ਹੋਵੈ ਤਾਂ ਕਉਂਣ ਪਛਾਣੈ।" ਤ:

੧੦ ਨੰਬਰ ਸਾਖੀ ਦਾ ਸਿਰਲੇਖ ਹੈ "ਗਿਆਨੀ ਸੰਤ ਸਿੰਘ ਜੀ ਦਰਸ਼ਨਾਂ ਨੂੰ ਆਏ।"



Sri Satguru Jagjit Singh Ji eLibrary NamdhariElibrary@gmail.com

ਪਰ ਇਸ ਦੇ ਵਿਚ ਗੁਰੂ ਜੀ ਦੇ ਜਿੰਦੇ ਹੋਣ ਬਾਬਤ ਤੇ ਸ਼ੱਕ ਹੋਣ ਦਾ ਸੰਕੇਤ ਹੈ ਜਿਵੇਂ ਨਿਆਜ਼ਬੇਗ ਨਗਰ ਦੀ ਵਿਧਵਾ ਮਾਈ ਦੁਖੀ ਹੋਈ ਨੇ ਕਿਹਾ ਸੀ "ਠੀਕ ਹੀ ਗੁਰੂ ਗੋਬਿੰਦ ਸਿੰਘ[1] ਮਰ ਗਿਆ ਜੇ ਜੀਊਂਦਾ ਹੁੰਦਾ ਤਾਂ......।"

ਤੇ ਧੌਲ ਦੀ ਸੰਗਤ ਵਲ ਭੇਜੇ ਹੁਕਮਨਾਮੇ ਵਿਚਲੇ ਅਖਰ "ਅਸੀਂ ਭੀ ਥੋੜੇ ਦਿਨਾਂ ਨੋ ਆਵਤੇ ਹਾਂ" ਦੇ ਭਾਵ ਵਾਂਗੂ ਗੁਰੂ ਜੀ ਦਾ ਜਿਊਂਦੇ ਹੋਣ ਦਾ ਚਰਚਾ ਸਿਖੀ ਸੰਸਾਰ ਵਿਚ ਜੋ ਸੀ ਸੋ ਦਿਸੇਗਾ।

ਇਹ ਵਾਰਤਾ ਮੈਂ ਸਾਰੀ ਉਹਨਾਂ ਹੀ ਅੱਖਰਾਂ ਵਿਚ ਲਿਖ ਕੇ ਪਾਠਕਾਂ ਨੂੰ ਕੁਝ ਵਿਚਾਰਨ ਦੀ ਸੂਝ ਸਲਾਹ ਦੇਂਦਾ ਹਾਂ।

"ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) ਦੇ ਮੁਖ ਗਿਆਨੀ ਰਿਆਸਤ ਦੇ ਬੁਲਾਏ ਨਾਭੇ ਆਏ। ਜਦ ਗਿਆਨੀ ਜੀ ਨੂੰ ਇਥੇ ਆਇਆਂ ਤਿੰਨ ਚਾਰ ਦਿਨ ਹੋ ਗਏ ਤਦ ਬਾਬਾ ਸਾਹਿਬ ਨੇ ਨੌਬਤ ਨੂੰ ਬਜਾਇਆ ਜਿਸ ਅਵਾਜ਼ ਨੂੰ ਸੁਣ ਕੇ ਗਿਆਨੀ ਜੀ ਵਿਸਮਾਦ ਹੋ ਗਏ। ਗਿਆਨੀ ਜੀ ਨੇ ਪ੍ਰੋਹਤ ਬਾਘ ਸਿੰਘ ਜੀ (ਪਰੋਹਤ ਜੀ ਬਾਬਾ ਜੀ ਦੇ ਅਕਿੰਨ ਸੇਵਕ ਸਨ) ਤੋਂ ਜਦ ਉਹ ਅੰਮ੍ਰਿਤ ਵੇਲੇ ਦਹੀਂ ਲੈ ਕੇ ਗਏ ਪੁਛਿਆ ਪ੍ਰੋਹਤ ਜੀ ਰਾਤ ਨੌਬਤ ਦੀ ਅਵਾਜ਼ ਸੁਣ ਕੇ ਮਨ ਮੋਹਿਤ ਹੋ ਗਿਆ ਅਜੇਹੀ ਮਧੁਰ ਧੁਨੀ ਅੱਗੇ ਨਹੀਂ ਸੁਣੀ ਇਹ ਕਿਸ ਨੇ ਬਜਾਈ। ਪ੍ਰੋਹਤ ਜੀ ਨੇ ਕਿਹਾ ਬੜੇ ਕਲਾ ਵਾਲੇ ਮਹਾਤਮਾ ਐਥੇ ਰਹਿੰਦੇ ਹਨ (ਇਹਨਾਂ ਨੂੰ ਕਈ ਸਾਹਿਬਜ਼ਾਦੇ ਆਖਦੇ ਹਨ ਕਈ ਮਹਾਰਾਜ ਹੀ ਕਹਿੰਦੇ ਹਨ) ਪਰ ਹਨ ਪੂਰਨ

---

(੧) ਇਸੇ ਪੁਸਤਕ ਦੇ ੬੩ ਪੰਨੇ ਤੋਂ ਧਉਲ ਦੀ ਸੰਗਤ ਵਲ ਗੁਰੂ ਦਾ ਹੁਕਮਨਾਮਾ ਅਤੇ ੯੩ ਤੋਂ ੯੬ ਪੰਨੇ ਤਕ 'ਪ੍ਰੇਮ ਸੁਮਾਰਗ' ਦੀ ਭੂਮਿਕਾ ਵਾਲਾ ਵਿਧਵਾ ਦਾ ਸਾਰਾ ਪ੍ਰਸੰਗ ਪੜ੍ਹੋ।



Sri Satguru Jagjit Singh Ji eLibrary NamdhariElibrary@gmail.com

ਪੁਰਖ, ਜਿਸ ਦਿਨ ਨੌਬਤ ਵਜਾਉਂਦੇ ਹਨ, ਇਸੇ ਤਰ੍ਹਾਂ ਇਕ ਰਸ ਚਾਰ ਪਹਿਰ ਵਜਾਉਂਦੇ ਹਨ, ਗਿਆਨੀ ਜੀ ਨੇ ਪ੍ਰੋਹਤ ਨੂੰ ਕਿਹਾ ਕਿਸੇ ਤਰ੍ਹਾਂ ਸਾਨੂੰ ਭੀ ਦਰਸ਼ਨ ਕਰਾਉ । ਪ੍ਰੋਹਤ ਜੀ ਨੇ ਕਿਹਾ ਮਹਾਰਾਜ ਸੁ ਇਛਤ ਹਨ । ਮੌਜ ਦੇ ਮਲਕ ਹਨ । ਮਨਸਾ ਹੋਵੇ ਉਸੇ ਵਕਤ ਦਰਸ਼ਨ ਦੇਣ ਨਹੀਂ ਤਾਂ ਕਈ ਕਈ ਦਿਨ ਬਾਹਰ ਨਹੀਂ ਆਉਂਦੇ ਪਰ ਮੈਂ ਆਪ ਲਈ ਮਹਾਰਾਜ ਨੂੰ ਅਰਜ਼ ਕਰਾਂਗਾ ਫੇਰ ਜਿਸ ਤਰ੍ਹਾਂ ਆਗਿਆ ਕਰਨਗੇ ਆਪ ਨੂੰ ਦਸ ਦਿਆਂਗਾ। ਗਿਆਨੀ ਜੀ ਨੇ ਕਿਹਾ ਆਪ ਨੇ ਮੇਰੀ ਖਾਤਿਰ ਜ਼ਰੂਰੀ ਅਰਜ਼ ਕਰਨੀ ਤੇ ਦਰਸ਼ਨ ਕਰਾਉਣੇ। ਪ੍ਰੋਹਤ ਜੀ ਸਤਿਬਚਨ ਕਹਿ ਕੇ ਚਲੇ ਆਏ । ਪ੍ਰੋਹਤ ਬਾਘ ਸਿੰਘ ਜੀ ਦਾ ਨਿਯਮ ਸੀ, ਜਦੋਂ ਬਾਬਾ ਨਾਭੇ ਆਏ ਸੀ ਉਸ ਦਿਨ ਤੋਂ ਡੇਰੇ ਆਕੇ ਸੁਖ ਨਿਧਾਨ ਛੱਕਣਾ ਸੰਵ ਨੂੰ ਪਰਸਾਦ ਭੀ ਆਪ ਬਣਾ ਕੇ ਛੱਕਣਾ । ਜਦ ਬਾਬਾ ਸਾਹਿਬ ਇਛਾ ਅਨੁਸਾਰ ਬਾਹਰ ਆਉਣ ਤਦ ਪ੍ਰੋਹਤ ਜੀ ਦਰਸ਼ਨ ਕਰਦੇ, ਉਸ ਦਿਨ ਬਾਘ ਸਿੰਘ ਜੀ ਆਏ ਮਾਈ ਸੇਢਾਂ ਨੂੰ ਮੱਥਾ ਟੇਕਿਆ ਬੈਠ ਗਏ ਅਰ ਕਹਿਣ ਲਗੇ, ਜਦ ਮਹਾਰਾਜ ਬਾਹਰ ਆਉਣ ਤਦ ਮੈਂ ਅਰਜ਼ ਕਰਨੀ ਹੈ । ਗਿਆਨੀ ਸੰਤ ਸਿੰਘ ਜੀ ਅੰਮ੍ਰਿਤਸਰ ਵਾਲੇ ਇਥੇ ਆਏ ਹੋਏ ਹਨ ਰਾਤ ਨੌਬਤ ਸਾਹਿਬ ਦੀ ਅਵਾਜ਼ ਸੁਣ ਕੇ ਮਹਾਰਾਜ ਦੇ ਦਰਸ਼ਨ ਕਰਨ ਦੀ ਤੀਬਰ ਇੱਛਾ ਰਖਦੇ ਹਨ। ਮਾਈ ਸੇਢਾਂ ਜੀ ਨੇ ਕਿਹਾ ਆਪ ਨਿਤ ਦੇਖਦੇ ਹੋ ਮਹਾਰਾਜ ਤਾਂ ਮੌਜ ਦੇ ਮਾਲਕ ਹਨ, ਜਦ ਬਾਹਰ ਆਏ ਚਾਹੋ ਅਰਜ਼ ਕਰ ਲੈਣੀ ਨਹੀਂ ਤਾਂ ਮੈਨੂੰ ਕਹੋਗੇ ਤਾਂ ਮੈਂ ਅਰਜ਼ ਕਰ ਲਵਾਂਗੀ। ਇਹ ਬਾਤਾਂ ਕਰ ਹੀ ਰਹੇ ਸੇ ਬਾਬਾ ਸਾਹਿਬ ਜੀ ਨੇ ਉਪਰੋਂ ਅਵਾਜ ਮਾਰੀ ਰੀ ਸੇਢਾਂ ਤੂੰ ਕਿਸ ਕੇ ਸਾਥ ਘੁਰਵੁਰ ਘੁਰਵੁਰ ਕਰ ਰਹੀਂ ਹੈ । ਮਾਈ ਨੇ ਅਰਜ਼ ਕਰੀ ਗਰੀਬ ਨਿਵਾਜ ਪ੍ਰੋਹਤ ਜੀ


Sri Satguru Jagjit Singh Ji eLibrary NamdhariElibrary@gmail.com

ਹਨ ਅਰ ਇਹ ਅਰਜ਼ ਕਰਦੇ ਹਨ ਕਿ ਮਹਾਰਾਜ ਜੀ ਜਦ ਬਾਹਰ ਆਉਣ ਤਦ ਮੈਂ ਇਕ ਅਰਜ਼ ਕਰਨੀ ਹੈ। ਇਸ ਬੇਨਤੀ ਨੂੰ ਸੁਣ ਕੇ ਬਾਬਾ ਸਾਹਿਬ ਜੀ ਉਪਰ ਚੁਬਾਰੇ ਦੇ ਮੁਨਾਰੇ ਤੇ ਆ ਖੜੇ ਸ੍ਰੀ ਮੁਖ ਤੋਂ ਫੁਰਮਾਇਆ ਪ੍ਰੋਹਤ ਜੀ ਨੂੰ ਕਹੋ ਆਪ ਕੀ ਕਹਿੰਦੇ ਹੋ। ਪ੍ਰੋਹਤ ਜੀ ਨੇ ਹੱਥ ਜੋੜ ਕੇ ਅਰਜ਼ ਕੀਤੀ ਗ੍ਰੀਬ ਨਿਵਾਜ ਸ੍ਰੀ ਅੰਮ੍ਰਿਤਸਰ ਜੀ ਤੋਂ ਬੜੇ ਗਿਆਨੀ ਭਾਈ ਸੰਤ ਸਿੰਘ ਜੀ ਆਏ ਹਨ ਅੱਜ ਅੰਮ੍ਰਿਤ ਵੇਲੇ ਦਹੀਂ ਲੈ ਕੇ ਜਦ ਮੈਂ ਉਨ੍ਹਾਂ ਪਾਸ ਗਿਆ ਤਦ ਉਹਨਾਂ ਨੇ ਮੈਨੂੰ ਪੁਛਿਆ ਇਹ ਸੁਰੀਲੀ ਨੌਬਤ ਕੌਣ ਬਜਾਉਂਦਾ ਹੈ। ਸੋ ਜੀ ਤਦ ਮੈਂ ਹਜ਼ੂਰ ਦਾ ਪਤਾ ਦਿਤਾ ਤਦ ਉਨ੍ਹਾਂ ਕਿਹਾ ਮੈਨੂੰ ਜ਼ਰੂਰ ਹੀ ਉਹਨਾਂ ਦੇ ਦਰਸ਼ਨ ਕਰਾਉ। ਮੈਂ ਕਿਹਾ ਅਰਜ ਕਰਕੇ ਦਸਾਂਗਾ।

ਬਾਬਾ ਸਾਹਿਬ ਇਹ ਸੁਣਕੇ ਫੁਰਮਾਉਣ ਲੱਗੇ। ਅਗਰ ਬੜੇ ਗਿਆਨੀ ਹਨ ਤਬ ਤੋ ਜ਼ਰੂਰ ਹੀ ਉਨਕਾ ਗਿਆਨ ਸੁਣਾਂਗੇ। ਆਥਨ ਦੇ ਚਾਰ ਬਜੇ ਜ਼ਰੂਰ ਲੈ ਔਣਾ। ਇਹ ਹੁਕਮ ਸੁਣਕੇ ਸਤਿਬਚਨ ਕਹੇ ਪ੍ਰੋਹਤ ਜੀ ਚਲੇ ਗਏ। ਅਰ ਜਾਕੇ ਗਿਆਨੀ ਜੀ ਨੂੰ ਕਿਹਾ ਆਪ ਦੀ ਖਾਤਰ ਅਰਜ਼ ਕਰੀ ਸੀ ਸੁਣਕੇ ਬਹੁਤ ਪ੍ਰਸੰਨ ਹੋਏ ਅਰ ਸਿਆਮ ਦੇ ਚਾਰ ਬਜੇ ਦਰਸ਼ਨ ਦੇਣ ਦਾ ਹੁਕਮ ਹੋਇਆ ਹੈ। ਮਾਈ ਸੇਢਾਂ ਨੂੰ ਬਾਬਾ ਸਾਹਿਬ ਨੇ ਹੁਕਮ ਦਿਤਾ ਕਿ ਜਦ ਗਿਆਨੀ ਜੀ ਆਉਣ ਉਸ ਵਕਤ ਹਮਾਰੇ ਕੋ ਅਵਾਜ਼ ਮਾਰ ਕੇ ਕਹੇ ਦੇਣਾ ਕਿ ਗਿਆਨੀ ਜੀ ਤਿਆਰ ਹੋ ਕੇ ਪ੍ਰੋਹਤ ਜੀ ਨਾਲ ਲੈ ਕੇ ਮਹਾਰਾਜ (ਬਾਬਾ ਸਾਹਿਬ) ਦੇ ਦਰਸ਼ਨ ਕਰਨ ਲਈ ਆਏ ਤਦ ਮਾਈ ਸੇਢਾਂ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ ਮਹਾਰਾਜ ਜੀ ਬੜੇ ਗਿਆਨੀ ਜੀ ਹਜ਼ੂਰ ਦੇ ਦਰਸ਼ਨ ਲਈ ਹਾਜ਼ਰ ਹੋਏ ਹਨ। ਅਵਾਜ਼ ਸੁਣ ਕੇ ਬਾਬਾ ਸਾਹਿਬ ਜੀ ਹੇਠਾਂ ਉਤਰ ਆਏ,



Sri Satguru Jagjit Singh Ji eLibrary NamdhariElibrary@gmail.com

ਗਿਆਨੀ ਸਿੰਘ ਜੀ ਨਾਲ ਸਰਕਾਰੀ ਆਦਮੀ ਬਹੁਤ ਸਨ, ਬਾਬਾ ਸਾਹਿਬ ਉਪਰ ਤੋਂ ਹੇਠਾਂ ਆਏ। ਡਿਉਢੀ ਮੈਂ ਜੋ ਚੌਂਤਰਾ ਹੈ ਉਸ ਪਰ ਆ ਬਿਰਾਜੇ। ਗਿਆਨੀ ਜੀ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ। ਆਗਿਆ ਮਿਲਣ ਤੇ ਚੌਤਰੇ ਤੋਂ ਹੇਠ ਬੈਠ ਗਏ। ਬਾਬਾ ਸਾਹਿਬ ਨੇ ਫੁਰਮਾਇਆ ਬੜੇ ਗਿਆਨੀ ਆਪ ਹੀ ਹੋ? ਗਿਆਨੀ ਜੀ ਨੇ ਅਰਜ਼ ਕੀਤੀ ਮਹਾਰਾਜ ਮੈਂ ਤਾਂ ਹਜ਼ੂਰ ਦੇ ਚਰਨਾਂ ਦਾ ਗੁਲਾਮ ਹਾਂ, ਸਿਰਫ ਲੋਕ ਹੀ ਮੈਨੂੰ ਗਿਆਨੀ ਆਖਦੇ ਹਨ। ਫੇਰ ਬਾਬਾ ਜੀ ਨ ਫੁਰਮਾਇਆ ਆਪ ਲੋਕੋਂ ਕੋ ਗਿਆਨ ਕਰਕੇ ਪਰਚਾਵਤੇ ਹੋ ਮਗਰ ਜੋ ਅਗੇ ਪਰਲੋਕ ਮੈਂ ਜਾਕਰ ਗਿਆਨ ਕਰਨਾ ਹੈ ਸੋ ਸੁਣਾਉ। ਗਿਆਨੀ ਸਿੰਘ ਜੀ ਨੇ ਦੋਨੋਂ ਹੱਥ ਜੋੜ ਕੇ ਬੇਨਤੀ ਕੀਤੀ ਮਹਾਰਾਜ ਜੀ ਮੇਰੇ ਕੋ ਤੋ ਸਿਰਫ ਲੋਕੋਂ ਕੇ ਪਰਚੌਣ ਵਾਲਾ ਗਿਆਨ ਹੈ, ਜੋ ਪ੍ਰਲੋਕ ਮੈਂ ਜਾ ਕਰ ਗਿਆਨ ਕਰਨਾ ਹੈ ਉਸ ਗਿਆਨ ਦੀ ਮੈਨੂੰ ਕੁਛ ਖਬਰ ਨਹੀਂ। ਏਕ ਬਾਤ ਹੈ ਦਾਸ ਆਪਦੇ ਚਰਨਾਂ ਦੀ ਸਰਨ ਆਇਆ ਹੈ। ਯਕੀਨ ਹੈ ਆਪ ਕ੍ਰਿਪਾ ਦ੍ਰਿਸ਼ਟੀ ਫੁਰਮਾ ਕਰ ਉਹ ਗਿਆਨ ਭੀ ਬਖਸ਼ੋਗੇ। ਹੋਰ ਬਹੁਤ ਬਾਤ ਚੀਤ ਹੁੰਦੀ ਰਹੀ ਗਿਆਨੀ ਜੀ ਆਗਿਆ ਲੈ ਕੇ ਵਿਦਾ ਹੋਏ।

ਮਗਰੋਂ ਮਾਈ ਨੇ ਅਰਜ਼ ਕਰੀ ਇਸਨੂੰ ਤਾਂ ਲੋਕ ਬਹੁਤ ਹੀ ਵੱਡਾ ਗਿਆਨੀ ਕਹਿੰਦੇ ਹਨ ਮਗਰ ਹਜ਼ੂਰ ਦੇ ਰੂਬਰੂ ਇਸ ਕੋ ਕੋਈ ਬਾਤ ਨਹੀਂ ਫੁਰੀ। ਬਾਬਾ ਸਾਹਿਬ ਨੇ ਫੁਰਮਾਇਆ ਇਹ ਗਿਆਨੀ ਥਾ ਅਗਰ ਅਗਿਆਨੀ ਹੋਤਾ ਤਬ ਜ਼ਰੂਰ ਹੀ ਬੋਲਦਾ ਇਹ ਗਿਆਨੀ ਹੀ ਹੈ। ਜੇ ਬੋਲਦਾ ਫਿਰ ਇਸ ਨੂੰ ਜਵਾਬ ਕੋਈ ਨਾ ਆਉਂਦਾ ਇਤਨਾ ਕਹਿਕੇ ਬਾਬਾ ਸਾਹਿਬ ਜੀ ਅੰਦਰ ਨੂੰ ਚਲੇ ਗਏ।"



Sri Satguru Jagjit Singh Ji eLibrary NamdhariElibrary@gmail.com

ਇਹ ੧੦ ਨੰ: ਸਾਖੀ ਮੈਂ ਸਾਰੀ ਉਸਦੇ ਹੀ ਅਖਰਾਂ ਵਿਚ ਇਸ ਲਈ ਲਿਖ ਵਿਖਾਈ ਹੈ ਕਿ ਪਾਠਕਾਂ ਨੂੰ ਪਤਾ ਲਗੇ ਅਸਲ ਲਿਖਤ ਇਸ ਤਰ੍ਹਾਂ ਦੀ ਹੈ। ਤੇ ਦੂਜਾ ਜਿਵੇਂ ਇਸ ਵਿਚ ਬਚਨ ਆਏ ਹਨ ਸੋ ਭੀ ਪਾਠਕ ਪੜ੍ਹ ਲੈਣ "ਇਹਨਾਂ ਨੂੰ ਕੋਈ ਸਾਹਿਬਜ਼ਾਦੇ ਆਖਦੇ ਹਨ ਕੋਈ ਮਹਾਰਾਜ ਹੀ ਕਹਿੰਦੇ ਹੈਨ ਤੇ ਪ੍ਰੋਹਤ ਜੀ ਨੇ ਕਿਹਾ ਮਹਾਰਾਜ ਸੁਇਛਤ ਹਨ ਮੌਜ ਦੇ ਮਾਲਕ ਹਨ, ਮਨਸ਼ਾ ਹੋਵੇ ਉਸੇ ਵਕਤ ਦਰਸ਼ਨ ਦੇਣ ਨਹੀਂ ਤਾਂ ਕਈ ਕਈ ਦਿਨ ਬਾਹਰ ਨਹੀਂ ਆਉਂਦੇ।"

ਇਹਨਾਂ ਸੁਇਛਤ ਤੇ ਕਈ ਕਈ ਦਿਨ ਬਾਹਰ ਨਹੀਂ ਆਉਂਦੇ" ਵਾਕਾਂ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਕਈ ਕਈ ਦਿਨ ਉਸ ਇਕਾਂਤ ਵਾਸ ਵਿਚੋਂ ਭੀ ਬੇਖਬਰ ਤੇ ਗੁਪਤ ਹੋ ਵਿਚਰਦੇ ਸੀ ਮੇਰੀ ਇਸ ਸੂਝ ਦੀ ਪੁਸ਼ਟੀ ਲਈ ਪਾਠਕ ਸੰਤ ਨਿਧਾਨ ਸਿੰਘ ਜੀ (ਆਲਿਮ) ਦਾ 'ਗੁਰੂ ਪਦ ਪ੍ਰਕਾਸ਼ ਹਿੱਸਾ ੩' ਦਾ ਲੇਖ ਇਸੇ ਪੁਸਤਕ ਦੇ ੧੧੬-੧੭ ਪੰਨੇ ਵਾਲਾ ਪੜ੍ਹਨ ਤੇ ਮਹੰਤ ਸੁਮੇਰ ਸਿੰਘ ਜੀ ਦੇ ਗੁਰ ਬਿਲਾਸ ਵਿਚ ਗੁਰੂ ਜੀ ਦਾ ਪਿਸ਼ੌਰ ਕਾਬਲ ਵਲ ਜਾਣਾ ਤੇ ਕਵੀ ਅਨੂਪ ਸਿੰਘ ਜੀ ਵਲੋਂ ਬੀਬੀ ਦਇਆ ਕੌਰ ਵਾਲਾ ਪ੍ਰਸੰਗ (ਪੰਨਾਂ ੧੦੯ ਤੋਂ ੧੧੩) ਪੜ੍ਹਨ ਤੇ ਗਿਆਨੀ ਗਿਆਨ ਸਿੰਘ ਜੀ ਦਾ ਲਿਖਿਆ "ਪੰਥ ਪ੍ਰਕਾਸ਼" ਵਿਚਲਾ ਕਬਿਤ (ਪੰਨਾਂ ੧੧੫ ਤੋਂ ਪੜ੍ਹ ਤਸੱਲਾ ਕਰ ਸਕਦੇ ਹਨ ਕਿ ਦਸਮ ਗੁਰੂ ਜੀ ਹੀ ਸੁਇਛਤ ਵਰਤਣ ਵਾਲੇ ਤੇ ਕਈ ਕਈ ਦਿਨ ਇਕਾਂਤ ਵਾਸ ਡੇਰੇ ਵਿਚੋਂ ਭੀ ਗੁਪਤ ਹੋ ਵਿਚਰਨ ਵਾਲੇ ਸਨ।

॥ ਕਬਿਤ ॥

ਹੋਰ ਐਸਾ ਸਕਦਾ ਹੈ ਹੋ ਕੌਣ ਅ-ਮਨੁਖੀ,
ਰਹੁ-ਰੀਤ ਤੇਜ ਪ੍ਰਤਾਪ ਵਾਲਾ ਦਸਮ ਬਿਨ।



Sri Satguru Jagjit Singh Ji eLibrary NamdhariElibrary@gmail.com

ਨਿਕਲ ਜਾਣਾ ਗੁਪਤ ਹੋਣਾ ਤੁਰਤ ਤਿਆਰ ਹੋਣਾ।
ਮਿਲਣਾ ਭੀ ਬਾਦ ਨਹੀਂ ਹੈ ਦਸਮ ਗੁਰ ਰਸਮ ਬਿਨ।
ਨਿਕਲਿਆ ਜੋ ਨਿਕਲ ਰਿਹਾ ਖੋਜ ਰੋਜ ਨਵਾਂ ਨਵਾਂ,
ਕਰੇ ਕੌਣ ਕੰਮ ਐਸਾ ਖਾਸ ਉਸ ਖ਼ਸਮ ਬਿਨ।
ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਭ ਕਿਰਪਾ ਇਹ,
ਜੇਹੜੇ ਸਦਾ ਬੋਲਦੇ ਸੀ ਸਚ ਕੀਤੀ ਕਸਮ ਬਿਨ।
ਲੇਖਕਾਂ ਦਾ ਲਿਖਿਆ ਅਲੋਚਕਾਂ ਨੇ ਸੋਚਨਾ ਹੈ,
ਪਾਠਕਾਂ ਨੇ ਪੜ੍ਹਕੇ ਵਿਚਾਰ ਸਹੀ ਪਾਵਣੀ।
ਪਾਵਣੀ ਪਵਿਤਰ ਰਾਏ ਰਿਦੇ ਉਨ੍ਹਾਂ ਆਪਣੇ ਹੈ,
ਜਾਪਣੀ ਜੋ ਉਨ੍ਹਾਂ ਸੁਧ ਸ਼੍ਰੇਸਟ ਹੈ ਭਾਵਣੀ।
ਭਾਵਨੀ ਹੀ ਫਲ ਦਾਇਕ ਹੋਂਦੀ ਹਰ ਦੇਸ ਕਾਲ,
ਕਾਹਲ ਦੀ ਨਹੀਂ ਲੋੜ ਕਰ ਸਹਿਜ ਅਜਮਾਵਣੀ।
ਮਾਵਣੀ ਨਾ ਚੋੜ ਦੌੜ ਕਲਜੁਗੀ ਉਗੀ ਆਮ,
ਝੁਗੀ ਸਤਜੁਗੀਆਂ ਦੀ ਸਾਹਿਬ ਹੀ ਵਸਾਵਣੀ।

ਦੋ: "ਕਲਜੁਗ ਰਥ ਹੈ ਅਗਨ ਕਾ ਕੂੜ ਅਗੇ ਰਥਵਾਹੁ।"
ਇਹਨਾਂ ਦੋਹਾਂ ਤੋਂ ਲਾਂਭ ਕਰ ਸਾਂਭ ਵਸਤ ਸਚ ਲਾਹੁ।

ਚੌ: ਤਰਨ ਸਿੰਘ ਜੋ ਗੁਰ ਤੋਂ ਸਿਖਿਆ।
ਸਚ ਜਾਣ ਹੈ ਸੋਈ ਲਿਖਿਆ।
ਪਾਠਕ ਲੈ ਗੁਰਬਾਣੀਉਂ ਲੋ।
ਲਹੁ ਸਚ ਨਹੀ ਨੇੜਾ ਢੋ।
"ਪਾਰ ਬ੍ਰਹਮ ਪ੍ਰਮੇਸਰ ਆਨੂਪ॥
ਸਫਲ ਮੂਰਤ ਗੁਰ ਤਿਸਦਾ ਰੂਪ॥"

(ਭੈਰਉ ਮ: ੫ ਪੰਨਾ ੧੧੫੨)



Sri Satguru Jagjit Singh Ji eLibrary NamdhariElibrary@gmail.com

ਸੋਚ ਭਾਵ ਇਸ ਦਾ ਜੋ ਠੀਕ ॥
ਰਹਿ ਨਾਂ ਗੁਰ ਦਸਮੇਂ ਹੀ ਤੀਕ ॥
ਮੰਨੇ "ਸਦ ਪੀੜ੍ਹੀ ਗੁਰੂ ਚਲੰਦੀ"

ਸ੍ਰੀ ਰਾਗ ਮ: ੩ ॥

ਅਟੱਲ ਰਾਏ ਗੁਰਬਾਣੀ ਸੰਦੀ ॥

## ॥ ੧੧ ਨੰਬਰ ਸਾਖੀ ॥

"ਪ੍ਰੋਹਤ ਬਾਘ ਸਿੰਘ ਨੂੰ ਪੁਤਰ ਦਾ ਵਰ" ਸਿਰਲੇਖ ਹੈ। ੧੨ ਨੰਬਰ ਸਾਖੀ "ਮਾਈ ਸੇਢਾਂ ਦੇ ਪੁਤਰ ਰਤਨ ਸਿੰਘ ਦੀ ਸਹਾਇਤਾ ਕੀਤੀ" ਸਿਰਲੇਖ ਹੈ।

੧੩ ਨੰਬਰ ਸਾਖੀ "ਭਾਈ ਕੇ ਬਾਘ ਸਿੰਘ ਪਰ ਕਿਰਪਾ ਸਿਰਲੇਖ ਹੈ।

੧੪ ਨੰਬਰ ਸਾਖੀ "ਮਹਾਰਾਜ ਜੀ ਦੀ ਸਵਾਰੀ ਲੁਧਿਆਣੇ ਗਈ" ਸਿਰਲੇਖ ਤਲੇ ਅਸਚਰਜ ਹੀ ਕਥਾ ਹੈ, ਜਿਸਦਾ ਸੰਤ ਨਿਧਾਨ ਸਿੰਘ ਜੀ (ਆਲਿਮ) ਹੋਰਾਂ ਅਸਲ ਬਲਾਕ ਭੀ ਤੇ ਉਤਾਰਾ ਭੀ 'ਗੁਰੂ ਪਦ ਪ੍ਰਕਾਸ਼ ਹਿੱਸਾ ੩' ਵਿਚ ਦਿਤਾ ਹੈ ਤੇ ਮੈਂ ਭੀ ਇਸੇ ਪੁਸਤਕ ਦੇ ੧੨੦ ਪੰਨੇ ਤੇ ਦਿਤਾ ਹੈ। ਉਸ ਪ੍ਰਸੰਗ ਨੂੰ ਪੜ੍ਹਕੇ ਵਿਚਾਰਨ ਦੀ ਲੋੜ ਹੈ ਤੇ ਗੁਰੂ ਜੀ ਬਾਘ ਸਿੰਘ ਦੇ ਅੰਦਰ ਦੀ ਲਖ ਕਹਿੰਦੇ ਹਨ 'ਸੋਚ ਨਹੀਂ ਕਰੀਦੀ" ਕਿਉਂਕਿ ਜਿਸ ਗਲ ਤੇ ਚੰਗੀ ਸੋਚ ਪਾਈ ਜਾਵੇ ਉਹ ਉਘੀ ਚਰਚਾ ਹੋ ਚਲਦੀ ਹੈ।



Sri Satguru Jagjit Singh Ji eLibrary NamdhariElibrary@gmail.com

੧੫ ਨੰਬਰ ਸਾਖੀ ਦਾ ਸਿਰਲੇਖ "ਬਰਾਗੀਆਂ ਨੇ ਰਾਸ ਪਾਈ ਮਹਾਰਾਜ ਦਾ ਡੇਰੇ ਦੀ ਹਦ ਦਾ ਬੰਨਾ ਏ।" ਇਸ ਵਾਰਤਾ ਵਿਚ ਭੀ "ਇਹ ਗੁਰੂ ਸਿੰਘ ਜੀ ਦਾ ਤੇ ਬੈਰਾਗੀਆਂ ਦਾ ਠੱਡਾ ਹੈ ਬੈਰਾਗੀ ਪਰੇ ਜਾਣਗੇ ਏਥੇ ਤਕ ਗੁਰੂ ਸਿੰਘ ਜੀ ਦੀ ਹੱਦ ਹੋ ਗਈ" ਆਦ ਵਾਕ ਗੁਰੂ ਜੀ ਦੀ ਜ਼ਬਾਨੀ ਹਨ।

੧੬ ਨੰਬਰ ਸਾਖੀ 'ਚੰਬੇ ਘੋੜੇ ਦਾ ਹਾਲ, ਚਲਿਆ ਗਿਆ ਫਿਰ ਆਇਆ" ਇਹ ਵਾਰਤਾ "ਬਾਬਾ ਸਾਹਿਬ ਦੇ ਦਰਬਾਰ ਮੂਹਰੇ ਚਾਰ ਘੋੜੇ ਹਰ ਵਕਤ ਖੜ ਰਹਿੰਦੇ ਤੇ ਮਹਾਰਾਜ ਦੇ ਸੇਵਕ ਘੋੜਿਆਂ ਦੀ ਸੇਵਾ ਬੜੀ ਕਰਦੇ" ਤੋਂ ਅਰੰਭ ਹੁੰਦੀ ਹੈ ਤੇ ਮਹਾਰਾਜ ਦੇ ਘੋੜਿਆਂ ਪਰ ਚੜ੍ਹਨੇ ਦਾ ਹੁਕਮ ਨਹੀਂ ਸੀ...... ਸਮਾਨ ਆਲਦੋਜੇ ਦਾ ਕਾਠੀ ਵਗੈਰਾ ਸਭ ਤਿਆਰ ਰਹਿੰਦੀ...... ਜੋ ਪ੍ਰੇਮ ਸੇ ਸੇਵਾ ਕਰਦਾ ਮਹਾਰਾਜ ਬੜੇ ਖੁਸ ਹੁੰਦੇ......ਗੁਰੂ ਸਿੰਘ ਜੀ ਉਸ ਕੋ ਆਪ ਹੀ ਲੈ ਆਉਣਗੇ......ਚੋਰ ਨੂੰ ਘੋੜਾ ਚੱਕ ਵੱਢਦਾ ਤੇ ਦਲਤੇ ਮਾਰਦਾ ਹੈ ਤਾਂ ਉਸ ਦੁਹਾਈ ਮਚਾ ਦਿਤੀ ਸੱਚੇ ਗੁਰੂ ਮਹਾਰਾਜ ਜੀ ਮੈਨੂੰ ਬਖਸ਼ੋ ਮੈਂ ਭਾਰੀ ਗੁਨਾਹੀ ਹਾਂ...... ਸਰਦਾਰ ਗਾੜ੍ਹਾ ਸਿੰਘ ਨੇ ਸਾਰਾ ਹਾਲ ਆਕੇ ਰਾਜਾ ਜਸਵੰਤ ਸਿੰਘ ਜੀ ਨੂੰ ਸੁਣਾਇਆ ਰਾਜਾ ਜੀ ਨੇ ਹੱਥ ਜੋੜ ਕੇ ਨਮਸਕਾਰ ਕੀਤੀ ਧੰਨ ਸੱਚੇ ਸਤਿਗੁਰੂ" ਆਦ ਬਚਨ ਹਨ।

੧੭ ਨੰਬਰ ਸਾਖੀ "ਬਾਬਾ ਸਰੂਪ ਸਿੰਘ ਜੀ ਦਾ ਜਨਮ ਨਿਤ-ਕ੍ਰਮ"।

੧੮ ਨੰਬਰ ਸਾਖੀ ਬਾਬਾ ਸਰੂਪ ਸਿੰਘ ਜੀ ਨਾਭੇ ਆਏ ਬਾਬਾ ਜੀ ਸੇ ਪ੍ਰੇਮ" ਸਿਰਲੇਖ ਤਲੇ ਲੰਮੀ ਵਾਰਤਾ ਹੈ। ਜਿਸ ਵਿਚ ਐਸੇ ਵਾਕ ਹਨ "ਨਾਲ ਦਿਆਂ ਨੇ ਕਹਿਆ ਐਥੇ ਪੂਰਨ ਪਰਮਾਤਮਾ ਵਿਰਾਜਦੇ ਹਨ ਕੋਈ ਤਾਂ ਦਸਦਾ ਹੈ ਸਾਹਿਬਜ਼ਾਦੇ



Sri Satguru Jagjit Singh Ji eLibrary NamdhariElibrary@gmail.com

ਹਨ ਅਤੇ ਕੋਈ ਦਸਦਾ ਹੈ ਦਸਮੇਂ ਪਾਤਸ਼ਾਹ ਖੁਦ ਹਨ। ਮਨ ਨੇ ਮੰਨ ਲੀਤਾ ਏਹੀ ਪ੍ਰਮੇਸਰ ਹਨ ਏਹਨਾਂ ਬਿਨਾਂ ਹੋਰ ਕਿਸੀ ਨੂੰ ਨਹੀਂ ਮਿਲਣਾ ਪੂਰਨ ਸਰਧਾ ਹੋਈ।

੧੯ ਨੰਬਰ ਸਾਖੀ ਵਿਚ ਲੰਮੀ ਵਾਰਤਾ ਹੈ ਜਿਸ ਦਾ ਸਾਰ ਇਹ ਹੈ ਕਿ ਰਾਜਾ ਜਸਵੰਤ ਸਿੰਘ ਜੀ ਨੇ ਨੌਕਰੀ ਤੇ ਨਾ ਗਿਆਂ ਦੇ ਵਾਰਸਾਂ ਨੂੰ ਕੈਦ ਕਰ ਲਿਆ ਤਾਂ "ਬੜੇ ਬਾਬਾ ਸਾਹਿਬ ਪਾਸ ਅਰਜ਼ ਹੋਈ ਬਾਬਾ ਸਾਹਿਬ ਜੀ ਨੇ ਸੇਢਾਂ ਕੋ ਕਹਿਆ ਸਰਦਾਰ ਭੂਮਾਂ ਸਿੰਘ ਜੀ ਕੋ ਕਹੋ ਜਾ ਕੇ ਰਾਜਾ ਜੀ ਨੂੰ ਕਹਿਣ ਇਹ ਦੋਨੋਂ ਸਰੂਪ ਸਿੰਘ ਤੇ ਕੇਸਰਾ ਸਿੰਘ ਗੁਰੂ ਕੀ ਟਹਿਲ ਵਾਸਤੇ ਰਖੇ ਹਨ ਇਨ ਕੇ ਪਿਛਲਿਆਂ ਨੂੰ ਛੱਡ ਦੇ.....ਹੁਕਮ ਪਹੁੰਚਣ ਸਾਰ ਛੱਡ ਦਿਤੇ।"

੨੦ ਨੰਬਰ ਵਾਰਤਾ ਵਿਚ ਸਰੂਪ ਸਿੰਘ ਜੀ ਦੀ ਮਾਈ ਨੂੰ ਉੱਤਰ ਹੈ "ਇਹ ਗੁਰੂ ਜੀ ਕਾ ਹੈ"।

੨੧ ਨੰਬਰ ਦਾ ਸਿਰਲੇਖ ਹੈ "ਮਹਾਰਾਜ ਬਾਬਾ ਸਰੂਪ ਸਿੰਘ[੧] ਜੀ ਨੂੰ ਪਿੱਥੋ ਭੇਜਿਆ ਬਾਬਾ ਪੰਜਾਬ ਸਿੰਘ ਜੀ ਦਾ ਪ੍ਰਸੰਗ ਹੈ।" ਪੰਜਾਬ ਸਿੰਘ[੨] ਜੀ ਮਹਾਤਮਾ ਤਾਜੋ ਰਹਿੰਦੇ ਸੀ ਤੇ ਗੁਰੂ ਜੀ ਦੇ ਗੁਪਤ ਸਮੇਂ ਦੇ ਹੇਤੀ ਭੇਤੀ ਸੀ। ਗੁਰੂ ਜੀ ਸਰੂਪ ਸਿੰਘ ਜੀ ਰਾਹੀਂ ਏਹਨਾਂ ਦੀ ਸੁਖ ਪੁਛੀ ਤੇ ਆਪਣੀ ਭੇਜੀ। ਪੰਜਾਬ ਸਿੰਘ ਜੀ

---

(੧) ਇਹ ਪਿਥੋ ਦੇ ਹੀ ਜਿਮੀਂਦਾਰ ਸਨ ਤੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਦੇ ਦਾਦਾ ਜੀ ਸਨ।

(੨) ਇਹ ਸੰਤ ਪੰਜਾਬ ਸਿੰਘ ਭੀ ਸੰਤ ਫੂਲਾ ਸਿੰਘ ਜੀ ਬੂਲਾਢੇ ਵਾਲੇ ਤੇ ਸੰਤ ਸਿੰਘ ਜੀ ਗੋਤੇ ਵਾਲਿਆਂ ਵਾਂਗੂੰ ਗੁਰੂ ਜੀ ਨੂੰ ਜਾਨਣ ਵਾਲੇ ਸੀ ਪੰਜਾਬ ਸਿੰਘ ਜੀ ਨੇ ਸਰੂਪ ਸਿੰਘ ਜੀ ਹਥੀਂ ਇਕ ਮਤੀਰਾ ਤੇ ਮਿੱਠੀ ਫੁਟ ਦੋ ਫਲ ਭੇਜੇ ਸੀ ਜੋ ਗੁਰੂ ਜੀ ਹੱਥਾਂ ਤੇ ਲੈ ਕੇ ਬੜੇ ਪ੍ਰਸੰਨ ਹੋਏ ਤੇ ਪ੍ਰਵਾਨ ਕੀਤੇ। ਛਕੇ ਤੇ ਵਰਤਾਏ ਭੀ।



Sri Satguru Jagjit Singh Ji eLibrary NamdhariElibrary@gmail.com

ਸਰੂਪ ਸਿੰਘ ਨੂੰ ਗੁਰੂ ਜੀ ਪਾਸੋਂ ਨਾਭਿਉਂ ਆਏ ਬਾਦ ਘੜੀ ਮੁੜੀ ਪੁਛਦੇ ਹਨ ਤੇ ਕਹਿੰਦੇ ਹਨ "ਆਉ ਮੇਰੇ ਪਿਆਰੇ, ਆਉ ਮੇਰੇ ਪਿਆਰੇ ਨਾਭਿਉ "ਸਿੰਘ" ਜੀ ਕੋਲੋਂ ਆਏ ਹੋ ਸਾਨੂੰ ਕੀ ਕਹਿੰਦੇ ਸੇ-ਫਿਰ ਫਿਰ ਪੁਛਿਆ ਆਥਣ ਤਾਂਈਂ ਸਾਨੂੰ ਅੱਠ ਵਾਰ ਬੁਲਾਇਆ ਜਦ ਬੁਲਾਉਣ ਏਹੀ ਕਹਿਣ "ਆਉ ਮੇਰੇ ਪਿਆਰੇ ਆਉ ਮੇਰੇ ਪਿਆਰੇ" ਨਾਭਿਉਂ "ਸਿੰਘ" ਜੀ ਕੋਲੋਂ ਆਏ ਹੋ।"

ਅਰਥਾਤ ਮਹਾਂਪੁਰਖ ਪੰਜਾਬ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਐਸੇ ਹੇਤੀ ਭੇਤੀ ਜਾਪੇ ਤੇ ਵਾਰਨੇ ਫੇਰਨੇ ਕੀਤਾ ਜੈਸਾ ਗੁਰਬਾਣੀ ਵਿਚ ਵਾਕ ਹੈ :—

"ਹਉ ਮਨੁ ਅਰਪੀ ਸਭੁ ਤਨ ਅਰਪੀ ਅਰਪੀ ਸਭ ਦੇਸਾ।
ਹਉ ਸਿਰ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸੰਦੇਸਾ।"
ਗਉੜੀ ਛੰਦ ਮ: ੪।

੨੨ ਨੰਬਰ ਸਾਖੀ ਦਾ ਸਿਰਲੇਖ ਹੈ "ਮਾਈ ਚੰਦ ਕੁਰ ਨੂੰ ਪੁਤਰ ਦਾ ਵਰ"।

ਇਸ ਵਾਰਤਾ ਵਿਚ ਭੀ "ਸੱਚੇ ਪਾਤਸ਼ਾਹ ਮਾਈ ਚੰਦ ਕੁਰ ਦੇ ਵੀ ਪੁਤਰ ਬਖਸ਼ੋ" ਤੇ ਗੁਰੂ ਜੀ ਨੇ ਕਹਿਆ "ਬੇਟਾ ਤੁਮਾਰੇ ਹੋ ਜਾਊਗਾ" ਆਦ ਬਚਨ ਆਉਂਦੇ ਹਨ। ਜੋ ਗੁਰੂ ਜੀ ਜੋਗ ਸੱਚੇ ਪਾਤਸ਼ਾਹ "ਗੁਰੂ ਸਿੰਘ" ਤੋਂ ਬਾਬਾ ਜੀ ਨੂੰ ਦਸਮ ਗੁਰੂ ਜੀ ਹੀ ਸਾਬਤ ਕਰਦੇ ਹਨ।

੨੩ ਨੰਬਰ "ਬਾਬਾ ਜੀ ਨੂੰ ਸੰਕਲਪ ਤੇ ਪੂਰਾ ਨਿਸਚਾ ਹੋਣਾ" ਸਿਰਲੇਖ ਹੈ। ਜੋ ਸ਼ਭ ਭੁਲੇਖੇ ਮੁਕਾਂਦਾ ਹੈ। ਸੰਤ ਨਿਧਾਨ ਸਿੰਘ ਜੀ (ਆਲਿਮ ਹੋਰਾਂ ਨੇ ਤਾਂ ਏਹੀ ਸਾਰੀ ਵਾਰਤਾ ਉਨ੍ਹਾਂ ਹੀ ਅੱਖਰਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਲਿਖ "ਗੁਰੂ ਪਦ ਪ੍ਰਕਾਸ਼ ਹਿੱਸਾ ੩" ਵਿਚ ੨੯੦ ਤੋਂ ੯੧ ਪੰਨੇ ਤੱਕ ਦਿਤੀ ਹੈ ਤੇ ਵਾਂਰਤਾ ਦਾ ਅਸਲ ਸਰੂਪ ਅਕਸੀ ਫੋਟੋ ਨਾਲ ਉਤਾਰ ਭੀ ਨਾਲ ਹੀ ਦਿਤਾ ਹੋਇਆ ਹੈ। ਦੇਖੋ ਇਸੇ ਪੁਸਤਕ ਦੇ ੧੧੮—੧੯ ਪੰਨੇ ਤੇ।

॥ ਕਬਿਤ ॥

ਪੜ੍ਹਕੇ ਪ੍ਰਸੰਗ ਇਹ ਸੋਚਣ ਦੀ ਲੋੜ ਪੈਂਦੀ,
ਕਹਿੰਦੀ ਹੈ ਵਿਚਾਰ ਉਹ ਤਾਂ ਉਹੀ ਅਵਤਾਰ ਸੀ।
ਜਿਨ੍ਹਾਂ ਪਿਤਾ ਮਾਤਾ ਸਿਖ ਪੁਤ ਪਰਵਾਰ ਵਾਰ,
ਮੁਰਦਿਆਂ 'ਚ ਜਿੰਦ ਪਾਈ ਦਿਤਾ ਬਲਕਾਰ ਸ
ਵੇਖ ਘਾਉ ਵੱਖੀ ਦੇ ਨੂੰ ਪੱਕੀ ਪਰਤੀਤ ਲਈ,
ਪੁਛਿਆ ਸਰੂਪ ਸਿੰਘ ਅਰਜ਼ ਗੁਜ਼ਾਰ ਸੀ।
ਉਤਰ ਉਨ੍ਹਾਂ ਆਪ ਦਿਤਾ ਉਹੋ ਹੀ ਤਾਂ ਘਾਉ ਹੈ ਇਹ,
ਦਖਣ ਵਿਚ ਮਾਰੀ ਜੋ ਪਠਾਣ ਨੇ ਕਟਾਰ ਸੀ।
ਆਪ ਦਸਮੇਸ਼ ਜੀ ਨੇ ਆਪਣੀ ਲਖਾਈ ਕਥਾ,
ਕੀਤਾ ਭੀ ਸਰੂਪ ਸਿੰਘ ਜੀ ਨੇ ਉਪਕਾਰ ਸੀ।
ਕੀਤਾ ਕੁਝ ਹਛਾ ਹੀਲਾ ਭਾਈ ਸਾਹਿਬ ਕਾਂਹਨ ਸਿੰਘ।
ਇਕ ਵਾਰ ਗੁਪਤੇ ਤੇ ਇਕ ਵਾਰੀ ਜਾਹਰ ਸੀ।
ਸੰਤ ਇੰਦਰ ਸਿੰਘ ਜੀ ਤੇ 'ਆਲਿਮ' ਜੀ ਖੋਜ ਸਭ,
ਲਭਤ ਸੁ ਦਿਤੀ ਲਿਖ ਸੁੰਦਰ ਸਵਾਰ ਸੀ।
ਜੀਵਨ ਨਦੇੜੋਂ ਬਾਦ ਸ੍ਰੀ ਦਸਮੇਸ਼ ਜੀ ਦਾ,
ਚੁਣ ਸਾਖਾਂ ਤਰਨ ਸਿੰਘ ਕਰ ਦਿਤਾ ਤਿਆਰ ਸੀ।



Sri Satguru Jagjit Singh Ji eLibrary NamdhariElibrary@gmail.com

(ਚੁਟਕੀ) ਹੁਣ ਹੋਰ ਇਤਿਹਾਸ ਜੋ ਲੱਭਾ ।
ਸੋ ਜੋਗ ਪਾਠਕਾਂ ਸੱਭਾ ।
ਹੈ ਹਾਜ਼ਰ ਮੇਰੇ ਵਲੋਂ ।
ਜਿਉਂ ਸ਼ੇਰ ਨਿਕਲਦਾ ਝੱਲੋਂ ।

੨੪ ਨੰਬਰ ਸਾਖੀ ਰਾਮ ਤਲਾਈ ਵਿਚੋਂ ਜੇਰ ਕਢਣ ਦਾ ਪ੍ਰਸੰਗ ਹੈ ।

੨੫ ਮਾਸ ਖਾਣ ਵਾਲੇ ਦੀ ਨੀਯਤ ਦਸੀ ਫੁਰਮਾਇਆ "ਚਿਤ ਸੇ ਛਡਣਾ ਚਾਹੀਏ"

੨੬ ਨਿਹੰਗਾਂ ਦਾ ਪ੍ਰਸੰਗ

੨੭ ਗਊ ਡੇਰੇ ਲਿਆਣ ਤੇ ਸੋਢਾਂ ਨੂੰ ਸਰਾਪ ।

੨੮ ਰਾਜੇ ਜਸਵੰਤ ਸਿੰਘ ਜੀ ਵਲੋਂ ਗੁਰੂ ਜੀ ਦੇ ਬਚਨ ਕਰਕੇ ਕੌਰ ਨੂੰ ਗੱਦੀ ਨਾ ਮਿਲੀ ।

੨੯ "ਕੂਜੀਗਰ ਨੂੰ ਪੁੱਤਰ ਦਾ ਵਰ । ਬਾਬਾ ਜੀ ਦੇ ਦਰਬਾਰ ਮਿੱਟੀ ਦੇ ਘੋੜੇ" "ਅਰਜ਼ ਹੋਈ ਸੱਚੇ ਪਾਤਸ਼ਾਹ ਕੂਜੀਗਰ ਪੰਜ ਘੋੜੇ ਲੈ ਆਇਆ ਹੈ ਬਾਬਾ ਸਾਹਿਬ ਨੇ ਹੁਕਮ ਦਿਤਾ ਪੰਜੇ ਘੋੜੇ ਉਤੇ ਚੁਬਾਰੇ ਪਰ ਰਖ ਦਿਉ ਅਰ ਵਰ ਦਿਤਾ ਪੰਜ ਪੁਤਰ ਹੋਣਗੇ ਮੱਥਾ ਟੇਕ ਕੇ ਘਰ ਨੂੰ ਗਿਆ । ਸਮਾਂ ਪਾ ਕੇ ਪੰਜ ਪੁੱਤਰ ਹੋਏ ਜੋ ਸਰਦਾਰ ਸਿੰਘ ਜੀ ਦੇ ਤਬੇਲੇ ਸਾਹਮਣੇ ਕੂਜੀਗਰ ਹੈ ਏਹਨਾਂ ਦੇ ਬੜੇ ਨੂੰ ਬਰ ਹੋਇਆ ਸੀ" ਨਾਭੇ ਹੁਣ ਭੀ ਗੁਰੂ ਦੇ ਗੁਰਦੁਆਰੇ ਬਹੁਤੇ ਘੋੜੇ ਮਿੱਟੀ ਦੇ ਚੜ੍ਹਾਵੇ ਤੌਰ ਚੜ੍ਹਏ ਲੋਕਾਂ ਵਲੋਂ ਵੇਖੇ ਜਾ ਸਕਦੇ ਹਨ ਤੇ ਸੱਚੇ ਪਾਤਸ਼ਾਹ ਦਸਮ ਗੁਰੂ ਜੀ ਦਾ ਕੂਜੀਗਰ ਨੂੰ ਪੰਜਾਂ ਪੁੱਤਰਾਂ ਦਾ ਵਰ ਦਿਤਾ ਤੇ ਪੂਰਾ ਹੋਇਆ ਸੱਚਾ ਸ਼ਹੀ ਹੁੰਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਦੋ: ਨਿਕਲ ਨਦੇੜੋਂ ਗਏ ਜਿਮ ਚੜ੍ਹ ਘੋੜੇ ਤੇ ਆਪ।
ਘੋੜੇ ਰੱਖਨ ਦੀ ਤਿਨ੍ਹਾਂ ਹਿਤ ਰਹੀ ਤਿਵੇਂ ਦੀ ਛਾਪ।
ਪਾਇਆ ਕੂਜੀਗਰ ਵਰ ਜਿਵੇਂ ਮਿੱਟੀ ਦੇ ਘੋੜੇ ਆਨ।
ਤਿਵੇਂ ਦੇ ਹੀ ਨਾਭੇ ਦਿਸਣ ਘੋੜੇ ਗੁਰ-ਅਸਥਾਨ।
ਸ਼ਸਤਰਾਂ ਘੋੜੇ ਦਾ ਜਿਵੇਂ ਸੀ ਸਾਹਿਬਾਂ ਨੂੰ ਪਿਆਰ।
ਨਾਭੇ ਵੇਖੀਏ ਰਖੇ ਹਨ ਗੁਰ ਜੀ ਦੇ ਹਥਿਆਰ।

੩੦ ਨੰ: ਵਾਰਤਾ ਦਾ ਸਿਰਲੇਖ ਹੈ। ਬਾਬਾ ਸਾਹਿਬ ਜੀ ਦੀ ਪ੍ਰਲੋਕ ਗਮਨ ਦੀ ਤਿਆਰੀ। ਲੰਮੇ ਲੇਖ ਵਿਚੋਂ ਕੁਝ ਅੱਖਰ ਹੀ ਲਿਖਦਾ ਹਾਂ। "ਪੰਜ ਦਿਨ ਉਪਰ ਬਲੀ ਨੌਬਤ ਸਾਹਿਬ ਬਜੇਗੀ... ਸੁਖਾ ਸਿੰਘ ਸੈਣੀ ਬ੍ਰਹਿਮਣ ਨਾਲ ਵੈਦਾ ਹੈ ਜਬ ਸਰੀਰ ਤਿਆਗੋ ਦਰਸ਼ਨ ਦੇਣਾ ਸੋ ਉਸ ਕੋ ਬੁਲਾਉ ਸਰੂਪ ਸਿੰਘ ਜੀ ਤਾਂ ਸਾਡੀ ਤੇ ਰਾਕੀਆ ਦੀ ਸੇਵਾ ਕਰਦੇ ਹਨ.....ਰਣ ਸਿੰਘ ਨੇ ਕਿਹਾ ਮਹਾਰਾਜ ਮੈਨੂੰ ਆਗਿਆ ਦਿਉ ਮੈਂ ਜਾਮਾਂ......ਸਰਦਾਰ ਭੂਮ ਸਿੰਘ ਜੀ ਕਹੋ ਕਿ ਗੁਰੂ ਸਿੰਘ ਜੀ ਨੇ ਕਹੀ ਭੇਜਣਾ ਹੈ ਰਣ ਸਿੰਘ ਨੇ ਜਾ ਕੇ ਸਰਦਾਰ ਭੂਮਾਂ ਸਿੰਘ ਨੂੰ ਕਹੇਆ ਮੈਨੂੰ 'ਗੁਰੂ ਸਿੰਘ' ਜੀ ਕਹੀਂ ਭੇਜਣਾ ਚਾਹੁੰਦੇ ਹਨ ਛੁੱਟੀ ਦੇਉ। ਸ੍ਰ: ਭੂਮਾਂ ਸਿੰਘ ਨੇ ਕਹੇਆ ਮੈਨੂੰ ਕੀ ਪੁਛਣਾ ਹੈਂ ਜਬ ਗੁਰੂ ਸਿਘ ਜੀ ਭੇਜਦੇ ਹਨ ਜਾਉ .........ਔਰ ਸੁਖਾ ਸਿੰਘ ਨੂੰ ਕਰੋ ਗੁਰੂ ਸਿੰਘ ਜੀ ਦਾ ਹੁਕਮ ਹੈ ਜੇ ਪ੍ਰਸ਼ਾਦ ਛਕਦੇ ਹੋ ਹੱਥ ਰਸਤੇ ਵਿਚ ਧੋਵੋ ਤੁਰਤ ਟੁਰ ਪਵੇ...... ਮਾਈ ਸੇਢਾਂ ਨੂੰ ਹੁਕਮ ਦਿਤਾ ਹਮਰਾ ਏਕ ਫੁਲਕਾ ਦੇ ਦਿਉ ਇਹ ਫੁਲਕਾ ਜਾਂਦਾ ਵਾ ਰਸਤੇ ਮੈਂ ਛਕੇ ਏਹੀ ਔਂਦਾ ਵਾ ਛਕੇ ਜਲਦੀ ਸੁਖਾ ਸਿੰਘ ਕੋ ਲੈਕੇ ਆਉ ਰਣ ਸਿੰਘ ਅਰਦਾਸਾ ਕਰਕੇ ਤੁਰ ਪਿਆ... ਇਸ਼ਨਾਨ ਕਰਕੇ ਨਏਆ ਪੁਸ਼ਾਕਾ ਪਹਿਣ ਕੇ ਰਹਿਰਾਸ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਨੌਬਤ ਸ਼ਾਹਿਬ ਬਜੌਨੀ ਸ਼ੁਰੂ ਕੀਤੀ ਬੜੇ ਬਚਿਤ੍ਰ



Sri Satguru Jagjit Singh Ji eLibrary NamdhariElibrary@gmail.com

ਸੁਰੇ ਧੰਨ ਗੁਰੂ ਧੰਨ ਗੁਰੂ ਤੂੰਹੀ ਗੁਰੂ ਤੂੰਹੀ ਗੁਰੂ ਨੌਬਤ ਵਿਚੋਂ ਅਵਾਜ਼ ਆਵੇ ਸੂਰਜ ਦੀ ਚਲਕੋਰ ਨਾਲ ਬੰਦ ਕਰਦੇ......ਜਦ ਪੰਜਵੇਂ ਦਿਨ ਨੌਬਤ ਬਜ਼ਾ ਕੇ ਹਟੇ ਫੁਰਮਾਉਣ ਲਗੇ ਸਰੂਪ ਸਿੰਘ......

ਬਾਬਾ ਸਰੂਪ ਸਿੰਘ ਉਤੇ ਗਏ ਅਰਜ਼ ਕੀਤੀ ਦਾਸ ਨੂੰ ਕੀ ਹੁਕਮ ਹੈ। ਫੁਰਮਾਇਆ ਅੱਜ ਜ਼ੋਰ ਸੇ ਨੌਬਤ ਬਜਾਈ ਤਾਂ ਪੁਰਾਣੇ ਜਖਮ ਪਾਟ ਗਏ......ਪਲੰਘ ਪਰ ਬਿਰਾਜੇ ਵੇਖੇ ਅਰ ਲਹੂ ਲਹੂ ਹੋਇਆ ਪਿਆ ਸੀ ਬਾਬਾ ਸਰੂਧ ਸਿੰਘ ਜੀ ਅਰਜ਼ ਕੀਤੀ ਜੋ ਹੁਕਮ ਕਰੋ ਰੇਸ਼ਮ ਨਾਲ ਜਿਊ ਦੇਈਏ ਜਾਂ ਕਿਸੀ ਜਰਾਹ ਨੂੰ ਬਲਾਈਏ ਕਹਿਆ ਸਹਿਰ ਸੇ ਕੇਸੂ ਲੈ ਆਉ ਹੋਰ ਕੁਛ ਨਹੀਂ ਕਰਨਾ......ਸਰੂਪ ਸਿੰਘ ਜੀ ਇਕ ਛੀਂਬੇ ਦਿਓ ਕੇਸੂ ਲੈ ਆਏ......ਫੁਰਮਾਇਆ ਉਬਾਲ ਕੇ ਉਤੇ ਲੈ ਆਉ ਫੁਰਮਾਇਆ ਪਹਿਲੋਂ ਕੋਸੇ ਕੋਸੇ ਨਾਲ ਹੌਲੀ ਹੌਲੀ ਟਕੋਰ ਕਰਕੇ ਏਹੀ ਕੇਸੂ ਜ਼ਖਮ ਦੇ ਉਤੇ ਬੰਨ੍ਹ ਦਿਉ। ਇਸ ਤਰ੍ਹੇ ਰੋਜ਼ ਪਹਿਲੇ ਟਕੋਰ ਕਰਕੇ ਫੇਰ ਉਤੇ ਬੰਨ੍ਹ ਦਿਆ ਕਰਨੇ, ਤਿੰਨ ਦਿਨ ਕੇਸੂਆਂ ਦੀ ਹੀ ਟਕੋਰ ਕੇਸੂ ਹੀ ਉਤੇ ਬੰਨ੍ਹਦੇ ਜ਼ਖਮ ਉਸ ਤਰੇ ਰਹੇ ਪਰ ਲਹੂ ਬੰਦ ਹੋ ਗਿਆ। ਉਤੇ ਕੇਸੂਆਂ ਦਾ ਪਟਾ ਬੰਨ੍ਹਾ ਰਹਿਆ ਕਰੇ, ਮਹਾਰਾਜ ਜਸਵੰਤ ਸਿੰਘ ਜੀ ਨੂੰ ਭੀ ਖਬਰ ਹੋਈ ਬਾਬਾ ਜੀ ਦਾ ਘਾਉ ਖੁਲ ਗਿਆ ਹੈ। ਰਾਜਾ ਸਾਹਿਬ ਜੀ ਨੇ ਗੁਲਾਮ ਕਾਦਰ ਹਕੀਮ ਭੇਜਿਆ......ਡੇਰੇ ਆ ਕੇ ਹੇਠਾਂ ਖੜੇ ਹੋ ਗਏ ਬਾਬਾ ਸਰੂਪ ਸਿੰਘ ਜੀ ਨੂੰ ਕਹਿਆ ਮੈਨੂੰ ਰਾਜਾ ਸਾਹਿਬ ਜੀ ਨੇ ਭੇਜਿਆ ਹੈ ਬਾਬਾ ਸਾਹਿਬ ਜੀ ਦਾ ਜ਼ਖਮ ਵੇਖਣ ਵਾਸਤੇ......ਸਰੂਪ ਸਿੰਘ ਜੀ ਉਤੇ ਗਏ ਅਰਜ਼ ਕੀਤੀ ਰਾਜਾ ਸਾਹਿਬ ਨੇ ਦਿੱਲੀ ਵਾਲਾ ਬੜਾ ਹਕੀਮ ਹਜ਼ੂਰ ਦੇ ਵਾਸਤੇ ਭੇਜਿਆ ਹੈ, ਹੇਠਾਂ ਖੜਾ ਹੈ। ਬਾਬਾ ਸਾਹਿਬ ਜੀ ਨੇ ਫੁਰਮਾਇਆ "ਬੈਦ ਬੁਲਾਇਆ ਬੈਦ ਗੀ...। ਭੋਲਾ ਵੈਦ...। ਇਹ ਤੁਕਾਂ ਪੜ੍ਹ



Sri Satguru Jagjit Singh Ji eLibrary NamdhariElibrary@gmail.com

ਕਹਿਆ ਰਾਜਾ ਸਾਹਿਬ ਨੂੰ ਕਹੋ ਇਸ ਹਕੀਮ ਦੀ ਲੋੜ ਨਹੀਂ, ਹੁਣ ਹੋਰ ਹਕੀਮ ਦੀ ਲੋੜ ਹੈ। ਹਕੀਮ ਨੂੰ ਕਹੋ ਜਾਵੇ ੧੧ ਰੁਪੈ ਦੇ ਦਿਉ......ਹਕੀਮ ਜੀ ਚਲੇ ਗਏ ਰਾਜ਼ਾ ਸਾਹਿਬ ਨੂੰ ਸਾਰਾ ਹਾਲ ਸੁਣਾਇਆ। ਆਥਣ ਵਕਤ ਰਾਜ਼ਾ ਜਸਵੰਤ ਸਿੰਘ ਜੀ ਡੇਰੇ ਆਏ, ਅਰਜ਼ ਕੀਤੀ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਹਨ ......ਫੁਰਮਾਇਆ ਰਾਜਾ ਸਾਹਿਬ ਨੂੰ ਕਹਿ ਦਿਉ ਹੁਣ ਦਰਸ਼ਨ ਨਹੀਂ ਹੁੰਦੇ ਔਰ ਅਸੀਂ ਖੁਸ ਹਾਂ।......ਰਾਜਾ ਸਾਹਿਬ ਕਹਿਆ ਅੱਛਾ ਜੋ ਮਹਾਰਾਜ ਦਾ ਹੁਕਮ ਹੈ ਪਰ ਦਿਨ ਵਿਚ ਪੰਜ ਚਾਰ ਦਫਾ ਆਇਆ ਕਰੇ ਸਾਰੀ ਖਬਰ ਸਾਰ ਲੈ।''

੩੧) ''ਮਹਾਰਾਜ ਨੇ ਭਾਈ ਸੁਖਾ ਸਿੰਘ ਜੀ ਨੂੰ ਗੋਤੇ ਪਿੰਡ ਤੋਂ ਬੁਲਾਇਆ''

''ਪੰਜਵੇਂ ਦਿਨ ਗੋਤੇ ਪਿੰਡ ਭਾਈ ਰਣ ਸਿੰਘ ਪਹੁੰਚਿਆ। ਜੋ ਨਾਭੇ ਤੋਂ ਇਕ ਸੌ ਚਾਲੀ ਕੋਸ ਹੈ।......ਆਪਸ ਮੇਂ ਪ੍ਰੇਮ ਨਾਲ ਮਿਲੇ ਔਰ ਕਿਹਾ ਕਿਸ ਤਰ੍ਹਾਂ ਦਰਸਨ ਦਿਤੇ ਭਾਈ ਰਣ ਸਿੰਘ ਜੀ ਨੇ ਕਿਹਾ ਬਾਬਾ ਸਾਹਿਬ ਜੀ ਭੇਜਿਆ ਹੈ ਕਿ ਸੁਖਾ ਸਿੰਘ ਨਾਲ ਸਾਡਾ ਵੈਦ੍ਹਾ ਹੈ......ਖੜੇ ਹੋ ਤੇ ਤੁਰ ਪਵੋ ਜੇ ਪ੍ਰਸਾਦ ਛਕਦੇ ਹੋ ਹਥ ਰਸਤੇ ਵਿਚ ਧੋਵੋ...ਸੁਖਾ ਸਿੰਘ ਬੜਾ ਗਦਗਦ ਹੋਇਆ... ਤੁਰਕੇ ਪੰਜਵੇ ਦਿਨ ਬਾਬਾ ਜੀ ਦੇ ਚਰਨਾ ਮੈਂ ਪਹੁੰਚੇ...ਫੁਰਮਾਇਆ ਗਰਮੀ ਦੀ ਰੁਤ ਹੈ ਉਨ ਕ ਜਲ ਛਕਾਉ। ......ਪ੍ਰਸਾਦ ਪਾਣੀ ਛਕਾ ਕੇ ਕਹਿਆ ਹੁਣ ਤੁਸੀਂ ਅਰਾਮ ਕਰੋ ...ਤੀਨੋ ਪਰਸ਼ਾਦ ਛਕ ਕੇ ਪਰਕੰਮਾ ਕਰਨ ਲਗੇ ਆਥਣ ਤਕ ਪਰਕੰਮਾ ਦਰਵਾਰ ਸਾਹਿਬ ਜੀ ਦੀ ਕਰੀ ਗਏ ਮਥਾ ਟੇਕ ਲੈਣ ਪਰਕੰਮਾ ਕਰ। ਅੰਧੇਰਾ ਹੋ ਗਿਆ।...ਅੰਮ੍ਰਿਤ ਵੇਲੇ ਬਾਬਾ ਸਾਹਿਬ ਨੇ



Sri Satguru Jagjit Singh Ji eLibrary NamdhariElibrary@gmail.com

ਹੁਕਮ ਦਿਤਾ ਸੁਖਾ ਸਿੰਘ ਤੇ ਦੋਨੋ ਲੜਕਿਆਂ ਨੂੰ ਬੁਲਾਉ। ਤੀਨੋਂ ਉਪਰ ਗਏ। ਬਾਬਾ ਸਾਹਿਬ ਜੀ ਦੇ ਚਰਨਾ ਮੈਂ ਮਥਾ ਟੇਕਿਆ......ਫੁਰਮਾਇਆ ਸੁਖਾ ਸਿੰਘ ਪਟਿਆਲੇ ਤੇਰੇ ਨਾਲ ਵੈਦੂਾ ਕੀਤਾ ਸੀ..... ਸੁਖਾ ਸਿੰਘ ਨੇ ਦੋਨੋ ਹਥ ਜੋੜ ਕੇ ਬੇਨਤੀ ਕੀਤੀ ਦਾਸ ਪਰ ਬੜੀ ਕਿਰਪਾ ਕੀਤੀ......ਸਭ ਹੇਠ ਉਤਰ ਆਏ।

੩੨ "ਨੌਬਤ ਸਾਹਿਬ ਬਜਾਉਣੀ"

'ਜਬ ਮਸਿਆ ਦਾ ਦਿਨ ਆਇਆ ਤਾਂ ਬੜੇ ਬਾਬਾ ਸਾਹਿਬ ਜੀ ਨੇ ਫੁਰਮਾਇਆ "ਗੁਰੂ ਸਿੰਘ" ਜੀ ਦੀ ਤਿਆਰੀ ਹੈ ਅਜ ਪੰਜ ਦਿਨ ਰਹਿ ਗਏ ਹਨ ......ਰਹਿਰਾਸ ਪੜ ਕੇ ਨੌਬਤ ਸਾਹਿਬ ਬਜਾਉਣ ਲਗੇ।......ਬੜੇ ਬਚਿੱਤਰ ਸੁਰ ਨਿਕਲੇ ਧੰਨ ਗੁਰੂ ਤੂਹੀਂ ਗੁਰੂ, ਰਾਤ ਦੇ ਬਾਰਾਂ ਬਜੇ ਬਾਬਾ ਸਰੂਪ ਸਿੰਘ ਜੀ ਉਪਰ ਗਏ ਤਾਂ ਮਹਾਰਾਜ ਜੀ ਨੇ ਫੁਰਮਾਇਆ ਸਾਨੂੰ ਕੁਛ ਪਿਆਸ ਹੈ ਜਲ ਲੈ ਆਉ। ਜਲ ਲੈ ਗਏ, ਜਲ ਛਕੀ ਗਏ ਨਾਲੇ ਨੌਬਤ ਬਜਾਈ ਗਏ।

੩੩ "ਅਜ ਮਹਾਰਾਜ ਜੀ ਦੀ ਤਿਆਰੀ"

"ਜੇਠ ਸੁਦੀ ਪੰਜਵੀਂ ਦਾ ਦਿਨ ਚੜ੍ਹਿਆ ਤਾਂ ਬਾਬਾ ਸਰੂਪ ਸਿੰਘ ਜੀ ਉਤੇ ਗਏ ਤਾਂ ਬਾਬਾ ਸਾਹਿਬ ਜੀ ਨੇ ਫੁਰਮਾਇਆ ਅਜ ਗੁਰੂ ਸਿੰਘ ਜੀ ਦੀ ਤਿਆਰੀ ਹੈ। ਦੋਨੋਂ ਚੁਬਾਰਿਆਂ ਮੇਂ ਪੋਚਾ ਸਮੇਤ ਕੰਧਾਂ ਦਿਉ। ਅਰ ਸਾਡੀ ਤਿਆਰੀ ਹੈ। ਬਾਬਾ ਸਰੂਪ ਸਿੰਘ ਜੀ ਨੇ ਹੇਠ ਆ ਕੇ ਜਿਕਰ ਕੀਤਾ ਅਜ ਮਹਾਰਾਜ ਜੀ ਦੀ ਤਿਆਰੀ ਹੈ।......ਮਾਈ ਸੇਢਾਂ ਜੀ ਨੇ ਕਹਿਆ ਬਾਘ ਸਿੰਘ ਪ੍ਰੋਹਤ ਨੇ ਅਰਜ ਕੀਤੀ ਹੈ ਅੰਤ ਸਮੇਂ ਦਾਸ ਨੂੰ ਭੀ



Sri Satguru Jagjit Singh Ji eLibrary NamdhariElibrary@gmail.com

ਦਰਸ਼ਨ ਦੇਣ। ਬਾਬਾ ਸਾਹਿਬ ਜੀ ਨੇ ਫੁਰਮਾਇਆ ਦੋ ਘੜੀ ਦਿਨ ਰਹਿੰਦੇ ਆ ਜਾਵੇ......ਇਤਨੇ ਕੋ ਬਾਘ ਸਿੰਘ ਜੀ ਪ੍ਰੋਹਤ ਆ ਗਏ......ਕਹਿਆ ਆਪ ਦੇ ਵਾਸਤੇ ਐਸਾ ਮਹਾਰਾਜ ਜੀ ਨੇ ਹੁਕਮ ਦਿਤਾ ਹੈ, ਪ੍ਰੋਹਤ ਜੀ ਨੇ ਕਹਿਆ ਅਸੀਂ ਹੁਣ ਐਥੇ ਹੀ ਰਹਾਂਗੇ ਅਰ ਇਹ ਭੀ ਦਸਿਆ ਮਹਾਰਾਜ ਜੀ ਦਾ ਹੁਕਮ ਹੈ ਜਿਕਰ ਨਹੀਂ ਕਰਨਾ ਅਜ ਮਹਾਰਾਜ ਜੀ ਦੀ ਤਿਆਰੀ ਹੈ ਜੋ ਜਿਕਰ ਕਰੂਗਾ ਆਪਣਾ ਕੀਤਾ ਪਾਊਗਾ। ਸੁਚਾ ਸਿੰਘ ਮੁਲਾਂਪੂਰੀਆ, ਭਾਈ ਕਾ ਬਾਘ ਸਿੰਘ, ਉਨ ਕੋ ਭੀ ਖਬਰ ਹੋਈ ਮਹਾਰਾਜ ਜੀ ਦੀ ਬੈਕੁੰਠ ਗਮਨ ਦੀ ਤਿਆਰੀ ਹੈ। ਏਹਨਾਂ ਨੇ ਭੀ ਬਾਬਾ ਸਰੂਪ ਸਿੰਘ ਜੀ ਪਾਸ ਕਹਿਆ ਸਾਨੂੰ ਵੀ ਉਸ਼ ਵਕਤ ਦਰਸਨ ਦੇਣ...... ਬਾਬਾ ਸਰੂਪ ਸਿੰਘ ਜੀ ਉਤੇ ਗਏ ਤਬ ਬਾਬਾ ਸਾਹਿਬ ਜੀ ਨੇ ਫੁਰਮਾਇਆ ਉਸ਼ ਵਕਤ ਉਨ੍ਹਾਂ ਨੂੰ ਭੀ ਬੁਲਾ ਲੈਣਾ।

ਬਾਬਾ ਸਰੂਪ ਸਿੰਘ ਜੀ ਨੇ ਬੜੇ ਪ੍ਰੇਮ ਨਾਲ ਦੋਨੋਂ ਚੁਬਾਰਿਆਂ ਮੈ ਪਾਂਡੂ ਦਾ ਸਮੇਤ ਕੰਧਾਂ ਪੋਚਾ ਦਿਤਾ ਜਬ ਦਿਨ ਦੇ ਬਾਰਾਂ ਬਜੇ ਉਸ ਵਕਤ ਫੁਰਮਾਇਆ ਸੁਖਾ ਸਿੰਘ ਕੋ ਬੁਲਾਉ ਜਬ ਸੁਖਾ ਸਿੰਘ ਚਰਨਾ ਪਰ ਮਥਾ ਟੇਕਿਆ, ਬਾਬਾ ਸਾਹਿਬ ਜੀ ਨੇ ਫੁਰਮਾਇਆ ਸੁਖਾ ਸਿੰਘ ਚੰਬਾ ਘੋੜਾ ਤਿਆਰ ਕਰੋ ਚਾਰ ਜਾਮਾ ਕਸਕੇ, ਅਜ ਗੁਰੂ ਸਿੰਘ ਜੀ ਦੀ ਤਿਆਰੀ ਹੈ......

ਸੁਖਾ ਸਿੰਘ ਕੇ ਮਨ ਮੈਂ ਫੁਰੀ ਮਹਾਰਾਜ ਕਹਿ ਕੇ ਭੁਲ ਜਾਂਦੇ ਹਨ ਦੋ ਬਾਰ ਮੈਨੂੰ ਹੁਕਮ ਦਿਤਾ ਫਿਰ ਕੁਛ ਨਹੀਂ ਫੁਰਮਾਤੇ ਭੁਲ ਜਾਂਦੇ ਹਨ, ਆਕੇ ਚਾਰ ਜਾਮਾ ਲਾਹ ਦਿਤਾ......ਇਹ ਸੁਣਕੇ ਬਾਬਾ ਸਾਹਿਬ ਫੁਰਮਾਇਆ ਕਹਿੰਦਾ ਹੈ ਲਾਹ ਦਿਤਾ ਮਨ ਮੇਂ ਕਹਿੰਦਾ ਹੈ ਭੁਲ ਜਾਂਦੇ ਹਨ, ਸੁਖਾ ਸਿੰਘ ਚਰਨੋਂ ਮੈ ਡਿਗ ਪਿਆ



Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਜੀ ਬਖਸ ਲਵੋ, ਭੁਲ ਗਿਆ......ਬੇਨਤੀ ਸੁਣ ਕੇ ਮਹਾਰਾਜ ਖੁਸ਼ ਹੋਏ ਫੁਰਮਾਇਆ ਚੰਬਾ ਘੋੜਾ ਤਿਆਰ ਕਰੋ ਸੁਖਾ ਸਿੰਘ ਸਤ ਬਚਨ ਕੀਤਾ ਉਸ ਵਕਤ ਚਾਰ ਘੜੀ ਦਿਨ ਰਹਿਆ "

੩੪ "ਸੇਵਕਾਂ ਨੂੰ ਉਤੇ ਬੁਲਾਇਆ ਖੁਸ਼ੀ ਕੀਤੀ"।

ਬਾਬਾ ਸਰੂਪ ਸਿੰਘ ਜੀ ਨੂੰ ਹੁਕਮ ਹੋਇਆ ਰਣ ਸਿੰਘ, ਸੁਖਾ ਸਿੰਘ, ਸੁਚਾ ਸਿੰਘ, ਅਟੱਲ ਸਿੰਘ[੧], ਰਤਨ ਸਿੰਘ, ਕੇਸਰਾ ਸਿੰਘ ਬਾਘ ਸਿੰਘ ਪ੍ਰੋਹਤ ਅਤੇ ਭਾਈ ਕਾ ਬਾਘਰਾ ਸਿੰਘ ਮਾਈ ਸੇਵਾਂ ਇਨ ਸਭ ਨੂੰ ਉਤੇ ਬੁਲਾ ਲੈ ਆਉ......ਸਭ ਮਹਾਰਾਜ ਜੀ ਦੇ ਚਰਨਾਂ ਮੇਂ ਹਾਜ਼ਰ ਹੋਏ ਸਭ ਨੇ ਚਰਨਾਂ ਮੇਂ ਮੱਥਾ ਟੇਕਿਆ ਬਾਬਾ ਜੀ ਪਲੰਘ ਪਰ ਪਿਛੇ ਸਰ੍ਹਾਣਾ ਲਾਈ ਬੈਠੇ ਸੇ......ਬਾਬਾ ਸਾਹਿਬ ਫੁਰਮਾਇਆ ਤੁਸੀਂ ਸਾਡੀ ਸੇਵਾ ਕਰਦੇ ਰਹੇ ਹੋ...... ਅਸੀਂ ਥੋਡੇ ਪਰ ਬੜੇ ਪ੍ਰਸੰਨ ਹਾਂ.....ਸਭ ਨੇ ਹੱਥ ਜੋੜ ਕੇ ਬੇਨਤੀ ਕੀਤੀ ਆਪ ਬਖਸ਼ ਹੀ ਬਖਸ਼ ਹੋ। ਪਿਛੇ ਖੜੇ ਬਾਬਾ ਸਰੂਪ ਸਿੰਘ ਜੀ ਸਾਫਾ ਕਰ ਰਹੇ ਸੇ ਇਹ ਸਭਨਾਂ ਦੀ ਬੇਨਤੀ ਸੁਣ ਕੇ ਬਾਬਾ ਸਾਹਿਬ ਫੁਰਮਾਇਆ 'ਗੁਰੂ ਸਿੰਘ' ਜੀ ਨੇ ਥੋਡੀ ਜਾਨ ਬਖਸ਼ੀ ਕੀਤੀ, ਮੁਕਤ ਕਰ ਦਿਤੀ ਹੈ ਅਰ ਬਾਘਰਾ ਸਿੰਘ[੨] ਨੂੰ ਕਹਿਆ ਤੂੰ ਸਾਡੀ ਬਹੁਤ ਸੇਵਾ ਕੀਤੀ ਹੈ ਅਸੀਂ ਖੁਸ਼ ਹਾਂ ਤੈਨੂੰ ਆਪਣੇ ਪਾਸ ਰਖਾਂਗੇ।"

---

(੧) ਪਟਿਆਲੇ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਸਮੇਂ ਸੁਖਾ ਸਿੰਘ ਦੇ ਪੁਤਰ ਟਹਿਲ ਸਿੰਘ ਤੇ ਬੂਟਾ ਸਿੰਘ ਸਾਥ ਆਏ ਸੀ ਤੇ ਇਸ ਵਾਰ ਨਾਭੇ ਅਟੱਲ ਸਿੰਘ ਤੇ ਰਤਨ ਸਿੰਘ ਉਸ ਦੇ ਲੜਕੇ ਗੁਰੂ ਜੀ ਦੇ ਦਰਸ਼ਨ ਕਰਨ ਆਏ ਸੀ।

(੨) ਇਸ ਬਾਘਰਾ ਸਿੰਘ ਜੀ ਬਾਬਤ ਭਾਈ ਕਾਨ੍ਹ ਸਿੰਘ ਜੀ "ਫੁਲਵਾੜੀ" ਵਾਲੇ ਲੇਖ "ਇਤਿਹਾਸ ਦੇ ਅਣਲਿਖੇ ਪੱਤਰੇ" "ਨਿਰਬਾਹ" ਸਿਰਲੇਖ ਤਲੇ ਲਿਖਿਆ ਹੈ ਵੇਖੋ ਇਸੇ ਪੁਸਤਕ ਦੇ ਪੰਨੇ ੧੦੨—੩ ਉਤੇ।



Sri Satguru Jagjit Singh Ji eLibrary NamdhariElibrary@gmail.com

੩੫ "ਬਾਬਾ ਸਰੂਪ ਸਿੰਘ ਜੀ ਪਰ ਖੁਸ਼ੀ, ਡੇਰੇ ਦਾ ਪਰਤਾਪ"।

"ਅੱਜ ਸੇ ਕੋਈ ਨੌਬਤ ਨਾ ਬਜਾਵੇ ਜੋ ਬਜਾਵੇ ਆਪਣਾ ਕੀਤਾ ਪਾਵੇਗਾ। ਅਰ ਜੋ ਇਸ ਜਗਾ ਦੀ ਨਿੰਦਾ ਕਰੂਗਾ ਉਸਦਾ ਨਮੂਦ ਨਹੀਂ ਰਹੇਗਾ। ਰੋਹੀ ਨਹੀਂ ਰਹੂਗੀ ਇਸਦੇ ਦੁਆਲੇ ਸ਼ਹਿਰ[1] ਵਸੂਗਾ।

੩੬ "ਖਾਲਸੇ ਨੂੰ ਬਰ"

"ਇਕ ਦਫਾ ਖਾਲਸੇ ਦੀ ਬੜੀ ਮਲੀਨ ਬੁਧ ਹੋ ਜਾਵੇਗੀ ਅਰ ਗੁਰੂ ਸਿੰਘ ਜੀ ਖਾਲਸੇ ਪਰ ਬਹੁਤ ਨਰਾਜ਼ ਹੋਣਗੇ। ਕੁਛ ਚਿਰ ਇਨ੍ਹਾਂ ਨੂੰ ਕਸ਼ਟ ਦਿਖਾ ਕੇ ਫਿਰ ਆਪਣਾ ਪੁਤਰ ਜਾਣ ਕੇ ਬਖਸ਼ਣਗੇ ਖੁਸ਼ ਹੋਣਗੇ, ਫਿਰ ਖਾਲਸੇ ਦਾ ਬੜਾ ਭਾਰੀ ਪ੍ਰਤਾਪ ਹੋਊਗਾ।"

ਮੇਰੀ ਜਾਚੇ ਮਹਾਰਾਜਾ ਰਣਜੀਤ ਸਿੰਘ ਦੇ ਬਾਦ ਖਾਲਸੇ ਦੀ ਮਲੀਨ ਬੁਧ ਹੋ ਜਾਣ ਤੇ ਗੁਰੂ ਜੀ ਨਰਾਜ਼ ਹੋਏ ਤੇ ਫਿਰ ਆਪਣੇ ਪੁਤਰ ਜਾਣਕੇ ਗੁਰੂ ਰਾਮ ਸਿੰਘ ਜੀ ਦੇ ਸਮੇਂ ਬਖਸ਼ਿਆ ਤੇ (ਵਿਸਾਖੀ ੧੯੧੪ ਬਿ: ਵਿਚ ਫੇਰ ਖਾਲਸੇ ਦੀ ਸਾਜਨਾ ਕੀਤੀ। ਤੇ "ਠੇਡੇ ਖਾਵੇ ਖਾਲਸਾ ਮੋਹਿ ਸੰਭਾਲੋਂ ਸਾਸ।" ਸੌ ਸਾਖੀ ਦੇ ਵਿਚਲਾ ਵਾਕ ਦਸਮ ਜੀ ਦਾ ਪੂਰਾ ਕੀਤਾ।

"ਸੁਖਾ ਸਿੰਘ ਪਰ ਖੁਸ਼ੀ"

"ਸੁਖਾ ਸਿੰਘ ਨੂੰ ਕਹਿਆ ਤੂੰ ਤੜਕੇ ਹੀ ਚਲੇ ਜਾਣਾ ਭਾਈ ਸੰਤ ਸਿੰਘ ਜੀ ਜੋ ਗੋਤੇ ਪਿੰਡ ਮੇਂ ਰਹਿੰਦੇ ਹਨ ਉਹਨਾਂ ਨੂੰ ਕਹਿਣਾ ਸਾਡੇ ਵਾਸਤੇ ਪਾਠ ਕਰਨ ਦਾ ਉਨ੍ਹਾਂ ਨੂੰ ਹੁਕਮ ਹੈ। ਹੋਰ ਸਾਡੇ ਵਾਸਤੇ ਕੁਛ ਨਹੀਂ ਕਰਨਾ......ਜਦ ਸਰੀਰ ਅੰਤ ਹੋ ਜਾਵੇ ਇਹਨਾਂ

---

(੧) ਨਾਭਾ ੧੯੧੩ ਬਿ: ਵਿਚ ਰਾਜਾ ਹਮੀਰ ਸਿੰਘ ਨੇ ਵਸਾਇਆ। ਮੌਜੂਦਾ ਚਾਰ ਦੀਵਾਰੀ ੧੯੬੪ ਵਿਚ ਰਾਜਾ ਜਸਵੰਤ ਸਿੰਘ ਨੇ ਬਣਵਾਈ।



Sri Satguru Jagjit Singh Ji eLibrary NamdhariElibrary@gmail.com

ਚੁਬਾਰਿਆਂ ਨੂੰ ਢਾਹ ਕੇ ਇਹਨਾਂ ਲਕੜਾਂ ਨਾਲ ਸਾਡਾ ਸਸਕਾਰ ਕਰਨਾ। ਭਸਮ ਗਡ ਦੇਣੀ ਜੇ ਮਰਜ਼ੀ ਹੋਵੇ ਸਤਲੁਜ ਪਰ ਲੈ ਜਾਣੀ ਪੰਜ ਕਦਮ ਉਰੇ ਰਖਕੇ ਅਰਦਾਸ ਕਰਨੀ ਅਰ ਕਹਿਣਾਂ 'ਗੁਰੂ ਸਿੰਘ' ਜੀ ਦੇ ਅੰਗੀਠੇ ਦੀ ਭਸਮ ਹੈ ਤੇਰੀ ਮਰਜ਼ੀ ਹੈ ਲੈ ਜਾ।

"ਸਰੀਰ ਤਿਆਗਿਆ"

"ਫਿਰ ਬਾਬਾ ਸਾਹਿਬ ਜੀ ਖੜੇ ਹੋ ਕੇ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ਪੰਜ ਵਾਰ ਬੁਲਾਈ ਫਿਰ ਪਲੰਘ ਪਰ ਢੋ ਲਾ ਕੇ ਬੈਠ ਗਏ ਮੁਖ ਨੇਤਰ ਬਦ ਕਰ ਲਏ ਦਸਮੇਂ ਦੁਆਰ ਥਾਣੀ ਸੁਆਸ ਨਿਕਾਲੇ ਜੇਠ ਸੁਦੀ ਪੰਜ ੧੯੬੯ ਦਿਨ ਛਿਪੇ ਨਾਲ ਸਰੀਰ ਛਡਿਆ ਉਸੀ ਵਕਤ ਬਿਰਾਜ ਗਏ, ਤਾਂ ਪਲੰਘ ਉਤਲੇ ਚੁਬਾਰੇ ਵਿਚ ਕਰ ਦਿਤਾ। ਹੇਠਲਾ ਕੁੰਡਾ ਅੜਾ ਦਿਤਾ ਛੇਤੀਂ ਦੇ ਕੇ ਕਹੀਆ ਲੈ ਕੇ ਚੁਬਾਰਾ ਢਾਹ ਦਿਤਾ ਅਰ ਮਹਾਰਾਜ ਜੀ ਦਾ ਛੇਤੀ ਨਾਲ ਇਸ਼ਨਾਨ ਕਰਾਇਆ ਨਵਾਂ ਪੁਸ਼ਾਕਾ ਪਹਿਨਾਇਆ ਜਿਤਨੇ ਬਾਲੇ ਸਤੀਰ ਸੇ ਸਭ ਦਾ ਸਿੰਘਾਸਨ ਕਰਕੇ ਮਹਾਰਾਜ ਦਾ ਸਰੀਰ ਬਿਰਾਜਮਾਨ ਕਰਕੇ ਬਸੰਤਰ ਦਿਤਾ। ਜਦ ਸਰੀਰ ਸਸਕਾਰਿਆ ਗਿਆ ਹੇਠ ਕੁਈ ਪਰ ਆਕੇ ਇਸਨਾਨ ਕੀਤਾ ਚੰਬਾ ਘੋੜਾ ਮਰਿਆ ਪਇਆ ਦੇਖਿਆ ਉਤੇ ਦੁਸਾਲਾ ਪਾਇਆ, ਗਰਦਨ ਤੇ ਪੂਛ ਦੇ ਬਾਲ ਫੂਕ ਕੇ ਉਥੇ ਹੀ ਟੋਆ ਪਟ ਕੇ ਦਬ ਦਿਤਾ।

"ਅੰਗੀਠਾ ਬੁਝਾਇਆ ਭਸਮ ਸਤਲੁਜ ਪਰ"।

ਰਾਜਾ ਸਾਹਿਬ ਨੇ ਇਕ ਬਨਾਰਸੀ ਦੁਪੱਟਾ ਭੇਜਿਆ, ਮਹਾਰਾਜ ਜੀ ਦੀ ਭਸਮ ਨਾਲ ਹੀ ਲੈ ਗਏ। ਬਾਬਾ ਸਰੂਪ ਸਿੰਘ, ਕੇਸਰ ਸਿੰਘ ਪੱਖੋ ਕਾ ਬਾਘ ਸਿੰਘ ਰੂਪੇ ਕਾ ਤੀਨੋ ਬਾਰੋ ਬਟੀ ਭਸਮ ਚੁਕਦੇ



Sri Satguru Jagjit Singh Ji eLibrary NamdhariElibrary@gmail.com

ਗਏ......ਉਪਰ ਬਨਾਰਸੀ ਦੁਪੱਟਾ ਇਕ ਮਹਾਰਾਜ ਜੀ ਦੀ ਸੋਟੀ ਰਖ ਕੇ ਮੱਥਾ ਟੇਕਿਆ। ਟੇਕਣ ਸਾਰ ਸਤਲੁਜ ਦਾ ਜਲ ਚੜ੍ਹ ਗਿਆ। ਖਬਰ ਨਹੀਂ ਭਸਮ ਕਿਥੇ ਨੂੰ ਗਈ। ਸਭ ਕਾਰਜ ਕਰਕੇ ਸੱਤਵੇਂ ਦਿਨ ਨਾਭੇ ਆ ਗਏ। ਆਕੇ ਸਭ ਨੂੰ ਪ੍ਰਸੰਗ ਸੁਣਾਇਆ ਸੁਣ ਕੇ ਬੜੇ ਪ੍ਰਸੰਨ ਹੋਏ। ਮਹਾਰਾਜ ਦੇ ਗੁਣ ਗਾਏ "ਧੰਨ ਸਤਿਗੁਰੂ ਕਲਗੀਆਂ ਵਾਲਾ।"

ਜਿਸ ਲਿਖਤੀ ਪੁਸਤਕ ਵਿਚੋਂ ਮੈਂ ਇਹ ਵਾਰਤਾ ਤੇ ਕੁਝ (ਦਸਮ ਗੁਰ ਦਰਸ਼ਨ) ਲਿਖੇ ਹਨ ਇਸ ਦਾ ਪਤਾ ਸ਼ਮਸ਼ੇਰ ਸਿੰਘ ਜੀ 'ਅਸ਼ੋਕ' "ਪੰਜਾਬ ਦੀਆਂ ਲਹਿਰਾਂ" ਦੇ ੩੨ ਪੰਨੇ ਤੇ ਇਸ ਤਰ੍ਹਾਂ ਦਿਤਾ ਹੈ :—

"ਬਾਬਾ ਅਜਾਪਾਲ ਸਿੰਘ ਜੀ ਦੇ ਲਿਖਤੀ ਜੀਵਨ ਵਿਚੋਂ ਜੋ ਭਾਈ ਭਗਵੰਤ ਸਿੰਘ ਜੀ ਨਾਭਾ ਪਾਸ ਕਈ ਹੋਰ ਹੱਥ ਲਿਖਤਾਂ ਸਮੇਤ ਸੁਰਖਿਅਤ ਹੈ।"

ਸੰਤ ਨਿਧਾਨ ਸਿੰਘ ਜੀ (ਆਲਿਮ) 'ਗੁਰੂ ਪਦ ਪ੍ਰਕਾਸ਼ ਹਿੱਸਾ ੩' ਦੇ ੨੫੯ ਪੰਨੇ ਤੇ ਉਪਰ ਲਿਖੀ ਪੁਸਤਕ ਦਾ ਹੋਰ ਖੋਹਲ ਕੇ ਪਤਾ ਦਿਤਾ ਹੈ ਜੋ ਇਸ ਤਰ੍ਹਾਂ ਹੈ :—

"ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹ ਪੁਸਤਕ ਸ੍ਰੀ ਮਾਨ ਬਾਬਾ ਸਰੂਪ ਸਿੰਘ ਜੀ ਤੋਂ ਸੁਣਕੇ ਬਾਬਾ ਨਰੈਣ ਸਿੰਘ ਜੀ ਨੇ ਸ੍ਰੀ ਮਾਨ ਬਾਬਾ ਬਿਸ਼ਨ ਸਿੰਘ ਜੀ (ਭਰਾਤਾ ਭਾਈ ਸਾਹਿਬ ਕਾਂਨ੍ਹ ਸਿੰਘ ਜੀ ਪਰਲੋਕ ਵਾਸੀ) ਨੂੰ ਲਿਖਵਾਈ ਸੀ। ਵਰਤਮਾਨ ਮਹੰਤ ਸ੍ਰੀ ਭਗਵੰਤ ਸਿੰਘ ਜੀ ਭਾਈ ਕਾਂਨ੍ਹ ਸਿੰਘ ਸਾਹਿਬ ਦੇ ਸਪੁਤਰ ਅਤੇ ਬਾਬਾ ਬਿਸ਼ਨ ਸਿੰਘ ਜੀ ਦੇ ਭਤੀਜੇ ਹਨ। ਮਤਲਬ ਇਹ ਕਿ ਇਹ ਪੁਸਤਕ ਬਾਬਾ ਸਰੂਪ ਸਿੰਘ ਜੀ ਦੁਆਰਾ ਲਿਖਾਈ



Sri Satguru Jagjit Singh Ji eLibrary NamdhariElibrary@gmail.com

ਗਈ ਅਤੇ ਮਹੰਤ ਭਗਵੰਤ ਸਿੰਘ ਜੀ ਦੇ ਚਾਚਾ ਜੀ ਦੀ ਹੱਥੀਂ ਲਿਖੀ ਗਈ ਹੈ।" ਇਸ ਦੇ ਪੰਨਾਂ ੨੩ ਤੇ ਲਿਖਿਆ ਹੈ ਕਿ ਬਾਬਾ ਅਜਾਪਾਲ ਸਿੰਘ ਜੀ ਦੀ ਵੱਖੀ ਦਾ ਘਾਉ ਦੇਖ ਕੇ ਬਾਬਾ ਸਰੂਪ ਸਿਘ ਜੀ ਨੂੰ ਪੂਰਨ ਨਿਸਚਾ ਹੋ ਗਿਆ ਕਿ ਕਲਗੀਧਰ ਦਸਵੇਂ ਪਾਤਸ਼ਾਹ ਪੰਥ ਦੇ ਵਾਲੀ ਹਨ। ਫੇਰ ਕਦੇ ਮਨ ਨਹੀਂ ਡੋਲਿਆ।

ਜਿਸ ਲਿਖਤੀ ਪੁਸਤਕ ਵਿਚੋਂ ਮੈਂ ਇਹ ਸਭ ਪ੍ਰਸੰਗ ਲੈ ਲਿਖੇ ਹਨ ਇਸ ਦਾ ਅਰੰਭ "ਸ੍ਰੀ ਮਾਨ ਕ੍ਰਿਪਾ ਸਾਗਰ ਬਾਬਾ ਅਜਾਪਾਲ ਸਿੰਘ ਸਾਹਿਬ ਦੱਖਣ ਸੇ ਸਵਾਰ ਹੋ ਭਾਦਰੇ ਸ਼ਹਿਰ ਮੇਂ ਆਨ ਕਰ ਬਿਰਾਜੇ" ਤੋਂ ਹੁੰਦਾ ਹੈ। ਤੇ ਅੰਤ "ਧੰਨ ਸਤਿਗੁਰੂ ਕਲਗੀਆਂ ਵਾਲਾ" ਤੇ ਹੁੰਦਾ ਹੈ। ਪਾਠਕ ਆਪ ਹੀ ਸੋਚ ਲੈਣ ਕਿ "ਕ੍ਰਿਪਾ ਸਾਗਰ ਦੱਖਣੋਂ ਆਉਣ ਵਾਲੇ" ਤੇ "ਧੰਨ ਸਤਿਗੁਰੂ ਕਲਗੀਆਂ ਵਾਲਾ" ਦਸਮੇਸ਼ ਪਿਤਾ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ।

ਇਹ ਲਿਖਤੀ ਪੁਸਤਕ ਕਿਵੇਂ ਤੇ ਕਦੋਂ ਭੈਣੀ ਸਾਹਿਬ ਕਿਸ ਵਲੋਂ ਪੁਜੀ ਤੇ ਵਾਪਸ ਹੋਈ ਦਾ ਪਤਾ ਮੈਂ ਦਸਦਾ ਹਾਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਭਾਈ ਕਾਂਨ੍ਹ ਸਿੰਘ ਜੀ ਦਾ ਪ੍ਰਸਪਰ ਬਹੁਤ ਪ੍ਰੇਮ ਸੀ ਤੇ ਭਾਈ ਸਾਹਿਬ ਦੇ "ਇਤਿਹਾਸ ਦੇ ਅਣਲਿਖੇ ਪੱਤਰੇ" 'ਫੁਲਵਾੜੀ' ਵਿਚ ਭੀ ਛਪਿਆ ਹੋਇਆ ਸੀ "ਕਿ ਇਹ ਨੋਟ ਬਾਬਾ ਸਰੂਪ ਸਿੰਘ ਜੀ ਪਾਸੋਂ ਮੈਨੂੰ ਪਿਤਾ ਜੀ ਦੀ ਜ਼ਬਾਨੀ ਪ੍ਰਾਪਤ ਹੋਏ ਹਨ ਸਤਿਗੁਰੂ ਜੀ ਨੂੰ ਆਪ ਭੀ ਭਾਈ ਸਾਹਿਬ ਦਸਿਆ ਸੀ "ਸੋ ਲਿਖਤੀ ਪੁਸਤਕ ਸਾਡੇ ਪਾਸ ਹੈ।' ਸਤਿਗੁਰੂ ਬਾਲਕ ਸਿੰਘ ਜੀ ਦੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ



Sri Satguru Jagjit Singh Ji eLibrary NamdhariElibrary@gmail.com

ਮਿਲਾਪ ਤੇ ਗੁਰੂ ਗ੍ਰੰਥ ਨੂੰ ਗੁਰਤਾ ਤੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਦਸਮ ਜੀ ਦਿਤੀ ਤੇ ਚਰਚਾ ਹੋਣ ਬਾਦ "ਸਮਾਚਾਰ ਅੰਮ੍ਰਿਤਸਰ" ਤੇ ਲੇਖ ਤੇ 'ਸਤਿਜੁਗ' ਦੇ ਭੈਣੀ ਸਾਹਿਬੋਂ ਪ੍ਰਕਾਸ਼ਤ ਹੁੰਦੇ ਰਹਿਣ ਤੇ ਬਾਦ "ਗੁਰੂ ਪਦ ਨਿਰਨੇ" ਦੋ ਹਿੱਸੇ ਪੁਸਤਕ 'ਸਮਾਚਾਰ' ਦੇ ਲੇਖਕ ਸੇਵਾ ਸਿੰਘ[੧] ਜੀ ਵਲੋਂ ਤੇ ਦੋ ਹਿੱਸੇ ਗੁਰੂ ਪਦ ਪ੍ਰਕਾਸ਼" ਸੰਤ ਨਿਧਾਨ ਸਿੰਘ ਜੀ ਆਲਿਮ ਵਲੋਂ ਛਪ ਚੁਕੇ ਸੀ ਸੇਵਾ ਸਿੰਘ ਜੀ ਭਾਈ ਸਾਹਿਬ ਕਾਂਹਨ ਸਿੰਘ ਜੀ ਦੇ ਲਿਖੇ ਵਲੋਂ ਮੁਕਰਦੇ ਤੇ ਕਹਿੰਦੇ ਸੀ "ਕੀ ਜਾਣੀਏ ਉਹ ਲਿਖਤ ਕੇਹੀ ਤੇ ਕਿਥੇ ਹੈ ਜਿਸ ਤੋਂ ਭਾਈ ਸਾਹਿਬ ਨੇ ਇਤਿਹਾਸ ਦੇ ਅਣਲਿਖੇ ਪੱਤਰੇ" ਲਿਖ ਹਨ।

ਸੇਵਾ ਸਿੰਘ ਜੀ ਨੂੰ ਉਸ ਪੁਸਤਕ ਦਾ ਪਤਾ ਦੇਣ ਲਈ ਸਤਿਗੁਰੂ ਜੀ ਨੇ ਭਾਈ ਕਾਂਨ੍ਹ ਸਿੰਘ ਜੀ ਦੇ ਸਪੁਤਰ ਭਗਵੰਤ ਸਿੰਘ (ਹਰੀ) ਜੀ ਤੋਂ ਸਿਖ ਭੇਜ ਕੇ ਨਾਭਿਉਂ ਮੰਗਵਾਈ। ਤੇ ਆਲਿਮ ਜੀ ਉਸ ਤੋਂ ਦੋਂਹ ਵਾਰਤਾ ਦੇ ਬਲਾਕ ੧੪ ਨੰਬਰ ਸਾਖੀ "ਮਹਾਰਾਜ ਜੀ ਦੀ ਸਵਾਰੀ ਲੁਧਿਆਣੇ ਗਈ" ਵਾਲੀ ਤੇ ੨੩ ਨੰਬਰ "ਬਾਬਾ ਜੀ ਨੂੰ ਸੰਕਲਪ ਤੇ ਪੂਰਨ ਨਿਸਚਾ ਹੋਣਾ" (ਜੋ ਇਸ ਪੁਸਤਕ ਵਿਚ ਪਿਛੇ ਆ ਚੁਕੀਆਂ ਹਨ) ਵਾਲੇ ਸਾਰੇ ਸਾਰੇ ਲੈ ਕੇ ਗੁਰੂ ਪਦ ਪ੍ਰਕਾਸ਼ ੩ ਹਿੱਸੇ ਵਿਚ ਦਿਤੇ ਤੇ ਆਲਿਮ ਜੀ ਨੇ ਨਾਲ ਆਪਣੀ ਵਿਚਾਰ ਤੇ ਹੋਰ ਪੁਸਤਕਾਂ ਦੀ ਖੋਜ ਦੇ ਕੇ ਸੇਵਾ ਸਿੰਘ ਜੀ ਨੂੰ ਨਿਰਉਤਰ ਕਰ ਦਿਤਾ ਸੀ। ਉਸ ਲਿਖਤੀ ਪੁਸਤਕ ਦੇ ਦੋ ਉਤਾਰੇ ਭੀ ਸਤਿਗੁਰੂ ਜੀ ਕਰਾ ਲਏ ਤੇ ਅਸਲੀ ਪੁਸਤਕ ਵਾਪਸ ਹਰੀ ਜੀ ਨੂੰ ਮਾਸਟਰ ਬਲਵੰਤ ਸਿੰਘ ਜੀ

---

(੧) ਸੇਵਾ ਸਿੰਘ ਜੀ ਨੂੰ ਸਭ ਮਸਾਲਾ ਭਾਈ ਸਾਹਿਬ ਵੀਰ ਸਿੰਘ ਜੀ ਪ੍ਰਾਪਤ ਕਰਕੇ ਦੇਂਦੇ ਸੀ ਤੇ (ਆਲਿਮ) ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਭ ਲਿਖਣ ਜੋਗ ਮਸਾਲਾ ਪ੍ਰਾਪਤ ਕਰਕੇ ਦਿੰਦੇ ਸੀ।



Sri Satguru Jagjit Singh Ji eLibrary NamdhariElibrary@gmail.com

(ਐਡੀਟਰ ਸਤਿਜੁਗ) ਦੀ ਰਾਹੀਂ ਭੇਜ ਦਿਤੀ ਤੇ ਪਹੁੰਚ ਦਾ ਉਤਰ ਭੀ ਮੰਗ ਲਿਆ ਪਾਠਕਾਂ ਦੇ ਸੁਆਦ ਤੇ ਖੋਜ ਦੇ ਵਾਧੇ ਲਈ ਉਹੋ ਸਭ ਲਿਖਤ ਭੇਜਣ ਤੇ ਪਹੁੰਚ ਦੀ ਮੈਂ ਇਥੇ ਦਿੰਦਾ ਹਾਂ। ਜੋ ਇਸ ਤਰ੍ਹਾਂ ਹੈ :—

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜ਼ੀ ਸਹਾਏ ॥

ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਸ੍ਰੀ ਰਾਮ ਦਾਸ ਪੁਰਾ,
ਜ਼ਿਲਾ ਲੁਧਿਆਣਾ।

ਸ੍ਰੀ ਸਤਿਕਾਰ ਯੋਗ (ਹਰੀ) ਜੀ,
ਸਤਿ ਸ੍ਰੀ ਅਕਾਲ।

ਅਨੰਦ ਪ੍ਰਸੰਨਤਾ ਵਲੋਂ ਸਦਾ ਸ਼ੁਭ ਚਿੰਤਕ ਹਾਂ। ਜੀਵਨ ਸ੍ਰੀ ੧੦੮ ਬਾਬਾ ਅਜਾਪਾਲ ਸਿੰਘ ਜੀ ਮਹਾਰਾਜ ਪੜ੍ਹਕੇ ਬੜੀ ਪ੍ਰਸੰਨਤਾ ਹੋਈ। ਕਈ ਸ਼ੰਕਾ ਸਮਾਧਾਨ ਹੋਈਆਂ ਵੇਖਣ ਸੁਨਣ ਵਿਚ ਬੜਾ ਫਰਕ ਹੈ। ਧੰਨ ਹਨ ਉਹ ਹੱਥ ਜਿਨ੍ਹਾਂ ਇਤਿਹਾਸ ਦਾ ਇਹ ਸੁਨਹਿਰੀ ਵਰਕ ਲਿਖਿਆ ਕੀ ਆਪ ਕਿਰਪਾ ਕਰਕੇ ਦਸੋਗੇ ਕਿ ਜੀਵਨ ਸ੍ਰੀ ਬਾਬਾ ਅਜਾਪਾਲ ਸਿੰਘ ਜੀ ਮਹਾਰਾਜ ਕਿਨ੍ਹਾਂ ਪਾਵਨ ਹੱਥਾਂ ਨੇ ਲਿਖਿਆ ਹੈ। ਸ੍ਰੀ ਮਹਾਰਾਜ ਸਰੂਪ ਸਿੰਘ ਜੀ ਨੇ ਜਾਂ ਸ੍ਰੀ ਬਾਬਾ ਨਰੈਣ ਸਿੰਘ ਜੀ ਨੇ ਜਾਂ ਸ੍ਰੀ ਯੁਤ ਨਾਮ ਰਸੀਏ ਮਹੰਤ ਬਿਸ਼ਨ ਸਿੰਘ ਜੀ ਨੇ ਜਾਂ ਕਿਸੇ ਹੋਰਸ ਵਿਅਕਤੀ ਨੇ। ਪੁਸਤਕ ਭੇਜੀ ਜਾਂਦੀ ਏ ਪਹੁੰਚ ਜਰੂਰ ਲਿਖਣੀ, ਯੋਗ ਸੇਵਾ ਵਲੋਂ ਹੁਕਮ ਕਰਿਦਆਂ ਰਹਿਣਾ।

ਆਪ ਦਾ ਦਾਸ,
ਬਲਵੰਤ ਸਿੰਘ

੧੩ ਵਿਸਾਖ ੧੯੯੭



Sri Satguru Jagjit Singh Ji eLibrary NamdhariElibrary@gmail.com

ਉਪਰ ਲਿਖੇ ਮਾਸਟਰ ਬਲਵੰਤ ਸਿੰਘ ਜੀ ਦੀ ਚਿਠੀ ਦੀ ਪਿਠ ਤੇ ਲਿਖਿਆ ਹੈ :—

ੴ ਵਾਹਿਗੁਰੂ ਜੀ ਕੀ ਫਤੇ।

ਪ੍ਰੇਮ ਕਿਰਪਾਲੂ ਜੀ ਸ੍ਰੀ ਬਾਬਾ ਸਰੂਪ ਸਿੰਘ ਜੀ ਤੋਂ ਸੁਣਕੇ ਬਾਬਾ ਨਰਾਇਣ ਸਿੰਘ ਜੀ ਨੇ ਚਾਚਾ ਜੀ (ਬਾਬਾ ਬਿਸ਼ਨ ਸ਼ਿੰਘ ਜੀ) ਤੋਂ ਲਿਖਵਾਇਆ ਸੀ ਇਹ ਉਹਨਾਂ ਦੇ ਹੱਥ ਦੀ ਲਿਖਤ ਹੈ, ਹੋਰ ਸਭ ਤਰ੍ਹਾਂ ਸੁਖ ਹੈ ਕੋਈ ਸੇਵਾ......?

ਗੁਰੂ ਪੰਥ ਦਾ ਸੇਵਕ,
ਭਗਵੰਤ ਸਿੰਘ[1]

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ (ਹਰੀ) ਜੀ ਦੇ ਉਤਰ ਦਾ ਬਲਾਕ[2] ਬਨਵਾ ਲਿਆ ਸੀ ਜੋ ਮੇਰੇ ਪਾਸ ਹੈ।

ਮਾਸਟਰ ਬਲਵੰਤ ਸਿੰਘ ਜੀ ਦੇ ਲਿਖੇ ਅੱਖਰਾਂ "ਧੰਨ ਉਹ ਹੱਥ ਹਨ ਜਿਨ੍ਹਾਂ ਇਤਿਹਾਸ ਦਾ ਇਹ ਸੁਨਹਿਰੀ ਵਰਕ ਲਿਖਿਆ" ਤੋਂ ਪ੍ਰਭਾਵਤ ਹੋ :—

(੧) ਭਗਵੰਤ ਸਿੰਘ ਜੀ (ਹਰੀ ਜੀ) ੨੩ ਅੱਸੂ ਮੰਗਲਵਾਰ ੨੦੨੫ ਬਿ: ੮ ਅਕਤੂਬਰ ੧੯੬੮ ਨਾਭੇ ਚੜ੍ਹਾਈ ਕਰ ਗਏ।

(੨) ਮੈਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ "ਜਸਜੀਵਨ" ਵਿਚ ਭੀ ਇਹ ਬਲਾਕ ਤੇ ਲਿਖਤ ਦਿਤੀ ਹੈ। ਜੋ ਮੈਂ ੨੦੨੨ ਬਿ: ਵਿਚ ਲਿਖ ਸੰਪੂਰਨ ਕੀਤਾ ਸੀ ਤੇ "ਸੁਹੇਵੇ ਸਾਹਿਬ ਪੁਸਤਕ ਵਿਚ ਇਹ ਬਲਾਕ, ਮਾਸਟਰ ਜੀ ਤੇ ਹਰੀ ਜੀ ਦੀ ਲਿਖਤ ਭੀ ਦਿਤੀ ਹੈ ਜੋ ੨੦੨੩ ਅੱਸੂ ਵਿਚ ਸੰਪੂਰਨ ਕੀਤਾ ਏ ਹੁਣ ਇਥੇ ਅੱਜ ਅਠਾਰਾਂ ਭਾਦਰੋਂ ਮੰਗਲਵਾਰ ੨੦੨੬ ਦੇ ਰਿਹਾ ਹਾਂ।



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

ਹਜਰੋ ਪਸ਼ੌਰ ਪਰੇ ਲੰਡੇ ਦਰਿਆ ਪਰ,
ਕਾਬਲ ਦੇ ਵਲ ਦਸਮੇਸ਼ ਜੀ ਦਾ ਜਾਵਣਾ।
ਜਿਨ੍ਹਾਂ ਇਤਿਹਾਸਕਾਰਾਂ ਲਿਖਿਆ ਹੈ ਤਿਨ੍ਹਾਂ ਨੂੰ ਮੈਂ,
ਮਨੋ ਸਤਿਕਾਰਾਂ ਕੀਤਾ ਫਰਜ਼ ਨਿਭਾਵਣਾ।
"ਇਹ ਕੁਝ ਵਰਤਿਆ ਸੀ" ਅਰਥ ਇਤਿਹਾਸ ਦਾ ਹੈ,
"ਚਾਹੀਏ ਥਾ ਐਸੇ" ਚਾਹੀਏ ਮੂਲ ਨਾ ਬਨਾਵਣਾ।
ਗੁਰਮੁਖ ਸੱਚੋ ਸੱਚ ਲਿਖਦੇ ਵਿਚਾਰ ਜੋਹੜੇ,
ਕਰਾਂ ਨਮਸਕਾਰ ਤਿਨ੍ਹਾਂ ਕਹਾਂ ਧੰਨ ਆਵਣਾ।

## ਦਸਮ ਗੁਰੂ ਜੀ ਦਾ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ

ਪਾਠਕ ਇਸੇ ਪੁਸਤਕ ਵਿਚ ਪਿਛੇ ਪੜ੍ਹ ਆਏ ਹਨ "ਐ ਪੈ ਗੁਰ ਦਸਮ ਦਰਸ ਦੈ ਜੋ ਕਹਿਉ ਤਾਹਿ ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।" ਪੰ: ਪ੍ਰ: ॥

ਭਾਵੇਂ ਹੋਰ ਭੀ ਕਈ ਲੇਖਕਾਂ ਨੇ—ਜਿਵੇਂ ਸੰਤੋਖ ਸਿੰਘ ਜੀ (ਸਤਿਗੁਰੂ ਬਿਲਾਸ) ਬਾਬਾ ਕਾਲਾ ਸਿੰਘ ਜੀ (ਸ਼ਹੀਦ ਬਲਾਸ) ਡਾ: ਇੰਦਰ ਸਿੰਘ ਜੀ (ਜਗਦਾ ਦੀਵਾ) ਸੰਤ ਨਿਧਾਨ ਸਿੰਘ ਜੀ (ਜੁਗ ਪਲਟਾਊ ਸਤਿਗੁਰੂ) ਤੇ ਨਾਹਰ ਸਿੰਘ ਜੀ ਐਮ.ਏ. (ਨਾਮਧਾਰੀ



Sri Satguru Jagjit Singh Ji eLibrary NamdhariElibrary@gmail.com

ਇਤਿਹਾਸ) ਆਦਿ— ਬਹੁਤ ਚੰਗਾ ਲਿਖਿਆ ਪਰ ਮੈਂ ਏਥੇ ਚਕਰਵਰਤੀ ਜੀ ਦੇ ਲਿਖੇ ਮਾਲਵੇਂਦਰ ਹੀ ਲਿਖਤ ਦੀ ਪਾਠਕਾਂ ਨੂੰ ਭੇਂਟ ਕਰਦਾ ਹਾਂ। ਜਿਸ ਤੋਂ ਉਪਰ ਲਿਖੇ ਗਿਆਨੀ ਜੀ ਦੇ ਇਤਿਹਾਸ ਦੀ ਖੋਹਲ ਕੇ ਸੰਮਤਾਂ ਤੇ ਦਿਨਾਂ ਦੀ ਤਸ਼ਦੀਕ ਹੁੰਦੀ ਹੈ। ਏਥੇ (ਦਸਮ ਗੁਰ ਦਰਸਨ) ਦੇਣ ਤੇ ਉਹਨਾਂ ਦੇ ਕੀਤੇ ਬਚਨ "ਮੇਰੋ ਅਵਤਾਰ ਅੰਸ਼ ਰਾਮ ਸਿੰਘ ਹ੍ਵੈ ਭਰੇ" ਤੇ ਹੀ ਇਤਿਹਾਸਕ ਗਵਾਹੀਆਂ ਦੇ ਪਰਮਾਣ ਹੀ ਲਿਖਦਾ ਹਾਂ,

ਚਕਰਵਰਤੀ ਜੀ ਲਿਖਦੇ ਹਨ :—

ਅਠਾਰਾਂ ਸੌ ਇਕਤਾਲੀਆ ਸੰਮਤ ਬਿਕ੍ਰਮ ਜੀਤ,
ਕੀਤਾ ਸਿਖੀ ਬਾਗ ਸੀ ਸੁਕਿਆ ਜਿਨ ਸੁਰਜੀਤ।
ਹਰੋ ਨਦੀ ਵਿਚ ਸਿੰਧ ਦੇ ਮਿਲਦੀ ਜਿਥੇ ਆਏ,
ਸਰਵਾਲਾ ਹੈ ਉਸ ਦੇ ਕੰਢੇ ਇਕ ਗਿਰਾਏ।
ਭਾਗ ਭਰੀ ਸੀ ਮਾਂ ਉਹ ਪਿਤਾ ਸੀ ਸਿੰਘ ਦਇਆਲ,
ਅਵਤਰੇ ਜਾਂ ਉਸ ਘਰ ਵਿਖੇ ਬਾਲਕ ਸਿੰਘ ਕ੍ਰਿਪਾਲ।
ਛੋਈ ਕਰਦੇ ਹਟ ਸੀ ਕਈ ਗੁਜ਼ਾਰੇ ਸਾਲ,
ਹਥ ਕਾਰ ਦਿਲ ਯਾਰ ਵਲ ਜਪਦੇ ਜਾਪ ਅਕਾਲ।
ਪਰ ਇਛਾ ਦੀਦਾਰ ਦੀ ਰਖਦੇ ਰਿਦੇ ਹਮੇਸ਼,
ਪੌਣ ਕਲੇਜ ਠੰਡ ਆ ਦਰਸਨ ਦੇ ਦਸਮੇਸ਼।
ਅਠਾਰਾਂ ਛੇ ਨੌਂ ਬਿਕਰਮੀ ਦਸਮੀ ਸੁਦੀ ਵੈਸਾਖ,
ਦਰਸਨ ਦੇ ਦਸਮੇਸ ਗੁਰ ਪੂਰੀ ਕੀਤੀ ਸਾਖ।
ਜਾ ਰਹੇ ਦਸਮੇਸ਼ ਸਨ ਕਾਬਲ ਵਲ ਪਿਸ਼ੌਰ,
ਸ੍ਰੀ ਮਹੰਤ ਸੁਮੇਰ ਸਿੰਘ ਲਿਖਿਆ ਹੈ ਕਰ ਗੌਰ।
ਆਣ ਅਚਾਨਕ ਇੰਞ ਨੂੰ ਸਤਿਗੁਰ ਸ੍ਰੀ ਦਸਮੇਸ਼,
ਗੁਰਤਾ ਸੌਂਪੀ ਤਿਲਕ ਦੇ ਬਾਲਕ ਸਿੰਘ ਵਿਸ਼ੇਸ਼।

ਮਾ: ਪੰ: ੨੦



Sri Satguru Jagjit Singh Ji eLibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :—

॥ ਕਬਿਤ ॥

ਸੰਮਤ ਅਠਾਰਾਂ ਸੌ ਅਠਾਨਵੈ ਮੈ ਪਲਟਨ,
ਗਈ ਸੀ ਸੋ ਹਜਰੋ ਮੈ ਰਾਜ ਕਾਜ ਕਿਤ ਹੈ ।
ਸੰਤਨ ਕੇ ਮਿਲਣੇ ਕਾ ਸ਼ੌਕ ਥਾ ਮਹਾਨ,
ਰਾਮ ਸਿੰਘ ਦਰਸਾਤੋ ਜਾਂ ਤੇ ਜਾਏ ਜਿਤ ਕਿਤ ਹੈ ।
ਕ: ਨੰ: ੭

ਪੇਖ ਅਧਿਕਾਰੀ ਈਸ ਅੰਸ ਅਵਤਾਰੀ ਤਬ,
ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਏ ਕੈ ।
ਸਾਰ ਚਾਰ ਬੇਦਨ ਕੋ ਭਰਮ ਭੇਦ ਛੇਦਨ ਕੋ,
ਦਾਏ ਨਿਰਬੇਦਨ ਕੋ ਦੋਖ ਦੁਖ ਘਾਏ ਕੈ ।
ਕ: ਨੰ: ੮

ਇਸ ਨੂੰ ਚੱਕਰਵਰਤੀ ਜੀ ਇਸ ਤਰ੍ਹਾਂ ਲਿਖਦੇ ਹਨ :—

ਪੈਸੇ ਪੰਜ ਦਸਤਾਰ ਤੇ ਮਾਲਾ ਨਾਲ ਨਲੀਯੇਰ,
ਮਥੇ ਗੁਰਤਾ ਦਾ ਤਿਲਕ ਕਰ ਦਿਤਾ ਬਿਨ ਦੇਰ ।
ਅਠਾਰਾਂ ਸੌ ਅਠਾਨਵੇਂ ਸੰਮਤ ਬਿਕਰਮਜੀਤ,
ਅੱਸੂ ਦੀ ਸੰਗਰਾਂਦ ਦਾ ਦਿਨ ਪਵਿਤਰ ਪੁਨੀਤ ।
ਭਾਰਤ ਦੀ ਕਲਿਆਣ ਦਾ ਇਸ ਦਿਨ ਬੱਝਾ ਮੁਢ,
ਹੋਈ ਧਰਮ ਸਥਾਪਣਾ ਤਾਪ ਪਾਪ ਗਏ ਉਡ ।
ਮਾਲਵੇਂਦਰ ਪੰਨਾਂ ੨੯

ਤੇ ਡਾਕਟਰ ਇੰਦਰ ਸਿੰਘ ਜੀ ਪੁਸਤਕ "ਜਗਦਾ ਦੀਵਾ" ਵਿਚ ਲਿਖਦੇ ਹਨ :—



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਦਸ਼ਮੇਂ ਗੁਰੂ ਗੋਬਿੰਦ ਸਿੰਘ ਜੀ ਨੇ,
ਜੋ ਕੁਝ ਹੁਕਮ ਚੜ੍ਹਾਇਆ......
ਕਰ ਉਪਦੇਸ਼ ਦੀਆ ਗੁਰ ਮੰਤਰ,
ਸ਼ਾਰੀ ਕਲਾ ਦਿਖਾਈ ......।
ਤੇ ਗਿਆਨੀ ਕਾਲਾ ਸਿੰਘ ਜੀ "ਸ਼ਹੀਦ ਬਿਲਾਸ" ਵਿਚ

(ਬੈਂਤ) ਸੰਮਤ ਠਾਰਾਂ ਸੌ ਵਿਚ ਅਠਾਨ੍ਵੇਂ ਦੇ,
ਹਜਰੋ ਵਿਚ ਸਤਿਗੁਰ ਫੇਰਾ ਪਾਇਆ ਸੀ।
ਆਪਸ ਵਿਚ ਮਿਲ ਬਹੁਤ ਅਨੰਦ ਹੋਏ,
ਵਾਕ ਦਸ਼ਮ ਗੁਰ ਸਫਲ ਕਰਾਇਆ ਸੀ।"

ਜਿਵੇਂ ਰਾਮਾਇਣ ਵਿਚ ਤੁਲਸੀ ਜੀ ਨੇ, ਗੀਤਾ ਵਿਚ ਕ੍ਰਿਸ਼ਨ ਜੀ ਨੇ ਅਤੇ ਬਚਿਤ੍ਰ ਨਾਟਕ ਵਿਚ ਦਸ਼ਮ ਜੀ ਨੇ ਲਿਖਿਆ ਹੈ ਤਿਵੇਂ ਸਿਖ ਇਤਿਹਾਸ ਵਿਚ ਕਨਿੰਘਮ ਸਮੇਂ ਦੇ ਹਾਲਾਤ ਵੇਖ ਕੇ ਲਿਖਦਾ ਹੈ।

"ਇਸ ਲਈ ਇਹ ਗੱਲ ਸੁਭਾਵਕ ਹੈ ਕਿ ਦਿਲਾਂ ਅੰਦਰ ਪੈਦਾ ਹੋਇਆ ਇਹ ਜੋਸ਼ ਕੋਈ ਨਵਾਂ ਹੀ ਰੂਪ ਧਾਰਨ ਕਰੇ ਅਤੇ ਕੋਈ ਨਵਾਂ ਪੈਗੰਬਰ (ਜਿਸ ਦਾ ਨਾਮ ਅਜੇ ਮਲੂਮ ਨਹੀਂ) ਪੈਦਾ ਹੋ ਕੇ ਕੋਈ ਐਸਾ ਨਵਾਂ ਸਿਸਟਮ ਚਲਾਵੇ, ਜਿਸ ਵਿਚ ਵੇਦ ਤੇ ਕੁਰਾਨ ਦੀ ਸਿਖਿਆ ਦਾ ਨਚੋੜ ਭਰਿਆ ਹੋਵੇ, ਅਤੇ ਉਸਦੀ ਸਿਖਿਆ ਵਿਚ ਉਸ ਸਦਾਚਾਰ ਤੇ ਸੂਝ ਦੀ ਇਕ ਕਿਰਨ ਵੀ ਨਾ ਹੋਵੇ ਜੋ ਕਿ ਦੇਸ਼ ਦੇ ਈਸਾਈ ਹੁਕਮਰਾਨਾਂ ਦਾ ਧਰਮ ਤੇ ਸਭਿਅਤਾ ਹੈ।

ਪੰਨਾਂ ੩੬੯ ਉਲੱਥਾਕਾਰ
ਗੁਰਮੁਖ ਸਿੰਘ "ਗੁਰਮੁਖ"



Sri Satguru Jagjit Singh Ji eLibrary NamdhariElibrary@gmail.com

ਉਪਰ ਲਿਖੇ ਵਿਚੋਂ ਜੋ ਸਾਰ ਲੱਭਦਾ ਏ ਉਹ ਸਭ ਕੁਝ ਸਤਿਗੁਰੂ ਰਾਮ ਸਿੰਘ ਜੀ ਦੇ ੧੯੧੪ ਬਿਕਰਮ ਨੂੰ ਮੁੜ ਖਾਲਸਾ ਸਾਜ ਕੇ ਉਸ ਨੂੰ ਈਸਾਈ ਧਰਮ ਦੀ ਸਿਖਿਆ ਤੋਂ ਬੱਚ ਕੇ ਰਹਿਣ ਦੀ ਸਿਖਿਆ ਦੇ ਦੇਣ ਦਾ ਸਬੂਤ ਸਤਿਗੁਰੂ ਜੀ ਦੇ ਜੀਵਨ ਤੇ ਇਤਿਹਾਸ ਵਿਚ ਉਜਾਗਰ ਹੈ। ਮੇਰਾ ਏਥੇ ਉਹ ਵਿਸ਼ਾ ਨਹੀਂ ਇਸ ਲਈ ਆਪਣੇ ਅਸਲ ਵਿਸ਼ੇ ਦਸਮ ਗੁਰ ਦਰਸ਼ਨ ਵਲ ਆਉਂਦਾ ਹਾਂ।

ਭਾਈ ਸਾਹਿਬ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਸ਼ਰੋਮਣੀ ਕਮੇਟੀ ਅੰਮ੍ਰਿਤਸਰ ਦਾ ਲਿਖਿਆ ਜੋ ਉਹਨਾਂ 'ਪ੍ਰੇਮ ਸੁਮਾਰਗ' ਦੀ ਭੂਮਿਕਾ ਵਿਚ ਦਿਤਾ ਹੈ ਉਹ ਮੈਂ ਪਾਠਕਾਂ ਦੀ ਭੇਟ ਕਰਦਾ ਹਾਂ।

"ਹੋਰ ਵੇਖਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਉਸ ਸਮੇਂ ਸਿੰਘਾਂ ਨੂੰ ਸਤਿਗੁਰਾਂ ਦੇ **ਪ੍ਰਤੱਖ ਹੋ ਕੇ ਦਰਸ਼ਨ ਦੇਣ** ਤੇ ਸਹਾਈ ਹੋਣ ਦਾ ਅਟੱਲ ਵਿਸ਼ਵਾਸ਼ ਸੀ ਜਿਸ ਦਾ ਜ਼ਿਕਰ ਇਸ ਗ੍ਰੰਥ ਵਿਚ **ਅਨੇਕ ਥਾਂਈਂ** ਆਇਆ ਹੈ। ਇਹ ਨਹੀਂ ਇਤਿਹਾਸਕ ਤੌਰ ਪੁਰ ਭੀ ਇਸ ਵਿਸਵਾਸ਼ ਦੇ **ਕਈ ਪ੍ਰਤੱਖ** ਸਬੂਤ ਸੰਮਤ ੧੯੬੮ ਬਿ: (੧੯੧੧ ਈ:) ਤਕ ਮਿਲ ਚੁਕੇ ਹਨ।" ਪੰਨਾਂ ੯੩।

ਇਸ ਪੁਸਤਕ ਦੇ ਆਰੰਭਕ ਸ਼ਬਦ ਗੰਡਾ ਸਿੰਘ ਜੀ ਹਿਸਟਰੀ ਸਕਾਲਰ ਸੁਸਾਇਟੀ ਨੇ ਲਿਖੇ ਹਨ। ਅਰਥਾਤ ਇਹ ਲਿਖਤ ਅਕਾਲੀਆਂ ਸਿੰਘ ਸਭੀ ਲੇਖਕਾਂ ਦੀ ਪੂਰਨ ਪ੍ਰਵਾਣਤ ਹੈ। ਤ:



Sri Satguru Jagjit Singh Ji eLibrary NamdhariElibrary@gmail.com

## ਵਜ਼ੀਰ ਖਾਂ ਦਾ ਮਾਰਨਾ

"ਮਾਖਜ਼ੇ ਤਵਾਰੀਖ ਸਿਖਾਂ" ਗੰਡਾ ਸਿੰਘ ਸਿਖ ਹਿਸਟਰੀ ਸੁਸਾਇਟੀ ਵਾਲੇ ਭੀ ਗੁਰੂ ਗੋਬਿੰਦ ਸਿੰਘ ਜੀ ਦਾ ੧੭੬੭ ਬਿ: ਵਿਚ ਬਹਾਦਰ ਸ਼ਾਹ ਦੇ ਸਮੇਂ ਦੀ ਅਖਬਾਰ ਖਾਸ ਵਿਚੋਂ ਦਰਸਨ ਦੇਣਾ ਤੇ ਜੰਗ ਵਿਚ ਗੈਂਬੋਂ ਆਉਣਾ ਲਿਖਦੇ ਹਨ ।

" ਮੇਂ ਗੋਇੰਦ ਕਿ ਗੁਰੂ ਗੋਬਿੰਦ ਸਿੰਘ ਖੁਦ ਆਮਦਾ,
ਸ਼ਰੀਕ ਬਾ-ਮਰਦਮ ਸ਼ੁਦਾ" ਵਾ ਬਾਜ਼ ਐਕਾਤ ਬਰਜ਼ਬਾਂ
ਹਮੀਂਆਰੰਦ ਕਿ ਯੱਕ ਸਯੱਦ ਅਜ਼ਗੈਬ ਬਹਮ ਰਸੀਦਾ"

ਪੰਨਾ ੯੪

ਅਰਥਾਤ "ਕਿਹਾ ਜਾਂਦਾ ਏ ਕਿ ਗੁਰੂ ਗੋਬਿੰਦ ਸਿੰਘ ਆਪ ਆਏ, ਤੇ ਉਹਨਾਂ ਲੋਕਾਂ ਵਿਚ ਸ਼ਾਮਲ ਹੋਏ । ਕੁਝ ਲੋਕਾਂ ਦੀਆਂ ਜਬਾਨਾਂ ਤੇ ਇਹ ਵੀ ਹੈ ਕਿ ਇਕ ਸੱਯਦ (ਸਰਦਾਰ) ਅਜ਼ਗੈਬੋਂ ਨਿਕਲਿਆ ।"

ਇਸ ਦੇ ਉਪਰ ਵਜੀਰ ਖਾਂ ਸੂਬੇ ਸਰਹੰਦ ਵਾਲੇ ਦੀ ਤੇ ਗੁਰੂ ਜੀ ਦੀ ਜਾਤੀ ਦੁਸ਼ਮਨੀ ਦਸੀ ਹੋਈ ਹੈ ਤੇ ਚੱਕ ਗੁਰੂ (ਅੰਮ੍ਰਿਤਸਰ) ਪੱਟੀ ਸਰਹੰਦ ਦਾ ਪਰਗਣਾ ਸਿੰਘਾਂ ਨੇ ਮਲਣਾ ਦਸਿਆ ਹੈ । ਤੇ ਤਲੇ ਵਜੀਰ ਖਾਂ ਦੀ ਮੌਤ ਦੀ ਤਾਰੀਖ ਹੈ ੨੫ ਰਬੀ ਅਲਾਵਲ ੧੧੨੨ ਹਿਜਰੀ, ਮੁਤਾਬਿਕ ਚੌਥਾ ਸਾਲ ਬਹਾਦਰ ਸ਼ਾਹੀ, ਬਿਕਰਮ ਜੇਠ ਵਦੀ ੧੧ ਸੰਮਤ ੧੭੬੭, ੧੩ ਮਈ, ੧੭੧੦ ਈ: ਬਰੋਜ਼ ਸਨੀਚਰ ਵਜੀਰ ਖਾਂ ਦੇ ਮਾਰੇ ਜਾਣ ਦੀ ਖਬਰ ਹੈ ।



Sri Satguru Jagjit Singh Ji eLibrary NamdhariElibrary@gmail.com

ਗੰਡਾ ਸਿੰਘ ਜੀ ਤਾਂ ਏਥੇ ਕੁਝ ਹੋਰ ਹੀ ਲਿਖਦੇ ਹਨ ਪਰ ਰਵਾਇਤ ਇਹ ਹੈ ਕਿ ਇਸ ਜੰਗ ਵਿਚ ਸੋਨੇ ਦੀ ਮੁਖੀ ਵਾਲੇ ਕੁਝ ਤੀਰ ਪ੍ਰਾਪਤ ਹੋਏ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹੋ ਸਕਦੇ ਹਨ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਇਸ ਜੰਗ ਵਿਚ (ਤੇ ਕਈ ਹੋਰ ਜੰਗਾਂ ਵਿਚ ਭੀ) ਬੰਦਾ ਬਹਾਦਰ ਪਿਛਾਂ ਜੰਗਲ ਵਿਚ ਜਾ ਕੇ ਆਪਣੇ ਗੁਰੂ ਤੋਂ ਜੰਗੀ ਹਦਾਇਤਾਂ ਲੈਂਦਾ ਸੀ। ਭਾਵੇਂ ਇਹ ਸਾਫ ਨਹੀਂ ਕਿ ਉਹ ਗੁਰੂ ਕੌਣ ਸੀ ਪਰ ਸ੍ਰੀ ਕਲਗੀਧਰ ਜੀ ਬਿਨਾਂ ਹੋਰ ਕੌਣ ਹੋ ਸਕਦਾ ਹੈ ? ਇਹ ਸ਼ਾਰਾ ਵਿਸਥਾਰ "ਵਿਚਾਰ" ਪੁਸਤਕ ਵਿਚ ਦਿਤਾ ਜਾਵੇਗਾ।

ਸਿਰਫ ਇਹ ਜ਼ਾਹਰ ਕਰਨ ਲਈ ਉਪਰਲਾ ਹਵਾਲਾ ਦਿਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ੧੭੬੭ ਵਿਚ ਭੀ ਜੰਗ ਵਿਚ ਦਰਸ਼ਨ ਦਿਤੇ। ਬਹਾਦਰ ਸ਼ਾਹ ਦੇ ਅਖਬਾਰ ਨਵੀਸ ਲਿਖਦੇ ਹਨ ਕਿ ਗੈਬੋਂ ਸਰਦਾਰ ਜ਼ਾਹਰ ਹੋਇਆ ਜਿਵੇਂ ਗੁਰੂ ਜੀ ਨਦੇੜ ਕੌਤਕੋਂ ਪਹਿਲਾਂ ਭੀ ਤੇ ਬਾਦ ਭੀ ਕਈ ਜੰਗਾਂ ਵਿਚ ਜਾਂਦੇ ਸੀ ਤੇ ਵਿਰਲੇ ਲੋਕਾਂ ਨੂੰ ਦਰਸ਼ਨ ਹੁੰਦੇ ਸੀ।

ਗੁਰੂ ਜੀ ਬਹਾਦਰ ਸ਼ਾਹ ਦੀ ਮਦਦ ਸਮੇਂ ਵੀ ਇਸੇ ਤਰ੍ਹਾਂ ਥੋੜਿਆਂ ਨੂੰ ਹੀ ਦਰਸ਼ਨ ਦਿਤੇ ਸੀ ਤੇ ਤਾਰਾ ਅਜਮ ਨੂੰ ਗੁਰੂ ਜੀ ਦੇ ਤੀਰ ਨੇ ਹੀ ਮਾਰਿਆ ਸੀ। ਇਤਿਹਾਸ ਵਿਚ ਲਿਖਿਆ ਹੈ ਜ਼ਰਾ ਡੇਰ ਹੋਈ ਤੇ ਬਹਾਦਰ ਸ਼ਾਹ ਉਦਾਸ ਹੋਏ ਨੂੰ ਧਰਮ ਸਿੰਘ ਨੇ ਧਰਵਾਸ ਦਿਤਾ।

ਦੋ: ਸਿੰਘ ਕਹਾਂ ਤਬ ਸ਼ਾਹ ਕੋ ਪਾਛੇ ਬੀਰ ਨਿਹਾਰ।
ਤੁਵ ਮਦਦ ਹਿਤ ਆਯੋ ਜਗਤ ਪੂਜ ਕਰਤਾਰ।



Sri Satguru Jagjit Singh Ji eLibrary NamdhariElibrary@gmail.com

ਸਵੈਯਾ :— ਦੇਖਤ ਸ਼ਾਹ ਪ੍ਰਸੰਨ ਭਯੋ ਮਨ,
ਆਨਦ ਕੈ ਜਗ ਜੈਸ ਉਚਾਰੀ।
ਤੋ ਹਿਤ ਦੀਨ ਦਿਆਲ ਆਯੋ ਨਿਜ,
ਸੈਨ ਲਏ ਸੁ ਅਭੂਤ ਅਪਾਰੀ।......
ਯੋ ਹਨ ਕੈ ਤਿਹ ਲੋਪ ਭਏ ਗੁਰ,
ਸ਼ਾਹ ਕਿਧੋ ਨਿਜ ਸਿੰਘ ਨਿਹਾਰੈਂ।
ਕੌਤਕ ਕੋ ਚਿਤ ਚੌਂਕ ਪਰਿਓ ਕਿਹ,
ਓਰ ਗਏ ਕਿਹ ਸਿੰਘ ਹਜਾਰੈਂ।
ਆਪਣ ਫੌਜ ਬਿਲੋਕ ਕਹਾ ਕਿਹ,
ਓਰ ਦੁਰੇ ਵਹਿ ਬੀਚ ਕਰਾਰੈਂ।
ਮੈਂ ਆਪਨੀ ਨਹਿ ਬੇਸ ਲਖੈ,
ਅਤਿ ਬੀਰ ਸੁ ਧੀਰ ਧਨੰ ਅਸ ਧਾਰੈ।

ਬਹਾਦਰ ਸਾਹ ਦੇ ਹੈਰਾਨ ਹੋਣ ਤੇ :—
ਸੂਰਜ ਤਾਤ[1] ਸੁ ਸਿੰਘ ਕਹਾ।
ਤਿਹ ਚਿੰਤ ਕਛੂ ਚਿਤ ਮੈ ਜਿਨ ਕੀਜੈ,
ਲੋਪ ਭਏ ਤੋ ਕਹਾ ਕਰੁਣਾ ਨਿਧ।
ਕਾਜ ਸੁਧਾਰ ਸੁਧਾਰਸ ਪੀਜੈ। ਗੁ: ਪ੍ਰ: ਸੂ: ॥
ਪੰਨਾ ਪ੨੬—੨੭

ਅਰਥਾਤ ਐਸੀ ਲੀਲਾ ਗੁਰੂ ਜੀ ਕਈ ਵਾਰ ਕਰਦੇ ਸੀ ਨਦੇੜ ਕੌਤਕੋਂ ਪਹਿਲਾਂ ਭੀ।

ਸੁਖਾ ਸਿੰਘ ਜੀ ਦੀ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਭੀ ਪੰਥ ਪ੍ਰਕਾਸ਼ ਵਿਚ ਬਾਦਸ਼ਾਹ ਦੀ ਮਦਦ ਕਰਨ ਦੇ ਸਮੇਂ ਦਾ ਹਾਲ ਲਿਖਦੇ ਹਨ :—

---

(੧) ਧਰਮ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

॥ ਲਲਿਤ ਛੰਦ ॥

ਤਾਰੇ ਆਜ਼ਮ ਕੋ ਹਮ ਹਤ ਹੈ, ਗੁਪਤ ਆਏ ਕਰ ਰਨ ਮੈਂ,
ਜਾਏ ਕਹੋ ਤੁਮ ਅਬੀ ਸ਼ਾਹ ਕੋ, ਜਰਾ ਨਾ ਸੁਕਚੈ ਮਨ ਮੈਂ।
ਧਰਮ ਸਿੰਘ ਔ ਦਇਆ ਸਿੰਘ ਸੇ, ਆਦਿਕ ਸਿੰਘ ਮਹਾਨੈ,
ਪਠੇ ਗੂਰੂ ਨੇ ਤਬੈ ਸਾਹਿ ਪੈ, ਬੀਰ ਮਹਾਂ ਬਲਵਾਨੈ।
ਨਿਜ ਸੈਨਾ ਗੁਰ ਪਿਆਰਿਉਂ ਕੇ ਸੰਗ, ਕੀਨੀ ਸਭ ਇਮ ਕਹਿ ਕੈ...
ਰਹੀਉ ਨਿਕਟ ਸਾਹਿ ਕੇ ਆਗੇ, ਜਬ ਅਤ ਜ਼ੰਗ ਪਰੈ ਹੈ।
ਐ ਹੈਂ ਹਮ ਤਬ ਹਤੈਂ ਸੱਤ੍ਰ ਕੋ ਤੁਮ ਕੋ ਦਰਸਨ ਥੈ ਹੈ,
ਸੋਇਨੇ ਕੇ ਫਲ ਵਾਲਾ ਪੀਲਾ, ਧਰਮ ਸਿੰਘ ਗੁਰ ਝੰਡਾ।
ਸਾਹਿ ਤਈਂ ਦਿਖਰਾਏ ਕਹਿਉ ਅਬ, ਹ੍ਵੈ ਹੈ ਜੀਤ ਅਖੰਡਾ।
ਛੋੜ ਅਸਵ ਗੁਰ ਤਹਾਂ ਪਹੂਚੇ, ਤੀਰ ਏਕ, ਤਕ ਮਾਰਿਉ।
ਤਾਰਾ ਆਜਮ ਚੁਕ ਫੀਲ ਤੇ, ਧਰ ਪਰ ਮਾਰ ਬਿਦਾਰਿਉ।

ਜਦੋਂ ਬਹਾਦਰ ਸ਼ਾਹ ਦੇ ਕਈ ਫੌਜਦਾਰਾਂ ਨੇ ਕਿਹਾ ਕਿ ਮੇਰੇ ਤੀਰ ਨਾਲ ਮਰਿਆ ਹੈ :—

ਜਾਹਿ ਤੀਰ ਸੰਗ ਮਾਰਿਉ ਆਜਮ, ਵਹੀ ਮੰਗਾ ਕਰ ਦੇਖਯੋ।
ਤੀਰ ਕਿਸੀ ਕੇ ਸੰਗ ਨਾ ਮਿਲਿਉ, ਭਏ ਹੈਰਾਨ ਵਿਸੇਖਯੋ।
ਫਿਰ ਜਬ ਮੁਲਾਕਾਤ ਗੁਰ ਕੇਰੀ, ਭਈ ਸ਼ਾਹ ਸੋਂ ਨੀਕੇ।
ਗੁਰ ਤੀਰਨ ਸੋਂ ਤੀਰ ਵੋਹ ਮਿਲ ਗਿਉ ਮਿਲਾਯੋ ਠੀਕੇ।

ਪੰਨਾ ੨੩੭—੩੮—੩੯

ਜਿਵੇਂ ਦੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਨਦੇੜ ਕੌਤਕ ਕੀਤੇ ਤੋਂ ਬਾਦ ਦੇ ਮੈਂ ਇਸ (ਦਸਮ ਗੁਰ ਦਰਸ਼ਨ) ਪੁਸਤਕ ਵਿਚ ਲਿਖੇ ਹਨ। ਤਿਵੇਂ ਹੀ ਗੁਰੂ ਜੀ ਬਹਾਦਰ ਸ਼ਾਹ ਦੀ ਮਦਦ ਵਾਲੇ ਜ਼ੰਗ ਵਿਚ ਆਪ ਨੇ ਗੁਪਤ ਸ਼ਹੀਦਾਂ ਸਮੇਤ ਦਰਸ਼ਨ ਦਿਤੇ ਸੀ।



Sri Satguru Jagjit Singh Ji eLibrary NamdhariElibrary@gmail.com

ਸੂਰਜ ਪ੍ਰਕਾਸ਼ ਵਿਚ ਸੰਤੋਖ ਸਿੰਘ ਜੀ ਲਿਖਦੇ ਹਨ :—

(ਨੰਦ ਲਾਲ ਨੂੰ ਗੁਰੂ ਜੀ ਕਿਹਾ ਬਹਾਦਰ ਸ਼ਾਹ ਜੋਗ)

"ਦੇਖ ਦੀਨ ਨਿਜ ਬਿਰਦ ਸੰਭਾਰਾ,
ਹਿਤ ਧੀਰਜ ਕੇ ਵਾਕ ਉਚਾਰਾ।
ਅਬ ਤੁਮ ਜਾਏ ਚੜ੍ਹਾਵਹੁ ਸ਼ਾਹੂ,
ਹਮ ਦਰਸ਼ਨ ਦੈ ਹੈ ਰਣ ਮਾਹੂ।
ਤਾਰਾ ਆਜ਼ਮ ਕੋ ਹਮ ਮਾਰੈਂ,
ਕਛ ਉਮਰਾਵ ਸਮੇਤ ਬਿਦਾਰੈਂ।

(ਗੁਰੂ ਜੀ ਜੰਗ ਵਿਚ)

ਇਤਨੇ ਮਹਿ ਗੁਰ ਦਈ ਦਿਖਾਈ,
ਸੰਗ ਸ਼ਹੀਦਨ ਦਲ ਸਮਦਾਈ।
ਧਰਮ ਸਿੰਘ ਅਵਲੋਕਤ ਬੋਲਾ,
ਪਿਖੋ ਸ਼ਾਹ ਤਿਆਗਹੁ ਉਰ ਹੋਲਾ।
ਧਨੁਖਬਾਨ ਕਰ ਧਾਰਨ ਕਰੈ,
ਸੰਘਰ ਵਿਖੈ ਪ੍ਰਬਲਤਾ ਭਰੈ।
ਏਕ ਬਾਰ ਇਮ ਦਈ ਦਿਖਾਈ,
ਜਿਮ ਤੜਿਤਾ ਦਮਕਤਿ ਦੁਰਜਾਈ।
ਸਹਿਤ ਸ਼ਹੀਦਨ ਸਤਿਗੁਰ ਗਏ,
ਵਾਰ ਵਕਤ ਇਕ ਬਾਰੀ ਭਏ।
ਚੌਦਾਂ ਕੁੰਚਰ ਕੇ ਉਮਰਾਵੇ,
ਆਜਮ ਸਾਥ ਗਿਰੇ ਰਣ ਥਾਵੇ।



Sri Satguru Jagjit Singh Ji eLibrary NamdhariElibrary@gmail.com

(ਜਦੋਂ ਬਹਾਦਰ ਸ਼ਾਹ)

ਦੀਨ ਹੋਏ ਕੈ ਬਹੁ ਘਿਗਆਯੋ,
ਤਬ ਰਾਬਰ ਨੇ ਦਰਸ ਦਿਖਾਯੋ।
ਤਾਰਾ ਆਜਮ ਤੁਰਤ ਸੰਘਾਰਾ,
ਬਜਿਓ ਬਿਜੈ ਕੋ ਤਬੈ ਨਗਾਰਾ।
ਬਹੁ ਬੋਲਹਿ ਬਫਾਏ ਕਰ ਤਬੈ,
ਇਹ ਮੇਰੇ ਕਰ ਕੇ ਲਗ ਜਬੈ।
ਅਪਰ ਕਹੈਂ ਮੈਂ ਐਂ ਚਿਤ ਮਾਰੇ,
ਤ੍ਰਿਤੀ ਕਹੈਂ ਮੈਂ ਸਮੁਖ ਪ੍ਰਹਾਰੇ।
ਕੇਤਕ ਕਹੈਂ ਫਰਿਸ਼ਤੇ ਆਏ,
ਤੁਮ ਸਹਾਇਤਾ ਹਿਤ ਸਮੁਦਾਏ।
ਅਜ ਗੈਬੀ ਦਲ ਮਾਰਤ ਹੇਰਾ,
ਕਰਿਓ ਪ੍ਰਤਾਪ ਖ਼ੁਦਾਏ ਬਡੇਰਾ।

ਜਿਨ੍ਹਾਂ ਨੂੰ ਗੁਰ ਦਰਸ਼ਨ ਨਹੀਂ ਹੋਏ ਸੀ ਤਿਨ੍ਹਾਂ ਦੀ ਤਸੱਲੀ ਲਈ।

ਦੇਖਤ ਤੀਰ ਭਾਲ ਨਿਸਕਾਏ,
ਸੋ ਕੰਚਨ ਤੇ ਲਿਖਤ ਸੁਹਾਏ।
ਸੋ ਨਿਜ ਨਿਕਟ ਸੰਭਾਰਨ ਕਰੇ,
ਹੇਤ ਪਰਖਬੇ ਕਿਨ ਪਰ ਹਰੇ।

ਅਰਥਾਤ ਸੂਰਜ ਪ੍ਰਕਾਸ਼ ਵਿਚ ਗੁਰੂ ਜੀ ਦੇ ਕੌਤਕੀ ਜੰਗ ਦੀ ਜੁਗਤ ਜੋ ਨਦੇੜੋਂ ਬਾਦ ਦੇ ਦਰਸ਼ਨਾਂ ਵਿਚ ਇਤਿਹਾਸਕਾਰਾਂ ਦੱਸੀ ਹੈ ਉਸੇ ਤਰ੍ਹਾਂ ਦੀ ਪੁਸ਼ਟੀ ਹੇਤ ਇਹ ਜੰਗਾਂ ਵਿਚ ਸਮੇਤ ਗੁਪਤ ਸ਼ਹੀਦਾਂ ਦੇ ਦਰਸ਼ਨ ਦੇਣਾ ਗੁਰੂ ਗੋਬਿੰਦ ਸਿੰਘ ਜੀ ਦਾ



Sri Satguru Jagjit Singh Ji eLibrary NamdhariElibrary@gmail.com

ਮੈਂ ਲਿਖਿਆ ਹੈ ਜਿਸ ਤੋਂ ਅਸਚਰਜਤਾ ਤੇ ਸ਼ੰਕਾ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ । ਜੇ ਜਾਹਰ ਦਰਸ਼ਨ ਦਿੰਦੇ ਤਾਂ ਬਾਦਸ਼ਾਹ ਬਹਾਦਰ ਸ਼ਾਹ ਦੇ ਜੰਗ ਵਿਚਲੇ ਸਾਥੀ ਕਦੇ ਨਾ ਕਹਿੰਦੇ ਕਿ ਫਰਿਸਤੇ ਆਏ ਹਨ ਜਾਂ ਫਲਾਨੇ ਦੇ ਤੀਰ ਨਾਲ ਤਾਰਾ ਆਜ਼ਮ ਮਾਰਿਆ ਹੈ ।

## * ਹੋਰ ਪ੍ਰਮਾਣ *

ਹੁਣ ਮੈਂ ਪਾਠਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਯਾਦ ਹਿਤ ਛਪੇ ਪੁਸਤਕ ਵਿਚੋਂ ਉਘੇ ਲੇਖਕਾਂ ਵਲੋਂ ਲਿਖੇ ਲੇਖਾਂ ਚੋਂ ਮੈਂ ਆਪਣੇ ਇਸ ਪੁਸਤਕ (ਦਸਮ ਗੁਰ ਦਰਸ਼ਨ) ਦੀ ਪੁਸ਼ਟੀ ਲਈ ਹਵਾਲੇ ਦੇਂਦਾ ਹਾਂ ।

From "The Tenth Master"

"Tributes on Tercentenary."

ਅਰਥਾਤ "ਦਸਵੇਂ ਗੁਰੂ ਸਾਹਿਬ ਦੀ ਤੀਸਰੀ ਸ਼ਤਾਬਦੀ ਦੀ ਭੇਟ" ।

Published by :—Guru Gobind Singh Foundation Chandigarh January, 1967.

Written by Harbans Singh

Guru Gobind Singh "A biographical outline" on page 38.



Sri Satguru Jagjit Singh Ji eLibrary NamdhariElibrary@gmail.com

ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਖੇਪ ਜੀਵਨੀ" ਦੇ 38 ਪੰਨੇ ਤੇ ਲਿਖਿਆ ਹੈ :—

"Guru Gobind Singh was expecting to return to the Punjab after finishing parleys with Bahadur Shah. Letters were sent out to the Sikhs. One of these, translated into English by the Sikh historian. Dr. Ganda Singh, and quated in his entitled. Last days of Guru Gobind Singh reads as follows :

ਅਰਥਾਤ :—"ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਨਾਲ ਸਲਾਹ ਬਾਤ ਕਰਕੇ ਵਾਪਿਸ ਪੰਜਾਬ ਔਣ ਦੀ ਆਸ ਰਖਦੇ ਹਨ। ਸਿੱਖਾਂ ਨੂੰ ਚਿੱਠੀਆਂ ਘੱਲੀਆਂ ਗਈਆਂ। ਸਿੱਖ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਆਪਣੇ "ਗੁਰੂ ਗੋਬਿੰਦ ਸਿੰਘ ਜੀ ਦੇ ਆਖਰੀ ਦਿਨ" ਲੇਖ ਵਿਚ ਹੇਠ ਲਿਖੇ ਅਨੁਸਾਰ ਦਿਤਾ ਹੈ :—

"ਜੋ ਲੇਖਕ ਸ੍ਰ: ਹਰਬੰਸ ਸਿੰਘ ਨੇ (ਅੰਗਰੇਜ਼ੀ ਵਿਚ) ਲਿਖਿਆ ਹੈ ਮੈਂ ਉਸਦਾ ਅਨੁਵਾਦ ਜਾਂ ਅਸਲ ਰੂਪ ਦੇਂਦਾ ਹਾਂ" :—

"੧ਓ ਸਤਿਗੁਰੂ ਜੀ।

ਸਰਬੱਤ ਸੰਗਤ ਧੌਲ ਕੀ......।" ਇਹ ਹੁਕਮਨਾਮਾ ਇਸੇ (ਦਸਮ ਗੁਰ ਦਰਸ਼ਨ) ਪੁਸਤਕ ਦੇ ਪੰਨਾਂ ੬੩ ਤੇ ਵੇਖੋ।

ਹਰਬੰਸ ਸਿੰਘ ਜੀ ਨੇ ਇਹ ਇਕੋ ਹੁਕਮਨਾਮਾ ਦਿਤਾ ਹੈ। ਪਰ ਮੈਂ ਗੰਡਾ ਸਿੰਘ ਜੀ ਦੇ ਲਿਖੇ ਹੁਕਮ ਨਾਮਿਆਂ ਵਿਚੋਂ ਇਸੇ ਭਾਵ ਦੀ ਪੁਸ਼ਟੀ ਲਈ ਕਿ ਗੁਰੂ ਜੀ ਕਈ ਹੁਕਮਨਾਮੇ ਭੇਜੇ ਸੀ ਇਕ ਹੋਰ ਹੁਕਮਨਾਮਾ ਇਸੇ ਜੁਗਤ ਦਾ "ਖਾਰਾ" ਦੀ ਸੰਗਤ ਜੋਗ ਲਿਖ ਦੇਂਦਾ ਹਾਂ।



Sri Satguru Jagjit Singh Ji eLibrary NamdhariElibrary@gmail.com

"੧ਓ ਸਤਿਗੁਰੂ ਜੀ।

ਸ੍ਰੀ ਗੁਰੂ ਜੀ ਦੀ ਆਗਿਆ ਹੈ ਸਰਬੱਤ ਸੰਗਤ ਖਾਰਾ ਕੀ ਗੁਰੂ ਰਖੇਗਾ, ਸਭ ਮੇਰਾ ਖਾਲਸਾ ਹੈ, ਗੁਰੂ ਗੁਰੂ ਜਪਣਾ ਜਨਮ ਸੌਰੇਗਾ ਸਰਬ ਸੁਖ ਨਾਲ ਪਾਤਸ਼ਾਹ ਪਾਸ ਆਏ, ਸਿਰੋਪਾਉ ਅਰ ਸੱਠ ਹਜ਼ਾਰ ਰੁਪਈਏ ਕੀ ਧੁਖ ਧੁਖੀ ਇਨਾਮ ਪਾਈ, ਹੋਰ ਸਭ ਕੰਮ ਗੁਰੂ ਕਾ ਸਦਕਾ ਹੋਤਾ ਹੈ। ਅਸੀਂ ਭੀ ਥੋੜਿਆਂ ਦਿਨਾਂ ਮੋ ਆਵਤੇ ਹਾਂ, ਸਰਬੱਤ ਸੰਗਤ ਖਾਲਸੇ ਨੂੰ ਮੇਰਾ ਹੁਕਮ ਹੈ ਜੋ ਵਸੋਏ ਮੇਲ ਕਰਨਾ ਜਦ ਅਸੀਂ ਕਹਿਲੂਰ ਆਵਾਹ ਤਦ ਹਥੀਆਰ ਬੰਨ ਕੈ ਹਜ਼ੂਰ ਆਵਣਾ। ਜੋ ਆਵੇਗਾ ਸੋ ਨਿਹਾਲ ਹੋਵੇਗਾ। ੧ ਤੋਲਾ ਸੋਨਾ ਫੁਰਮਾਇਸ ਤਿਸ ਕੇ ਰੁਪਈਏ ਬੀਸ ਛਿਮਾਹੀ ਖਾਲਸੇ ਨੋ ਬਖਸ਼ੇ ਹਨ ਹੁਕਮ ਦੇਖਦੇ ਹੁੰਡੀ ਕਰ ਭੇਜਨੀ, ਮੇਵੜੇ ਨੋ ਰਖਣਾ ਨਹੀਂ, ਜੋ ਮੇਵੜਾ ਰਹੈ ਤਾਂ ਖਰਚ ਦੇ ਕੇ ਹੋਰ ਕਿਸੇ ਕੋ ਆਪ ਹੀ ਭੇਜਣਾ ਹੁੰਡੀ ਕਰਾਏ ਕੇ"।

"ਨੋਟ :—ਨੰਬਰ ੬੩ ਆਏ ਹੁਕਮਨਾਮੇ ਪਰ ਦਿਤੀ ਮਿਤੀ ਦਾ ਹੀ ਸਹੀ ਹੁੰਦਾ ਹੈ"।

ਇਹ ਨੋਟ ਗੰਡਾ ਸਿੰਘ ਜੀ ਦਿਤਾ ਹੈ।

"ਹੁਕਮਨਾਮੇ" ਗੰਡਾ ਸਿੰਘ ਪੰਨਾਂ ੧੯੯।

ਪਾਠਕ ਵਿਚਾਰ ਸਕਦੇ ਹਨ ਕਿ ਗੁਰੂ ਜੀ ਸੰਗਤ ਵਲ ਲਿਖਦੇ ਹਨ "ਅਸੀਂ ਭੀ ਥੋੜਿਆਂ ਦਿਨਾਂ ਮੋ ਆਵਤੇ ਹਾਂ।" ਤੇ "ਹਥੀਆਰ ਬੰਨ ਕੈ ਹਜ਼ੂਰ ਆਵਣਾ" ਕਦੀ ਝੂਠ ਤੇ ਨਿਹਫਲ ਨਹੀਂ ਹੋ ਸਕਦਾ। ਕਿਉਂਕਿ ਸਰਬ ਗੁਰੂ ਸਰਬੱਗਯ ਹੋਏ ਹਨ



Sri Satguru Jagjit Singh Ji eLibrary NamdhariElibrary@gmail.com

ਤੇ ਇਕੋ ਜੋਤ ਹੋਏ ਹਨ। ਵਿਚਾਰ ਲਈ ਇਸੇ ਪੁਸਤਕ (ਦਸਮ ਗੁਰ ਦਰਸ਼ਨ) ਦਾ ਪੰਨਾਂ ੬੭ ਤੋਂ ੭੫ ਪੜ੍ਹੋ)।

ਦੀਵਾਨ ਸਿੰਘ ਜੀ ਮਫਤੂਨ ਦਾ ਲੇਖ "ਸਿਖ ਇਤਿਹਾਸ ਦਾ ਇਕ ਅਣਛਪਿਆ ਪੱਤਰਾ" (ਉਰਦੂ ਅੱਖਰਾਂ ਵਿਚ) ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌਵੀਂ ਸਾਲ ਗਿਰਾਹ ਕੇ ਮੌਕਿਆਂ ਪਰ" ਗੁਰੂ ਗੋਬਿੰਦ ਸਿੰਘ ਜੀ ਕਾ ਵਿਸਾਲ ਨਾਦੇੜ ਮੇਂ ਹੂਆ ਯਾਂ ਨਹੀਂ ਇਸ ਕੇ ਮੁਤਅੱਲਕ ਕਤਈ ਕੋਈ ਫੈਸਲਾ ਨਹੀਂ ਕੀਆ ਜਾ ਸਕਤਾ, ਕਿਉਂਕਿ ਬਾਜ਼ ਤਾਰੀਖੀ ਸ਼ਹਾਦਤੇਂ ਮੌਜੂਦ ਹੈਂ ਕੇ ਨਾਦੇੜ ਮੇਂ ਸ਼ਹਾਦਤ ਕੇ ਵਾਕਿਆ ਕੇ ਬਾਦ ਗੁਰੂ ਸਾਹਿਬ ਨਾਦੇੜ (ਹਜ਼ੂਰ ਸਾਹਿਬ) ਸੇ ਕੁਛ ਫਾਸਲਾ ਪਰ ਦੇਖੇ ਗਏ, ਔਰ ਮਸ਼ਹੂਰ ਮੁਸਨਫ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਕੇ ਕੌਲ ਕੇ ਮੁਤਾਬਿਕ ਗੁਰੂ ਸਾਹਿਬ ਨਾਦੇੜ ਸੇ ਪੰਜਾਬ ਚਲੇ ਆਏ। ਕਈ ਮੁਕਾਮਾਤ ਪਰ ਕੁਛ ਅਰਸਾ ਰਹਿਣੇ ਕੇ ਬਾਦ ਬਾਬਾ ਅਜਾਪਾਲ ਸਿੰਘ[੧] ਕੇ ਨਾਮ ਸੇ ਨਾਭਾ ਮੇਂ ਰਹੇ। ਔਰ ਵਹਾਂ ਹੀ ਆਪ ਕਾ ਵਿਸਾਲ ਹੂਆ। ਔਰ ਜਬ ਵਸਾਲ ਹੂਆ ਤੋ ਆਪ ਕਾ ਪਹਿਲੂ ਕਾ ਜ਼ਖਮ ਫਿਰ ਖੁਲ ਗਿਆ ਜੋ ਏਕ ਮੁਸਲਮਾਨ ਲੜਕੇ ਕੇ ਹਾਥੋਂ ਕਟਾਰ ਸੇ ਲਗਾ ਥਾ। ਔਰ ਗੁਰੂ ਸਾਹਿਬ ਕੇ ਨਾਦੇੜ ਸੇ ਪਹਿਲੇ ਚਲੇ ਆਨੇ ਕੀ ਵਜਾ ਯੇ ਥੀ ਕਿ ਆਪ ਪੋਸ਼ੀਦਾ ਤੌਰ ਪਰ ਰਹਿ ਕਰ ਔਰ ਸਿਖੋਂ ਕੇ ਹਾਲਾਤ ਦੇਖ ਉਨ ਕੀ ਰਹਿਬਰੀ ਕਰ ਸਕੇਂ।

ਬਹਰਹਾਲ ਨਾਦੇੜ ਮੇਂ ਸ਼ਹਾਦਤ ਕੇ ਵਾਕਿਆ ਸੇ ਇਨਕਾਰ ਯਾਂ ਉਸ ਕਾ ਇਕਰਾਰ ਮਜ਼ੀਦ ਤਹਿਕੀਕ ਤਲਬ ਹੈ ਮੈਂ ਉਸ ਕੇ

(੧) ਕਾਨ੍ਹ ਸਿੰਘ ਜੀ ਨੇ ਅਜਾਪਾਲ ਸਿੰਘ ਲਿਖਾ ਹੈ।



Sri Satguru Jagjit Singh Ji eLibrary NamdhariElibrary@gmail.com

ਬਾਦ[੧] ਕੇ ਕੁਛ ਹਾਲਾਤ ਬਤਾਣਾ ਚਾਹਤਾ ਹੂੰ ਜੋ ਯੇਹ ਹੈਂ।"

## ਬਹਾਦਰ ਸ਼ਾਹ ਨਾਲ ਅਜੋੜ

ਦੋ: ਇਕ ਅਜੋੜ ਹੈ ਦਸਣੀ, ਦੂਜਾ ਘਾਤਕ ਵਾਰ।
ਕੌਤਕ ਸਾਂਗ ਸਵਾਰਿਆ, ਇਤਿਹਾਸਾਂ ਅਨੁਸਾਰ।

॥ ਕਬਿਤ ॥

ਕੀਤਾ ਸਾਂਗ ਕੌਤਕ ਨਦੇੜ ਸਮੇਂ ਦਸਮ ਗੁਰ,
ਦਰਸ਼ਨ ਦੇਣ, ਹੁਣ ਲਿਖਾ ਸਾਰ ਥੋੜਾ ਜਿਹਾ।
ਕੀ ਲੋੜ ਪਈ ਗੁਰ ਕੌਤਕ ਇਹ ਕਰਨ ਦੀ ਸੀ,
ਸ਼ੰਕਾ ਵਾਦੀ ਦੂਜੇ ਅਟਕਾਨ ਜੇਹੜਾ ਰੋੜਾ ਜਿਹਾ।
ਸੋ ਭੀ ਦਸਾਂ ਉਸੇ ਤਰ੍ਹਾਂ ਇਤਿਹਾਸਾਂ ਵਿਚੋਂ ਜਿਵੇਂ,
ਜਿਵੇਂ ਜੀ ਆਜਮ ਦੇ ਜੰਮਿਆ ਸੀ ਫੋੜਾ ਜਿਹਾ।
ਵੇਖ ਦਸਮੇਸ਼ ਦੀਆਂ ਉਸ ਉਚ ਸ਼ਕਤੀਆਂ ਵੀ,
ਕੋਹੜਾ ਝਾੜ ਦਿਤਾ ਅੰਤ ਨੇਕੀ ਘਾਤ ਤੋੜਾ ਜਿਹਾ।

ਦੋ: ਜਿਸ ਤੋਂ ਗੁਰੂ ਜੀ ਜਾਣਿਆ, ਸਮਰਥ ਸੋਝੀ ਨਾਲ।
ਸਾਂਗ ਸੋ ਕੌਤਕ ਕਰ ਰਹੇ, ਰਖਦੇ ਬਿਰਦ ਖਿਆਲ।

ਹੁਣ ਮੈਂ ਇਤਿਹਾਸਕ ਸਬੂਤ ਦੇ ਕੇ ਦਸਦਾ ਹਾਂ ਕਿ ਦਸਮ ਜੀ ਦੀ ਬਹਾਦਰ ਸ਼ਾਹ ਦੇ ਕੌਲੋਂ ਹਰਨ ਦੇ ਕਾਰਨ ਅੰਦਰੋ ਅੰਦਰੀ ਅਜੋੜ ਹੋ ਗਈ ਹੋਈ ਸੀ। ਭਾਵੇਂ ਉਪਰੋਂ ਮਿਲਦੇ ਬੋਲਦੇ ਭੀ ਸੀ। ਜਿਸ ਦਾ ਹੀ ਸਿੱਟਾ ਗੁਰੂ ਜੀ ਨੂੰ ਫਟ ਲਗਣਾ ਤੇ ਗੁਰੂ ਜੀ ਦਾ ਅਲੋਪ ਹੋਣਾ ਸੀ।

---

(੧) ਗੁਰੂ ਜੀ ਦੇ ਉਪਰ ਲਿਖੇ ਸਮੇਂ ਤੋਂ ਬਾਦ ਦੇ ਹਾਲ ਅਰਥਾਤ ਸਿਖ ਰਾਜ ਦੇ ਹਾਲ।



Sri Satguru Jagjit Singh Ji eLibrary NamdhariElibrary@gmail.com

## ॥ ਕਬਿਤ ॥

ਕੰਮ ਲੈ[੧] ਕੌਲ ਤੇ ਨਹੀਂ ਰਿਹਾ ਬੋਲ ਪੀ ਗਿਆ ਏ,
ਆਜ਼ਮ ਨੂੰ ਨਕੰਮਾ ਜੀਓਂ ਗੁਰੂ ਜੀ ਸੀ ਜਾਣਿਆ।
ਉਤੋਂ ਉਹ ਭੀ ਆਦਰੇ ਖਾਹ ਗੁਰੂ ਜੀ ਭੀ ਮਿਲਦੇ ਸੀ,
ਦਿਲ ਵਖ ਰਖ, ਨਿਭਣ ਵਾਂਗਰਾਂ ਸਿਆਣਿਆਂ।
ਇਕ ਦੂਜੇ ਵਲੋਂ ਨਾਂ ਉਮੇਦ ਹੋਏ ਫੇਰ ਭੀ ਸੋ,
ਸੋਧ ਸਾਂਬਾ ਲਾਂਭ ਰਖ ਕਰਨ ਮਨੋ[੨] ਠਾਣਿਆ।
ਲਭ ਇਤਿਹਾਸੋਂ ਲਈ ਲਾਭ ਪੰਥ ਪਾਠਕਾਂ ਦੇ,
ਕਠਾ ਕਰ 'ਤਰਨ ਸਿੰਘ' ਇਕ ਥਾਂਨ ਆਣਿਆ।

ਦੋ: ਸੋ ਹੁਣ ਅਗੇ ਲਿਖ ਰਿਹਾਂ ਪੰਥ ਪਾਏ ਕੁਝ ਲਾਭ।
ਜਿਵੇਂ ਨਾਭਾ ਜੀ ਲਿਖਿਆ ਦਸ਼ਮ ਗੁਰ ਉਮਰ ਹਿਸਾਬ।

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਵਿਚ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਵੈਹਦੇ ਤੇ ਅਜੋੜ ਬਾਰੇ ਲਿਖਦੇ ਹਨ :—

(ਕਵੀ ਨੰਦ ਲਾਲ ਜੀ ਦੀ ਵਿਚੋਲਗੀ ਵਿਚ ਕਰਾਰ ਹੋਏ)

ਚੌ: ਏਕ ਸੁਆਲ ਆਨਤਿ ਮਨ ਮਾਹਿ।
ਹਮ ਸਲਤਨ ਜਗ ਕੀ ਦੇਂ ਤਾਹਿ।
ਨਿਜ ਪਿਤ ਕੇ ਸਮ ਹੋਏ ਨਾ ਕੂਰਾ।
ਤਉ ਕਾਰਜ ਤਿਸਕਾ ਹੋਏ ਪੂਰਾ।
ਏਕ ਸੁਆਲ ਜੋ ਕਹੇਂ ਸੁ ਮਾਨੋਂ।
ਤਿਨੋਂ ਭਰੋਸੇ ਮੈ ਰਣ ਠਾਨੋਂ।

---

(੧) ਦਸਮ ਜੀ ਤੋਂ ਤਾਰੇ ਨੂੰ ਮਰਵਾ ਕੇ ਬਹਾਦਰ ਸ਼ਾਹ ਨੇ ਬਾਦਸ਼ਾਹੀ ਲਈ ਸੀ।

(੨) ਗੁਰੂ ਜੀ ਬੰਦੇ ਬਹਾਦਰ ਨੂੰ ਸਿੰਘ ਦੇ ਕੇ ਪੰਜਾਬ ਵਲ ਟੋਰਿਆ ਤੇ ਗਦਰ ਪੁਆਇਆ ਤੇ ਬਹਾਦਰ ਸ਼ਾਹ ਨੇ ਪਠਾਣ ਤੋਂ ਮਾਰੂ ਵਾਰ ਕਰਵਾਇਆ।



Sri Satguru Jagjit Singh Ji eLibrary NamdhariElibrary@gmail.com

ਹਮ ਕੋ ਰਹਿਉ ਨਹੀਂ ਇਤਬਾਰ ।
ਫਿਰ ਜੈ ਹੈ ਨਿਜ ਕਾਜ ਸੁਧਾਰ ।
ਜਾਂਤੇ ਅਬ ਲਿਖਦੇ ਕਰ ਸੰਗ ।
ਏਕ ਸੁਆਲ ਮੈ ਦੇਹੁ ਅਭੰਗ ।......

(ਬਹਾਦਰ ਸ਼ਾਹ ਨੇ)

ਮਨ ਕੀ ਜਾਨ ਲਈ ਸਭ ਬਾਤ ।
ਅਬ ਸਹਾਏ ਹੁਏ ਹੈਂ ਦੇ ਦਾਤ ।
ਨਿਜ ਕਰ ਕੀ ਤਬ ਲਿਖਤ ਪਠਾਈ ।
ਏਕ ਸੁਆਲ ਮੈ ਦੇਉਂ ਬਨਾਈ ।

ਬਹਾਦਰ ਸ਼ਾਹ ਦੇ ਟਾਲਾ ਕਰਨ ਤੇ ਗੁਰੂ ਜੀ ਕਹਿੰਦੇ ਹਨ :—

ਚੌ:— ਸੁਨ ਸ੍ਰੀ ਮੁਖ ਸਾਹਿਬ ਫੁਰਮਾਇਉ ।
ਅਬ ਤੋਹਿ ਪਾਜ ਕਰਨ ਮਨ ਭਾਇਉ ।
ਇਸੀ ਹੇਤ ਹਮ ਲਿਖਤ ਕਰਾਈ ।
ਸਲਤਨ ਪਾਏ ਸੁ ਨਟ ਕਰ ਜਾਈ ।

ਉਪਰ ਲਿਖੇ ਤੋਂ ਜਾਹਰ ਹੁੰਦਾ ਹੈ ਕਿ ਗੁਰੂ ਜੀ ਤੇ ਬਹਾਦਰ ਸ਼ਾਹ ਵਿਚ ਕਾਫੀ ਅਜੋੜ ਪੈਦਾ ਹੋ ਗਿਆ ।

"ਗੁਰ ਬਿਲਾਸ ਪਾ: ੧੦" ਵਿਚ ਮਹੰਤ ਸੁਮੇਰ ਸਿੰਘ ਜੀ ਲਿਖਦੇ ਹਨ ।

(ਬਹਾਦਰ ਸ਼ਾਹ ਵਲੋਂ ਭਾਈ ਨੰਦ ਲਾਲ ਆਏ ਨੂੰ ਗੁਰੂ ਜੀ ਕਹਿੰਦੇ ਹਨ)

ਦੋ: ਹਮ ਪਤ ਸ਼ਾਹਤ ਦੇਂਹਗੇ ਤਾਰਾ ਆਜਮ ਮਾਰ ।
ਹਮਰੋ ਹੂੰ ਇਕ ਕਾਜ ਸੁ ਕਰਹਿ ਸ਼ਾਹ ਸੁਖ ਕਾਰ ।



Sri Satguru Jagjit Singh Ji eLibrary NamdhariElibrary@gmail.com

(ਬਹਾਦਰ ਸ਼ਾਹ ਮੰਨਦਾ ਹੈ ਕੇ ਮੈ ਜਿਵੇਂ ਗੁਰੂ ਜੀ ਕਹਿੰਦੇ ਹਨ ਕਰਾਂਗਾ)

ਚੌ: ਕਹਿਉ ਸ਼ਾਹਿ ਸੌਂ ਸੋ ਸਭ ਜਾਈ।
ਤਿਨ ਤਬ ਲੀਨੀ ਸੀਸ ਚਢਾਈ।

ਤੇ ਬਾਦ ਲਾਰੇ ਲਾਈ ਜਾਣ ਤੇ :—

ਸ੍ਰੀ ਗੁਰ ਕਹੀ ਫਰੇਬ ਕਰਤ ਤੂੰ, ਯਾਹੀ ਹੇਤ ਲਿਖਾਯੋ।
ਤਊ ਨਾ ਬਾਬਤ ਭਇਉ ਬਹਾਦਰ, ਗੀਦੀ ਤੋਹਿ ਬਨਾਯੋ।
ਤਊ ਬਰਖ ਤੇ ਊਪਰ ਬੀਤੇ, ਭਲੋ ਜਾਨ ਹੋ ਜੀ ਮੈਂ।
ਏਕ ਸੇਵਕ ਤੇ ਕਾਰਜ ਲੈ ਹੋ ਸਭ ਹੀ ਜਾਨ ਅਤੀ ਮੈਂ।
ਸੂਬੇ ਮਾਰ ਉਜਾਰ ਸੁ ਰਾਜਨ, ਸਰਹੰਦ ਸਕਲ ਉਜਾਰੈਂ।
ਏਕ ਏਕ ਕਾ ਪਲਟਾ ਲੇ ਹੋਂ, ਸੰਸ ਯਾਹਿ ਨਾ ਧਾਰੈ।

ਪੰਨਾਂ ੬੬੩

ਅੱਗੇ ਗਿਆਨੀ ਗਿਆਨ ਸਿੰਘ ਜੀ ਇਹਨਾਂ ਇਕਰਾਰਾਂ ਨੂੰ ਇਸ ਤਰ੍ਹਾਂ ਦਸਦੇ ਹਨ :—

॥ ਲਲਿਤ ਛੰਦ ॥

ਜੰਗ ਨਿਸੰਗ ਕਰੋ ਤੁਮ ਨੀਕੈ, ਹਮ ਮਦਦ ਸ਼ਭ ਕੈ ਹੈਂ।
ਤਾਰਾ ਆਜ਼ਮ ਕੋ ਹਮ ਹਨ ਕੈ, ਤਖਤ ਤੁਮਹਿ ਲੈ ਦੇ ਹੈਂ।
ਪੈ ਹਮ ਕੋ ਲਿਖ ਦੇਹੁ "ਮੁਅੱਜ਼ਮ" ਜਿਨ ਜਿਨ ਕੋ ਹਮ ਚਾਹੈਂ।
ਜਬ ਹਮ ਤਿਸ ਕੀ ਫਤੇ ਕਰਾਵਹਿ ਤਿਨ ਕੀ ਦੇਵੈਂ ਬਾਹੈਂ।
ਨੰਦ ਲਾਲ ਯਹਿ ਸੁਨ ਗੁਰਬਾਣੀ, ਮਾਨ ਸਤਯ ਮਨ ਮਾਹੈਂ।
ਆਗਿਆ ਲੈ ਕਰ ਗੁਰ ਤੇ ਆਇਉ, ਸਾਹ ਬਹਾਦਰ ਪਾਹੈਂ
ਜੋ ਗੁਰ ਕਹਿਯੋ ਸੁਨਾਇਉ ਸਭ ਜਬ, ਸੁਨ ਕਰ ਸਾਹਿ ਬਹਾਦਰ,



Sri Satguru Jagjit Singh Ji eLibrary NamdhariElibrary@gmail.com

ਹੋਏ ਮੋਦ ਪਰਮੋਦ ਮਾਬ ਧਰ, ਲਿਖ ਦੀਨੋ ਯੇਹ ਸਾਦਰ।
ਜੋ ਕਿਛ ਬਚਨ ਗੁਰੂ ਫੁਰਮਾਵਹਿ, ਸੋ ਕਰ ਹੋਂ ਮੈਂ ਤਬ ਹੀ,
ਸੱਤ੍ਰਨ ਕੋ ਮੈ ਜੰਗ ਜੀਤ ਕਰ, ਸਾਹੀ ਪਾਊ ਜਬ ਹੀ
ਲਿਖਿਉ ਸਾਹਿ ਕਾ ਯਾਹਿ ਗੁਰੂ ਕੋ, ਲਿਆਏ ਜਬਹਿ ਪਕਰਾਇਉ,
ਕਹਿਉ ਗੁਰੂ ਅਬ ਜਾਹੁ ਜੰਗ ਲੇਹੁ ਸੱਤ੍ਰਨ ਕੇ ਸਮੁਹਾਇਉ।
ਤਾਰੇ ਆਜ਼ਮ ਕੋ ਹਮ ਹਤ ਹੈ ਗੁਪਤ ਆਏ ਕਰ ਰਨ ਮੈਂ।
ਜਾਏ ਕਹੋ ਤੁਮ ਅਬੀ ਸਾਹਿ ਕੋ ਜਰਾ ਨਾ ਸੁਕਚੈ ਮਨ ਮੈਂ।

ਪੰਨਾਂ ੨੩੭

(ਜਿੱਤ ਹੋਣ ਤੋਂ ਬਾਦ ਗੁਰੂ ਜੀ ਤੇ ਬਹਾਦਰ ਸ਼ਾਹ ਦੀ ਗੱਲ ਬਾਤ)।

ਬਾਦਸ਼ਾਹ ਹ੍ਵੈ ਮੋਦ ਅਧਿਕ ਫਿਰ ਗੁਰ ਢਿਗ ਕਹਿਉ ਸੁਨਾਈ।
ਜੋ ਕਿਛ ਰਾਵਰ ਕੀ ਹ੍ਵੈ ਮਰਜ਼ੀ ਕਹੋ ਕਰਉਂ ਅਬ ਸਾਈ।
ਗੁਰੂ ਕਹਿਉ ਹਮਰੇ ਜੋ ਦੁਸ਼ਮਨ ਹਮ ਕੋ ਦਿਹੁ ਪਕਰਾਈ।
ਸ਼ਾਹਿ ਕਹਿਉ ਕੁਛ ਔਰ ਮਾਂਗ ਲੇਹੁ ਅਬਹੀ ਯਹਿ ਨਹ ਥਾਈ।
ਸੁਨ ਜ਼ਬਾਬ ਗੁਰ ਕਹਿਉ ਸਾਹਿ ਕੋ ਭਇਉ ਬਿਮੁਖ ਤੂੰ ਅਬ ਹੀ।
ਹਮ ਇਕ ਬੰਦਾ ਪਠ ਕੈ ਆਪਣਾ ਬਦਲਾ ਲੈ ਹੈਂ ਸਭ ਹੀ।

ਪੰਨਾਂ ੨੩੯

(ਬਿਰਦ ਤੇ ਅੰਗ ਪਾਲ ਗੁਰੂ ਜੀ ਵਲੋਂ ਜੋ ਬੰਦੇ ਨੂੰ ਹੁਕਮ ਹੋਇਆ)।

ਚੌ:— ਹੁਤੋ ਪੀਰ ਇਕ ਬੁਧੂ ਸਾਹਿ।
ਬਿਦਤ ਗ੍ਰਾਮ ਸਢੌਰੇ ਮਾਹਿ।
ਤਿਨ ਜਬ ਕੀਨੀ ਗੁਰ ਕੀ ਮਦਤ।
ਤਿਸ ਪਰ ਤੁਰਕੋਂ ਨੇ ਕਰ ਸ਼ਿਦਤ।



Sri Satguru Jagjit Singh Ji eLibrary NamdhariElibrary@gmail.com

ਫਤਵਾ ਮੌਲਵੀਉਂ ਤੇ ਲੈ ਕੈ।
ਬੁਧੂ ਸ਼ਾਹ ਹਤਿਉ ਦੁਖ ਦੈ ਕੈ।
ਸੋ ਸਭ ਸਾਰ ਦਸਮ ਗੁਰ ਪਾਈ।
ਮਨ ਮੈ ਰਾਖੀ ਭਲੇ ਬਨਾਈ।
ਜਬ ਬੰਦੇ ਕੋ ਪਠਿਉ ਚੜਾਈ।
ਤਬ ਤਿਸ ਢਿਗ ਗੁਰੂ ਥੀ ਗਾਈ।
ਬੈਰ ਸਜਾ ਦਿਉਂ ਕਾ ਲਿਹੁ ਪਾਛੇ।
ਨਗਰ ਸਢੌਰਾ ਪਹਿਲੇ ਆਛੇ।
ਮਾਰ ਕਤਲ ਤੁਰਕਨ ਕੋ ਕਈਉ।
ਬੈਰ ਸਾਹਿ ਬੁਧੂ ਕਾ ਲਈਉ।

ਪੰਨਾ ੨੬੨

ਬੰਦੇ ਬਹਾਦਰ ਦੇ ਗੁਰੂ ਕੇ ਹੁਕਮ ਦੇ ਕੀਤੇ ਕੰਮਾਂ ਤੇ ਹੋਰ ਮਾਰਾਂ ਤੋਂ ਤੰਗ ਹੋ ਤੁਰਕਾਂ ਨੇ ਲਹੌਰ ਦੇ ਸੂਬੇ ਵਲੋਂ ਹੋਰ ਵਾਧੂ ਗਲਾਂ ਲਿਖਾ ਬਦਾਹਰ ਸ਼ਾਹ ਵਲ ਘਲ਼ੀਆਂ ਜਿਸ ਤੋਂ ਉਸ ਨੂੰ ਹੋਸ਼ ਆਵੇ। ਤਾਂ ਬਹਾਦਰ ਸਾਹ ਗੁਰੂ ਜੀ ਨਾਲ ਗਲ਼ ਕਰਦਾ ਏ ਤੇ ਗੁਰੂ ਜੀ ਉਸ ਨੂੰ ਉਤਰ ਦੇਂਦੇ ਹਨ। ਜਿਸ ਤੋਂ ਭੀ ਏਹੋ ਸਿਧ ਹੁੰਦਾ ਹੈ ਕਿ ਜਿਵੇਂ ਗਲ਼ ਸ਼ੁਰੂ'ਚ ਹੋਈ ਸੀ ਉਸ ਵਿਚ ਰੰਜਸ਼ ਤੇ ਫਰਕ ਪੈ ਗਿਆ ਹੈ।

॥ ਹਾਕਲਾ ਛੰਦ ॥

ਫਿਰ ਸ਼ਾਹ ਬਹਾਦਰ ਖਾਸੈ। ਕਰ ਜੋਰ ਕਹਿਉ ਗੁਰ ਪਾਸੇ।
ਹੇ ਸਤਿਗੁਰੂ ਦੀਨ ਦਇਆਲੇ। ਇਕ ਕਿਰਪਾ ਕਰੋ ਬਿਸਾਲੇ।
ਜੋ ਬੰਦਾ ਸਿਖ ਤੁਮਾਰਾ। ਹੈ ਗਇਓ ਪੰਜਾਬ ਮਝਾਰਾ।
ਜਿਸ ਹਿਤ ਤੁਮ ਵਹਿ ਪਠ ਦੀਨਾ। ਸੋ ਕਾਰਜ ਸਭ ਉਨ ਕੀਨਾ।...



Sri Satguru Jagjit Singh Ji eLibrary NamdhariElibrary@gmail.com

ਅਬ ਮਹਰ ਆਪ ਦਿਲ ਧਰੀਏ। ਮੁਝ ਪਰ ਯਹ ਕਿਰਪਾ ਕਰੀਏ।
ਲਿਖ ਪਠੀਏ ਜੋਂ ਤਿਸ ਤਾਂਈ। ਨਹਿ ਜ਼ੁਲਮੀਂ ਕਰੈ ਮਹਾਈਂ।
ਯਹ ਖਲਕ ਖੁਦਾ ਕੀ ਹਈਏ। ਨਹੀਂ ਅਤੀ ਦੁਖਾਵਨ ਚਹੀਏ।
ਨਹਿ ਗਦਰ ਮੁਲਕ ਮਹਿ ਪਾਵੈ। ਹਮ ਤੇ ਜੋ ਚਹਿ ਮਨਵਾਵੈ।
ਸਭ ਸਿੰਘਨ ਕੋ ਦਿਲਵਾਵੈ। ਮਨ ਜੇਤਕ ਤਾਂਕੇ ਭਾਵੈ।
ਪੁਨ ਮੈ ਹੌ ਦਾਸ ਤੁਮਾਰਾ। ਜਿਮ ਔਰ ਖਾਲਸਾ ਸਾਰਾ।
ਜਬ ਯਾ ਬਿਧ ਸਾਹਿਬਹਾਦਰ। ਸਤਿਗੁਰ ਢਿਗ ਭਾਖਿਉ ਸਾਦਰ।
ਤਬ ਯੌਂ ਗੁਰ ਬਚਨ ਉਚਾਰੇ। ਸੁਨ ਸਾਹਿ ਬਹਾਦਰ ਪਿਆਰੇ।
ਤੁਮਨੇ ਜੋ ਸੰਗ ਹਮਾਰੇ। ਕੀਨੋ ਥਾ ਇਕ ਇਕਰਾਰੇ।
ਨਹਿ ਪੂਰਨ ਸੋ ਤੁਮ ਕੀਨੋ। ਹਮ ਤਿਸੀ ਕਾਜ ਹਿਤ ਚੀਨੋਂ
ਇਕ ਬੰਦਾ ਪੁਰਖ ਨਿਵਾਜ਼ਾ, ਤਿਸ ਤੇ ਕਰਵਾਇਉ ਕਾਜਾ।
ਹਮ ਹੁਕਮ ਜੋ ਤਿਸ ਕੋ ਦੀਨਾ, ਸਭ ਸੀਸ ਧਾਰ ਤਿਨ ਕੀਨਾ।
ਅਰ ਅਜਮਤ ਤਿਸ ਕੋ ਦੀਨੀ। ਹਮਨੇ ਸਭ ਬਿਧ ਕੀ ਪੀਨੀ।
ਜੋ ਬੋਲ ਭਲੇ ਜਨ ਰਰ ਹੈਂ। ਫਿਰ ਪਾਲਨ ਤਿਸ ਕੋ ਕਰ ਹੈਂ।
ਜੋ ਬੈਨ ਨਾ ਆਪਣੇ ਪਾਲਤ। ਤਿਨ ਕੋ ਜਮ ਦੋਜਕ ਡਾਲਤ।
ਜੋ ਬਚਨ ਸੁਪੁਰਸ਼ਨ ਕੇਰਾ। ਮੁਖ ਤੇ ਨਿਕਸਿਉ ਇਕ ਬੇਰਾ।
ਵਹਿ ਫਿਰਤ ਨਾਹਿ ਫਿਰ ਐਸੇ। ਪਿਖ ਦੰਤ ਦੁਰਦ ਕਾ ਜੈਸੇ।
ਜਿਉਂ ਛੁਟਿਉ ਤੀਰ ਕਮਾਨੋਂ। ਫਿਰ ਫਿਰਤ ਨਾ ਪੀਛੇ ਜਾਨੋਂ।

ਦੋ: ਸਾਹਿ ਬਹਾਦਰ ਫਿਰ ਕਹੀ ਹਾਥ ਜੋਰ ਕਰ ਬਾਤ।
ਜੇ ਨਹਿ ਬਰਜਤ ਆਪਤਿਸ ਗਦਲ ਮਿਟੈ ਕਿਸ ਭਾਂਤ।

ਪੰਨਾ ੨੭੭

ਇਸ ਤੋਂ ਅਸਲੀਅਤ ਇਹ ਸਾਬਤ ਹੁੰਦੀ ਹੈ ਕਿ ਬਹਾਦਰ ਸ਼ਾਹ ਅਪਣੀ ਕੀਤੀ ਜ਼ਬਾਨ ਤੋਂ ਵਧ ਕੇ ਅਪਣੇ ਰਾਜ ਕਾਜ ਨੂੰ ਬੇ-ਖਟਕਾ ਤੇ ਪਕਾ ਕਰਨਾ ਚਾਹੁੰਦਾ ਸੀ ਤੇ ਗੁਰੂ ਜੀ ਐਸੇ ਜਾਲਮ ਤੇ



Sri Satguru Jagjit Singh Ji eLibrary NamdhariElibrary@gmail.com

ਬੇ-ਜ਼ੁਬਾਨੇ ਰਾਜ ਨੂੰ ਜੜ੍ਹੋਂ ਹੀ ਗਵਾਣਾ ਚਾਹੁੰਦੇ ਸੀ ਜਿਸ ਦਾ ਸਿੱਟਾ ਅਜੋੜ ਹੋਣਾ ਨਿਕਲਿਆ ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ "ਸ੍ਰੀ ਕਲਗੀਧਰ ਚਮਤਕਾਰ" ਵਿਚ ਭੀ ਏਸੇ ਭਾਵ ਦਾ ਸੂਚਕ ਨੋਟ ਦਿਤਾ ਹੈ :—

"ਆਗਰੇ ਪਾਤਸ਼ਾਹ ਨਾਲ ਦੇਸ਼ ਦੇ ਸੁਖ ਸਾਂਤੀ ਲਈ ਤੇ ਉਸ ਦੇ ਜਗ ਤੋਂ ਪਹਿਲੇ ਕੀਤੇ ਇਕਰਾਰਾਂ ਦੇ ਪੂਰਾ ਕਰਨ ਦੇ ਮਾਮਲੇ ਨਜਿਠੇ ਜਾਣ ਦੇ ਜਤਨ ਹੁੰਦੇ ਰਹੇ । ਆਸ ਸੀ ਕਿ ਫੈਸਲੇ ਹੋ ਜਾਣ ਤੇ ਆਪ ਅਨੰਦਪੁਰ ਨੂੰ ਮੁੜ ਪੈਂਦੇ ਪਰ ਪਾਤਸ਼ਾਹ ਦੀ ਕਛਵਾਹੇ ਦੇ ਰਾਜਪੂਤਾਂ ਤੇ ਹਮਲਾ ਕਰਨ ਦੀ ਸਲਾਹ ਹੋਈ ਤੇ ਫੇਰ ਦਖਣ ਤੋਂ ਕਾਇਮ ਬਖਸ਼ ਦੀ ਬਗਾਵਤ ਦੀ ਖਬਰ ਸੁਣ ਕੇ ਬਾਦਸ਼ਾਹ ਛੇਤੀ ਤੁਰ ਪਿਆ ਤੇ ਗੁਰੂ ਜੀ ਭੀ ਦਖਣ ਨੂੰ ਤੁਰ ਪਏ ਜੋ ਰਾਹ ਵਿਚ ਗਲਾਂ ਤੈਹ ਹੋ ਜਾਣਗੀਆਂ ।"

ਪੰਨਾ ੩੩੫

ਉਪਰ ਲਿਖੇ ਤੋਂ ਭੀ ਏਹੀ ਸਿਧ ਹੂੰਦਾ ਹੈ ਕਿ ਕੋਈ ਨਜਿਠ ਨਹੀਂ ਸੀ ਹੋਇਆ ਤੇ ਦਿਲਾਂ ਵਿਚ ਗਿਲ੍ਹੇ ਪੈ ਗਏ ਸੀ। ਕਿਉਂਕਿ ਦਿਤੀ ਮਦਦ ਦਾ ਗੁਰੂ ਜੀ ਤੁਰਤ ਹਾਸਲ ਲੈਣਾ ਚਾਹੁੰਦੇ ਸੀ। ਤੇ ਬਾਦਸ਼ਾਹ ਹੋਰ ਬੰਦੋਬਸਤਾਂ ਵਲ ਖਿਆਲ ਦੇਣ ਦੇ ਪਜ ਟਾਲਣਾ ਚਾਹੁੰਦਾ ਸੀ ।

ਅਗੇ ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਏਸੇ ਅਜੋੜ ਬਾਰੇ ਵਿਸਥਾਰ ਨਾਲ "ਦਸਮੇਸ਼ ਪਰਕਾਸ਼" ਵਿਚ ਇਉਂ ਲਿਖਦੇ ਹਨ :—

(ਬਹਾਦਰ ਸ਼ਾਹ ਨੇ ਲਿਖ ਦੇਣਾ ਕਿ ਜੋ ਆਖੋਗੇ ਪੂਰਾ ਕਰਾਂਗਾ)



Sri Satguru Jagjit Singh Ji eLibrary NamdhariElibrary@gmail.com

(ਬੈਂਤ)

"ਗ਼ਰਜ਼ ਵਿਚ ਜਹਾਨ ਦੇ ਬੁਰੀ ਹੁੰਦੀ,
ਝਟ ਲਿਖਿਆ ਜੋ ਫੁਰਮਾਉਗੇ ਜੀ।
ਪੂਰੀ ਕਰਾਂਗਾ ਕਸਮ ਕੁਰਾਨ ਮੈਨੂੰ,
ਤਾਜ ਤਖਤ ਜੇ ਮੈਨੂੰ ਦਿਵਾਉਗੇ ਜੀ।
ਮੈਂ ਆਗਰੇ ਨੂੰ ਸਿਧਾ ਚਲਦਾ ਹਾਂ,
ਤੁਸੀਂ ਖਬਰ ਭੇਜੋ ਕਦੋਂ ਆਉਗੇ ਜੀ।
ਮੇਰਾ ਪਾਸਾ ਕਮਜੋਰ ਕਰਤਾਰ ਸਿੰਘਾ,
ਬੇੜਾ ਤੁਸ਼ੀਂ ਆਪੇ ਬੰਨੇ ਲਾਉਗੇ ਜੀ।

(ਜਿਤ ਹੋਣ ਤੋਂ ਬਾਦ ਬਹਾਦਰ ਸ਼ਾਹ ਨੇ ਪੂਰਾ ਕਰਨ ਵਾਲਾ ਇਕਰਾਰ ਸਤਿਗੁਰਾਂ ਤੋਂ ਪੁਛਣਾ)

ਇਕ ਰੋਜ਼ ਬਾਦਸ਼ਾਹ ਨੇ ਆ ਕਰਕੇ,
ਪਾਸ ਬੈਠ ਕੇ ਬਾਤ ਚਲਾਈ ਏ ਜੀ।
ਕੀ ਆਪ ਦਾ ਸ਼ੁਕਰ ਅਦਾ ਕਰਾਂ,
ਮੈਨੂੰ ਬਖਸ਼ ਦਿਤੀ ਬਾਦਸ਼ਾਹੀ ਏ ਜੀ।
ਬੰਦਾ ਆਪ ਦਾ ਮੈਂ ਗੁਲਾਮ ਗੁਰ ਜੀ,
ਹੁਣ ਹੁਕਮ ਮੈਨੂੰ ਫੁਰਮਾਈਏ ਜੀ।
ਕਰਾਂ ਪੂਰਾ ਮੈਂ ਹੁਣ ਕਰਤਾਰ ਸਿੰਘਾ,
ਜੋ ਸਤਿਗੁਰੋ ਆਪ ਨੂੰ ਚਾਹੀਏ ਜੀ।

(ਸ੍ਰੀ ਦਸਮੇਸ਼ ਜੀ ਨੇ ਬਾਦਸ਼ਾਹ ਤੋਂ ਇਹ ਢਕਾਂ ਮੰਗਣੀਆਂ)

ਗੁਰਾਂ ਆਖਿਆ ਧੰਨ ਦੀ ਲੋੜ ਨਾਹੀਂ,
ਨਾਹੀਂ ਸਾਨੂੰ ਜਗੀਰ ਦਾ ਚਾ ਸ਼ਾਹਾ।



Sri Satguru Jagjit Singh Ji eLibrary NamdhariElibrary@gmail.com

ਸਿਰਫ ਥੋੜੇ ਜਹੇ ਆਦਮੀ ਮੰਗਦੇ ਹਾਂ,
ਸਾਨੂੰ ਦੇਹ ਤੂੰ ਹੁਣ ਪਕੜਾ ਸ਼ਾਹਾ।
ਪਹਿਲੇ ਦੇਹ ਵਜੀਦਾ ਸਰਹੰਦ ਵਾਲਾ,
ਸੁਚਾ ਨੰਦ ਦੀਵਾਨ ਰਲਾ ਸ਼ਾਹਾ।
ਰੋਪੜ ਵਾਲਾ ਮਕੱਰਮ ਖਾਂ ਦੇ ਦੇ,
ਖਾਂ ਦਲੇਰ ਲਹੌਰੋਂ ਮੰਗਾ ਸ਼ਾਹਾ।
ਨਾਜ਼ਮ ਦੀਨ ਜਲੰਧਰੋਂ ਫੜ ਲੈ ਖਾਂ,
ਸ਼ਮਸ਼ ਖਾਂ ਬਜਵਾੜੀਆ ਪਾ ਸ਼ਾਹਾ।
ਕਰਮ ਚੰਦ ਫਗਵਾੜੇ ਦਾ ਖਤਰੀ ਹੈ,
ਗੰਗਾ ਰਾਮ ਖੇੜੀ ਤੋਂ ਬੰਨ੍ਹਾ ਸ਼ਾਹਾ।
ਜਾਨੀ ਖਾਂ ਮਾਨੀ ਖਾਂ ਮੁਰੰਡੇ ਵਾਲੇ,
ਹਾਜ਼ਰ ਏਹਨਾਂ ਤਾਂਈਂ ਕਰਵਾ ਸ਼ਾਹਾ।
ਰਾਮ ਸਰਨ ਹੰਡੂਰੀਆ ਫੜ ਦੇ ਤੂੰ,
ਦੇਈਏ ਪਾਪੀ ਦੇ ਤਾਂਈਂ ਸਜ਼ਾ ਸ਼ਾਹਾ।
ਹੋਰ ਰਾਜਾ ਅਜਮੇਰ ਕਹਿਲੂਰ ਵਾਲਾ,
ਇਹ ਫਸਾਦ ਦਾ ਮੁਢ ਗਿਣਾ ਸ਼ਾਹਾ।
ਨਾਲੇ ਖਾਨ ਜਮਾਲ ਹਲਵਾਰੇ ਵਾਲਾ,
ਸੀ ਰਿਹਾ ਫਤੂਰ ਮਚਾ ਸ਼ਾਹਾ।
ਖੁਆਜਾ ਖਿਜਰ ਮਲੇਰੀਆ ਗਿਣ ਲੈ ਤੂੰ,
ਕੀਤੇ ਦਗੇ ਏਹਨਾਂ ਸੌਂਹਾਂ ਖਾ ਸ਼ਾਹਾ।
ਨਾਲੇ ਖਾਂ ਅਸਮਾਨ ਸਮਾਣੇ ਵਾਲਾ,
ਤੇ ਸਢੌਰੀਏ ਸਯਦ ਲਖਾ ਸ਼ਾਹਾ।
ਢੱਕਾਂ ਇਹ ਸਾਨੂੰ ਪਕੜਾ ਦੇ ਤੂੰ,
ਕੀਤਾ ਆਪਣਾ ਸੁਖਨ ਨਿਭਾ ਸ਼ਾਹਾ।



Sri Satguru Jagjit Singh Ji eLibrary NamdhariElibrary@gmail.com

ਅਸਾਂ ਆਪਣਾ ਤੁਰਤ ਨਿਭਾ ਦਿਤਾ,
ਪੂਰਾ ਆਪਣਾ ਕਰ ਦਿਖਾ ਸ਼ਾਹਾ ।
ਇਹਨਾਂ ਹਾਕਮਾਂ ਦਗੇ ਫਰੇਬ ਕੀਤੇ,
ਦਈਏ ਏਹਨਾਂ ਨੂੰ ਫਲ ਭੁਗਾ ਸ਼ਾਹਾ ।
ਜੇ ਹਈ ਹਿੰਮਤ ਕਰਤਾਰ ਸਿੰਘਾ,
ਕਰਜ਼ ਸਿਰ ਤੋਂ ਕਰ ਅਦਾ ਸ਼ਾਹਾ ।

(ਬਾਦਸ਼ਾਹ ਦੀ ਹੈਰਾਨਗੀ)

ਇਹ ਸੁਣ ਕੇ ਬਾਦਸ਼ਾਹ ਗੁੰਮ ਹੋਇਆ ।
ਗੱਲਾਂ ਪੂਰੀਆਂ ਇਹ ਕਰਾਂ ਕੀ ਕੂੰ ।
ਹੈਨ ਆਦਮੀ ਸਾਰੇ ਇਹ ਬੜੇ ਬੜੇ,
ਇਕ ਦਮ ਫੜਾ ਮੰਗਾਂ ਕੀ ਕੂੰ ।
ਗਦਰ ਦੇਸ ਦੇ ਵਿਚ ਜੇ ਪੈ ਜਾਵੇ,
ਉਹ ਫੇਰ ਤੁਫਾਨ ਮਿਟਾਂ ਕੀਕੂੰ ।
ਹੱਥੀਂ ਆਪਣੀ ਆਪ ਵਿਗਾੜ ਕਰਕੇ,
ਬੈਠ ਤਖਤ ਦੀ ਕਾਰ ਚਲਾਂ ਕੀਕੂੰ ।
ਏਧਰ ਗੁਰੂ ਜੀ ਗੁੱਸੇ ਹੋ ਗਏ ਜੇ,
ਬਦ ਦੁਆ ਤੋਂ ਡਰਾਂ ਬਣਾਂ ਕੀਕੂੰ ।
ਜੇ ਨਾਲ ਮਰਹੱਟਿਆਂ ਜਾ ਮਿਲੇ,
ਔਖੀ ਬਣੇਗੀ ਵੇਲਾ ਟਪਾਂ ਕੀਕੂੰ ।
ਗੱਲਾਂ ਦੋਏ ਮੇਰੇ ਲਈ ਬਹੁਤ ਬੁਰੀਆਂ,
ਪਲਾਂ ਆਪਣਾ ਹੁਣ ਛਡਾਂ ਕੀਕੂੰ ।
ਕਰ ਬੈਠਾ ਇਕਰਾਰ ਕਰਤਾਰ ਸਿੰਘਾ,
ਫ਼ਸ ਗਿਆ ਹਾਂ ਤੋੜ ਚੜ੍ਹਾਂ ਕੀਕੂੰ ।



Sri Satguru Jagjit Singh Ji eLibrary NamdhariElibrary@gmail.com

(ਬਾਦਸ਼ਾਹ ਨੇ ਇਕਰਾਰ ਪੂਰਾ ਕਰਨ ਤੋਂ ਟਾਲਾ-ਵਾਲਾ ਕਰਨਾ)

ਦਿਲੋਂ ਹੋਰ ਤੇ ਮੂੰਹ ਤੋਂ ਹੋਰ ਹੋਇਆ,
ਕਹਿੰਦਾ ਬਖਸ਼ ਲੈਣਾ ਮੇਹਰ ਕਰ ਗੁਰ ਜੀ।
ਅਜੇ ਤਹਿਤ ਮੇਰਾ ਚੰਗਾ ਨਹੀਂ ਬੈਠਾ,
ਕਿਵੇਂ ਲਾਂ ਇਨ੍ਹਾਂ ਤਾਂਈ ਫੜ ਗੁਰ ਜੀ।
ਇਹਨਾਂ ਵਿਚ ਵੱਡੇ ਵੱਡੇ ਹੈਨ ਸੂਬੇ,
ਹੈ ਗਦਰ ਪੈ ਜਾਣ ਦਾ ਡਰ ਗੁਰ ਜੀ।
ਅੱਛੀ ਤਰ੍ਹਾਂ ਜਾਂ ਰਾਜ ਸੰਭਾਲ ਲਾਂ ਗਾ,
ਫੇਰ ਜਾਏਗਾ ਕੰਮ ਇਹ ਸਰ ਗੁਰ ਜੀ।
ਹਾਲਾਂ ਪਰਗਣਾ ਕੋਈ ਜਗੀਰ ਲੈ ਲਉ,
ਉਥੇ ਬੈਠ ਜਪੋ ਹਰ ਹਰ ਗੁਰ ਜੀ।
ਜਿੰਨਾਂ ਹੋਇਆ ਨੁਕਸਾਨ ਕਰਤਾਰ ਸਿੰਘਾ,
ਕੌਡੀ ਕੌਡੀ ਦਿਆਂ ਸਾਰਾ ਭਰ ਗੁਰ ਜੀ।

(ਸ੍ਰੀ ਦਸਮੇਸ਼ ਜੀ ਨੇ ਬਾਦਸਾਹ ਨੂੰ ਗੁੱਸੇ ਨਾਲ ਆਖਣਾ)

ਉਹੋ ਗੱਲ ਕਰੇਂ ਜੇਹੜੀ ਆਖਦੇ ਸਾਂ,
ਵਾਂਗੂ ਬਾਪ ਫਰੇਬ ਕਮਾਉਣ ਲਗੋਂ।
ਤਖਤ ਲੈ ਬੈਠੋਂ ਦਿਲ ਹੋਰ ਹੋਇਆ,
ਸਾਨੂੰ ਕਰ ਗੱਲਾਂ ਪਰਚਾਉਣ ਲਗੋਂ।
ਵੇਲਾ ਨਿਕਲ ਗਿਆ ਹੁਣ ਲੋੜ ਕਾਹਦੀ,
ਐਵੇਂ ਲਾਰਿਆਂ ਵਿਚ ਰਖਾਉਣ ਲਗੋਂ।
ਅਸਾਂ ਕੰਮ ਕੀਤਾ ਤੇਰਾ ਤੁਰਤ ਫੁਰਤੀ,
ਆਪ ਲੰਮੇਂ ਇਕਰਾਰ ਸੁਨਾਉਣ ਲਗੋਂ।



Sri Satguru Jagjit Singh Ji eLibrary NamdhariElibrary@gmail.com

ਏਸੇ ਵਾਸਤੇ ਅਸਾਂ ਲਿਖਾ ਲਿਆ,
ਹੁਣ ਛੱਡ ਈਮਾਨ ਘਬਰਾਉਣ ਲਗੋਂ।
ਇਹ ਤਾਂ ਏਵੇਂ ਹੋਣੀ ਕਰਤਾਰ ਸਿੰਘਾ,
ਜੇਹੜੀ ਗੱਲ ਦਾ ਖੌਫ ਤੂੰ ਖਾਉਣ ਲਗੋਂ।

ਤਥਾ:— ਤੂੰ ਕਰ ਇਕਰਾਰ ਹੋ ਗਿਉਂ ਝੂਠਾ,
ਅਸਾਂ ਏਸੇ ਤਰਾਂ ਕਰਵਾਵਣਾ ਏ।
ਢੱਕਾਂ ਮੰਗੀਆਂ ਤੂੰ ਸਾਨੂੰ ਦਿਤੀਆਂ ਨਹੀਂ,
ਅਸਾਂ ਸਾਰਿਆਂ ਤਾਈਂ ਫੜਾਵਣਾ ਏਂ।
ਤੂੰ ਜਾਲਾਂ ਬਧੀ ਲੰਮੇ ਲਾਏਂ ਲਾਰੇ,
ਝਟ ਪਟ ਕਰ ਅਸਾਂ ਵਿਖਾਵਣਾ ਏਂ।
ਅਸੀਂ ਵੇਖ ਹੁਣੇ ਇਕ ਸਿੱਖ ਘਲਦੇ,
ਜਿਸ ਤੁਸਾਂ ਦੇ ਤਾਈਂ ਪਿਟਾਵਣਾ ਏਂ।
ਵੈਰ ਲਏ ਗਾ ਸਾਡੇ ਉਹ ਸਾਰਿਆਂ ਤੋਂ,
ਤੁਰਕਾਂ ਹਸਦਿਆਂ ਤਾਈਂ ਰੁਆਵਣਾ ਏ।
ਜੇਹੜੇ ਗਦਰ ਦਾ ਬਾਦਸ਼ਾਹ ਖੌਫ ਤੈਨੂੰ,
ਝਟ ਪਟ ਆ ਓਸ ਪਵਾਵਣਾ ਏਂ।
ਜੇਹੀ ਤੁਸਾਂ ਕੀਤੀ ਹਿੰਦ ਨਾਲ ਸ਼ਾਹਾ,
ਫਲ ਉਹੋ ਜੇਹਾ ਤੁਸਾਂ ਖਾਵਣਾ ਏਂ।
ਇਕੋ ਬੰਦਾ ਸਾਡਾ ਸਾਰੇ ਕੰਮ ਕਰਸੀ,
ਤੂੰ ਵੇਖ ਕੰਨੀ ਹਥ ਲਾਵਣਾ ਏਂ।......

ਤਥਾ:— ਦੂਜੀ ਗਲ ਜਗੀਰ ਦੀ ਕਹੀ ਜੇਹੜੀ,
ਇਸ ਗਲ ਉਤੇ ਸਾਡੀ ਭਾਵਨਾ ਨਹੀਂ।
ਦੀਨ ਦੁਨੀਆਂ ਦੀ ਛਡ ਬਾਦਸ਼ਾਹੀ,
ਜਗੀਰਦਾਰ ਤੇਰੇ ਅਖਵਾਵਣਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਇਕ ਪਰਗਣਾ ਲੈ ਜਾਗੀਰ ਤੈਥੋਂ,
ਵਟਾ ਨਾਮ ਦੇ ਤਾਈਂ ਲਗਾਵਣਾ ਨਹੀਂ ।
ਰਬੀ ਬਰਕਤਾਂ ਦੇ ਅਸੀਂ ਹਾਂ ਮਾਲਕ,
ਤਾਬੇਦਾਰ ਤੇਰੇ ਸਦਵਾਵਣਾ ਨਹੀਂ ।

ਤਥਾ :— ਤੀਜਾ ਕਹਿਆ ਨੁਕਸਾਨ ਮੈਂ ਭਰ ਦੇਣਾਂ,
ਏਹ ਵੀ ਤੂੰ ਕਿਥੋਂ ਪੂਰਾ ਕਰਨ ਜੋਗਾ ।
ਸਾਡਾ ਹੋਇਆ ਅਨੰਦਪੁਰ ਵਿਚ ਜਿੰਨਾ.
ਕਿਥੋਂ ਉਤਨਾ ਹੈਂ ਤੂੰ ਭਰਨ ਜੋਗਾ ।
ਤੇਰੇ ਨਹੀਂ ਖਜ਼ਾਨੇ ਦੇ ਵਿਚ ਹਿੰਮਤ,
ਨਹੀਂ ਜਿਗਰਾ ਵੀ ਹਰਜਾ ਭਰਨ ਜੋਗਾ ।
ਅਸਾਂ ਲਿਆ ਅਜਮਾ ਕਰਤਾਰ ਸਿੰਘਾ,
ਤੂੰ ਸਚਾਈ ਤੇ ਪੈਰ ਨਹੀਂ ਧਰਨ ਜੋਗਾ ।...

ਤਥਾ :— ਜੋ ਹੋ ਗਿਆ ਸੋ ਚੰਗਾ ਹੋ ਗਿਆ ਏ,
ਇਨ੍ਹਾਂ ਗਲਾਂ ਨੂੰ ਵਿਚੋਂ ਦਬਾਈ ਰਹੁ ਖਾਂ ।
ਜੋ ਹੋਵੇਗਾ ਸੋ ਹੁਣ ਵੇਖ ਲਵੀਂ,
ਮਸਤ ਵਿਚ ਖੁਸ਼ੀ ਬਾਦਸ਼ਾਹੀ ਰਹੁ ਖਾਂ ।

ਪੰਨਾ ੪੯੩ ਤੋਂ ੫੦੦ ਤਕ

ਪਾਠਕ ਵਿਚਾਰ ਸਕਦੇ ਹਨ ਕਿ ਗੁਰੂ ਜੀ ਦਾ ਤੇ ਬਹਾਦਰ ਸ਼ਾਹ ਦਾ ਆਪੋ ਵਿਚ ਵਿਸਾਹ ਤੇ ਸਨੇਹ ਨਹੀਂ ਸੀ ਰਹਿ ਗਿਆ ਭਾਵੇਂ ਉਤੋਂ ਉਤੋਂ ਬੋਲਦੇ ਭੀ ਰਹੇ ।

ਅੱਗੇ ਪੜ੍ਹੋ ਵੈਦ ਇੰਦਰ ਸਿੰਘ ਜੀ 'ਗਗੋ ਮਹਿਲ' ਵਾਲੇ ਇਸ ਮਸਲੇ ਤੇ ਕੀ ਕਹਿੰਦੇ ਹਨ :—

ਕਾਂਡ ੨੦, (ਬਹਾਦਰ ਸ਼ਾਹ ਗੁਰੂ ਜੀ ਦੀ ਸਰਨ ਵਿਚ)



Sri Satguru Jagjit Singh Ji eLibrary NamdhariElibrary@gmail.com

"ਬਹਾਦਰ ਸ਼ਾਹ ਨੇ......ਸਾਰਾ ਬਿਰਤਾਂਤ ਸੁਣਾ ਗੁਰੂ ਜੀ ਤੋਂ ਸਹਾਇਤਾ ਮੰਗੀ ਗੁਰੂ ਜੀ ਨੇ ਇਸ ਸ਼ਰਤ ਤੇ ਮਦਦ ਦੇਣੀ ਪ੍ਰਵਾਨ ਕਰ ਲਈ ਕਿ ਸਾਹਿਬਜ਼ਾਦਿਆਂ ਤੇ ਸੱਯਦ ਬੁਧੂ ਸ਼ਾਹ ਦੇ ਕਾਤਲਾਂ ਅਤੇ ਪਰਜਾ ਤੇ ਜ਼ੁਲਮ ਕਰਨ ਵਾਲਿਆਂ ਨੂੰ ਸਾਡੇ ਹਵਾਲੇ ਕੀਤਾ ਜਾਏ। ਗੁਰੂ ਜੀ ਨੇ ਉਹਨਾਂ ਦੇ ਨਾਮ ਦਸੇ। ਅਸਮਾਨ ਖਾਂ ਸਢੌਰੇ ਵਾਲਾ ਕਾਤਲ ਬੁਧੂ ਸ਼ਾਹ, ਵਜ਼ੀਰ ਖਾਂ ਸਰਹੰਦ, ਜਾਨੀ ਖਾਂ, ਮਾਨੀ ਖਾਂ, ਅਜਮੇਰ ਚੰਦ, ਫਤੇ ਖਾਂ ਕਸੂਰੀਆ, ਨਵਾਬ ਜਲੰਧਰ, ਸੁਚਾ ਨੰਦ ਦੀਵਾਨ, ਨਾਜ਼ਮ ਦੀਨ ਸੂਬਾ ਲਹੌਰ, ਸਮਸ਼ ਖਾਂ ਬਜਵਾੜਾ, ਕਰਮ ਖਾਂ ਨਵਾਬ ਰੋਪੜ, ਪਹਾੜੀ ਰਾਜੇ ਭੀਮ ਚੰਦ ਆਦਿ।

ਬਹਾਦਰ ਸ਼ਾਹ ਇਹ ਸ਼ਰਤ ਮੰਨ ਲਈ ਕਿ ਮੈਂ ਗੱਦੀ ਤੇ ਬੈਠਦਿਆਂ ਹੀ ਇਹਨਾਂ ਜ਼ਾਲਮਾਂ ਨੂੰ ਆਪ ਜੀ ਦੇ ਹਵਾਲੇ ਕਰ ਦਿਆਂਗਾ.........ਤਾਰਾ ਆਜ਼ਮ ਗੁਰੂ ਜੀ ਦੇ ਹਥੋਂ ਮਾਰਿਆ ਗਿਆ। ਫਤੇ ਬਹਾਦਰ ਸ਼ਾਹ ਦੀ ਹੋਈ! ਗੁਰੂ ਜੀ ਨੇ ਗੱਦੀ ਤੇ ਬੈਠਦਿਆਂ ਹੀ ਕੀਤੇ ਪਿਛਲੇ ਕੌਲ ਯਾਦ ਕਰਾਏ। ਬਹਾਦਰ ਸ਼ਾਹ ਨੇ ਆਖਿਆ ਕਿ ਮਹਾਰਾਜ ਜੀ ਆਪ ਥੋੜੇ ਦਿਨ ਠਹਿਰੋ...... ਬਹੁਤ ਦਿਨਾਂ ਪਿਛੋਂ ਫਿਰ ਬਹਾਦਰ ਸ਼ਾਹ ਨੂੰ ਇਕ ਵਾਰ ਯਾਦ ਕਰਾਇਆ ਪਰ ਬਹਾਦਰ ਸਾਹ ਨੇ ਗੁਰੂ ਜੀ ਨੂੰ ਅੱਗੇ ਵਾਲਾ ਹੀ ਉਤਰ ਦਿਤਾ......।

ਬਹਾਦਰ ਸ਼ਾਹ ਨੇ ਹੀਰਾ ਗੁਰੂ ਜੀ ਦੀ ਭੇਟ ਕੀਤਾ। ਗੁਰੂ ਜੀ ਨੇ ਗੁਦਾਵਰੀ ਵਿਚ ਸੁਟ ਦਿਤਾ ਤੇ ਫੁਰਮਾਇਆ ਸਾਨੂੰ ਇਹਨਾਂ ਹੀਰਿਆਂ ਦੀ ਕੋਈ ਲੋੜ ਨਹੀਂ। ਜਿਨ੍ਹਾਂ ਜ਼ਾਲਮਾਂ ਨੇ ਦੇਸ਼ ਦੇ ਹੀਰਿਆਂ ਨੂੰ ਖਤਮ ਕੀਤਾ ਹੈ ਉਹਨਾਂ ਨੂੰ ਸਾਡੇ ਹਵਾਲੇ ਕਰ ਦੇ। ਕਿਉਂਕਿ ਤੂੰ ਸਾਡੇ ਨਾਲ ਇਕਰਾਰ ਕੀਤਾ ਹੋਇਆਂ ਹੈ। ਬਹਾਦਰ ਸ਼ਾਹ ਗੁਰੂ ਜੀ ਦਾ ਬਚਨ ਸੁਣਕੇ ਚੁਪ ਹੋ ਗਿਆ... ...।



Sri Satguru Jagjit Singh Ji eLibrary NamdhariElibrary@gmail.com

ਬਹਾਦਰ ਸ਼ਾਹ ਨੇ ਮਰਹੱਟਿਆਂ ਨਾਲ ਟਾਕਰਾ ਕਰਨ ਲਈ ਗੁਰੂ ਜੀ ਤੋਂ ਮਦਦ ਮੰਗੀ ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ ਤੇ ਆਖਿਆ ਕਿ ਅਸੀਂ ਜ਼ੁਲਮ ਨਾਲ ਟੱਕਰ ਲੈ ਸਕਦੇ ਹਾਂ ਪਰ ਮਰਹੱਟਿਆਂ ਜੈਸੇ ਬਹਾਦਰ, ਦੇਸ਼ ਭਗਤ, ਅਜ਼ਾਦ ਕੌਮ ਨਾਲ ਲੜਕੇ ਉਹਨਾਂ ਨੂੰ ਗੁਲਾਮ ਬਨਾਣਾ ਪਾਪ ਸ਼ਮਝਦੇ ਹਾਂ।

ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਪਿਛਲੇ ਕੀਤੇ ਹੋਏ ਵੈਹਦੇ ਪੂਰੇ ਕਰ ਦੇਣ ਦਾ ਯਕੀਨ ਦੁਆਇਆ ਤੇ ਅੱਗੇ ਤੋਂ ਠੀਕ ਰਹਿਣ ਦੀ ਵੀ ਕਸਮ ਖਾਧੀ, ਬੜੇ ਤਰਲੇ ਕੀਤੇ ਪਰ ਗੁਰੂ ਜੀ ਨੇ ਸਾਫ ਜਵਾਬ ਦੇ ਦਿਤਾ। ਬਹਾਦਰ ਸ਼ਾਹ ਨਿਰਾਸ ਹੋ ਕੇ ਨਦੇੜ ਸ਼ਹਿਰ ਤੋਂ ਹੀ ਗੁਰੂ ਜੀ ਤੋਂ ਨਿਖੜ ਗਿਆ।" ਪੰਨਾਂ ੧੪੯ ਤੋਂ ੫੦ ਤੱਕ

ਵੈਦ ਜੀ ੨੨ ਕਾਂਡ ਵਿਚ ਲਿਖਦੇ ਹਨ :—

(ਬਹਾਦਰ ਸ਼ਾਹ ਦੂਜੀ ਵਾਰ ਗੁਰੂ ਜੀ ਦੀ ਸਰਨ ਵਿਚ)

"........ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਰਹਿਮ ਕਰੋ ਤੇ ਆਪਣੇ ਬੰਦੇ ਨੂੰ ਲੁਟ ਮਾਰ ਕਰਨ ਤੋਂ ਹਟਾ ਲਉ। ਗੁਰੂ ਜੀ ਇਹ ਸਮਝਦੇ ਸਨ ਕਿ ਇਹ ਆਪਣੇ ਪਿਉ ਵਾਂਗੂੰ ਦਿਲ ਦਾ ਖੋਟਾ ਹੈ। ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਆਖਿਆ ਜੇ ਕਰ ਤੈਨੂੰ ਅਮਨ ਦੀ ਲੋੜ ਸੀ ਤਾਂ ਅਮਨ ਦਿਆਂ ਵੈਰੀਆਂ ਨੂੰ ਸਾਡੇ ਹਵਾਲੇ ਕਰ ਦਿੰਦਾ। ਹੁਣ ਜੋ ਕੁਝ ਹੋ ਰਿਹਾ ਹੈ ਅਕਾਲ ਪੁਰਖ ਦੇ ਭਾਣੇ ਅਨੁਸਾਰ ਠੀਕ ਹੋ ਰਿਹਾ ਹੈ......। ਬਹਾਦਰ ਸ਼ਾਹ ਗੁਰੂ ਜੀ ਦਾ ਕੋਰਾ ਜਵਾਬ ਸੁਣ ਕੇ ਨਿਰਾਸ ਹੋ ਵਾਪਿਸ ਆ ਗਿਆ...।"

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਪੰਨੇ ੧੫੯-੬੦

ਹੁਣ ਮੈਂ ਪਾਠਕਾਂ ਨੂੰ ਡਾ: ਗੁਪਾਲ ਸਿੰਘ ਜੀ ਦੀ ਲਿਖੀ ਪੁਸਤਕ "ਰਾਸ਼ਟਰੀ ਜੀਵਨੀਆਂ ਦੀ ਲੜੀ" (ਗੁਰੂ ਗੋਬਿੰਦ ਸਿੰਘ) ਵਿਚੋਂ ਇਸ ਵਿਸ਼ੇ ਤੇ ਕੁਝ ਹਵਾਲੇ ਦਿੰਦਾ ਹਾਂ।



Sri Satguru Jagjit Singh Ji eLibrary NamdhariElibrary@gmail.com

"ਬਹਾਦਰ ਸ਼ਾਹ ਨੇ ਭਾਈ ਨੰਦ ਲਾਲ ਜੀ ਦੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਹਾਇਤਾ ਦੇਣ ਲਈ ਬੇਨਤੀ ਕੀਤੀ ਤੇ ਨਾਲ ਹੀ ਭਰੋਸਾ ਦੁਆਇਆ ਕਿ ਗਦੀ ਤੇ ਬੈਠਦੇ ਹੀ ਉਹ ਉਹਨਾਂ ਨਾਲ ਹੋਏ ਅਤਿਆਚਾਰਾਂ ਦਾ ਪੂਰਾ ਤੇ ਪਕਾ ਇਨਸਾਫ ਕਰੇਗਾ। ......"(ਗੁਰੂ ਗੋਬਿੰਦ ਸਿੰਘ ਜੋ ਕਿਸੇ ਧਰਮ ਜਾਤੀ ਜਾਂ ਵਿਅੱਕਤੀ ਦੇ ਨਹੀਂ ਸਗੋਂ ਇਕ ਨਿਜ਼ਾਮ ਦੇ ਵਿਰੁਧ ਸਨ) ਨੇ ਸਹਾਇਤਾ ਦੇਣੀ ਮੰਨ ਲਈ.... ਉਸ ਨੇ (ਬਹਾਦਰ ਸ਼ਾਹ ਨੇ) ਇਹ ਵੀ ਸੁਨੇਹਾ ਭੇਜਿਆ ਕਿ ਮੈਂ ਆਪ ਹਾਜਰ ਹੁੰਦਾ ਪਰ ਅਜੇਹਾ ਕਰਨ ਨਾਲ ਕਿਤੇ ਮੇਰੇ ਕਟੜ ਦਰਬਾਰੀ ਇਸ ਦਾ ਬੁਰਾ ਨਾਂ ਮਨਾਣ" ......ਤਾਰਾ ਆਜਮ ਦੇ ਮਰਨ ਤੇ ਬਹਾਦਰ ਸ਼ਾਹ ਦੇ ਬਾਦਸ਼ਾਹ ਬਨਣ ਬਾਦ। "ਇਕ ਦਿਨ ਸਤਿਗੁਰਾਂ ਨੇ ਬਾਦਸ਼ਾਹ ਨੂੰ ਉਹ ਮੰਗ ਵੀ ਕਹਿ ਸੁਣਾਈ ਜੋ ਉਹਨਾਂ ਦੇ ਦਿਲ ਵਿਚ ਰੜਕ ਰਹੀ ਸੀ। ਉਹ ਸੀ......ਸੂਬੇ ਸਰਹੰਦ ਦਾ ਉਨ੍ਹਾਂ ਦੇ ਹਵਾਲੇ ਕੀਤਾ ਜਾਣਾ......ਇਹ ਇਕ ਤਰ੍ਹਾਂ ਬਾਦਸ਼ਾਹ ਦੀ ਨੀਅਤ ਦੀ ਵੀ ਪਰਖ ਸੀ। ਬਾਦਸ਼ਾਹ ਠਠੰਬਰ ਜਿਹਾ ਗਿਆ......ਇਹੀ ਆਖਿਆ ਕਿ ਉਸ ਦਾ ਰਾਜ ਰਤਾ ਪੱਕਾ ਹੋ ਲਵੇ ਤੇ ਉਹ ਵਰ੍ਹਾ ਕੁ ਹੋਰ ਠਹਿਰ ਜਾਣ "......ਸਤਗੁਰੂ "ਕੁਝ ਚਿਰ ਹੋਰ ਆਗਰੇ ਠਹਿਰੇ... ਇਸ ਵੇਲੇ ਦੋ ਤਿੰਨ ਸੌ ਘੋੜ ਸਵਾਰ ਉਹਨਾਂ ਦੇ ਨਾਲ ਸਨ ਉਨ੍ਹਾਂ ਬਾਦ ਦੀ ਕਿਸੇ ਹੋਰ ਲੜਾਈ ਵਿਚ ਭਾਗ ਨਹੀਂ ਲਿਆ ਸੀ...... ਸਤਿਗੁਰੂ ਜੀ ਬੰਦੇ ਬਹਾਦਰ ਨੂੰ ਆਪਣੇ ਪੰਜ ਤੀਰ ਤੇ ਕੁਝ ਸਿੰਘ ਸਾਥ ਦੇ ਕੇ ਹਿਦਾਇਤ ਕੀਤੀ ਕਿ ਉਹ ਬੂੜੀਆ (ਜ਼ਿਲਾ ਅੰਬਾਲਾ) ਦੇ ਲਾਗੇ ਜਾਕੇ ਟਿਕਾਣਾ ਕਰੇ। ਜਿਥੇ ਹੋਰ ਸਿੰਘ ਗੁਰੂ ਕੇ ਹੁਕਮ ਅਨੁਸਾਰ ਉਸ ਨੂੰ ਆ ਮਿਲਣਗੇ। ਸਭ ਤੋਂ ਪਹਿਲਾਂ ਉਹ ਸਢੌਰਾ ਪਿੰਡ ਤੇ ਹਮਲਾ ਕਰੇ। ਜਿਥੋਂ ਦੇ ਪੀਰ ਬੁਧੂ ਸ਼ਾਹ ਨੂੰ



Sri Satguru Jagjit Singh Ji eLibrary NamdhariElibrary@gmail.com

ਉਸ ਦੇ ਪਰਵਾਰ ਸਮੇਤ ਕਟੜ ਪੰਥੀਆਂ ਨੇ ਗੁਰੂ ਜੀ ਦੀ ਸਹਾਇਤਾ ਕਰਨ ਕਰਕੇ ਮਾਰ ਦਿਤਾ ਸੀ ਫਿਰ ਉਸ ਨੇ ਸਰਹੰਦ ਉਤੇ ਚੜ੍ਹਾਈ ਕਰਕੇ ਵਜੀਰ ਖਾਨ ਨੂੰ ਪਕੜ ਕੇ ਘੋਰ ਡੰਨ ਦੇਣਾ ਸੀ। ਇਸ ਤੋਂ ਮਗਰੋਂ ਪਹਾੜੀ ਰਾਜਿਆਂ ਨੂੰ ਜਿਨ੍ਹਾਂ ਅਜਾਂਈ ਗੁਰੂ ਘਰ ਨਾਲ ਵੈਰ ਕਮਾਇਆ ਸੀ। ਨਾਲੇ ਦਿਲੀ ਦੀ ਕਿਲੀ ਵੀ ਢਿਲੀ ਹੋ ਜਾਇਗੀ ਤੇ ਮੁਗਲਾਂ ਨਾਲ ਇਕ ਨਿਰਨਾ ਜਨਕ ਯੁਧ ਰਾਹੀਂ ਪੰਜਾਬ ਤੇ ਦਿਲੀ ਖਾਲਸੇ ਦੇ ਕਬਜੇ ਵਿਚ ਆ ਜਾਣਗੇ੧"

ਉਪਰ ਲਿਖੇ ਪ੍ਰਮਾਣਾਂ ਤੋਂ ਇਹ ਪਤਾ ਲਗ ਚੁਕਾ ਹੈ ਕਿ ਗੁਰੂ ਜੀ ਅਤੇ ਬਹਾਦਰ ਸ਼ਾਹ ਵਿਚ ਅਜੋੜ ਕਿਵੇਂ ਪੈਦਾ ਹੋਇਆ।

## ਅਲੋਪ ਕਿਉਂ ਹੋਏ?

ਜੋ ਮੈਂ ਪਿਛਲੇ ਪ੍ਰਕਰਣ ਦੇ ਸ਼ੁਰੂ ਵਿਚ ਦੋਹਰਾ ਲਿਖਿਆ ਹੈ "ਇਕ ਅਜੋੜ ਹੈ ਦਸਣੀ" ਸੋ ਮੈਂ ਇਤਿਹਾਸਕ ਹਵਾਲਿਆਂ ਨਾਲ ਦਸ ਦਿਤਾ ਹੈ। ਹੁਣ ਮੈਂ ਗੁਰੂ ਜੀ ਤੇ ਬਹਾਦਰ ਸ਼ਾਹ ਦੇ ਭੇਜੇ

---

(੧) ਇਸ ਨਿਸ਼ਾਨ ਦੇ ਫੁਟ ਨੋਟ ਵਿਚ ਡਾ: ਜੀ ਲਿਖਦੇ ਹਨ :—

"ਇਸ ਤੋਂ ਪਤਾ ਲਗਦਾ ਹੈ ਕਿ ਨਦੇੜ ਪੁਜਣ ਤੀਕ ਗੁਰੂ ਸਾਹਿਬ ਨੂੰ ਬਹਾਦਰ ਸ਼ਾਹ ਤੋਂ ਇਨਸਾਫ ਨਾ ਮਿਲਣ ਦੀ ਪੱਕੀ ਆਸ ਹੋ ਚੁਕੀ ਸੀ "ਜੀਵਨ ਗੁਰੂ ਗੋਬਿੰਦ ਸਿੰਘ" ਵਿਚ ਦੌਲਤ ਰਾਏ ਨੇ ਲਿਖਿਆ ਹੈ ਕਿ ਸਤਿਗੁਰਾਂ ਤੋਂ ਬਹਾਦਰ ਸ਼ਾਹ ਨੇ ਮਰਹੱਟਿਆਂ ਵਿਰੁਧ ਸਹਾਇਤਾ ਮੰਗੀ ਸੀ ਤੇ ਗੁਰੂ ਜੀ ਦੇ ਇਨਕਾਰ ਕਰਨ ਉਤੇ ਦੋਹਾਂ ਵਿਚ ਸਦਾ ਲਈ ਅਜੋੜ ਹੋ ਗਿਆ। ਪਰ ਜੇ ਸਤਿਗੁਰ ਬਹਾਦਰ ਸ਼ਾਹ ਨਾਲ ਉਕਾ ਹੀ ਅਜੋੜ ਨਾ ਪੈਦਾ ਕਰਨਾ ਚਾਹੁੰਦੇ ਹੁੰਦੇ ਤਾਂ ਬੰਦਾ ਸਿੰਘ ਨੂੰ ਟੱਕਰ ਲੈਣ ਲਈ ਪੰਜਾਬ ਕਿਉਂ ਭੇਜਦੇ ?

ਧੌਲ ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ (ਵੇਖੋ ਅੰਤਕਾ) ਇਹੀ ਜਾਪਦਾ ਹੈ ਕਿ ਸਤਿਗੁਰਾਂ ਨੇ ਆਪ ਵੀ ਛੇਤੀ ਹੀ ਪੰਜਾਬ ਮੁੜਨਾ ਸੀ" ਪੰਨਾਂ ੭੯ ਤੋਂ ੮੭ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਪਠਾਣ ਵਲੋਂ ਹੋਇਆ ਘਾਤਕ ਵਾਰ ਦਸਦਾ ਹਾਂ, ਜਿਹਨੂੰ ਮੈਂ ਅਲੋਪ ਹੋਣ ਦਾ ਅਸਲ ਕਾਰਨ ਸਮਝਦਾ ਤੇ ਇਤਿਹਾਸਕ ਹਵਾਲਿਆਂ ਨਾਲ ਸਿਧ ਕਰਦਾ ਹਾਂ।

॥ ਕਬਿਤ ॥

ਕਰਨ ਅਨਿਆਂ ਉਕਾ ਜਾਣਦੇ ਹੀ ਨਾ ਗੁਰ,
ਜਰਨ ਅਨਿਆਂ ਓਦੂ ਵਧ ਦੋਸ਼ ਮੰਨਦੇ।
ਮਰਦੇ ਬੇਦੋਸਿਆਂ ਦੀ ਕਰਦੇ ਮਦਦ ਆਪ,
ਪਾਪ ਹਾਰੇ ਭਾਰਿਆਂ ਹੰਕਾਰੀਆਂ ਨੂੰ ਡੰਨਦੇ।
ਆਪਣਾ ਨਿਆਂ ਲੈਣ ਅਨਿਆਂ ਤੋਂ ਨਾਂਹ ਪਾਰੋਂ,
ਪਈ ਵਿਥ ਸ਼ਾਹ ਵਿਚ ਗੁਰ ਜੀ ਦੇ ਸੰਨ੍ਹ ਦੇ।
ਵਸੀ ਗਈ ਅਜੋੜ ਵਾਰ ਘਾਤਕ ਸੀ ਕੀਤਾ ਜਿਸ,
ਦਸੇ ਤਰਨ ਸਿੰਘ ਸੁਣੇ ਸੂਝਵਾਨ ਕੰਨ ਦੇ।

ਦੋ: ਹੋਰ ਵਜ੍ਹਾ ਕੋਈ ਦਸਦਾ ਹੋਰ ਦਸੇ ਕੋਈ ਨਾ।
ਆਪੋ ਆਪਣੀ ਸੂਝ ਦਾ ਕਰਦੇ ਸਭ ਬਿਆਂ।
ਪਰ ਮੈਂ ਲਿਖਤ ਵਿਖਾਂ ਸਹੀ ਤਿਸੇ ਸਮੇਂ ਦੀ ਸੋ।
"ਤੁਜ਼ਿਕੇ-ਜਹਾਂਗੀਰ" ਜਿਉਂ 'ਸ਼ਾਹ ਅਖਬਾਰੋਂ" ਜੋ।

ਕਰਤਾਰ ਸਿੰਘ ਜੀ ਐਮ. ਏ. ਖਾਲਸਾ ਕਾਲਜ ਅੰਮ੍ਰਿਤਸਰ, "ਜੀਵਨ ਕਥਾ ਗੁਰੂ ਗੋਬਿੰਦ ਸਿੰਘ" ਵਿਚ ੪੧੯ ਪੰਨੇ ਤੇ "ਸੱਚੀ ਵਾਰਤਾ" ਸਿਰਲੇਖ ਹੇਠ ਲਿਖਦੇ ਹਨ :—

"......ਗੁਰੂ ਜੀ ਬਿਸਤਰੇ ਪਰ ਲੰਮੇ ਪੈ ਗਏ। ਦੁਸ਼ਟ ਨੇ ਇਸ ਵੇਲੇ ਗੁਰੂ ਜੀ ਪਰ ਯਕਾ-ਯਕ ਦੋ ਵਾਰ ਕੀਤੇ ਪਰ ਤੀਸਰਾ ਵਾਰ ਕਰਨ ਤੋਂ ਪਹਿਲਾਂ ਹੀ ਗੁਰੂ ਜੀ ਨੇ ਇਕੋ ਵਾਰ ਨਾਲ ਉਸਨੂੰ ਥਾਂ ਰਖਿਆ......ਸਿੰਘ ਚਿੰਤਾ ਵਸ ਹੋਏ। ਪਰ ਗੁਰੂ ਜੀ ਨੇ ਹੌਸਲਾ



Sri Satguru Jagjit Singh Ji eLibrary NamdhariElibrary@gmail.com

ਦਿਤਾ ਅਤੇ ਕਿਹਾ ਮੇਰੀ ਅਕਾਲ ਪੁਰਖ ਨੇ ਰਛਿਆ ਕੀਤੀ ਹੈ[੧]"।

ਵੈਦ ਇੰਦਰ ਸਿੰਘ ਜੀ "ਹਜ਼ੂਰ ਸਾਹਿਬ" ਸਿਰਲੇਖ ਹੇਠ ਲਿਖਦੇ ਹਨ :—

"......ਬਹਾਦਰ ਸ਼ਾਹ ਗੁਰੂ ਜੀ ਦਾ ਕੋਰਾ ਜਬਾਬ ਸੁਣਕੇ ਨਿਰਾਸ ਹੋ ਗਿਆ ਤੇ ਵਾਪਸ ਆ ਗਿਆ ਪੰਜਾਬ ਦੇ ਸੂਬੇ, ਨਬਾਬ, ਪਹਾੜੀ ਰਾਜਿਆਂ ਵਲ ਕਰੜੀ ਚਿਠੀ ਲਿਖੀ ਕਿ ਗੁਰੂ ਜੀ ਦੇ ਭੇਜੇ ਹੋਏ ਬੰਦੇ ਦੀ ਚਲਾਈ ਹੋਈ ਲਹਿਰ ਨੂੰ ਕੁਚਲ ਦਿਤਾ ਜਾਏ। ਤੁਹਾਡੀ ਮਦਤ ਵਾਸਤੇ ਮੈਂ ਬਹੁਤ ਫੌਜ ਭੇਜ ਰਿਹਾ ਹਾਂ। ਇਹ ਚਿਠੀ ਪੰਜਾਬ ਦੇ ਹਾਕਮਾਂ ਨੂੰ ਉਦੋਂ ਮਿਲੀ ਜਦੋਂ ਉਹ ਗੁਰੂ ਜੀ ਦੇ ਮਾਰਨ ਲਈ ਗੁਪਤ ਮੀਟਿੰਗ ਕਰ ਰਹੇ ਸਨ। ਚਿਠੀ ਮਿਲਣ ਤੇ ਉਹਨਾਂ ਵਿਚ ਜਾਨ ਪੈ ਗਈ। ਉਹਨਾਂ ਨੂੰ ਪਤਾ ਲਗ ਗਿਆ ਸੀ ਕਿ ਗੁਰੂ ਜੀ ਤੇ ਬਹਾਦਰ ਸ਼ਾਹ ਦੀ ਆਪਸ ਵਿਚ ਵਿਰੋਧਤਾ ਹੋ ਗਈ ਹੈ। ਹਾਕਮਾਂ ਬਹਾਦਰ ਸ਼ਾਹ ਨੂੰ ਵਾਪਸੀ ਲਿਖਿਆ ਕਿ ਇਹ ਲੈਹਰ ਤਾਂ ਹੀ ਮਿਟ ਸਕਦੀ ਹੈ, ਜੇ ਕਰ ਇਸ ਲੈਹਰ ਦੇ ਮੋਢੀ ਗੁਰੂ ਜੀ ਨੂੰ ਕਤਲ ਕੀਤਾ ਜਾਏ...।

---

(੧) ਇਸ ਨਿਸ਼ਾਨ ਦੇ ਫੁਟ-ਨੋਟ ਹੇਠ ਕਰਤਾਰ ਸਿੰਘ ਜੀ ਲਿਖਦੇ ਹਨ :—
"ਲਾਲਾ ਦੌਲਤ ਰਾਏ ਉਨ੍ਹਾਂ ਸਭ ਰਵਾਇਤਾਂ ਦੀ ਪੜਤਾਲ ਕਰਨ ਬਾਦ ਜੇਹੜੀਆਂ ਗੁਰੂ ਸਾਹਿਬ ਉਪਰ ਕਾਤਲਾਨਾ ਹਮਲਾ ਹੋਣ ਦੇ ਕਾਰਨ ਪ੍ਰਚੱਲਤ ਹਨ— ਇਸ ਸਿਟੇ ਤੇ ਪੁਜਦਾ ਹੈ, ਕਿ ਪਠਾਣ ਨੂੰ ਬਹਾਦਰ ਸ਼ਾਹ ਨੇ ਘਲਿਆ। ਬਹਾਦਰ ਸ਼ਾਹ ਜਾਣਦਾ ਸੀ, ਕਿ ਉਸ ਦੇ ਵਜ਼ੀਰ ਖਾਂ ਆਦਿਕ ਅਪਰਾਧੀਆਂ ਨੂੰ ਸਜ਼ਾ ਦੇਣ ਬਾਬਤ ਢਿਲ ਮੱਠ ਕਰਨ ਕਰਕੇ ਗੁਰੂ ਜੀ ਨਰਾਜ਼ ਜਹੇ ਹੋ ਕੇ ਉਸ ਨਾਲੋਂ ਵਿਛੜੇ ਸੀ। ਗੁਰੂ ਜੀ ਦੀ ਫੌਜੀ ਲਿਆਕਤ ਤੇ ਫੌਜਾਂ ਇਕੱਠੀਆਂ ਕਰ ਲੈਣ ਅਤੇ ਗਜ਼ਬ ਦਾ ਜੰਗ ਕਰਨ ਦੀ ਸ਼ਕਤੀ ਨੂੰ ਉਹ ਚੰਗੀ ਤਰ੍ਹਾਂ ਸਮਝਦਾ ਸੀ। ਇਸ ਕਰਕੇ ਉਨ੍ਹਾਂ ਦੇ ਜਿਊਂਦੇ ਜੀ ਉਸਨੂੰ ਚੈਨ ਨਹੀਂ ਸੀ ਆ ਸਕਦਾ ਇਸ ਲਈ ਉਸ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਵਾਇਆ।"



Sri Satguru Jagjit Singh Ji eLibrary NamdhariElibrary@gmail.com

ਉਹ ਗੁਰੂ ਜੀ ਨੂੰ ਮਾਰਕੇ ਆਪ ਦੇ ਪਾਸ ਆ ਜਾਣ ਤਾਂ ਉਹਨਾਂ ਨੂੰ ਪਨਾਹ ਦੇ ਦਿਤੀ ਜਾਵੇ ।"

"ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਕਾਂਡ ੨੨
ਪੰਨਾ ੧੬੦—੬੧

ਤੇ ਅਗੇ "ਜ਼ਖਮੀ ਹੋਣਾ" ਸਿਰਲੇਖ ਦੇ ਅੰਤ ਵਿਚ ਲਿਖਦੇ ਹਨ :—

"ਸਿਖਾਂ ਨੇ ਉਸੇ ਵੇਲੇ ਜਰਾਹ ਨੂੰ ਸਦਿਆ ਗੁਰੂ ਜੀ ਦਾ ਜ਼ਖਮ ਸੀਤਾ ਗਿਆ। ਥੋੜੇ ਦਿਨਾਂ ਵਿਚ ਗੁਰੂ ਜੀ ਨੂੰ ਅਰਾਮ ਆ ਗਿਆ। ਗੁਰੂ ਜੀ ਦੇ ਜ਼ਖਮੀ ਹੋਣ ਦੀ ਖਬਰ ਸਾਰੇ ਦੇਸ਼ ਵਿਚ ਖਿਲਰ ਗਈ। ਬਹਾਦਰ ਸ਼ਾਹ ਨੂੰ ਭੀ ਪਤਾ ਲਗ ਗਿਆ ਕਿ ਗੁਰੂ ਜੀ ਬੜੇ ਜ਼ਖਮੀ ਹੋਏ ਹਨ ਉਹ ਇਸ ਗਲ ਤੋਂ ਡਰਦਾ ਸੀ ਕਿ ਗੁਰੂ ਜੀ ਮੇਰੀ ਇਸ ਚਾਲ ਤੋਂ ਜਾਣੂ ਨਾ ਹੋ ਜਾਣ। ਇਸ ਵਾਸਤੇ ਸਚੇ ਰਹਿਣ ਲਈ ਉਸ ਨੇ ਭੀ ਆਪਣੇ ਦੋ ਅੰਗ੍ਰੇਜ਼ ਜਰਾਹ ਭੇਜੇ ਇਸ ਲਈ ਕਿ ਗੁਰੂ ਜੀ ਮੈਨੂੰ ਆਪਣਾ ਹਮਦਰਦ ਜਾਣ ਕੇ ਬੰਦੇ ਨੂੰ ਵਾਪਸ ਬੁਲਾ ਲੈਣਗੇ। ਪਰ ਗੁਰੂ ਜੀ ਨੇ ਉਹਨਾਂ ਜਰਾਹਾਂ ਨੂੰ ਵਾਪਸ ਭੇਜ ਦਿਤਾ ।"

ਪੰਨਾ ੧੬੨—੬੩

ਪਾਠਕ ਉਪਰ ਲਿਖੇ ਬਹਾਦਰ ਸ਼ਾਹ ਵਲੋਂ ਜਰਾਹ, ਜੋ ਗੁਰੂ ਜੀ ਨੇ "ਵਾਪਸ ਭੇਜ ਦਿਤੇ", ਦੀ ਗੁਰੂ ਜੀ ਦੀ ਨੀਤੀ ਤੋਂ ਭੀ, ਵਿਚਾਰ ਸਕਦੇ ਹਨ ਕਿ ਗੁਰੂ ਜੀ ਸਭ ਸਾਜਸ਼ ਬਹਾਦਰ ਸ਼ਾਹ ਦੀ ਸਮਝਦੇ ਸਨ। ਤਦ ਹੀ ਉਸਦੇ ਭੇਜੇ ਜਰਾਹਾਂ ਤੋਂ ਕੋਈ ਸੇਵਾ ਨਹੀਂ ਲਈ ਸੀ। ਇਹ ਭੀ ਸੋਚ ਸਾਬਤ ਕਰਦੀ ਹੈ ਕਿ ਗੁਰੂ



Sri Satguru Jagjit Singh Ji eLibrary NamdhariElibrary@gmail.com

ਜੀ ਤੇ ਘਾਤਕ ਵਾਰ ਬਹਾਦਰ ਸ਼ਾਹ ਵਲੋਂ ਭੇਜੇ ਪਠਾਣ ਨੇ ਹੀ ਕੀਤਾ ਸੀ। ਤੇ ਜਰਾਹਾਂ ਕੋਲੋਂ ਭੀ ਗੁਰੂ ਜੀ ਖਤਰਾ ਹੀ ਜਾਣਿਆ ਸੀ ਤੇ ਬਹਾਦਰ ਸ਼ਾਹ ਦੀ ਉਤਲੀ ਹਮਦਰਦੀ ਨੂੰ "ਸੱਤਰੂ ਹੋਕੇ ਜੋ ਕਰੇ ਮਿਤਰਾਈ ਕੀ ਬਾਤ। ਤਾਂਕਾ ਵਿਸਾਹ ਨਾ ਕੀਜੀਏ ਅੰਤ ਕਰੇ ਵਹੁ ਘਾਤ।" ਭੀ ਵਿਚਾਰ ਕੇ ਗੁਰੂ ਜੀ ਨੇ ਜਰਾਹਾਂ ਨੂੰ ਵਾਪਸ ਭੇਜ ਦਿਤਾ ਸੀ। ਹੁਣ ਮੈਂ ਪਾਠਕਾਂ ਨੂੰ, ਅਕੱਟ ਸਬੂਤ ਵਾਲੀ ਲਿਖਤ ਤੋਂ ਵਖਾਂਦਾ ਹਾਂ, ਕਿ ਗੁਰੂ ਜੀ ਤੇ ਘਾਤਕ ਵਾਰ ਬਹਾਦਰ ਸ਼ਾਹ ਨੇ ਹੀ ਕਰਵਾਇਆ ਸੀ।

ਬਹਾਦਰ ਸ਼ਾਹ ਦੇ ਵੇਲੇ ਦਰਬਾਰ ਦੀਆਂ ਅਖਬਾਰਾਂ, ਜੋ ਸ਼ਾਹੀ ਹੁਕਮ ਜਾਰੀ ਹੋਣ ਦਾ ਕੰਮ ਤੇ ਦਰਬਾਰ ਸ਼ਾਹੀ ਵਲ ਪਰਗਣੇ ਵਿਚੋਂ ਆਈਆ ਖਾਸ ਖਬਰਾਂ ਲਿਖਦੀਆਂ, ਦੀ ਫਾਇਲ ਜੋ ਰਿਆਸਤ ਜੈ ਪੁਰ ਦੇ ਦੀਵਾਨ ਖਾਨੇ ਵਿਚ ਹੈ, ਦੀ ਖਬਰ ਅਪਣੇ ਪਖ ਦੀ ਪੁਸ਼ਟੀ ਲਈ ਉਹਨਾਂ ਹੀ ਅਖਰਾਂ ਵਿਚ ਪੇਸ਼ ਕਰਦਾ ਹਾਂ। "ਮਾਖ਼ਜ਼ੇ ਤਵਾਰੀਖ ਸਿਖਾਂ"੧ (ਜਿਲਦ ਅਵੱਲ) ਅਹਿਦ ਗੁਰੂ ਸਾਹਿਬਾਂ ਵਿਚ ਪੰਨਾ ੯੨ ਤੇ ਪ੍ਰੋ: ਗੰਡਾ ਸਿੰਘ ਜੀ ਲਿਖਦੇ ਹਨ :—

"੨੪ ਸ਼ਾਬਾਨ ੨ ਬਹਾਦਰ ਸ਼ਾਹੀ, ੨੮ ਅਕਤੂਬਰ ੧੭੦੮ਈ: ਬ-ਅਰਜ਼ ਰਸੀਦ ਕਿ ਗੁਰੂ ਗੋਬਿੰਦ ਰਾਏ ਜਮਸ਼ੈਦ ਖਾਂ ਅਫਗਾਨ ਰਾ ਬਜਾਂ ਕੁਸ਼ਤਾ ਬੂਦ। ਖਿਲਅਤ ਮਾਤਮੀ ਬ-ਪਿਸਰ ਖਾਨ ਮਜ਼ਕੂਰ ਮਰਹਮਤ ਸ਼ੁਦ।"

"ਅਰਥਾਤ :—੨੪ ਸ਼ਬਾਨ (ਹਿਜਰੀ ਮਹੀਨੇ ਦਾ ਨਾਂ ਹੈ) ੨ ਸਾਲ ਬਹਾਦਰ ਸ਼ਾਹੀ, ਅਕਤੂਬਰ ੧੭੦੮ ਈ: ਇਸ ਅਰਜ਼

(੧) ਅਰਥਾਂਤ :—ਅਸਲ ਸਾਰ ਲਿਆ ਹੋਇਆ ਸਿਖ ਇਤਿਹਾਸ ਦਾ ਹਿੱਸਾ ਪਹਿਲਾ, ਸਮਾਂ ਗੁਰੂ ਸਾਹਿਬਾਂ।



Sri Satguru Jagjit Singh Ji eLibrary NamdhariElibrary@gmail.com

ਵਜੋਂ ਲਿਖਿਆ ਕਿ ਗੁਰੂ ਗੋਬਿੰਦ ਰਾਏ ਹਥੋਂ ਜੋ ਜਮਸ਼ੈਦ ਖਾਂ ਪਠਾਣ ਮੋਇਆ ਇਹ ਖਿਲਅਤ ਮਾਤਮੀ ਉਸ ਖਾਨ ਦੇ ਪੁਤਰ ਨੂੰ ਬਖਸ਼ੀਸ਼ ਹੈ ।"

ਪਾਠਕ ਬਹਾਦਰ ਸ਼ਾਹ ਦੇ ਦਰਬਾਰੀ ਅਖਬਾਰ ਦੀ ਲਿਖਤ ਉਪਰ ਲਿਖੀ ਪੜ੍ਹ ਕੇ ਵੇਖ ਸਕਦੇ ਹਨ ਕਿ ਗੁਰੂ ਜੀ ਦੇ ਹਥੋਂ ਮਰੇ ਜਮਸ਼ੈਦ ਖਾਂ ਪਠਾਣ ਦੇ ਪੁਤਰ ਨੂੰ ਮਾਤਮੀ ਖਿਲਅਤ ਬਾਦਸ਼ਾਹ ਨੇ ਤਾਂ ਹੀ ਭੇਜੀ ਹੈ ਕਿਉਂਕਿ ਜਮਸ਼ੈਦ ਖਾਂ ਨੂੰ ਉਸ ਆਪ ਹੀ ਭੇਜਿਆ ਸੀ ਤੇ ਅੱਗੋਂ ਵਾਸਤੇ ਐਸੇ ਕੰਮਾਂ ਲਈ ਉਤਸ਼ਾਹ ਹੌਸਲਾ ਦੇਣ ਲਈ ਹੀ ਸਿਰੋ ਪਾ, ਤਲਵਾਰ, ਦੁਸ਼ਾਲਾ, ਨਕਦੀ, ਪੁਸ਼ਾਕ ਪਗ ਆਦ ਭੇਜਿਆ ਸੀ । ਜੇ ਉਸ ਦੇ ਮਨ ਨੂੰ ਇਹ ਨਾ ਭਉਂਦੀ ਵਾਰਦਾਤ ਹੋਈ ਹੁੰਦੀ ਤੇ ਜੇ ਉਸਦਾ ਗੁਰੂ ਜੀ ਨਾਲ ਅੰਦਰੂਨੀ ਸਨੇਹ ਹੁੰਦਾ ਤਾਂ ਸਗੋਂ ਉਹ ਜਮਸ਼ੈਦ ਖਾਂ ਦੀ ਕੁਲ ਦੇ ਕੁੱਲ ਬੰਦਿਆਂ ਨੂੰ ਤੰਗ ਕਰਦਾ ਤੇ ਅਸਲੀਅਤ ਲਭ ਕੇ ਇਹ ਮੰਦੀ ਕਰਤੂਤ ਕਰਨ ਕਰਾਣ ਵਾਲੇ ਸਭਨਾਂ ਨੂੰ ਜ਼ਰੂਰ ਚੋਖੀ ਸਜ਼ਾ ਦਿੰਦਾ ! ਪਰ ਇਸ ਦੇ ਉਲਟ ਇਨਾਮ ਤੇ ਹੌਸਲਾ ਦੇਣਾ ਸਾਬਤ ਕਰਦਾ ਹੈ ਕਿ ਬਹਾਦਰ ਸ਼ਾਹ ਦੀ ਸਲਾਹ ਨਾਲ ਗੁਰੂ ਜੀ ਤੇ ਘਾਤਕ ਵਾਰ ਹੋਇਆ ਸੀ ।

ਦੋ: ਬਾਦਸ਼ਾਹ ਦਾ ਨਾਂ ਬੰਦਾ, ਹੋਂਦਾ ਹੋਰ ਹੀ ਆਮ ।
ਤਿਸ ਦੇ ਪੁਤਰ ਨੂੰ ਸਜ਼ਾ, ਕੇ ਦੇਂਦਾ ਸ਼ਾਹ ਇਨਾਮ ।

ਪਾਠਕ ਦਸਮ ਜੀ ਤੇ ਘਾਤਕ ਵਾਰ ਕਰਨ ਵਾਲੇ ਗੁਰੂ ਜੀ ਹਥੋਂ ਮਰਨ ਵਾਲੇ ਜਮਸ਼ੈਦ ਖਾਂ ਪਠਾਣ ਨੂੰ ਬਹਾਦਰ ਸ਼ਾਹ ਵਲੋਂ ਖਿਲਅਤ ਉਸ ਦੇ ਪੁਤਰ ਨੂੰ ਭੇਜੀ ਉਸੇ ਸਮੇਂ ਦੀ ਲਿਖਤ ਵਿਚੋਂ ਪੜ੍ਹ ਚੁਕੇ ਹਨ ਇਹਨਾਂ ਸਾਰੇ ਪ੍ਰਮਾਣਾਂ ਦਾ ਸਾਰ ਇਹ ਹੈ ਕਿ ਗੁਰੂ



Sri Satguru Jagjit Singh Ji eLibrary NamdhariElibrary@gmail.com

ਜੀ ਨੇ ਬਾਦਸ਼ਾਹ ਨਾਲ ਅਜੋੜ ਹੋਣ ਤੋਂ ਬਾਦ ਆਪਣੇ ਤੇ ਘਾਤਕ ਵਾਰ ਹੋਣ ਤੋਂ ਇਹ ਅੰਦਾਜ਼ਾ ਲਾ ਲਿਆ ਸੀ ਕਿ ਦੁਸ਼ਮਣ ਹੁਣ ਹੋਛੇ ਤੇ ਕਮੀਨੇ ਹਥਿਆਰਾਂ ਤੇ ਆ ਗਿਆ ਹੈ। ਪਰ ਜੇ ਦੁਸ਼ਮਣ ਦਾ ਵਾਰ ਕਾਰਗਰ ਹੋ ਜਾਂਦਾ ਤਾਂ ਅੰਜਾਣਾ ਹੋਣ ਕਰਕੇ ਪੰਥ ਦਾ ਬੜਾ ਨੁਕਸਾਨ ਹੋਣਾ ਸੀ ਸੋ ਇਸ ਕਰਕੇ ਉਹਨਾਂ ਰਾਜ-ਨੀਤ ਨੂੰ ਸਾਹਮਣੇ ਰਖਕੇ ਉਹਲੇ ਰਹਿ ਕੇ ਸਾਰੀ ਅਗਵਾਈ ਕਰਨ ਦਾ ਪ੍ਰੋਗਰਾਮ ਬਣਾਇਆ।

## ਕੌਤਕ ਸਾਂਗ ਨੇ ਕੀ ਸਵਾਰਿਆ

ਹੁਣ ਮੈਂ ਇਹ ਦਸਦਾ ਹਾਂ ਕਿ ਗੁਰੂ ਜੀ ਜੋ ਫੱਟੜ ਹੋਣ ਤੋਂ ਬਾਦ ਕੌਤਕ ਨਦੇੜੋਂ ਅਲੋਪ ਹੋਣ ਵਾਲਾ (ਨਰ ਨਾਟਕ) ਕੀਤਾ ਉਸ ਨੇ ਖਾਲਸਾ ਪੰਥ, ਗੁਰੂ ਨਾਨਕ ਵਲੋਂ ਪਰਮ ਪ੍ਰੰਪਰਾ ਟੋਰੀ ਦੇ ਸਬੰਧ ਤੇ ਦੇਸ਼ ਕੌਮ ਦੇ ਭਲੇ ਲਈ ਕੀ ਕੀ ਕੰਮ ਕੀਤੇ ਤੇ ਕੀ ਕੀ ਕਾਰਜ ਸਵਾਰਿਆ।

ਜਿਵੇਂ ਚਮਕੌਰ ਦੀ ਗੜ੍ਹੀ ਵਿਚ ਅਚੰਭਾ ਕੌਤਕ ਕੀਤਾ ਇਕ ਸਿਖ ਨੂੰ ਅਪਣੀ ਜਿਗਾ ਕਲਗੀ ਸਜਾ ਆਪਣਾ ਹੀ ਰੂਪ ਬਣਾ ਤੁਰਕਾਂ ਨੂੰ ਕੁਝ ਚਿਰ ਉਧਰ ਧਿਆਨ ਲਾ ਆਪ ਦੂਰ ਨਿਕਲ ਗਏ ਸੀ। ਤੇ ਜਿਵੇਂ ਉਚ ਦੇ ਪੀਰ ਬਣ ਤੁਰਕ ਸੈਨਾ ਤੋਂ ਬਚਕੇ ਨਿਕਲਣ ਬਾਦ ਗੁਰੂ ਜੀ ਨੇ ਕਈ ਕੰਮ ਦਮਦਮੇਂ ਵਿਚ ਕੀਤੇ ਤੇ ਬਾਹਦਰ ਸ਼ਾਹ ਨੂੰ ਬਾਦਸ਼ਾਹੀ ਦੁਆਈ ਤੇ ਬੰਦੇ ਬਹਾਦਰ ਨੂੰ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਲ ਭੇਜਿਆ ਤੇ ਸਿਖਾਂ ਵਲ ਹੁਕਮਨਾਮੇ ਭੇਜੇ ਤਿਵੇਂ ਨਦੇੜ ਦਾ ਕੌਤਕ ਕਰ ਅਲੋਪ ਹੋ ਗੁਰੂ ਜੀ ਨੇ ਜੋ ਉਪਕਾਰ ਕੀਤੇ ਤਿਨ੍ਹਾਂ ਦਾ ਸਬੂਤ ਇਤਿਹਾਸਾਂ ਵਿਚੋਂ ਹੀ ਹੁਣ ਮੈਂ ਦੇਂਦਾ ਹਾਂ।

॥ ਕਬਿਤ ॥

ਕੌਤਕ ਨਦੇੜ ਕਰ ਬੀਤੇ ਕੀਤੇ ਕੌਤਕਾਂ ਜਿਉਂ,
ਹੁਕਮ ਭੇਜ ਜੁਧ ਕੰਮ ਮੁਢਲਾ ਸਵਾਰਿਆ।
ਸਮੇਂ ਸਮੇਂ ਪ੍ਰੇਮੀਆਂ ਤੇ ਜੋਧਿਆਂ ਨੂੰ ਬਹੁੜਦੇ ਰਹੇ,
ਭੀੜ ਸੌੜੋਂ ਤਾਈਉ ਤਿਨ੍ਹਾਂ ਹੌਸਲਾ ਨਾ ਹਾਰਿਆ।
ਬਾਲਾ ਰਾਏ ਬਾਦ ਨਾਭੇ ਵੱਖੀ ਦਾ ਦਿਖਾ ਘਾਉ,
ਦਾਸ ਦੀ ਮੁਕਾਈ ਚਿੰਤ ਨਿਹਚਾ ਜਿਨ ਧਾਰਿਆ।
ਦਸਮ ਗੁਰ, ਗਿਆਰਵੇਂ ਨੂੰ ਦੇ ਗੁਰ ਬਾਰ੍ਹਵੇਂ ਦੇ,
ਜੋਗ ਵਸਤ ਸੌਂਪੀ ਧਰਮ ਆਦ ਸੋ ਸਵਾਰਿਆ।

ਦੋ:—ਸੋ ਦਸਾਂ ਇਤਿਹਾਸ ਚੋਂ, ਕੌਤਕ ਨਦੇੜੋਂ ਬਾਦ।
ਜੁਧੀਂ ਕਰ ਅਮਦਾਦ ਭੀ, ਕਰੀ ਆਦ ਮਰਿਯਾਦ।

ਗੁਰੂ ਜੀ ਦਾ ਅਲੋਪ ਹੋਣ ਬਾਦ ਦਾ ਇਤਿਹਾਸ ਤਾਂ ਮੈਂ ਜਿਨਾ ਮਿਲਿਆ ਹੈ ਸੋ ਸਭ ਪਹਿਲੇ ਪਤਰਿਆਂ ਤੇ ਦੇ ਆਇਆ ਹਾਂ। ਹੁਣ ਸਿਰਫ ਵਡੇ ਕੰਮ ਕੀਤੇ ਹੀ ਉਹਨਾਂ ਦੇ ਏਥੇ ਦਸਣੇ ਹਨ।

ਵੈਦ ਇੰਦਰ ਸਿੰਘ ਜੀ ਕਾਂਡ ੨੩ "ਅਲੋਪ ਹੋਣਾ" ਸਿਰਲੇਖ ਹੇਠ ਲਿਖਦੇ ਹਨ :—

"ਗੁਰੂ ਜੀ ਚਾਹੁੰਦੇ ਸੀ ਕਿ ਹਕੂਮਤ ਨੂੰ ਮੇਰੇ ਸਮਾ ਜਾਣ ਦਾ ਨਿਸਚਾ ਹੋ ਜਾਏ। ਤੇ ਮੇਰੀ ਪੈਦਾ ਕੀਤੀ ਹੋਈ ਬਗਾਵਤ ਦੀ



Sri Satguru Jagjit Singh Ji eLibrary NamdhariElibrary@gmail.com

ਮੌਤ ਜਾਣ ਕੇ ਹਕੂਮਤ ਜੰਗ ਦੇ ਪ੍ਰੋਗਰਾਮ ਨੂੰ ਮੱਧਮ ਕਰ ਦੇਵੇ। ਏਨੇ ਵਿਚ ਸਿਖ ਸਾਰੇ ਪੰਜਾਬ ਵਿਚ ਖਿੰਡ ਪੁੰਡ ਕੇ ਤਾਕਤ ਫੜ ਜਾਣਗੇ।"

## ਕਾਂਡ ੨੪

"......ਪਰ ਹਾਂ ਭਾਈ ਦਇਆ ਸਿੰਘ ਧਰਮ ਸਿੰਘ ਬਾਜ ਸਿੰਘ ਆਦਿਕ ਸਿਖਾਂ ਨੂੰ ਇਸ ਗੁੰਝਲਦਾਰ ਬੁਝਾਰਤ ਦਾ ਪਤਾ ਸੀ ਪਰ ਉਨ੍ਹਾਂ ਨੂੰ ਗੁਰੂ ਜੀ ਵਲੋਂ ਪੱਕੀ ਕੀਤੀ ਗਈ ਸੀ ਕਿ ਇਸ ਗੱਲ ਦੀ ਹਵਾੜ ਤੱਕ ਨਹੀਂ ਕੱਢਣੀ......ਹਕੂਮਤ ਨੂੰ ਪਤਾ ਲੱਗ ਚੁਕਾ ਸੀ ਪਰ ਉਸ ਨੂੰ ਭਰੋਸਾ ਨਹੀਂ ਸੀ ਔਂਦਾ ਕਿ ਗੁਰੂ ਜੀ ਸਮਾ ਗਏ ਹੋਣਗੇ। ਕਿਉਂਕਿ ਗੁਰੂ ਜੀ ਅੱਗੇ ਕਈ ਵਾਰ ਏਹੋ ਜਿਹੀਆਂ ਰਾਜਸੀ ਚਾਲਾਂ ਖੇਡ ਕੇ ਹਕੂਮਤ ਦੇ ਵਕਾਰ ਤੇ ਕਰਾਰੀ ਸੱਟ ਮਾਰੀ ਸੀ......ਹੁਕਮਨਾਮੇ ਮਿਲਣ ਤੇ ਸਿੰਘ ਸੈਂਕੜਿਆਂ ਦੀ ਗਿਣਤੀ ਵਿਚ ਬੰਦੇ ਨਾਲ ਮਿਲ ਰਹੇ ਸਨ......ਗੁਰੂ ਜੀ ਜਾਣਦੇ ਸਨ ਕਿ ਜੋ ਚਾਲੀ ਸਾਲਾਂ ਵਿਚ ਕੁਰਬਾਨੀਆਂ ਕੀਤੀਆਂ ਹਨ ਮੇਰੇ ਪ੍ਰਗਟ ਹੋਣ ਤੇ ਇਹਨਾਂ ਤੇ ਪਾਣੀ ਫਿਰ ਜਾਏਗਾ। ਇਸ ਲਈ ਮੇਰਾ ਗੁਪਤ ਰਹਿਣਾ ਹੀ ਠੀਕ ਹੈ। ਗੁਰੂ ਜੀ ਦੇ ਗੁਪਤ ਰਹਿਣ ਵਿਚ ਇਕ ਤੇ ਤੱਤ ਖਾਲਸਾ ਬਚਿਆ ਰਿਹਾ ਸਗੋਂ ਸਾਰੇ ਪੰਜਾਬ ਤੇ ਖਿਲਰ ਕੇ ਸਾਰੀ ਹਕੂਮਤ ਤੇ ਜੋਰ ਫੜ ਗਿਆ......ਉਹਨਾਂ ਦੀ ਗੁਪਤ ਨੀਤੀ ਨੇ ਸੱਤ ਸੌ ਸਾਲ ਤੋਂ ਚਲੀ ਆ ਰਹੀ ਮੁਗਲੀਆ ਹਕੂਮਤ ਦਾ ਚੂਰਾ ਚੂਰਾ ਕਰ ਦਿਤਾ......ਪਰ ਉਸ ਸਮੇਂ ਤੋਂ ਪਤਾ ਲਗਦਾ ਹੈ ਕਿ ਜਿੰਨੀਆਂ ਵੀ ਖਾਲਸਾ ਜੀ ਨੂੰ ਫਤੇ ਪ੍ਰਾਪਤ ਹੋਈਆਂ ਸਨ ਉਸ ਵਿਚ ਗੁਰੂ ਜੀ ਦਾ ਹੱਥ ਸੀ।"



Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਅਗੇ ਵੈਦ ਜੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਸੌਂਪਣ ਦਾ ਪ੍ਰਸੰਗ ਲਿਖਦੇ ਹਨ :—

"ਇਕ ਦਿਨ ਬਾਬਾ ਜੀ ਹਰੋ ਨਦੀ ਤੇ ਬੈਠੇ ਭਜਨ ਕਰ ਰਹੇ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਿਖਾਂ ਸਮੇਤ ਘੋੜੇ ਤੇ ਅਸ਼ਵਾਰ ਹੋਏ ਸਾਹਮਣੇ ਆ ਖਲੋਤੇ। ਬਾਬਾ ਜੀ ਨੇ ਉਠਕੇ ਘੋੜੇ ਦੀਆਂ ਵਾਗਾਂ ਫੜੀਆਂ ਚਰਨਾਂ ਵਿਚ ਨਮਸਕਾਰ ਕੀਤੀ। ਦਸਮ ਪਿਤਾ ਜੀ ਘੋੜੇ ਤੋਂ ਉਤਰੇ ਆਸਣ ਤੇ ਆ ਬੈਠੇ ਬਾਬਾ ਬਾਲਕ ਸਿੰਘ ਜੀ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ "ਗਰੀਬ ਨਿਵਾਜ ! ਕੀ ਆਪ ਉਹੀ ਤਾਂ ਨਹੀਂ ਜਿਸ ਦੀ ਲੀਲਾ ਮੇਰੇ ਪਿਤਾ ਜੀ ਮੈਨੂੰ ਨਿਕੇ ਹੁੰਦਿਆਂ ਸੁਣਾਇਆ ਕਰਦੇ ਸਨ "...... ਗੁਰੂ ਜੀ ਮੁਸਕਰਾ ਕੇ ਬੋਲੇ "ਮੇਰੇ ਪਿਆਰੇ ! ਮੈਂ ਹਾਂ ਤਾਂ ਉਹੀ ਜਿਸਦੀ ਯਾਦ ਵਿਚ ਤੂੰ ਰਾਤ ਦਿਨ ਪਿਆ ਤੜਫਨਾਂ ਹੈਂ, ਉਹੀ ਹਾਂ ਜਿਸ ਨੂੰ (ਗੁਰੂ) ਗੋਬਿੰਦ ਸਿੰਘ ਦੇ ਨਾਮ ਤੋਂ ਪੁਕਾਰਿਆ ਜਾਂਦਾ ਹੈ। ਉਹੀ ਹਾਂ ਜਿਸ ਦੀ ਗੁਪਤ ਨੀਤੀ ਨੂੰ ਕੋਈ ਨਹੀਂ ਸਮਝ ਸਕਿਆ।" ਬਾਬਾ ਜੀ ਅਥਰੂ ਕੇਰਦੇ ਹੋਏ ਪੁਛਿਆ, "ਹੇ ਦੀਨ ਦਿਆਲ ! ਆਪ ਏਨੇ ਸਾਲ ਅਲੋਪ ਹੋਕੇ ਕਿਥੇ ਰਹੇ ? ਗੁਰੂ ਜੀ ਫੁਰਮਾਇਆ—"ਮੇਰੇ ਪਿਆਰੇ ! ਉਹ ਸਮਾਂ ਹੀ ਐਸਾ ਸੀ ਕਿ ਮੈਨੂੰ ਗੁਪਤ ਰਹਿਕੇ ਕੰਮ ਕਰਨਾ ਪਿਆ ਅਤੇ ਤੁਹਾਨੂੰ ਇਹ ਸਮਾਂਚਾਰ ਪੁਛਣ ਦੀ ਕੋਈ ਲੋੜ ਨਹੀਂ "......"ਮੈਂ ਤੁਹਾਨੂੰ ਇਕ ਵਸਤੂ ਦੇਣ ਆਇਆ ਹਾਂ ਉਹ ਸੰਭਾਲ ਲਉ" "ਧੰਨ ਭਾਗ ਜੇਕਰ ਦਾਸ ਨੂੰ ਕੋਈ ਸੇਵਾ ਬਖਸ਼ੋ।"

ਗੁਰੂ ਜੀ ਨੇ ਬਾਬਾ ਜੀ ਦੇ ਅੱਗੇ ਪੰਜ ਪੈਸੇ ਨਾਰੀਅਲ ਰੱਖ ਕੇ ਪ੍ਰਕਰਮਾ ਕੀਤੀਆਂ, ਮੱਥਾ ਟੇਕਿਆ ਤੇ ਗੁਰਿਆਈ ਦੇ ਕੇ ਆਖਿਆ



Sri Satguru Jagjit Singh Ji eLibrary NamdhariElibrary@gmail.com

ਕਿ "ਇਹ ਅਮਾਨਤ ਤੁਆਡੇ ਪਾਸੋਂ ਦੂਜਾ ਜਾਮਾ ਧਾਰ ਕੇ ਲੈ ਲਵਾਂਗੇ" ਇਹ ਬਚਨ ਕਰਕੇ ਗੁਰੂ ਜੀ ਸਿੰਘਾਂ ਸਮੇਤ ਅਗਾਂਹ ਨੂੰ ਚਲੇ ਗਲੇ।" ਪੰਨਾਂ ੧੭੯—੮੦

ਹੁਣ ਥੋੜੇ ਸ਼ਬਦਾਂ ਵਿਚ ਇਹ ਦਸਿਆ ਜਾਂਦਾ ਹੈ ਕਿ ਜਦ ਮਹਾਰਾਜਾ ਰਣਜੀਤ ਸਿੰਘ ਜੀ ਦਾ ਤੇ ਅੰਗਰੇਜ਼ਾਂ ਦਾ ਅਹਿਦ ਨਾਮਾ ਹੋਇਆ ਤਦੋਂ ਗੁਰੂ ਜੀ ਨਾਭਿਉਂ ਉਚੇਚ ਆਏ ਜਿਵੇਂ ਕਿ ਸਰੂਪ ਸਿੰਘ ਜੀ ਵਾਲੀ ਲਿਖਤੀ ਪੋਥੀ ਵਿਚ ਲਿਖਿਆ ਹੈ "ਮਹਾਰਾਜ ਜੀ ਦੀ ਸਵਾਰੀ ਲੁਧਿਆਣੇ ਗਈ ਅੰਗਰੇਜ਼ਾਂ ਨੂੰ ਕਹਿਣ ਵਾਸਤੇ ਕਿ ਤੁਮ ਲੁਧਿਆਣੇ ਹੀ ਠਹਿਰੋ ਅੱਗੇ ਹਾਲ ਨਹੀਂ ਜਾਣਾ" ਆਦ ਬਚਨ ਹਨ ਜਿਨ੍ਹਾਂ ਤੋਂ ਸਾਬਤ ਹੁੰਦਾ ਹੈ ਗੁਰੂ ਜੀ ਦੀ ਰਜ਼ਾ ਸੀ ਖਾਲਸਾ ਰਾਜ ਕਾਬਲ ਵੱਲ ਹੀ ਵਧੇ ਜਿਧਰੋਂ ਜਾਬਰ ਤੁਰਕ ਹਿੰਦ ਵਿਚ ਆਉਂਦੇ ਰਹੇ ਹਨ। ਉਹ ਪਾਸਾ ਹੀ ਸਰ ਕਰਨਾ ਠੀਕ ਹੈ। ਰਣਜੀਤ ਸਿੰਘ ਜੀ ਵਾਸਤੇ ਜੋ ਗੁਰ ਨਾਨਕ ਜੀ ਦਾ ਵਾਕ ਹੈ (ਹੋਰ ਭੀ ਉਠ ਸੀ ਮਰਦ ਨਾ ਚੇਲਾ) ਸੋ ਭੀ ਸਫਲਾ ਹੋਵੇ। ਤੁਰਕਾਂ ਨੂੰ ਸਦਾ ਲਈ ਡਕਾ ਪਕਾ ਪੂਰਾ ਪਵੇ ਤੇ ਖਾਲਸਾ ਰਾਜ ਦੀ ਤਾਕਤ ਏਧਰ ਨਾ ਖਰਚ ਹੋਵੇ।

ਜੇ ਗੁਰੂ ਜੀ ਨੂੰ ਨਦੇੜ ਵਿਚ ਹੀ ਜੋਤੀ ਜੋਤ ਸਮਾਏ ਮੰਨ ਲਿਆ ਜਾਵੇ ਤਾਂ ਉਹਨਾਂ ਦਾ ਜੋ ਵਾਕ ਅਸੀਂ ਸਿਖ ਰੋਜ਼ ਹੀ ਰਹਿਰਾਸ ਵਿਚ "ਹਮਰੇ ਦੁਸਟ ਸਬੈ ਤੁਮ ਘਾਵਹੁ। ਆਪ ਹਾਥ ਦੈ ਮੋਹਿ ਬਚਾਵਹੁ।" ਪੜ੍ਹਦੇ ਹਾਂ ਇਹ ਵਿਅਰਥ ਹੋ ਜਾਂਦਾ ਹੈ। ਜੋ ਰਛਿਆ ਪਠਾਣ ਦੇ ਘਾਤਕ ਵਾਰ ਤੋਂ ਅਕਾਲ ਪੁਰਖ ਉਹਨਾਂ ਦੀ ਕੀਤੀ ਸੀ ਉਹ ਬਿਅਰਥ ਹੋ ਜਾਂਦੀ ਹੈ ਕਿਉਂਕਿ ਸਾਰੇ ਦੁਸ਼ਟ ਦੋਖੀ ਉਨ੍ਹਾਂ ਦੇ ਤਦ ਤਕ ਜਿਉਂਦੇ ਸਨ ਇਹ ਮੰਗ ਗੁਰੂ ਜੀ ਦੀ "ਹਮਰੇ ਦਸ਼ਟ......।" ਭੀ ਨਹੀਂ ਪੂਰੀ ਹੋਈ ਮੰਨਣੀ ਪਵੇਗੀ ਪਰ



Sri Satguru Jagjit Singh Ji eLibrary NamdhariElibrary@gmail.com

ਨਹੀਂ ਜਿਸ ਕਰਤੇ ਨੇ "ਮੈਂ ਅਪਣਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕੋ ਸਾਜਾ।" ਕਿਹਾ ਹੋਇਆ ਸੀ ਸੋ ਉਪਰ ਲਿਖੀਆਂ ਮੰਗਾਂ ਪੂਰੀਆਂ ਹੋਣ ਬਿਨਾਂ ਕਦੇ ਕੋਈ ਜੋਤੀ ਜੋਤ ਵਾਲਾ ਭਾਣਾ ਨਹੀਂ ਵਰਤਾਂਦਾ ਸੀ। ਜਦ ਕਿ ਮਸੂਮ ਗੁਰੂ ਕੇ ਬਚਿਆਂ ਨੂੰ ਮਾਰਨ ਵਾਲਾ ਜ਼ੁਲਮੀ ਵਜ਼ੀਰ ਖਾਂ ਤੇ ਕੌਲ ਕਰਕੇ ਮੁਕਰ ਜਾਣ ਵਾਲਾ ਤੇ ਪਠਾਣ ਤੋਂ ਘਾਤਕ ਵਾਰ ਕਰਵਾਉਣ ਵਾਲਾ ਬਹਾਦਰ ਸ਼ਾਹ ਜਿਉਂਦੇ ਸੀ।

ਜੋ ਦਸਮ ਜੀ ਨੇ ਉਸ ਕੁਦਰਤ ਕਰਤੇ ਤੋਂ ਉਗਰਦੰਤੀ ਵਿਚ ਮੰਗ ਮੰਗੀ ਹੋਈ ਹੈ :—

"ਕਰਹੁ ਹੁਕਮ ਅਪਣਾ ਸਭੈ ਦੁਸਟ ਘਾਊਂ।
ਤੁਰਕ ਹਿੰਦ ਕਾ ਸਕਲ ਝਗਰਾ ਮਿਟਾਊਂ॥
ਅਗਮ ਸੂਰਬੀਰੇ ਉਠਹਿ ਸਿੰਘ ਜੋਧਾ॥
ਪਕਰ ਤੁਰਕ ਗਨ ਕਉ ਕਰੈਂ ਵੈ ਨਿਰੋਧਾ॥
ਸਕਲ ਜਗਤ ਮੋ ਖਾਲਸਾ ਪੰਥ ਗਾਜੈ॥
ਜਗੈ ਧਰਮ ਹਿੰਦੁਕ ਤੁਰਕ ਦੁੰਦ ਭਾਜੈ॥

ਸੋ ਵਾਕ ਸਫਲ ਹੋਣ[੧] ਬਾਦ ਹੀ ਗੁਰੂ ਜੀ ਜੋਤੀ ਜੋਤ ਸਮਾਏ ਸੀ ਅਰਥਾਤ ਤੁਰਕ ਦੁੰਦ ਜਿਧਰੋਂ ਕਾਬਲ ਵਲੋਂ ਆਇਆ ਸੀ, ਪੂਰਨ ਤੌਰ ਤੇ ਉਧਰੇ ਭਜ ਗਿਆ ਸੀ ਤੇ ਤੁਰਕਾਂ ਦਾ ਤੇ ਹਿੰਦ ਦਾ ਸਾਰਾ ਝਗੜਾ ਮਿਟ ਗਿਆ ਸੀ ਤੇ ਤੁਰਕਾਂ ਨੂੰ ਹਿੰਦ ਵਲ

---

(੧) ਕਿਉਂਕਿ ੧੫ ਹਾੜ ੧੯੫੬ ਬਿ: ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦਾ ਲਹੌਰ ਤੇ ਕਬਜ਼ਾ ਹੋਇਆ ਸੀ ਤੇ ੧੯੫੯ ਵਿਚ ਅੰਮ੍ਰਿਤਸਰ ਨੂੰ ਖਾਲਸਾਂ ਰਾਜ ਨਾਲ ਮਿਲਾਇਆ। ੧੯੬੬ 'ਚ ਮਹਾਰਾਜਾ ਰਣਜੀਤ ਸਿੰਘ ਤੇ ਅੰਗਰਜ਼ਾਂ ਦਾ ਅਹਿਦ ਨਾਮਾ ਹੋਇਆ। ਭਾਵ ਗੁਰੂ ਜੀ ਸਭ ਮੰਗਾਂ ਪੂਰੀਆਂ ਹੋਣ ਬਾਦ ਹੀ ੧੯੬੯ ਜੋਤੀ ਜੋਤ ਸਮਾਏ ਸੀ।



Sri Satguru Jagjit Singh Ji eLibrary NamdhariElibrary@gmail.com

ਆਉਣ ਤੋਂ ਪੂਰਾ ਡਕਾ ਪੈ ਗਿਆ ਸੀ। ਦਸਮ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਤਕ।

ਦੇਸ਼ ਕੌਮ ਨੂੰ ਤੁਰਕ ਰਾਜ ਤੋਂ ਕਲਿਆਣ ਕਰਾਣ ਦੇ ਬਾਦ ਗੁਰੂ ਜੀ, "ਸਦ ਪੀੜ੍ਹੀ ਗੁਰੂ ਚਲੰਦੀ" ਗੁਰਵਾਕ ਦੀ ਸਫਲ ਰੀਤੀ ਤੇ ਆਪਣੇ ਸ੍ਰੀ ਮੁਖ ਵਾਕ "ਇਹੈ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥ ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥" ਦੀ ਭੀ ਮਰਿਯਾਦਾ ਪੂਰੀ ਕੀਤੀ। ਜੇ ਇਹ ਮਰਿਯਾਦਾ ਆਪ ਪੂਰੀ ਨਾ ਕਰਦੇ ਤਾਂ ਜੋ ਮਹਲੇ ਪਹਿਲੇ ਦਾ ਵਾਕ :—

"ਪੂਰੇ ਕਾ ਕੀਆ ਸਭ ਕਿਛ ਪੂਰਾ ਘਟ ਵਧ ਕਿਛ ਨਾਹੀਂ।
ਨਾਨਕ ਗੁਰਮੁਖ ਐਸਾ ਜਾਣੈ ਪੂਰੇ ਮਾਹਿ ਸਮਾਹੀਂ।

ਤੋਂ ਹੀਣੇ ਰਹਿ ਜਾਂਦੇ ਜਦ ਕਿ ਸੰਗਤ ਦੀ ਅਰਜ਼ ਤੇ ਛੋਟੀ ਉਮਰ ਵਿਚ ਹੀ ਚੜ੍ਹਾਈ ਕਰਨ ਸਮੇਂ ਅੱਠਵੇਂ ਗੁਰਾਂ "ਬਾਬਾ ਬਕਾਲੇ" ਕਹਿ ਕੇ ਗੁਰੂ ਨਾਨਕ ਜੀ ਦੀ ਤੋਰੀ ਮਰਿਯਾਦਾ ਨੂੰ ਪੂਰਾ ਕੀਤਾ ਸੀ। ਤੇ ਭਾਈ ਗੁਰਦਾਸ ਜੀ ਨੇ ਵੀ "ਸਦ ਪੀੜ੍ਹੀ ਗੁਰੂ ਚਲੰਦੀ" ਗੁਰ ਵਾਕ ਦੀ ਪ੍ਰੌੜ੍ਹਤਾ ਲਈ ਜੋ ਲਿਖਿਆ ਹੈ :—

"ਗੁਰ ਅੰਗਦ ਗੁਰ ਅੰਗ ਤੇ ਅੰਮ੍ਰਿਤ ਬਿਰਖ ਅੰਮ੍ਰਿਤ ਫਲ ਫਲਿਆ।
ਜੋਤੀ ਜੋਤ ਜਗਾਇਅਨ ਦੀਵੇ ਤੇ ਜਿਉਂ ਦੀਵਾ ਬਲਿਆ।
ਨਿਹਚਲ ਸੱਚਾ ਤਖਤ ਹੈ ਅਬਚਲ ਰਾਜ ਨਾ ਹਲੈ ਹਲਿਆ।
ਸਚ ਸਬਦ ਗੁਰ ਸੌਂਪਿਆ ਸਚ ਟਕਸਾਲਹੁ ਸਿਕਾ ਚਲਿਆ।
ਸੱਚਾ ਹੁਕਮ ਸੁ ਅਟਲ ਨਾ ਟਲਿਆ।"



Sri Satguru Jagjit Singh Ji eLibrary NamdhariElibrary@gmail.com

ਸੋ ਪੂਰਾ ਮੂਰਤੀ ਮਾਨ ਨਾ ਹੋ ਸਕਦਾ। ਜੇ ਦਸਮ ਗੁਰੂ ਜੀ ਆਪਣਾ ਕੰਮ ਪੂਰਾ ਕੀਤੇ ਬਿਨਾਂ ਹੀ ਜੋਤੀ ਜੋਤ ਸਮਾ ਜਾਂਦੇ।

ਹਰ ਪਹਿਲੂ ਤੋਂ ਪੂਰੇ ਉਤਰਨ ਵਾਲੇ ਪੂਰੇ ਗੁਰੂ ਸ਼ਮਰਥ ਸਤਿਗੁਰੂ ਜੀ ਜਿਨ੍ਹਾਂ ਨੇ ਆਪਣੇ ਤੋਂ ਪਹਿਲੋਂ ਹੋਏ ਗੁਰੂਆਂ ਦੀ ਘਾਲ ਨੂੰ ਭੀ ਸੰਭਾਲ ਕੇ ਉਜਾਗਰ ਕੀਤਾ ਤੇ ਅਪਣੇ ਤੋਂ ਬਾਦ ਆਉਣ ਵਾਲੇ ਗੁਰੂਆਂ ਦਾ ਭੀ ਮੁਖ ਤੇ ਰਸਤਾ ਨਿਰਮਲ ਤੇ ਨਿਰਭੈ ਕਰ ਦਿਤਾ। ਮੇਰੇ ਹਿਰਦਿਉਂ ਤਾਂ ਸ੍ਰੀ ਦਸਮ ਜੀ ਨੂੰ ਚਿਤਾਰਦਿਆਂ ਆਪੋਂ ਹੀ ਗੁਰੂ ਜਸ ਕਰਨ ਦਾ ਚਾ ਉਮਗੁ ਉਠਦਾ ਏ। ਜੋ ਇਹ ਆਖਦਾ ਏ :—

॥ ਕਬਿਤ ॥

ਪੁਤਰਾਂ ਤੋਂ ਵੱਧ ਪ੍ਰੇਮ ਪ੍ਰੇਮੀਆਂ ਦੇ ਨਾਲ ਕਰਨ—
ਵਾਲਾ ਮਤਵਾਲਾ ਘਾਲ ਧਰਮ ਉਪਕਾਰ ਦਾ।
ਪੁਤਰਾਂ ਨੂੰ ਪਹਿਲਾਂ ਵਿਚ ਜੰਗ ਦੇ ਕਰਾ ਸ਼ਹੀਦ,
ਨਿਜੀ ਜਿਗਾ ਕਲਗੀ ਦੇ ਸਿੰਘ ਨੂੰ ਸ਼ਿੰਗਾਰਦਾ।
ਸੱਚਾ ਪ੍ਰੇਮੀ ਬੁਧੂ ਸ਼ਾਹ ਸ਼ਰਈਆਂ ਜਿਥੇ ਮਾਰਿਆ ਸੀ,
'ਮਾਰੀਂ ਸੌ ਸਢੌਰਾ ਪਹਿਲਾ' ਬੰਦੇ ਨੂੰ ਉਚਾਰਦਾ।
ਪਿਛੋਂ ਕੀ ਸੀ ਹੋਣਾ, ਪਹਿਲੋਂ ਹੋਇਆਂ ਭੀ ਸੀ ਗੁੰਮ ਜਾਣਾ,
ਜੇ ਨਾ ਜਗ ਅਉਣਾ ਹੁੰਦਾ ਦਸਮ ਅਉਤਾਰ ਦਾ।
ਜਿਸ ਦੀ ਸਪਿਰਟ ਭਰੀ, ਕਰੀ ਗਈ ਕਮਾਲ ਘਾਲ,
ਸੌ ਸਾਲ[੧] ਸਜਣੇਂ ਦੇ ਬਾਦ ਰਾਜ ਲੈ ਲਿਆ।

---

(੧) ਖਾਲਸਾ ਸਜੇ ਤੋਂ ਸੌ ਸਾਲ ਬਾਦ ਖਾਲਸੇ ਦਾ ਰਾਜ ਹੋ ਗਿਆ। ੧੭੫੬ ਬਿ: ਵਿਚ ਖਾਲਸਾ ਸਜਿਆ ਤੇ ੧੮੫੬ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਹੌਰ ਤੇ ਕਬਜ਼ਾ ਕਰ ਲਿਆ।



Sri Satguru Jagjit Singh Ji eLibrary NamdhariElibrary@gmail.com

ਕਿਧਰੋਂ ਦੇ ਆਏ ਰਾਜ ਪੱਕਾ ਜੋ ਬਨਾਈ ਬੈਠੇ,
ਐਂਠ ਭੰਨ ਉਹਨਾਂ ਦੀ ਨੂੰ ਰੁਤਬਾ ਅਭੈ ਲਿਆ।
ਮੁਦਤਾਂ ਦੇ ਪੈਂਦੇ ਜੇਹੜੇ ਲਹਿੰਦਿਉਂ ਸੀ ਹਿੰਦ ਉਤੇ,
ਉਹਨਾਂ ਦਾ ਮੂੰਹ ਉਲਟ ਮੋੜ ਤੋੜ ਕਰ ਤੈ ਲਿਆ।
ਇਕ ਸੌ ਛਤਾਲੀ ਸਾਲ ਉਮਰ ਭੋਗ ਰਾਜ ਜੋਗ,
ਸਕਤ ਅਮੋਘ ਨੀਤੀ ਦਸਮ ਵਿਖੈ ਗਿਆ।

॥ ਕਬਿਤ ॥

"ਪੂਰੇ ਕਾ ਕੀਆ ਸਭ ਕਿਛ ਪੂਰਾ" ਗੁਰ ਵਾਕ,
ਹਰ ਪਖੋਂ ਦਸਮ ਜੀ ਤੋ ਘਟਦਾ ਭੀ ਪੂਰਾ ਏ।
ਘਟ ਵਧ ਜਾਨੇ ਜਗ ਉਹਨੂੰ ਅਧਵਾਟੇ ਰਿਹਾ,
ਰਹਿੰਦਾ ਕੰਮ ਜਿਸ ਦਾ ਅਰੰਭਿਆ ਅਧੂਰਾ ਏ।
ਕੀਤਾ ਦ੍ਰਿੜ ਨਿਹਚਾ ਗੁਰ ਜ਼ੁਲਮ ਜੜ੍ਹ ਪੁਟਣੇ ਦਾ,
ਵਿਚੇ ਦੇਹ ਛੁਟਣੇ ਦਾ ਮਸਲਾ ਹੀ ਕੂਰਾ ਏ
ਤਿਵੇਂ ਕੂੜ "ਗੁਰੂ ਗ੍ਰੰਥ" ਦਸਮ ਵਲੋਂ ਕਿਉਂਕਿ ਸਦਾ,
ਕਰ ਦਿਖਲਾਉਣਾ ਕੰਮ ਦੇਹ ਦਸਤੂਰਾ ਏ।
ਪਿਛੇ ਤਾਂ ਨਹੀਂ ਹੋਇਆ ਅਗੋਂ ਹੋਵੇ ਵੇਖ ਲਾਂਗੇ ਜਿਵੇਂ—
ਦੇਸ਼ ਕੌਮ ਵਿਚ ਦਸਮ ਆਂਦਾ ਇਨਕਲਾਬ ਸੀ।
ਲਿਖਿਆ "ਬਚਿਤ੍ਰ ਨਾਟਕ" ਕੀਤੇ ਭੀ ਕਈ ਆਪ ਅਤੇ,
ਕਿਤੇ ਪੂਰੇ ਪਤੇ ਕਿਤੇ ਪਤੇ ਬੇ ਹਿਸਾਬ ਸੀ।
ਤੀਰ ਅੰਦਾਜ਼ੀ, ਵਿਦਿਆ, ਤਜਰਬਾ, ਦਲੇਰੀ ਤੇਜ,
ਅ-ਮਨੁਖੀ ਮੁਖ ਗਲ ਬਲ ਲਾ-ਜਵਾਬ ਸੀ।
ਐਸੇ ਸਮਰਥ ਗੁਰ ਧੁਰੋਂ ਆਏ ਧਰਮ ਹਿਤ,
ਹਤੀ-ਭਰਮ, ਭਰਮ ਨਾਹੀਂ ਥਾਪਿਆ ਜਨਾਬ ਸੀ।



Sri Satguru Jagjit Singh Ji eLibrary NamdhariElibrary@gmail.com

॥ ਅੜਿਲ ॥

ਗ੍ਰੰਥ ਗੁਰੂ ਹੈ ਥਾਪਿਆ ਜਦ ਤੋਂ ਵੇਖਣ ਦੇ ਲਈ।
ਪੜੋ ਅੰਤਕਾ ਫੜੋ ਮੰਤ ਸਾ ਜਾਪੇ ਜੋ ਸਹੀ।
ਤਰਨ ਸਿੰਘ ਨੂੰ ਲੋੜ ਨਹੀਂ ਜਿਦ ਕਰਨ ਦੀ ਕਾਈ।
ਹੇ ਪਾਠਕ ਪੜ੍ਹ ਲੌ ਵੇਖ ਲਿਖਣ ਸਿੰਘ-ਸਭੀ ਜੋ ਭਾਈ।

ਹੁਣ ਮੈਂ ਪਾਠਕਾਂ ਨੂੰ ਸੂਤੇ ਪ੍ਰਮਾਣ, ਜੈਸੇ ਹਿੰਦੂਆਂ ਨੂੰ ਬੇਦ ਤੇ ਗੀਤਾ, ਤੇ ਈਸਾਈਆਂ ਨੂੰ ਅੰਜੀਲ ਤੇ ਮੁਸਲਮਾਨਾਂ ਨੂੰ ਕੁਰਾਨ ਸ਼ਰੀਫ ਤੇ ਸਿਖਾਂ ਨੂੰ ਗ੍ਰੰਥ ਸਾਹਿਬ ਦੀ ਬਾਣੀ ਹੈ ਤੈਸੇ ਅਕਟ ਬਚਨਾਂ ਵਿਚੋਂ ਦਸਮ ਗੁਰੂ ਜੀ ਦਾ ਨਦੇੜੋਂ ਕੌਤਕ ਕਰ ਅਲੋਪ ਹੋਣ ਤੇ ਗੁਰੂਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਗੁਰੂ ਰਾਮ ਸਿੰਘ ਜੀ ਜੋਗ ਹੁਕਮ ਦੇਣ ਦਾ ਸਬੂਤ ਲਿਖਦਾ ਹਾਂ।

ਉਹ ਹਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਿਦੇਸ਼ੋਂ ਭੇਜੇ ਹੁਕਮਨਾਮਿਆਂ[੧] ਦੇ ਬਚਨ ਜੋ ਇਸ ਤਰ੍ਹਾਂ ਹਨ :—

"ਤੁਸੀਂ ਜਿਸ ਕੰਮ ਨੂੰ ਲਗੇ ਨਾਲੇ ਸਿੰਘ ਸਭਾ ਵਾਲਿਆਂ ਕੋ ਭੀ ਨਾਲ ਲਾ ਲੈਣਾ......ਤੁਮਾਰੇ ਪਾਸ ਸਿੰਘ ਸਭਾ ਲਗਦੀ ਹੈ ਆਪ ਬੀ ਬਡੇ ਹੋ ਤੁਮਾਰੇ ਪਖੀ ਵੀ ਬਡੇ ਹੈਨ ਬਲਧਾਰੀ......।"

ਅਗੇ ਜਾ ਕੇ ਸਿਖਿਆ ਦਿਤੀ ਹੈ ਅਕਾਲ ਤਖਤ ਵਾਲਿਆਂ ਨੂੰ।
"ਸਤਿਗੁਰ ਸਭਨਾ ਦਾ ਭਲਾ ਮਨਾਇਦਾ" ਧਰਮ ਅਨੁਸਾਰ :—

---

(੧) ਜੋ ਹੁਕਮਨਾਮੇ ਟਹਿਲ ਸਿੰਘ ਤੇ ਗੰਡਾ ਸਿੰਘ ਨੇ ਛਪਵਾਏ ਹਨ ਉਹਨਾਂ ਨੂੰ ਨਾਮਧਾਰੀ ਦਰਬਾਰ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗਲਤ ਤੇ ਵਿਗਾੜੇ ਹੋਏ ਦਸ ਪ੍ਰਵਾਨ ਨਹੀਂ ਕੀਤਾ।



Sri Satguru Jagjit Singh Ji eLibrary NamdhariElibrary@gmail.com

"ਗਲ ਮੈਂ ਪਲਾ ਪਾਕੇ ਆਖੋ ਭੁਲ ਗਏ ਹਾਂ, ਗੁਰੂ ਜੀ ਦੇ ਸਾਂਗ ਨੂੰ ਨਹੀਂ ਜਾਣ ਸਕੇ" ।

'ਸਾਂਗ' ਜੋ ਗੁਰੂ ਜੀ ਨੇ ਨਦੇੜ ਕੀਤਾ ਸੀ ਉਸ ਵਲ ਸਤਿਗੁਰਾਂ ਦਾ ਇਸ਼ਾਰਾ ਹੈ।

ਗੁਰੂ ਬਾਲਕ ਸਿੰਘ ਜੀ ਦੇ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਜੋਤ ਹੋਣ ਤੇ ਇਕੋ ਜਹੇ ਸਮਰਥ ਹੋਣ ਬਾਬਤ ਸਤਿਗੁਰੂ ਰਾਮ ਸਿੰਘ ਜੀ ਲਿਖਦੇ ਹਨ :—

"ਪਿਛੇ ਦਿਆਂ ਦਾ ਭੀ ਏਹੀ ਹੁਕਮ ਹੈ ਸਮਰਥ ਜੋ ਗਿਆਰਾਂ ਗੁਰੂ ਹੋਏ ਹਨ ਮੈਂ ਭੀ ਉਨ੍ਹਾਂ ਦਾ ਹੁਕਮ ਸੁਣਾਉਂਦਾ ਹਾਂ" ।

ਜੇ "ਨਾਨਕ ਗੁਰ ਤੇ ਗੁਰ ਹੋਆ" ਗੁਰ ਵਾਕ ਨਾ ਵਰਤਿਆ ਹੁੰਦਾ ਅਰਥਾਤ ਜੇ ਦਸਮੇਂ ਗੁਰੂ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਦਰਸ਼ਨ ਦੇ ਗੁਰ ਸ਼ਬਦ, ਸਕਤ, ਗੁਰਤਾ ਨਾ ਦਿਤੀ ਹੁੰਦੀ ਤਾਂ "ਸਮਰੱਥ ਜੋ ਗਿਆਰਾਂ ਗੁਰੂ ਹੋਏ ਹੈਨ......।" ਕਦੇ ਗੁਰੂ ਰਾਮ ਸਿੰਘ ਜੀ ਨਾ ਲਿਖਦੇ। ਹੁਣ ਮੈਂ ਦਸਦਾ ਹਾਂ ਜੋ ਦਸਮ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਸਤਿਗੁਰੂ ਰਾਮ ਸਿਘ ਜੀ ਜੋਗ ਹੁਕਮ ਦਿਤਾ ਸੀ "ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ ।" ਦੀ ਪੁਸ਼ਟੀ ਭੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਵੇਂ ਹੁਕਮਨਾਮਿਆਂ ਵਿਚ ਕੀਤੀ ਹੋਈ ਹੈ ।

"ਏ ਲੋਕ ਮੈਨੂੰ ਹੀ ਆਹਦੇ ਹੈ ਕੁਛ ਏਨੇ ਕਰ ਲਿਆ ਹੈ ਗੁਰੂ ਵਲ ਨਿਗਾਹ ਨਹੀਂ ਏਨਾਂ ਲੋਕਾਂ ਦੀ ਗੁਰੂ ਜੀ ਦਾ ਹੁਕਮ ਏਮੇ ਹੀ ਥਾ......ਇਹੁ ਕਾਰ ਹੈ ਸੋ ਸਾਹਿਬ ਦਸਮੇਂ ਪਾਤਸ਼ਾਹ ਕੀ ਹੈ ਤੁਸੀਂ ਸਤਿ ਕਰ ਮੰਨਣਾ......ਏਹ ਨਿਉਂ ਸੰਤ ਖਾਲਸੇ ਦੀ ਗੁਰੂ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਆਪ ਰਖੀ ਹੈ......ਮੈਂ ਤਾਂ ਗੁਰੂ ਨਹੀਂ ਪਰ ਇਹ ਰਚਨਾ ਗੁਰੂ ਜੀ ਰਚੀ ਹੈ......ਏ ਤਾਂ ਗੁਰੂ ਜੀ ਨੇ ਨਾਮ ਦੀ ਗੰਗਾ ਆਂਦੀ ਹੈ ਤੁਸੀਂ ਦੇਖ ਲੌ ਜੋ ਕੌਣ ਸੀ ਬਾਤ ਬੁਰੀ ਹੈ ।......ਸਭ ਨੇ ਰਲ ਕੇ ਗੁਰੂ ਜੀ ਦੇ ਹੁਕਮ ਨਾਲ ਦਾਵਾ ਬੰਨ੍ਹਿਆ ਹੈ......ਏਹਨਾਂ ਨੇ ਦਾਵਾ ਗੁਰੂ ਪ੍ਰਮੇਸਰ ਨਾਲ ਬੰਨ੍ਹਿਆ ਹੈ ਕੂਕਾ ਪੰਥ ਮੰਤਰ ਸਕਤ ਨਾਲ ਹੋਆ ਹੈ। ਕਿਉਂ ਜੋ ਕੂਕੇ ਗੁਰੂ ਕੇ ਹੁਕਮ ਨਾਲ ਹੋਏ ਹੈਂ......ਏਹਨਾਂ ਦਾ ਦਾਵਾ ਗੁਰੂ ਸਾਬ਼ ਪੈ ਗਿਆ ਹੈ......ਅਗੇ ਜੋ ਸੱਚੇ ਪਾਤਸ਼ਾਹ ਕਲਗੀਆਂ ਵਾਲੇ ਦਾ ਹੁਕਮ ਹੈ ਸੋ ਸਭ ਪੂਰਾ ਵਰਤੇਗਾ ਸਤ ਕਰਕੇ ਮੰਨਣਾ ।"

ਹੁਣ ਦਸਦਾ ਹਾਂ ਕਿ ਜਿਨ੍ਹਾਂ ਨੇ ਉਪਰ ਲਿਖੇ ਦਸਮ ਗੁਰੂ ਜੀ ਦੇ ਹੁਕਮ ਵਿਚ ਹੋਏ ਸੰਤ ਖਾਲਸੇ ਦੀ ਵਿਰੋਧਤਾ ਕੀਤੀ। ਸਤਿਗੁਰੂ ਰਾਮ ਸਿੰਘ ਜੀ ਉਨ੍ਹਾਂ ਪੁਜਾਰੀਆਂ ਤੇ ਸਿੰਘ ਸਭੀਆਂ ਜੋਗ ਜੋ ਲਿਖਦੇ ਹਨ :—

"ਹੋਰ ਨਰੈਣ ਸਿੰਘ ਤੈਂ ਸਮਝੀਂ ਇਹ ਬਾਤ । ਜੋ ਸਿੰਘ ਸਭਾ ਬਣਾਈ ਹੈ ਏਹਨਾਂ ਤੇ ਰੀਸ ਕੀਤੀ ਹੈ ਗੁਰੂ ਕੇ ਕੰਮ ਦੀ। ਏਧਰ ਕੰਮ ਤੇ ਨਿਕਲ ਪਿਆ ਗੁਰੂ ਦਾ ਏਧਰ ਇਹ ਮਿਲਣ ਜੋਗੇ ਹੈ ਨਹੀਂ ਕੀ ਮੂੰਹ ਲੈ ਕੇ ਮਿਲਣ ਬਹੁਤ ਬਕੇ ਹੈਂ ਮੂੰਹ ਆਉਂਦਾ...... ਗੁਰੂ ਸਾਹਿਬ ਦਾ ਹੁਕਮ ਥਾ ਇਕ ਸੰਤ[੧] ਖਾਲਸੇ ਬਿਨਾਂ ਹੋਰ ਸਭ ਮਲੇਛ ਪੰਥ ਮੇਂ ਮਿਲ ਜਾਵਹਿਗੇ । ਜੋ ਸਭ ਦਾ ਇਹ ਸੁਭਾਓ ਹੋਏ ਗਿਆ ਹੈ ਬਿਲਿਆਂ ਜਿਹਾ ਹੀ......ਤੁਸ਼ੀਂ ਹੱਥ ਜੋੜ ਕੇ ਬਖਸਾਵੋ ਤੇ ਕਵੋ ਕਿ ਅਸੀਂ ਗੁਰੂ ਜੀ ਦੇ ਸਾਂਗ ਨੂੰ ਨਹੀਂ ਲਖ ਸਕੇ...... ਜਿਨ੍ਹਾਂ ਗੁਰੂ ਜੀ ਦੇ ਬਚਨ ਨੂੰ ਬੰਨ੍ਹ ਮਾਰਿਆ ਹੈ ਤੁਸੀਂ ਧੰਨ ਹੋ ?"

---

(੧) ਅਬ ਕਲਜੁਗ ਨੇ ਆਪਨੇ ਅਮਲ, ਆਗਿਆ ਸਿਉਂ ਬਹੁਤ ਪੀਏ ਹੈਂ । ਅਜ ਚੇਤੇ ਪੰਥ ਹਨ ਸਭ ਮਲੇਸ਼ ਪੰਥ ਸਿਉ ਮਿਲਜਾਵਹਿਗੇ । (ਪ੍ਰੇਮ ਸੁਮਾਰਗ)



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

ਚਮਕੌਰੋਂ ਨਿਕਲੇ ਭੀ ਬਣੇ ਪੀਰ ਉਚ ਦੇ ਜਿਉਂ,
ਕੌਤਕ ਨਦੇੜ ਕੀਤਾ ਗੁਰ ਤਿਸ ਵਾਂਗੀ ਦਾ।
'ਨਰ ਨਾਟਕ' ਕੌਤਕ ਹੀ ਕਿਹਾ ਤਾਂਹੀਉਂ ਲੇਖਕਾਂ ਨੇ,
ਲਿਖਿਆ ਭੀ ਗੁਰਾਂ ਸਾਂਗ ਲਖਿਆ ਨਾ ਸਾਂਗੀ ਦਾ।
ਪ੍ਰੇਮ ਪਾਲ ਬਿਰਦ ਸੰਭਾਲ ਤਿਵੇਂ ਬਹੁੜਦੇ ਰਹੇ,
ਹਿਤ ਜਿਵੇਂ ਮਿਤਰਾਂ ਹੋਏ ਮਿਤਰਾਂ ਦੀ ਮਾਂਗੀ ਦਾ।
ਖਾਲਸੇ ਦੇ ਖਸਮ ਦਸਮ ਗੁਰ ਪੂਰਨ ਦਾ,
ਅੰਗਿਆਂ ਨਾ ਸਮੇਂ ਜੰਗ ਢੰਗ ਰੰਗ ਰਾਂਦੀ ਦਾ।

(ਚੁਟਕੀ) ਮੈਂ ਭੀ ਜੋ ਪੜ੍ਹਿਆ ਲਿਖ ਦਿਤਾ।
ਕਰ ਗੁਰ ਕੇ ਇਤਿਹਾਸ ਸੋਂ ਹਿਤਾ।
ਪਰ ਨਹੀਂ ਦਾਵਾ ਹੈ ਸਭ ਇਤਾ।
ਗੁਰ ਜਾਨੇ ਅਪਣੀ ਗਤ ਮਿਤਾ।

——o——



Sri Satguru Jagjit Singh Ji eLibrary NamdhariElibrary@gmail.com

# ਅੰਤਕਾ ਨੰ: ੧

ਮੇਰੇ ਪਹਿਲੀ ਵਾਰ ਲਿਖੇ (ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ) ਦੇ ਅਧਾਰ ਤੇ ੮ ਜੇਠ ਬੁਧਵਾਰ ਜੇਠ ਸੁਦੀ ੫, ੨੦੨੬ ਬਿ: ੨੨ ਮਈ, ੧੯੬੯ ਈ: ਨੂੰ ਸ੍ਰੀ ਜੀਵਨ ਨਗਰ ਵਿਚ ਦਸਮੇਸ਼ ਜੀ ਦੇ ਜੋਤੀ ਜੋਤ ਸਮਾਉਣ ਦਾ ਪੁਰਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਲਾ, ਪਾਠਾਂ ਤੇ ਹਵਨ ਦਾ ਕਰ ਮਨਾਇਆ ਮੈਂ, ਮਹਾਰਾਜ ਬੀਰ ਸਿੰਘ ਜੀ ਤੇ ਠਾਕੁਰ ਦਲੀਪ ਸਿੰਘ ਜੀ ਦੀ ਰਜ਼ਾ ਨਾਲ, ਜੋ ਉਸ ਪੁਸਤਕ ਤੋਂ ਵੱਧ ਹੋਰ ਜੀਵਨ ਦਸਵੇਂ ਗੁਰੂ ਜੀ ਦਾ ਨਦੇੜ ਕੌਤਕ ਤੋਂ ਬਾਦ ਦਾ ਮਿਲਿਆ ਸਤਿਗੁਰੂ ਜੀ ਤੇ ਸੰਗਤ ਦੇ ਸਾਹਵੇਂ ਖੜੋ ਸੁਨਾਇਆ। ਸੋ ਮੈਂ ਸਭ ਜੋ ਮਿਲਿਆ ਸੁਥਰਾ ਕਰ ਛਾਪਣ ਅਰਥ ਲਿਖ ਸਮਾਪਤ ਕੀਤਾ।

ਇਸ ਦੇ ਨਾਲ ਹੀ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਅੱਗੇ ਅਰਜ਼ ਕਰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਕਿਰਪਾ ਅਤੇ ਉਦਮ ਕਰਕੇ ਸ੍ਰੀ ਜੀਵਨ ਨਗਰ ਵਿਚ ਦਸਮ ਗੁਰੂ ਜੀ ਦਾ ਮੇਲਾ ਮਨਾਇਆ ਹੈ ਏਸੇ ਤਰ੍ਹਾਂ ਹੀ ਅੱਗੋਂ ਤੋਂ ਇਹ ਗੁਰੂ ਜੀ ਦੇ ਜੋਤ ਜੋਤੀ ਸਮਾਉਣ ਦਾ ਪੁਰਬ ਉਹਨਾਂ ਦੇ ਅੰਤਮ ਸਥਾਨ ਨਾਭੇ ਵਾਲੇ ਗੁਰਦੁਆਰੇ ਵਿਚ ਮਨਾਇਆ ਜਾਵੇ।

॥ ਕਬਿਤ ॥

ਸ੍ਰੀ ਦਸਮੇਸ਼ ਦਾ ਵਿਸ਼ੇਸ਼ ਇਤਿਹਾਸ ਰਹਿੰਦਾ,
ਕਹਿੰਦਾ ਤਰਨ ਸਿੰਘ, ਸਤਿਗੁਰੂ ਜੀ ਦੀ ਮੇਹਰ ਨਾਲ।



Sri Satguru Jagjit Singh Ji eLibrary NamdhariElibrary@gmail.com

ਸੱਚ ਨਾ ਪੁਰਾਣਾ ਹੋਵੇ ਜਿਵੇਂ ਜਗ ਜਾਣਦਾ ਏ,
ਭਾਣੇ ਵਿਚ ਭਾਵੇਂ ਹੋਵੇ ਜ਼ਾਹਰ ਛੇਤੀਂ ਡੇਰ ਨਾਲ ।
ਸਭ ਇਤਿਹਾਸਾਂ ਵਿਚੋਂ ਲਭ ਲਿਖਾਂ ਵਾਰਤਾ ਸੋ,
ਜਨਮ ਸਕਾਰਥਾ ਲਈ ਨਾਹੀ ਹੇਰ ਫੇਰ ਨਾਲ ।
ਦੰਮਾਂ ਦੇ ਹਾਂ ਹੇਤ ਨੂੰ ਨਾ ਕੰਮ ਮੈਂ ਇਹ ਮੂਲ ਕਰਾਂ ।
ਡਰਾਂ ਸਰੀ ਸੇਵਾ ਹੋਵੇ ਨਿਜੀ ਧਰਮ ਮੇਰ ਨਾਲ ।
ਲੇਖਕ ਦਾ ਧਰਮ ਹੈ ਕਰਮ ਅਜੇਹਾ ਕਰੇ,
ਪਰਮ ਸਨੇਹੀਆਂ ਵਿਚ ਸਿਰ ਉਹਦਾ ਉਚਾ ਰਹੇ ।
ਮਾਇਆ, ਮਾਨ, ਹਾਨ, ਲੋਭ, ਖੋਭ ਅਨਿਆ ਪਖੋਂ,
ਰਖੇ ਅੱਖ ਉਚੀ, ਝੂਠ ਜੂਠ ਤੋਂ ਭੀ ਸੁਚਾ ਰਹੇ ।
ਭਾਵੇਂ ਖਾਵੇ ਰੁਖੀ ਦੁਖੀ ਰਹੇ ਭਾਵੇਂ ਰਜ ਮਿਲੇ,
ਕਰੇ ਨਾ ਕੁਚੱਜ ਹਰ ਵਥੋਂ ਖਾਹ ਵਿਗੁਚਾ ਰਹੇ ।
ਸੱਚ ਨਾਲ ਨਿਹਚੇ ਉਹਦੀ ਬਣੀ ਸੱਚੀ ਭਾਵਨਾ ਰਹੇ,
ਬਣ ਸਿਖ ਮਨੀ ਗੁਰ ਮਾਲਾ 'ਚ ਪਰੁਚਾ ਰਹੇ ।
ਹਾਲ ਸਮੇਂ ਬੀਤੇ ਦਾ ਜੋ ਸੱਚ ਦਾ ਖਿਆਲ ਰਖ,
ਲਿਖਿਆ ਜੋ ਨਾਲੋ ਨਾਲ ਗਿਆ ਗੁਣ ਖਾਸ ਹੋਵੇ ।
ਕੂੜੋਂ ਪੰਨੇ ਕਾਲੇ ਨਿਰੇ ਹੋਣ ਨਾ ਵਿਖਾਲੇ ਵਿਚ,
ਸਾਦੇ ਸਚ ਵਾਂਗੂ ਅੰਤ ਜਿਸਦਾ ਮਿਠਾਸ ਹੋਵੇ ।
ਪੜ੍ਹਕੇ ਪ੍ਰਾਪਤੀ ਅਮੁਲੀ ਪਾਵੇ ਪਾਠਕ ਤੇ,
ਹਟ ਸਦਾ ਖਟਣੇਂ ਦੀ ਵਾਂਗਰਾਂ ਦੀ ਰਾਸ ਹੋਵੇ ।
ਲਬੋਂ ਖਾਲੀ ਲਿਖਿਆ ਜੋ ਸਿਖਿਆ ਸਬੱਬ ਬਣੇ,
ਰਬ ਦੀ ਸੋ ਦਾਤ ਜੇ ਕੋਈ ਐਸਾ ਇਤਿਹਾਸ ਹੋਵੇ ।

ਦੋ :— ਬੀਤੇ ਬਦਲ ਬਨਾਵਣਾ ਬੁਧਿ ਬਿਧਿ ਬਾਣ ਬੁਰੀ ।
ਅੰਗਰੇਜੋਂ ਆਈ ਇਧਰ, ਇਲਤ ਇਹ ਟੂਰੀ ।



Sri Satguru Jagjit Singh Ji eLibrary NamdhariElibrary@gmail.com

॥ ਕਬਿਤ ॥

ਤਰਨ ਸਿੰਘ ਕਰਨ ਕੁਝ ਸੇਵ ਗੁਰਦੇਵ ਹਿਤੋਂ,
ਲਿਖ ਦਿਤਾ ਜਿਤਨਾ ਕੁ ਡਿਠਾ ਇਤਿਹਾਸ ਵਿਚ ।
ਪੜਨਾ ਵਿਚਾਰਨਾ ਤੇ ਧਾਰਨਾ ਸੋ ਧਾਰ ਲੈਣੀ,
ਰਹਿਣੀ ਗੁਰ ਭਾਈ ਆਈ ਆਪਣੀ ਕਿਆਸ ਵਿਚ ।
ਅਵਗਣ ਛੱਡ ਚਲੋ, ਕਰੋ ਸਾਂਝ ਗੁਣਾ ਕੇਰੀ,
ਹੇਰੀ ਹਰਿ ਸਿਖ ਮਤ ਗੁਰਬਾਣੀ ਰਾਸ ਵਿਚ ।
ਸੋਚ ਮੇਰੇ ਉਤੇ ਮੇਹਰਵਾਨ ਨਾ ਵਿਚਾਰੇ ਦੋਸ਼,
ਕਿਉਂਕਿ ਹਨ ਘਣੇ ਭਾਰੇ ਦੋਸ "ਵਹਿਮੀ" ਦਾਸ ਵਿਚ ।
ਦੋ: ਸਾਧ ਸੰਗਤ ਸਤਿਗੁਰੂ ਜੀ, ਭੁਲਾ ਬਖਸ਼ਣ ਜੋਗ,
ਦਇਆ ਕਰੋ ਇਹ ਦਾਸ ਪਰ, ਬਖਸ਼ੋ ਰਿਦਾ ਅਰੋਗ ।

ਚੁਟਕੀ :— ਤਰਨ ਸਿੰਘ ਸ੍ਰੀ ਰਾਮਪੁਰ ।
ਤੇ ਮੇਹਰ ਕੀਤੀ ਰਾਮ ਗੁਰ ।
ਪੰਦਰਾਂ ਕੱਤਕ ਗੁਰਵਾਰ ।
੨੦੨੬ ਸੁਬ੍ਹਾ ਸਾਰ ।
ਪੂਰਾ ਕੀਤਾ ਦਸਮ ਗੁਰ ਦਰਸ਼ਨ ।
ਗੁਰਮੁਖ ਸੁਰਜਨ ਪੜ ਕੇ ਹਰਸਨ ।

## ਅੰਤਕਾ ਨੰ: ੨

ਭਾਈ ਰਣਧੀਰ ਸਿੰਘ ਜੀ ਰੀਸਰਚ ਸਕਾਲਰ ਸਿਖ ਹਿਸਟਰੀ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵਲੋਂ ਪ੍ਰੇਮ ਸੁਮਾਰਗ ਦੀ ਭੂਮਿਕਾ ਵਿਚ ਪ੍ਰੇਮ ਸੁਮਾਰਗ ਦਾ ਰਚਨ ਕਾਲ ਦਸਦੇ ਹਨ ।



Sri Satguru Jagjit Singh Ji eLibrary NamdhariElibrary@gmail.com

"ਇਹ ਉਤਮ ਗ੍ਰੰਥ ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਤਾਰਾ ਸਿੰਘ ਆਦਿ ਸ਼ਹੀਦਾਂ ਦੇ ਜੀਵਨ ਜੋਤ ਜਗਾਂਦੇ ਸਮੇਂ ਸਤਾਰਾਂ ਸੌ ਪੈਂਹਠ ਤੇ ਅਠਾਰਾਂ ਸੌ ਸੋਲ੍ਹਾ ਬਿਕਰਮੀ ੧੭੦੮--੯ ਈ: ਵਿਚਕਾਰ ਹੀ ਲਿਖਿਆ ਗਿਆ ਸਹੀ ਹੁੰਦਾ ਹੈ।"

"ਹੋਰ ਤਾਂ ਹੋਰ ਆਦਿ ਗ੍ਰੰਥ ਨੂੰ ਵੀ ਇਸ ਪੁਸਤਕ ਦੇ ਰਚਨ ਕਾਲ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਧੀ[੧] ਪ੍ਰਾਪਤ ਨਹੀਂ ਸੀ ਹੋਈ।' ਪੋਥੀ' ਯਾ 'ਗ੍ਰੰਥ' ਹੀ ਸਦਿਆ ਜਾਂਦਾ ਸੀ ਜਿਹਾ ਕਿ ਇਸ ਪੁਸਤਕ ਵਿਚ ਥਾਂ ਥਾਂ ਮਿਲਦਾ ਹੈ।" ਪੰਨਾਂ ੧੧੦

ਭਾਈ ਵੀਰ ਸਿੰਘ ਜੀ ਸੂਰਜ ਪ੍ਰਕਾਸ਼ ਦੇ ਰਚੇ ਜਾਣ ਦੇ ਸਮੇਂ ਬਾਬਤ ਲਿਖਦੇ ਹਨ। "ਜਿਸ ਸਮੇਂ ਗ੍ਰੰਥ ਲਿਖਿਆ ਗਿਆ ਤਦੋਂ ਅਕਸਰ ਸਿਖ ਗਿਆਨੀਆਂ ਦਾ ਰੌ ਕਿਸ ਪਾਸੇ ਸੀ? ਇਸ ਦੀ ਵਿਚਾਰ ਇਸ ਪ੍ਰਕਾਰ ਹੈ :—

ਵਿਸ਼ੇਸ਼ ਸਿਖ ਗਿਆਨੀਆਂ ਦਾ ਰੌਂ ਉਸ ਸਮੇਂ ਇਹ ਸੀ ਕਿ ਹਿੰਦੂ ਲੋਕ ਗੁਰੂ ਸਾਹਿਬਾਨ ਨੂੰ ਅਵਤਾਰ ਮੰਨ ਲੈਣ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਦ ਸਥਾਨੀ ਦਰਜਾ ਦੇਣ......"।

ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥਾਵਲੀ
ਪੋਥੀ ਪਹਿਲੀ ੧੪੭ ਪੰਨਾਂ

ਸੂਰਜ ਪ੍ਰਕਾਸ਼ ਪੜਿਆਂ ਪਤਾ ਲਗਦਾ ਹੈ ਗੁਰੂ ਹਰਿ ਕ੍ਰਿਸ਼ਨ ਜੀ ਦੇ ਅੰਤ ਸਮੇਂ ਸਿਖਾਂ ਅਰਜ਼ ਕੀਤੀ ਸਾਨੂੰ ਕਿਸ ਦੇ ਲੜ ਲਾ ਚਲੇ ਹੋ ਤਾਂ ਗੁਰੂ ਜੀ ਨੇ "ਗ੍ਰੰਥ ਗੁਰੂ" ਦਸਿਆ ਤਾਂ ਸੰਗਤ ਨੇ ਅਰਜ਼ ਕੀਤੀ ਜਿਵੇਂ ਹੋ ਚੁਕੇ ਗੁਰੂ ਦੇਹ ਧਾਰੀ ਗੁਰੂ ਦੇ ਲੜ ਲਾਉਂਦੇ ਰਹੇ ਹਨ। ਤੁਸੀਂ ਤਿਸੇ ਤਰ੍ਹਾਂ ਦੀ ਕ੍ਰਿਪਾ ਕਰੋ ਇਸ ਤਰ੍ਹਾਂ ਤਾਂ :—

---

(੧) ਪਦਵੀ, ਵਿਅਰਥ ਬਖੇੜਾ।



Sri Satguru Jagjit Singh Ji eLibrary NamdhariElibrary@gmail.com

"ਬਿਚਲ ਜਾਏਗੀ ਸੰਗਤ ਸਾਰੀ ।
ਕੇਚਤ ਹੋਏ ਮੀਨਣ ਅਨੁਸਾਰੀ ।......

ਯਾ ਤੇ ਸੰਗਤ ਕਿਸੀ ਲੜ ਲਾਵੋ ।
ਗੁਰਤਾ ਉਚਿਤ ਜਾਹਿ ਲਹ ਪਾਵੋ ।
ਪੁਰ ਕੀ ਸੰਗਤ ਮਿਲ ਸਮੁਦਾਈ ।
ਇਮ ਅਰਦਾਸ ਕਰਤ ਅਗਵਾਈ ।
ਸੁਨ ਕਰ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲਾ ।
ਜਥਾ ਜੋਗ ਜਾਨੀ ਤਿਸ ਕਾਲਾ ।
ਗੁਰੂ ਹੋਏ ਜੋ ਛਪੇ ਨਾ ਕੈਸੇ ।
ਬਿਦਤੇ ਗਗਨ ਚੜ੍ਹੇ ਰਵਿ ਜੈਸੇ ।......

ਬਾਬਾ ਬਸੇ ਸੋ ਗ੍ਰਾਮ ਬਕਾਲੇ ।
ਬਨ ਗੁਰ ਸੰਗਤ ਸਰਬ ਸਮਾਲੈ ।
ਨਹੀਂ ਨਾਮ ਲੀਨਸ ਤਿਸ ਬੇਰਾ ।
ਤਊ ਲਖਿਯੋ ਸਭ ਗੁਰੂ ਬਡੇਰਾ ।"

ਅਰਥਾਤ ਗ੍ਰੰਥ ਗੁਰੂ ਕੋਲ ਤੇ ਸਾਹਵੇਂ ਹੁੰਦਿਆਂ ਸੰਗਤ ਨੇ ਨਾਂ ਮੰਨਿਆ ਤੇ ਦੇਹ ਧਾਰੀ ਗੁਰੂ ਦੀ ਦਸ ਤੇ ਹੀ ਪਤੀਜ ਗਈ। ਤੇ ਗੁਰੂ ਜੀ ਵੀ ਪਰਖ ਲਈ ਜੋ ਪਹਿਲੇ ਕਿਹਾ ਸੀ ਸੰਗਤ ਦੀ ਅਰਜ਼ ਤੇ ਉਸ ਤੋਂ ਹੋਰ ਅਸਲ ਸਿਧਾਂਤ ਗੁਰੂ ਨਾਨਕ ਜੀ ਤੋਂ ਚਲਾ ਆਉਂਦਾ ਅਪਨਾਇਆ ।

ਜੋ ਸੱਜਣ ਸੂਰਜ ਪ੍ਰਕਾਸ਼ ਨਾ ਪੜ੍ਹ ਸਕਣ ਸੋ ਮੇਰਾ ਲਿਖਿਆ ਪੁਸਤਕ ਪੰਜ ਨਿਰਨੇ ੭ ਪੰਨੇ ਤੋਂ ੩੦ ਤੱਕ ਪੜ੍ਹਨ ।

ਸੰਤ ਨਿਧਾਨ ਸਿੰਘ ਜੀ ਆਲਿਮ ਗੁਰੂ ਪਦ ਪ੍ਰਕਾਸ਼ ਹਿੱਸੇ ਦੂਜੇ ਵਿਚ ਲਿਖਦੇ ਹਨ। ਰਸਾਲਾ "ਅੰਮ੍ਰਿਤ" ਮਾਰਚ ੧੯੩੭ ਵਿਚ



Sri Satguru Jagjit Singh Ji eLibrary NamdhariElibrary@gmail.com

ਸਰਦਾਰ ਆਸਾ ਸਿੰਘ ਜੀ ਠੇਕੇਦਾਰ ਟੰਡਾਵਲੀ ਮੁਹੰਮਦ ਹੈਦਰਾਬਾਦ ਸਿੰਧ ਵਲੋਂ ਕੀਤੇ ਗਏ ਕੁਝ ਗੁਰਮਤ ਸਬੰਧੀ ਪ੍ਰਸ਼ਨਾਂ ਦੇ ਉਤਰ ਪ੍ਰਕਾਸ਼ਤ ਹੋਏ ਹਨ। ਉਹਨਾਂ ਵਿਚੋਂ ਇਕ ਪ੍ਰਸ਼ਨ ਬਐਨ ਹੀ ਉਹੀ ਸੀ ਜਿਹੜਾ ਅਸਾਂ ਗੁਰੂ ਪਦ ਪ੍ਰਕਾਸ਼ ਵਿਚ ਗੁਰਿਆਈ ਵਾਲੀ ਬੀੜ ਸਬੰਧੀ ਉਠਾਇਆ ਸੀ। ਸ੍ਰ: ਆਸਾ ਸਿੰਘ ਜੀ ਦੇ ਅੱਖਰਾਂ ਵਿਚ ਪ੍ਰਸ਼ਨ ਇਉਂ ਹੈ। "ਦਸਮੇਸ਼ ਜੀ ਨੇ ਜੇ ਕਦੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਤੀ ਹੈ ਤਾਂ ਕਿਥੇ?" ਅੰਮ੍ਰਿਤ ਦੇ ਐਡੀਟਰ ਪ੍ਰਿੰਸੀਪਲ ਗੰਗਾ ਸਿੰਘ ਜੀ ਮਿਸ਼ਨਰੀ ਕਾਲਜ ਨੇ ਉਤਰ ਵਿਚ ਇਹ ਅੱਖਰ ਲਿਖੇ ਹਨ। "ਕਿ ਦਸਮ ਜੀ ਨੇ ਕਦੀ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਦਿਤੀ" ਪੰਨਾਂ ੬੭ ਇਸ ਦੇ ਉਤਰ ਵਿਚ ਸ੍ਰ: ਸੇਵਾ ਸਿੰਘ ਜੀ ਐਡੀਟਰ ਖਾਲਸਾ ਸਮਾਚਾਰ ਨੇ ਬੜੇ ਬੜੇ ਲੇਖ ਪ੍ਰਕਾਸ਼ਤ ਕੀਤੇ। ਜਿਨ੍ਹਾਂ ਦੀ ਪੜਚੋਲ ਕਰਦਿਆਂ ਹੋਇਆਂ ਪ੍ਰੋਫੈਸਰ ਗੰਗਾ ਸਿੰਘ ਜੀ ਜੁਲਾਈ ੧੯੩੭ ਦੇ "ਅੰਮ੍ਰਿਤ" ਵਿਚ ਸਫਾ ੩੫ ਕਾਲਮ ਪਹਿਲੇ ਵਿਚ ਲਿਖਦੇ ਹਨ ਕਿ ਖਾਲਸਾ ਸਮਾਚਾਰ ਨੇ ਵੀ ਆਪਣੀਆਂ ਅੱਠਾਂ ਕਿਸ਼ਤਾਂ ਵਿਚ, ਜਿਨ੍ਹਾਂ ਵਿਚ ਕਿ ਉਸ ਨੇ ੨੨ ਦੇ ਕਰੀਬ ਇਤਿਹਾਸਾਂ ਦੇ ਹਵਾਲੇ ਦਿਤੇ ਹਨ ਕਿਸੇ ਇਕ ਵਿਚ ਵੀ ਇਹ ਦੱਸਣ ਦੀ ਖੇਚਲ ਨਹੀਂ ਕੀਤੀ ਉਹ ਕਿਹੜੀ ਬੀੜ ਸੀ ਜਾਂ ਹੈ ਜਿਸ ਨੂੰ ਗੱਦੀ ਮਿਲੀ ਤੇ ਹੁਣ ਉਹ ਕਿਥੇ ਹੈ ਇਸ ਵਕਤ ਦੀਆਂ ਮੌਜੂਦਾ ਬੀੜਾਂ ਵਿਚ ਕਈ ਭੇਦ ਗੁਣੀ ਜਨ ਦਸਦੇ ਹਨ। ਇਸ ਲਈ ਪ੍ਰਸ਼ਨ ਬੜਾ ਜ਼ੋਰ ਰਖਦਾ ਹੈ—ਕਿ ਸਚ ਮੁਚ ਕਿਸੇ ਬੀੜ ਨੂੰ ਗੱਦੀ ਦਿਤੀ ਹੈ ਤਾਂ ਉਹ ਕਿਹੜੀ ਹੈ।"

ਉਤੇ ਲਿਖੀਆਂ ਸਤਰਾਂ ਤੋਂ ਪਾਠਕ ਸਮਝ ਸਕਦੇ ਹਨ ਕਿ ਬਹਿਸ ਵਿਚ ਸਰਦਾਰ ਸੇਵਾ ਸਿੰਘ ਜੀ, ਸਰਦਾਰ ਗੰਗਾ ਸਿੰਘ ਜੀ ਐਡੀਟਰ ਅੰਮ੍ਰਿਤ ਨਾਲ ਬਹਿਸ ਕਰਦੇ ਹੋਏ ਵੀ ਨਿਰੁਤਰ ਹੋ ਗਏ



Sri Satguru Jagjit Singh Ji eLibrary NamdhariElibrary@gmail.com

ਹਨ। ਤੇ ਆਪ ਗੁਰਿਆਈ ਵਾਲੀ ਬੀੜ ਕਿਸੇ ਇਤਿਹਾਸ ਵਿਚੋਂ ਭੀ ਸਬੂਤ ਕਰਕੇ ਸ਼੍ਰੀਮਾਨ ਜੀ ਦੀ ਤਸੱਲੀ ਨਹੀਂ ਕਰ ਸਕੇ। ਨਾਂ ਦਿਖਾ ਸਕੇ ਹਨ ਕਿ ਆਹ ਉਹ ਸਾਡਾ ਗੁਰੂ ਗ੍ਰੰਥ ਹੈ ਜੋ ਦਸਮੇਸ਼ ਜੀ ਨਿਵਾਜਿਆ ਹੈ। ਜਿਵੇਂ ਸੰਗਤ ਚੋਂ ਨਿਵਾਜੀ ਦੇ ਰਹੇ ਹੈਨ।

ਪੰਨਾਂ ੬੨—੬੩

ਇਸੇ ਪਖ ਦੀ ਹੋਰ ਸੂਝ ਲਈ ਮੈਂ ਹੋਰ ਸਮਾਂਚਾਰੀਆਂ ਦਾ ਲਿਖਿਆ ਉਤਰ ਤੇ ਇਕ ਗੁਰਬਾਣੀ ਦੀ ਸੂਝ ਰਖਣ ਵਾਲੇ ਜਗਿਆਸੀ ਵਲੋਂ ਕੀਤੇ ਪ੍ਰਸ਼ਨ ਦੇ ਸਬੰਧ ਦਾ ਨਿਰਨਾ ਲਿਖਦਾ ਹਾਂ। ਪ੍ਰਸ਼ਨ ਕਰਤਾ ਹਨ ਬੀਬੀ ਉਤਮ ਕੌਰ ਜੀ ਲਖਨਊ "ਨਿਜੀ ਗਿਆਨ ਦੁਆਰਾ ਆਦ ਬੀੜ ਦੇ ਅਧਾਰ ਤੇ" "ਗੁਰਤਾ ਪ੍ਰਾਪਤ ਵਾਲੀ ਦਸਮ ਗੁਰੂ ਵਾਲੀ ਬੀੜ" "ਖਾਲਸਾ ਸਮਾਚਾਰ" ਅੰਮ੍ਰਿਤਸਰ ਵਿਚ ਛਪਿਆ। ਤੇ ਉਤਰ ਵਿਚ ਭਾਈ ਵੀਰ ਸਿੰਘ ਜੀ ਲਿਖਦੇ ਹਨ "ਰਵਾਇਤ ਹੈ ਕਿ ਉਹ ਬੀੜ ੧੮੧੮ ਬਿਕਰਮ ਸੰਮਤ ਵਿਚ ਕੂਪ ਰਹੀੜੇ ਦੇ ਜੰਗ ਵਿਚ ਘੱਲੂ ਘਾਰੇ ਵਿਚ ਖਾਲਸੇ ਦੇ ਹਥੋਂ ਜਾਂਦੀ ਰਹੀ ਅਲੋਪ ਹੋਣ ਵਿਚ ਰਾਜ਼ ਸੀ ਜੇ ਪ੍ਰਗਟ ਰਹਿੰਦੀ ਤਾਂ ਕਈਆਂ ਕਹਿਣ ਤੇ ਮੰਨਣ ਲਗ ਪੈਣਾ ਸੀ ਕਿ ਗੁਰਤਾ ਇਕ ਉਸ ਪਾਵਨ ਬੀੜ ਨੂੰ ਹੀ ਹੈ। ਇਸੇ ਲਈ ਲੋਪ ਅਪ੍ਰਗਟ ਹੋਣ ਦਾ ਕੌਤਕ ਵਰਤਿਆ ਹੈ।"

ਜਿਲਦ ੬੪ ਸਾਵਣ ੧੦ ਬਿ: ੨੦੨੦ ਅੰਕ ੩੭

ਜਿਸ ਜੰਗ ਤੇ ਘੱਲੂ ਘਾਰੇ ਵਿਚ ਜਾਂਦੀ ਰਹੀ ਬੀੜ ਦਾ ਜ਼ਿਕਰ ਭਾਈ ਵੀਰ ਸਿੰਘ ਜੀ ਕਰਦੇ ਹਨ ਉਸ ਜੰਗ ਵਿਚ ਗੁਆਚੀਆਂ ਬੀੜਾਂ ਬਾਰੇ ਰਤਨ ਸਿੰਘ ਜੀ ਭੰਗੂ "ਪ੍ਰਾਚੀਨ ਪੰਥ ਪ੍ਰਕਾਸ਼" ਵਿਚ ਤਾਂ ਇਹ ਲਿਖਦੇ ਹਨ:



Sri Satguru Jagjit Singh Ji eLibrary NamdhariElibrary@gmail.com

"ਤਿਨ ਮੈ ਗ੍ਰੰਥ ਤੁਰਤ ਥੇ ਜੋਇ,
ਇਕ ਅੰਮ੍ਰਿਤਸਰੀਏ ਦਮਦਮੀਏ ਵਿਏ।
ਘੇਰ ਲਇਓ ਤਿਨ ਆਗਿਉਂ ਆਇ,
ਜੁਦੈ ਜੁਦੈ ਤੇ ਦਏ ਕਰਾਏ।
ਧਰ ਗ੍ਰੰਥ ਤਹਿ ਲੜੇ ਮਝੈਲ,
ਰਖਤ ਹੁਤੇ ਥੇ ਸ਼ਸਤਰ ਗੈਲ।

ਪੰਨਾ ੩੬੯

ਭਾਈ ਵੀਰ ਸਿੰਘ ਜੀ ਨੇ ਆਪਣੇ ਕੋਲੋਂ ਹੀ "ਆਗਿਆ ਭਈ ਅਕਾਲ ਕੀ" ਵਾਲੇ ਦੋਹਰਿਆਂ ਵਾਂਗੂ ਗੁਰਗੱਦੀ ਵਾਲੀ ਬੀੜ ਘੱਲੂ ਘਾਰੇ ਵਿਚ ਗੁਆਚੀ ਦਸ ਦਿਤੀ ਹੈ, ਜ਼ਿਨ੍ਹਾਂ ਦਾ ਨਿਸਚਾ ਭਾਈ ਵੀਰ ਸਿੰਘ ਜੀ ਤੇ ਅਭੁਲ ਗੁਰੂ ਕਰਤਾਰ ਵਾਲਾ ਹੋਵੇ ਉਹ ਤੇ ਭਾਵੇ ਆਖਣ ਕਿ ਭਾਈ ਜੀ ਨੇ ਸਚ ਲਿਖਿਆ ਹੈ। ਪਰ ਪ੍ਰਾਚੀਨ ਇਤਿਹਾਸ ਤਾਂ ਭਾਈ ਜੀ ਨੂੰ ਝੂਠਾ ਹੀ ਕਰਦੇ ਹਨ।

ਸ੍ਰ: ਪਿਆਰਾ ਸਿੰਘ ਜੀ 'ਪਦਮ' 'ਸੰਖੇਪ ਸਿਖ ਇਤਿਹਾਸ' ਵਿਚ "ਸਿੰਘ ਸਭਾ ਲਹਿਰ" ਸਿਰਲੇਖ ਤਲੇ ਲਿਖਦੇ ਹਨ। ਇਸਦੀ ਅਗਵਾਈ ਪ੍ਰੋਫੈਸਰ ਗੁਰਮੁਖ ਸਿੰਘ[1] ਤੇ ਗਿਆਨੀ ਦਿਤ ਸਿੰਘ ਜੈਸੇ ਸਿਆਣੇ ਪੁਰਸ਼ਾਂ ਨੇ ਕੀਤੀ। ਪੰਨਾਂ ੨੯੭

ਐਸਾ ਕੌਣ ਬੀਰ ਜੀਹਨੇ ਭਰਮ ਲੀਰ ਲੀਰ ਕੀਤੇ।
ਆਈ ਅੱਜ ਯਾਦ ਉਸ ਸਿੰਘ ਸਭਾ ਬਾਨੀ ਦੀ।

---

(੧) "ਸਿੰਘ ਸਭਾ ਲਹਿਰ" ਡਾਕਟਰ ਜਗਜੀਤ ਸਿੰਘ ਜੀ ਅਨੁਸਾਰ "ਇਹ ਗੁਰਮੁਖ ਸਿੰਘ ਇਕ ਖਾਨਸਾਮੇ ਦਾ ਪੁਤਰ ਸੀ ਤੇ ਦਿਤ ਸਿੰਘ ਰਵੀਦਾਸੀਏ ਬੋਣੇ ਦਾ ਪੁਤਰ ਸੀ" ਇਹ ਅੰਗਰੇਜ਼ ਦੇ, ਸਿਖਾਂ ਵਿਚੋਂ ਮੁਲ ਖਰੀਦੇ ਬੰਦੇ ਸੀ। ਜੋ ਅੰਗਰੇਜ਼ਾਂ ਨੇ ਦੇਹ ਧਾਰੀ ਗੁਰੂ ਦੀ ਤਾਕਤ ਤੋਂ ਡਰਦਿਆਂ ਹੋਇਆਂ ਸਿਖਾਂ ਵਿਚ ਫੁਟ ਪਾਉਣ ਲਈ ਵਾੜੇ ਸੀ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਉਹਦੀ ਪਾਈ ਨਾ ਕਦਰ ਪੂਰੀ ਪੰਥ ਨੇ ਹੈ।
ਭਾਸੇ ਅੱਜ ਲੋੜ ਫੇਰ ਦਿਤ ਸਿੰਘ ਗਿਆਨੀ ਦੀ।"

ਇਹ ਸਤਰਾਂ ਕਿਸੇ ਕਵੀ ਵਲੋਂ ਲਿਖੀਆਂ ਦਾ ਹਵਾਲਾ ਪਦਮ ਜੀ ਨੇ ਦਿਤਾ ਹੈ। ਅੱਗੇ ਲਿਖਦੇ ਹਨ :—

"ਪਰ ਸਿੰਘ ਸਭਾ ਲਹਿਰ ਤੋਂ ਪਹਿਲਾਂ ਆਮ ਸਿਖ ਇਸ ਗੋਰਖ ਧੰਦੇ ਵਿਚ ਉਲਝੇ ਪਏ ਸਨ। ੧੮੮੧ ਈ: ਦੀ ਸਰਕਾਰੀ ਰਿਪੋਰਟ ਵਿਚ ਲਿਖਿਆ ਹੈ 'ਸਿਖ ਵੀ ਬ੍ਰਾਹਮਣਾਂ ਦੀ ਪ੍ਰੋਹਤੀ ਹੇਠ ਚਲਦੇ ਹਨ।' ਸਿੰਘ ਸਭਾ ਸਾਰੀ ਕੌਮ ਦੇ ਮੋਢਿਉਂ ਇਹ ਜੂਲਾ ਲਾਹਿਆ। ਤੇ ਗੁਰਮਤ ਮਰਯਾਦਾ ਪ੍ਰਚੱਲਤ ਕੀਤੀ। ਦੂਜੀ ਚੀਜ਼ ਜੋ ਸਿੰਘ ਸਭਾ ਨੇ ਕੀਤੀ ਉਹ ਬੇਦੀਆਂ, ਸੋਢੀਆਂ, ਰਾਮਰਾਈਆਂ, ਭੱਲਿਆਂ, ਧੀਰ ਮੱਲੀਆਂ ਆਦਿ ਗੁਰੂ ਡੰਮੀਆਂ ਤੋਂ ਬਚਾ ਕੇ ਸਿਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ......ਰਾਜਨੀਤਕ ਪੱਖ ਤੋਂ ਸਿੰਘ ਸਭਾ ਦੇ ਕੰਮਾਂ ਵਿਚ ਸਾਨੂੰ ਕੋਈ ਮਹਾਨਤਾ ਨਹੀਂ ਦਿਸਦੀ।

——o——



Sri Satguru Jagjit Singh Ji eLibrary NamdhariElibrary@gmail.com

# ਸਹਾਇਕ ਪੁਸਤਕਾਂ

ਹੁਣ ਮੈਂ ਜਿਸ ਜਿਸ ਪੁਸਤਕ ਦੇ ਹਵਾਲੇ ਅਨੁਸਾਰ ਦਸਮ ਗੁਰ ਦਰਸਨ) ਪੁਸਤਕ ਸੰਪੂਰਨ ਕੀਤੀ ਹੈ ਧੰਨਵਾਦ ਸਹਿਤ ਉਨ੍ਹਾਂ ਦੇ ਲੇਖਕਾਂ ਦੇ ਨਾਵਾਂ ਦੀ ਸੂਚੀ (ਪੁਸਤਕਾਂ ਦੇ ਨਾਮਾਂ ਸਮੇਤ) ਭੇਟਾ ਕਰਦਾ ਹਾਂ ।

੧. ਆਦ ਗ੍ਰੰਥ ਸਾਹਿਬ ।
੨. ਦਸਮ ਗ੍ਰੰਥ ਸਾਹਿਬ ।
੩. ਜਨਮ ਸਾਖੀ ਗੁਰੂ ਨਾਨਕ ਜੀ ਭਾਈ ਬਾਲਾ ਜੀ ।
੪. "ਗੁਰ ਸੋਭਾ" ਕਵੀ ਸੈਨਾ ਪਤਿ ।
੫. "ਗੁਰ ਬਿਲਾਸ ਪਾ: ੧੦" ਗਿਆਨੀ ਸੁਖਾ ਸਿੰਘ ਜੀ ।
੬. "ਸੂਰਜ ਪ੍ਰਕਾਸ਼" ਭਾਈ ਸੰਤੋਖ ਸਿੰਘ ਜੀ ।
੭. "ਪੰਥ ਪ੍ਰਕਾਸ਼" ਗਿਆਨੀ ਗਿਆਨ ਸਿੰਘ ਜੀ ।
੮. "ਪੋਥੀ ਗੁਰ ਬਿਲਾਸ ਪਾ: ੧੦" ਮਹੰਤ ਸੁਮੇਰ ਸਿੰਘ ਜੀ ।
੯. "ਬੰਦਾ ਬਹਾਦਰ ਕੌਣ ਸੀ" ਕਰਮ ਸਿੰਘ ਹਿਸਟੋਰੀਅਨ ।
੧੦. "ਗੁਰੂ ਗੋਬਿੰਦ ਸਿੰਘ" ਡਾ: ਗੋਪਾਲ ਸਿੰਘ ।
੧੧. "ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ"
੧੨. "ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ" ਵੈਦ ਇੰਦਰ ਸਿੰਘ ।
੧੩. "ਬੰਦਾ ਬਹਾਦਰ" ਸ੍ਰ: ਕਰਮ ਸਿੰਘ ਹਿਸਟੋਰੀਅਨ ।
੧੪. ਵਾਰਾ ਭਾਈ ਗੁਰਦਾਸ ਜੀ ਦੀਆਂ ।
੧੫. "ਸ਼ਹੀਦ ਬਿਲਾਸ" ਕਾਲਾ ਸਿੰਘ ਜੀ ।
੧੬. "ਸਿੱਖ ਇਤਿਹਾਸ ਤੇ ਕੂਕੇ" ਅਮਰ ਭਾਰਤੀ ।
੧੭. "ਹੁਕਮਨਾਮਾਂ" ਸ੍ਰੀ ਸਤਿਗੁਰੂ ਰਾਮ ਸਿੰਘ ਜੀ ।
੧੮. "ਚਿਠੀ ਮਾਤਾ ਸੁੰਦਰੀ ਜੀ ਵਲ" ਭਾਈ ਮਨੀ ਸਿੰਘ ਜੀ ।
੧੯. "ਪ੍ਰੇਮ ਸੁਮਾਰਗ ਦੀ ਭੂਮਿਕਾ" ਭਾਈ ਰਣਧੀਰ ਸਿੰਘ ਜੀ ।



Sri Satguru Jagjit Singh Ji eLibrary NamdhariElibrary@gmail.com

੨੦. "ਦਸਵੇਂ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ"
ਭਾਈ ਰਣਧੀਰ ਸਿੰਘ ਜੀ ।
੨੧. "ਮਹਾਨ ਕੋਸ਼" ਸ੍ਰ: ਕਾਹਨ ਸਿੰਘ ਜੀ ਨਾਭਾ ।
੨੨. ਸ੍ਰੀ ਕਲਗੀਧਰ ਚਮਤਕਾਰ" ਭਾਈ ਵੀਰ ਸਿੰਘ ਜੀ ।
੨੩. "ਕੰਬਦੀ ਕਲਾਈ" " " " " ।
੨੪. ਰਸਾਲਾ "ਪੰਜਾਬੀ ਭੈਣ" ਮਾ: ਬੀਰ ਸਿੰਘ ਜੀ ।
੨੫. "ਇਤਿਹਾਸ ਦੇ ਅਣਲਿਖੇ ਪਤਰੇ" ਸ੍ਰ: ਕਾਂਨ੍ਹ ਸਿੰਘ ਜੀ ਨਾਭਾ
੨੬. ਬੀਬੀ ਦਇਆ ਕੌਰ ਦਾ ਪ੍ਰਸੰਗ" ਕਵੀ ਅਨੂਪ ਸਿੰਘ ।
੨੭. "ਗੁਰੂ ਪਦ ਪ੍ਰਕਾਸ਼" ਸੰਤ ਨਿਧਾਨ ਸਿੰਘ ਜੀ "ਆਲਿਮ ।"
੨੮. "ਮਹਾਰਾਜਾ ਰਣਜੀਤ ਸਿੰਘ ਜੀ" ਬਾਬਾ ਪ੍ਰੇਮ ਸਿੰਘ 'ਹੋਤੀ'
੨੯. "ਰਸੀਲੇ ਜਜ਼ਬੇ" ਢਾਡੀ ਹਰਦਿਆਲ ਸਿੰਘ "ਰਸੀਲਾ"
੩੦. "ਬਾਬਾ ਅਜਾ ਪਾਲ ਸਿੰਘ ਜੀ ਸਾਹਿਬ ਦਾ ਕੁਛ ਜੀਵਨ ਚਰਿਤਰ" ਬਾਬਾ ਸਰੂਪ ਸਿੰਘ (ਹਥ ਲਿਖਤ)
੩੧. "ਮੇਰੀ ਅਰਜ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਤਰ" "ਵਹਿਮੀ"
੩੨. "ਜਗਦਾ ਦੀਵਾ" ਡਾਕਟਰ ਇੰਦਰ ਸਿੰਘ ਜੀ ।
੩੩. "ਮਾਲਵਿੰਦਰ" ਸੰਤ ਇੰਦਰ ਸਿੰਘ ਜੀ ਚਕਰਵਰਤੀ ।
੩੪. "ਦਸਮੇਸ਼ ਪ੍ਰਕਾਸ਼" ਗਿ: ਕਰਤਾਰ ਸਿੰਘ ਜੀ ਕਲਾਸਵਾਲੀਆ
੩੫. "ਜੀਵਨ ਕਥਾ ਗੁਰੂ ਗੋਬਿੰਦ ਸਿੰਘ" ਕਰਤਾਰ ਸਿੰਘ ਜੀ । M.A.
੩੬. "ਮਾਖਜ਼ੇ ਤਵਾਰੀਖ ਸਿਖਾਂ" ਪ੍ਰੋ: ਗੰਡਾ ਸਿੰਘ M. A.
੩੭. "ਜੀਵਨ ਭਾਈ ਸੰਤੋਖ ਸਿੰਘ ਜੀ" ਭਾਈ ਵੀਰ ਸਿੰਘ ਜੀ ।
੩੮. ਅੰਮ੍ਰਿਤ" ਰਸਾਲਾ ਪ੍ਰਿੰਸੀਪਲ ਗੰਗਾ ਸਿੰਘ ਜੀ ।
੩੯. "ਸੰਖੇਪ ਸਿਖ ਇਤਿਹਾਸ" ਪਿਆਰਾ ਸਿੰਘ ਪਦਮ ।
੪੦. "ਜੀਵਨ ਗੁਰੂ ਗੋਬਿੰਦ ਸਿੰਘ" ਦੌਲਤ ਰਾਏ ।



Sri Satguru Jagjit Singh Ji eLibrary NamdhariElibrary@gmail.com

੪੧. "ਪੰਜ ਨਿਰਨੇ" ਤਰਨ ਸਿੰਘ "ਵਹਿਮੀ"
੪੨. "ਖਾਲਸਾ ਸਮਾਚਾਰ" ਅੰਮ੍ਰਿਤਸਰ।
੪੩. "ਜਸ ਜੀਵਨ" ਤਰਨ ਸਿੰਘ "ਵਹਿਮੀ" ਅਣ ਛਪਿਆ।
੪੪. "ਸਿੰਘ ਸਭਾ ਲਹਿਰ" ਡਾ: ਜਗਜੀਤ ਸਿੰਘ।
੪੫. "ਦਸਮੇਸ਼ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ-ਯਾਦਗਾਰ" ਪੰਜਾਬੀ ਵਿਭਾਗ ਚੰਡੀਗੜ।
੪੬. "ਸਿਖ ਇਤਿਹਾਸ" ਕਨਿੰਘਮ ਅਨੁਵਾਦਕ ਗੁਰਮੁਖ ਸਿੰਘ ਜੀ 'ਗੁਰਮੁਖ'
੪੭. "ਕੱਤਕ ਕਿ ਵਿਸਾਖ" ਕਰਮ ਸਿੰਘ ਹਿਸਟੋਰੀਅਨ।
੪੮. ਸ੍ਰੀ ਗੁਰੂ ਨਾਨਕ ਚਮਤਕਾਰ" ਭਾਈ ਵੀਰ ਸਿੰਘ ਜੀ।
੪੯. "ਨਿਰਮਲ ਪੰਥ ਦਰਪਨ" ਮਹੰਤ ਦਿਆਲ ਸਿੰਘ ਜੀ।
੫੦. "ਨਾਮਧਾਰੀ ਇਤਿਹਾਸ" ਨਾਹਰ ਸਿੰਘ ਐਮ.ਏ.।
੫੧. "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਦੇੜੋਂ ਬਾਦ ਦਾ ਜੀਵਨ" ਤਰਨ ਸਿੰਘ "ਵਹਿਮੀ"
੫੨. "ਪੰਜਾਬ" ਭਾਈ ਜੋਧ ਸਿੰਘ "ਅਭਿਨੰਦਨ" ਸੰਪਾਦਕ ਡਾ: ਗੰਡਾ ਸਿੰਘ।
੫੩. "ਕਬਿਤ ਭਾਈ ਗੁਰਦਾਸ" ੨ ਸਕੰਧ, ਭਾਈ ਵੀਰ ਸਿੰਘ।
੫੪. "ਸਿਖ ਇਤਿਹਾਸ ਦਾ ਅਣਛਪਿਆ ਪਤਰਾ" ਦੀਵਾਨ ਸਿਘ "ਮਫਤੂਨ"
੫੫. "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲਾ ਸ਼ਤਾਬਦੀ ਪੁਸਤਕ ਚੋਂ।
੫੬. 'ਗੁਰੂ ਨਾਨਕ ਪਤਰਕਾ' ਡਾ: ਕਰਮ ਸਿੰਘ।
੫੭. 'ਗੁਰੂ ਸਾਹਿਬ ਜੀ ਦੀ ਤੀਸਰੀ ਸ਼ਤਾਬਦੀ ਦੀ ਭੇਟ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿਨ ਸੌ ਸਾਲਾ ਸ਼ਤਾਬਦੀ ਪੁਸਤਕ ਚੋਂ" ਡਾ: ਹਰਬੰਸ ਸਿੰਘ।
੫੮. "ਪ੍ਰੇਮ ਸੁਮਾਰਗ, ਸ੍ਰੀ ਗੁਰੂ ਗੋਬਿੰਦ ਸਿੰਘ ਜੀ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com